ਸੋਮਵਾਰ, 21 ਅਪ੍ਰੈਲ, 2025
9 ਵਿਸਾਖ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 73
ਅੰਕ/NO. : 320

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • MONDAY, 21 APRIL, 2025 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

# ਟਰੰਪ ਤੋਂ ਸਤਿਆਂ ਵੱਲੋਂ ਅਮਰੀਕਾ-ਭਰ 'ਚ ਵਿਖਾਵੇ

**ਨਿਊਯਾਰਕ** : ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਨੀਤੀਆਂ ਤੋਂ ਗੁੱਸੇ ਲੱਖਾਂ ਅਮਰੀਕੀਆਂ ਨੇ ਸ਼ਨਿੱਚਰਵਾਰ ਦੇਸ਼-ਭਰ ਵਿੱਚ ਵਿਖਾਵੇ ਕੀਤੇ। ਉਨ੍ਹਾਂ ਟਰੰਪ ਨੂੰ ਹਟਾਉਣ ਅਤੇ ਲੋਕਤੰਤਰ ਨੂੰ ਬਚਾਉਣ ਦੇ ਹੱਕ ਵਿੱਚ ਨਾਅਰੇ ਲਾਏ। ਉਨ੍ਹਾਂ ਦੋਸ਼ ਲਾਇਆ ਕਿ ਟਰੰਪ ਅਮਰੀਕਾ ਨੂੰ ਪੁਲਸ ਰਾਜ ਬਣਾਉਣ ਵਿੱਚ ਲੱਗਾ ਹੋਇਆ ਹੈ ਤੇ ਦੇਸ਼ ਦੇ ਜਮਹੂਰੀ ਆਦਰਸ਼ਾਂ ਲਈ ਖਤਰਾ ਹੈ। ਵਿਖਾਵਾਕਾਰੀਆਂ ਨੇ ਪ੍ਰਵਾਸੀਆਂ ਨੂੰ ਕੱਢਣ ਅਤੇ ਫਲਸਤੀਨੀਆਂ 'ਤੇ ਜ਼ੁਲਮ ਢਾਹ ਰਹੇ ਇਜ਼ਰਾਈਲ ਦੀ ਹਮਾਇਤ ਦੀਆਂ ਟਰੰਪ ਦੀਆਂ ਨੀਤੀਆਂ ਦਾ ਵੀ ਵਿਰੋਧ ਕੀਤਾ। ਉਨ੍ਹਾਂ ਫਲਸਤੀਨ ਦੀ ਆਜ਼ਾਦੀ ਦੇ ਹੱਕ ਵਿੱਚ ਨਾਅਰੇ ਲਾਏ ਤੇ ਗਾਜ਼ਾ ਵਿੱਚ ਇਜ਼ਰਾਈਲੀ ਹਮਲਿਆਂ ਨਾਲ ਮਾਰੇ ਜਾਣ ਵਾਲਿਆਂ ਪ੍ਰਤੀ ਹਮਦਰਦੀ ਦਾ ਪ੍ਰਗਟਾਵਾ ਕੀਤਾ।

ਵਿਖਾਵਾਕਾਰੀਆਂ ਨੇ ਰਾਸ਼ਟਰਪਤੀ ਦੇ ਘਰ ਵ੍ਹਾਈਟ ਹਾਊਸ ਦਾ ਵੀ ਘਿਰਾਓ ਕੀਤਾ। ਇਸ ਅੰਦੋਲਨ ਦਾ ਨਾਂਅ 50 50 1 ਦਿੱਤਾ ਗਿਆ ਸੀ, ਜਿਸਦਾ ਮਤਲਬ ਸੀ—50 ਰਾਜ, 50 ਵਿਖਾਵੇ, 1 ਅੰਦੋਲਨ। ਸੀ ਐੱਨ ਐੱਨ ਨਿਊਜ਼ ਚੈਨਲ ਮੁਤਾਬਕ 50 ਰਾਜਾਂ ਵਿੱਚ 1400 ਤੋਂ ਵੱਧ ਰੈਲੀਆਂ 'ਚ ਲੱਖਾਂ ਲੋਕਾਂ ਨੇ ਹਿੱਸਾ ਲਿਆ। ਇਸਤੋਂ ਪਹਿਲਾਂ ਪੰਜ ਅਪ੍ਰੈਲ ਨੂੰ ਵੀ ਟਰੰਪ ਤੇ ਉਸਦੇ ਖਾਸਮ-ਖਾਸ ਖਰਬਾਂਪਤੀ ਐਲਨ ਮਸਕ ਖਿਲਾਫ ਦੇਸ਼-ਭਰ 'ਚ ਵਿਖਾਵੇ ਹੋਏ ਸਨ। ਡੇਨਵਰ ਵਿੱਚ, ਸੈਂਕੜੇ ਵਿਖਾਵਾਕਾਰੀ ਕੋਲੋਰਾਡੋ ਸਟੇਟ ਕੈਪੀਟਲ ਵਿੱਚ ਇਕੱਠੇ ਹੋਏ ਅਤੇ ਪ੍ਰਵਾਸੀਆਂ ਨਾਲ ਏਕਤਾ ਦਾ ਪ੍ਰਗਟਾਵਾ ਕੀਤਾ। ਕੁਝ ਲੋਕਾਂ ਨੇ ਅਮਰੀਕੀ ਝੰਡਾ ਲਹਿਰਾਇਆ, ਜਦੋਂ ਕਿ ਕੁਝ ਲੋਕਾਂ ਨੇ ਇਸਨੂੰ ਉਲਟਾ ਕਰਕੇ ਦਿਖਾਇਆ ਕਿ ਦੇਸ਼ ਸੰਕਟ ਦੀ ਘੜੀ ਵਿੱਚੋਂ ਗੁਜ਼ਰ ਰਿਹਾ ਹੈ। ਪੋਰਟਲੈਂਡ, ਓਰੇਗਨ ਵਿੱਚ ਹਜ਼ਾਰਾਂ ਲੋਕਾਂ ਨੇ ਮਾਰਚ ਕੀਤਾ। ਸ਼ਿਕਾਗੋ, ਸਾਂ ਫਰਾਂਸਿਸਕੋ, ਮੈਨਹਟਨ ਤੇ ਅਲਾਸਕਾ ਵਿੱਚ ਵੀ ਵਿਖਾਵੇ ਹੋਏ। ਕੁਝ ਥਾਵਾਂ 'ਤੇ, ਲੋਕਾਂ ਨੇ ਟੈਸਲਾ ਕਾਰ ਦੇ ਡੀਲਰਾਂ ਦੇ ਸਾਹਮਣੇ ਵੀ ਆਪਣਾ ਗੁੱਸਾ ਜ਼ਾਹਰ ਕੀਤਾ। ਟੈਸਲਾ ਦਾ ਮਾਲਕ ਐਲਨ ਮਸਕ ਟਰੰਪ ਦਾ ਕਰੀਬੀ ਹੈ। ਟਰੰਪ ਨੇ ਉਸਨੂੰ ਸਰਕਾਰੀ ਕੁਸ਼ਲਤਾ ਵਿਭਾਗ ਦੀ ਜ਼ਿੰਮੇਵਾਰੀ ਸੌਂਪੀ ਹੈ। ਮਸਕ ਦੇ ਹੁਕਮਾਂ 'ਤੇ ਕਈ ਵਿਭਾਗਾਂ ਵਿੱਚ ਛਾਂਟੀ ਕੀਤੀ ਗਈ। ਇਸ ਕਰਕੇ, ਅਮਰੀਕਾ ਦੇ ਲੋਕ ਮਸਕ ਤੋਂ ਵੀ ਨਾਰਾਜ਼ ਹਨ।

ਨਿਊਯਾਰਕ ਵਿੱਚ, ਮੁੱਖ ਲਾਇਬ੍ਰੇਰੀ ਦੇ ਬਾਹਰ ਲੋਕਾਂ ਦੀ ਭੀੜ ਹੱਥਾਂ ਵਿੱਚ ਤਖਤੀਆਂ ਲੈ ਕੇ ਇਕੱਠੀ ਹੋਈ। ਇਨ੍ਹਾਂ ਤਖਤੀਆਂ 'ਤੇ 'ਜਗੀਰੂ ਰਾਜ ਖਤਮ ਹੋ ਚੁੱਕਾ ਹੈ', 'ਅਮਰੀਕਾ ਵਿੱਚ ਕੋਈ ਰਾਜਾ ਨਹੀਂ', 'ਜ਼ਾਲਮ ਦਾ ਵਿਰੋਧ ਕਰੋ' 'ਨਫਰਤ ਨਾਲ ਰਾਸ਼ਟਰ ਕਦੇ ਮਹਾਨ ਨਹੀਂ ਬਣਦਾ' ਅਤੇ 'ਸਾਰਿਆਂ ਲਈ ਬਰਾਬਰ ਹੱਕਾਂ ਦਾ ਮਤਲਬ ਇਹ ਨਹੀਂ ਕਿ ਤੁਹਾਡੇ ਲਈ ਘੱਟ ਹੱਕ' ਲਿਖਿਆ ਹੋਇਆ ਸੀ। ਕੌਨਕੌਰਡ ਦੇ ਵਿਖਾਵੇ ਦੌਰਾਨ ਬੋਸਟਨ ਵਾਸੀ ਜਾਰਜ ਬ੍ਰਾਇੰਟ ਨੇ ਕਿਹਾ ਕਿ ਟਰੰਪ ਪੁਲਸ ਰਾਜ ਕਾਇਮ ਕਰ ਰਿਹਾ ਹੈ। ਉਹ ਅਦਾਲਤਾਂ ਦੀ ਤੌਹੀਨ ਕਰ ਰਿਹਾ ਹੈ। ਉਹ ਵਿਦਿਆਰਥੀਆਂ ਨੂੰ ਚੁੱਕ ਰਿਹਾ ਹੈ। ਇਹ ਫਾਸ਼ੀਵਾਦ ਹੈ। ਉਸਨੇ ਜਿਹੜੀ ਤਖਤੀ ਫੜੀ ਹੋਈ ਸੀ, ਉਸ ਉੱਤੇ ਲਿਖਿਆ ਸੀ—'ਟਰੰਪ ਦੇ ਫਾਸ਼ੀਵਾਦੀ ਸ਼ਾਸਨ ਨੂੰ ਹੁਣ ਜਾਣਾ ਚਾਹੀਦਾ ਹੈ।'



ਨਿਊ ਯਾਰਕ 'ਚ ਮਾਰਚ ਕਰਦੇ ਲੋਕ।



ਵ੍ਹਾਈਟ ਹਾਊਸ ਅੱਗੇ ਮਹਿਲਾ ਵੱਲੋਂ ਚੁੱਕੇ ਪੋਸਟਰ 'ਤੇ ਲਿਖਿਆ ਹੋਇਆ ਸੀ—ਟਰੰਪ ਨੂੰ ਅਲ ਸਲਵਾਡੋਰ ਜੇਲ੍ਹ ਵਿੱਚ ਡਿਪੋਰਟ ਕਰੋ।



ਇਸ ਪੋਸਟਰ 'ਤੇ ਲਿਖਿਆ ਹੈ—ਟਰੰਪ ਗੰਦਗੀ ਨਾਲ ਏਨਾ ਭਰਿਆ ਪਿਆ ਹੈ ਕਿ ਪਖਾਨੇ ਵੀ ਲਾਹਨਤਾਂ ਪਾ ਰਹੇ ਹਨ।

ਬੋਸਟਨ ਦੀ ਰੈਲੀ ਵਿੱਚ ਆਪਣੀ ਪਤਨੀ, ਧੀ ਤੇ ਦੋ ਦੋਹਤਿਆਂ ਨਾਲ ਹਿੱਸਾ ਲੈਣ ਵਾਲੇ 80 ਸਾਲਾ ਰਿਟਾਇਰਡ ਮਿਸਤਰੀ ਥਾਮਸ ਬੈਸਫੋਰਡ ਨੇ ਕਿਹਾ, "ਇਹ ਅਮਰੀਕਾ 'ਚ ਸੁਤੰਤਰਤਾ ਲਈ ਸੰਕਟ ਦੀ ਘੜੀ ਹੈ। ਅਮਰੀਕੀ ਆਪਣੀ ਹੀ ਸਰਕਾਰ ਦੇ ਹਮਲੇ ਹੇਠ ਹਨ ਤੇ ਇਸ ਵਿਰੁੱਧ ਇਕੱਠੇ ਹੋ ਕੇ ਖੜ੍ਹਨ ਦੀ ਲੋੜ ਹੈ।" ਉਸਨੇ ਇਹ ਵੀ ਕਿਹਾ ਕਿ ਉਹ ਬੱਚਿਆਂ ਨੂੰ ਇਸ ਕਰਕੇ ਨਾਲ ਲੈ ਕੇ ਆਇਆ ਕਿ ਉਹ ਜਾਣ ਸਕਣ ਕਿ ਕਦੇ-ਕਦੇ ਆਜ਼ਾਦੀ ਲਈ ਲੜਨਾ ਪੈਂਦਾ ਹੈ। ਟਰੰਪ ਪ੍ਰਸ਼ਾਸਨ ਨੇ ਸੱਤਾ ਸੰਭਾਲਣ ਤੋਂ ਬਾਅਦ ਸਮਾਜਕ ਸੁਰੱਖਿਆ ਪ੍ਰਸ਼ਾਸਨ ਦੇ ਖੇਤਰੀ ਦਫਤਰਾਂ ਨੂੰ ਬੰਦ ਕਰ ਦਿੱਤਾ ਹੈ।

ਸਰਕਾਰੀ ਸਿਹਤ ਪ੍ਰੋਗਰਾਮਾਂ ਲਈ ਫੰਡਾਂ ਵਿੱਚ ਭਾਰੀ ਕਟੌਤੀ ਕਰ ਦਿੱਤੀ ਹੈ। ਕਈ ਵਿਭਾਗਾਂ ਵਿੱਚ ਵੱਡੇ ਪੱਧਰ 'ਤੇ ਛਾਂਟੀ ਕੀਤੀ ਗਈ ਹੈ। ਟਰੰਪ ਦੇ ਇਨ੍ਹਾਂ ਫੈਸਲਿਆਂ ਨੇ ਲੋਕਾਂ ਦੇ ਮਨਾਂ ਵਿੱਚ ਬਹੁਤ ਗੁੱਸਾ ਪੈਦਾ ਕਰ ਦਿੱਤਾ ਹੈ।

# ਰਾਮਬਨ 'ਚ ਬੱਦਲ ਫਟਣ ਕਾਰਨ 3 ਮੌਤਾਂ



**ਰਾਮਬਨ** : ਜੰਮੂ-ਕਸ਼ਮੀਰ ਦੇ ਰਾਮਬਨ ਜ਼ਿਲ੍ਹੇ ਵਿੱਚ ਐਤਵਾਰ ਵੱਡੇ ਤੜਕੇ ਭਾਰੀ ਮੀਂਹ ਤੇ ਬੱਦਲ ਫਟਣ ਕਰਕੇ ਹੜ੍ਹ ਆ ਗਏ, ਜਿਸ ਦੌਰਾਨ 3 ਵਿਅਕਤੀਆਂ ਦੀ ਮੌਤ ਹੋ ਗਈ, ਜਦੋਂਕਿ 100 ਤੋਂ ਵੱਧ ਲੋਕਾਂ ਨੂੰ ਬਚਾ ਲਿਆ ਗਿਆ। ਲਗਾਤਾਰ ਪੈ ਰਹੇ ਮੀਂਹ ਕਾਰਨ ਰਣਨੀਤਕ ਪੱਖੋਂ ਅਹਿਮ ਜੰਮੂ-ਸ੍ਰੀਨਗਰ ਕੌਮੀ ਸ਼ਾਹਰਾਹ 'ਤੇ ਨਾਸ਼ਰੀ ਅਤੇ ਬਨਿਹਾਲ ਵਿਚਾਲੇ ਕਰੀਬ ਇੱਕ ਦਰਜਨ ਥਾਵਾਂ 'ਤੇ ਜ਼ਮੀਨ ਖਿਸਕਣ ਤੇ ਢਿੱਗਾਂ ਡਿੱਗਣ ਕਾਰਨ ਦੋਹਾਂ ਪਾਸਿਓਂ ਆਵਾਜਾਈ ਬੰਦ ਕਰਨੀ ਪਈ। ਅਧਿਕਾਰੀਆਂ ਨੇ ਦੱਸਿਆ ਕਿ ਰਾਮਬਨ ਦੇ ਸੇਰੀ ਬਾਗਨਾ ਪਿੰਡ ਵਿੱਚ ਬੱਦਲ ਫਟਣ ਕਾਰਨ 3 ਵਿਅਕਤੀਆਂ ਦੀ ਮੌਤ ਹੋ ਗਈ, ਜਿਨ੍ਹਾਂ ਵਿੱਚ ਦੋ ਭਰਾ ਆਕਿਬ ਅਹਿਮਦ ਅਤੇ ਮੁਹੰਮਦ ਸਾਕਿਬ ਸਨ। ਜੰਮੂ ਖੇਤਰ ਵਿੱਚ ਦੋ ਦਿਨਾਂ ਵਿੱਚ ਮੀਂਹ ਕਾਰਨ 5 ਲੋਕਾਂ ਦੀ ਮੌਤ ਹੋ ਗਈ ਹੈ। ਸ਼ਨਿੱਚਰਵਾਰ ਦੇਰ ਰਾਤ ਰਿਆਸੀ ਜ਼ਿਲ੍ਹੇ ਦੇ ਅਰਨਾਸ ਖੇਤਰ ਵਿੱਚ ਬਿਜਲੀ ਡਿੱਗਣ ਨਾਲ ਇੱਕ ਔਰਤ ਸਮੇਤ ਦੋ ਲੋਕਾਂ ਦੀ ਮੌਤ ਹੋ ਗਈ ਅਤੇ ਇੱਕ ਹੋਰ ਔਰਤ ਜ਼ਖਮੀ ਹੋ ਗਈ ਸੀ। ਧਰਮ ਕੁੰਡ ਪਿੰਡ ਵਿੱਚ ਅਚਾਨਕ ਆਏ ਹੜ੍ਹ ਕਾਰਨ ਕਰੀਬ 40 ਰਿਹਾਇਸ਼ੀ ਘਰ ਨੁਕਸਾਨੇ ਗਏ। ਲਗਾਤਾਰ ਪੈ ਰਹੇ ਮੀਂਹ ਅਤੇ ਬੱਦਲ ਫਟਣ ਦੇ ਬਾਵਜੂਦ ਮੌਕੇ 'ਤੇ ਪਹੁੰਚੇ ਪੁਲਸ ਮੁਲਾਜ਼ਮਾਂ ਨੇ 100 ਤੋਂ ਵੱਧ ਫਸੇ ਹੋਏ ਪਿੰਡ ਵਾਸੀਆਂ ਨੂੰ ਬਚਾਇਆ।

# ਬਹਿਸਾਂ 'ਚ ਮਾਰਕ ਕਾਰਨੀ ਕੈਨੇਡੀਅਨ ਵੋਟਰਾਂ 'ਤੇ ਪ੍ਰਭਾਵ ਪਾਉਣ 'ਚ ਸਫਲ

**ਵੈਨਕੂਵਰ** : ਕੈਨੇਡੀਅਨ ਸੰਸਦ ਦੀ 28 ਅਪਰੈਲ ਨੂੰ ਹੋਣ ਵਾਲੀ ਚੋਣ ਲਈ ਅਗਾਊਂ ਵੋਟਾਂ ਦੇ ਤੀਜੇ ਦਿਨ ਵੀ ਵੋਟ ਕੇਂਦਰ ਦੂਰ ਹੋਣ ਦੇ ਬਾਵਜੂਦ ਵੋਟਰਾਂ ਦੀਆਂ ਕਤਾਰਾਂ ਲੱਗੀਆਂ ਰਹੀਆਂ। ਭਲਕੇ ਅਗਾਊਂ ਵੋਟ ਕੇਂਦਰ ਬੰਦ ਹੋ ਜਾਣਗੇ ਤੇ ਬਾਕੀ ਵੋਟਰ 28 ਅਪਰੈਲ ਨੂੰ ਆਪਣੇ ਘਰਾਂ ਨੇੜਲੇ ਵੋਟ ਕੇਂਦਰਾਂ 'ਤੇ ਵੋਟ ਪਾ ਸਕਣਗੇ। ਰਾਤ 9 ਵਜੇ ਤੱਕ ਵੋਟਾਂ ਪੈਣ ਮਗਰੋਂ ਵੋਟਾਂ ਦੀ ਗਿਣਤੀ ਸ਼ੁਰੂ ਹੋ ਜਾਵੇਗੀ ਤੇ ਅਗਲੀ ਸਵੇਰ 29 ਅਪਰੈਲ ਨੂੰ ਵੱਡੀ ਗਿਣਤੀ ਨਤੀਜੇ ਆਉਣ ਨਾਲ ਅਗਲੀ ਸਰਕਾਰ ਬਾਰੇ ਤਸਵੀਰ ਸਾਫ ਹੋ ਜਾਵੇਗੀ। ਲੰਘੇ ਦਿਨੀਂ ਪ੍ਰਮੁੱਖ ਪਾਰਟੀਆਂ ਦੇ ਆਗੂਆਂ ਦੀ ਫਰੈਂਚ ਤੇ ਅੰਗਰੇਜ਼ੀ ਭਾਸ਼ਾ ਵਿੱਚ ਹੋਈਆਂ ਜਨਤਕ ਬਹਿਸਾਂ ਦੀ ਸਮੀਖਿਆ ਤੋਂ ਪਤਾ ਲੱਗਦਾ ਹੈ ਕਿ ਲਿਬਰਲ ਆਗੂ ਤੇ ਮੌਜੂਦਾ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਸੰਜੀਦਗੀ, ਠਰ੍ਹੰਮੇ ਅਤੇ ਬਾਦਲੀਲ ਜਵਾਬਾਂ ਮੂਹਰੇ ਵਿਰੋਧੀ ਆਗੂਆਂ ਦੇ ਤਿੱਖੇ ਸਵਾਲਾਂ ਦਾ ਲੋਕ ਮਨਾਂ ਉੱਤੇ ਬਹੁਤਾ ਪ੍ਰਭਾਵ ਨਹੀਂ ਪਿਆ। ਫਰੈਂਚ ਭਾਸ਼ਾ ਵਾਲੀ ਜਨਤਕ ਬਹਿਸ ਮੌਕੇ ਲਿਬਰਲ ਆਗੂ ਨੇ ਆਪਣੇ ਪੱਤੇ ਖੋਲ੍ਹਣ ਤੋਂ ਸੰਕੋਚ ਕੀਤਾ, ਕਿਉਂਕਿ ਆਮ ਕਰਕੇ ਇਹ ਬਹਿਸ ਕਿਊਬੈਕ ਸੂਬੇ ਤੱਕ ਸੀਮਤ ਰਹਿੰਦੀ ਹੈ। ਇੱਥੋਂ ਦੀਆਂ 78 ਸੰਸਦੀ ਸੀਟਾਂ 'ਚੋਂ ਉਥੋਂ ਦੀ ਵੱਖਵਾਦੀ ਸਮਰਥਕ ਮੰਨੀ ਜਾਂਦੀ ਬਲਾਕ ਕਿਊਬਕ ਪਾਰਟੀ ਤਿਹਾਈ ਤੋਂ ਵੱਧ ਸੀਟਾਂ ਜਿੱਤ ਲੈਂਦੀ ਰਹੀ ਹੈ। ਪਿਛਲੀ ਵਾਰ ਇਹ ਪਾਰਟੀ 33 ਸੀਟਾਂ ਜਿੱਤ ਕੇ ਲਿਬਰਲ ਪਾਰਟੀ ਦੇ ਬਰਾਬਰ ਰਹੀ ਸੀ। ਕੰਜ਼ਰਵੇਟਿਵ ਨੂੰ ਉਥੋਂ ਸਿਰਫ 9 ਸੀਟਾਂ ਮਿਲੀਆਂ ਸਨ। ਬਹੁਤੇ ਵੋਟਰਾਂ ਦੀ ਅੱਖ ਅੰਗਰੇਜ਼ੀ ਬਹਿਸ 'ਤੇ ਕੇਂਦਰਤ ਸੀ, ਜਿਸ ਵਿੱਚ ਕਾਰਨੀ ਨੇ ਕੰਜ਼ਰਵੇਟਿਵ ਆਗੂ ਪੀਅਰ ਪੋਲਿਵਰ ਅਤੇ ਐੱਨ ਡੀ ਪੀ ਆਗੂ ਜਗਮੀਤ ਸਿੰਘ ਨੂੰ ਆਪਣੇ ਉੱਤੇ ਭਾਰੂ ਨਹੀਂ ਹੋਣ ਦਿੱਤਾ। ਕਾਰਨੀ ਨੇ ਟਰੰਪ ਟੈਰਿਫ ਸੰਕਟ ਨਾਲ ਸਿੱਝਣ ਅਤੇ ਦੇਸ਼ ਦੇ ਅਰਥਚਾਰੇ ਨੂੰ ਕਿਸੇ ਵੀ ਤਰ੍ਹਾਂ ਦੇ ਖੋਰੇ ਤੋਂ ਬਚਾਅ ਸਕਣ ਬਾਰੇ ਆਪਣੀਆਂ ਠੋਸ ਨੀਤੀਆਂ ਦੇ ਖੁਲਾਸੇ ਕਰਕੇ ਦੋਹਾਂ ਮੁੱਖ ਵਿਰੋਧੀ ਆਗੂਆਂ ਦੇ ਖਦਸ਼ਿਆਂ ਨੂੰ ਨਿਰਾਧਾਰ ਬਣਾਉਣ ਦੇ ਯਤਨ ਕੀਤੇ। ਇਸ ਨਾਲ ਲਿਬਰਲ ਸਮਰਥਕਾਂ ਦੇ ਹੌਸਲੇ ਬੁਲੰਦ ਹੋਏ। ਕੈਨੇਡਾ ਵਿੱਚ ਵੋਟ ਪਾ ਕੇ ਆਏ ਵੋਟਰ ਨੂੰ ਉਸ ਦੀ ਪਸੰਦ ਪੁੱਛਣਾ ਚੰਗਾ ਨਹੀਂ ਸਮਝਿਆ ਜਾਂਦਾ, ਪਰ ਅਗਾਊਂ ਵੋਟ ਕੇਂਦਰਾਂ 'ਚੋਂ ਬਾਹਰ ਆਉਂਦੇ ਕੁਝ ਵੋਟਰਾਂ ਦੇ ਚਿਹਰਿਆਂ ਦੇ ਹਾਵਭਾਵ ਜਸਟਿਨ ਟਰੂਡੋ ਦੀ ਥਾਂ ਮਾਰਕ ਕਾਰਨੀ ਵਾਲੇ ਬਦਲਾਅ ਤੱਕ ਸੀਮਤ ਰਹਿੰਦੇ ਮਹਿਸੂਸ ਹੋ ਰਹੇ ਸਨ।


ਜਗਮੀਤ ਸਿੰਘ, ਮਾਰਕ ਕਾਰਨੀ ਤੇ ਪੀਅਰ ਪੋਲਿਵਰ।

ਆਗੂਆਂ ਦੀ ਬਹਿਸ ਦੌਰਾਨ ਟੋਰੀ ਆਗੂ ਨੇ ਆਪਣੇ ਸੁਭਾਅ ਮੁਤਾਬਕ ਲੰਘੇ 10 ਸਾਲਾਂ ਦੌਰਾਨ ਦੇਸ਼ ਦੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਲਈ ਲਿਬਰਲ ਪਾਰਟੀ ਨੂੰ ਜ਼ਿੰਮੇਵਾਰ ਦੱਸਿਆ ਤੇ ਮਾਰਕ ਕਾਰਨੀ ਨੂੰ ਜਸਟਿਨ ਟਰੂਡੋ ਦਾ ਦੂਜਾ ਰੂਪ ਕਹਿਣ 'ਤੇ ਜ਼ੋਰ ਲਾਇਆ। ਜਗਮੀਤ ਸਿੰਘ ਨੇ ਆਪਣੀ ਪਾਰਟੀ ਨੂੰ ਲੋਕ ਹਿੱਤਾਂ ਦੀ ਪਹਿਰੇਦਾਰ ਅਤੇ ਦੂਜੀਆਂ ਦੋਹਾਂ ਪਾਰਟੀਆਂ ਨੂੰ ਪੂੰਜੀਪਤੀਆਂ ਦੀ ਸਮਰਥਕ ਗਰਦਾਨਿਆ।

## ਬਬੂਤਾ ਸੋਨ ਤਮਗੇ ਤੋਂ ਖੁੰਝਿਆ



**ਲੀਮਾ (ਪੇਰੂ)** : ਪੈਰਿਸ ਉਲੰਪੀਅਨ ਅਰਜੁਨ ਬਬੂਤਾ ਨੂੰ ਆਈ ਐੱਸ ਐੱਸ ਐੱਫ ਵਿਸ਼ਵ ਕੱਪ ਵਿੱਚ ਪੁਰਸ਼ਾਂ ਦੇ 10 ਮੀਟਰ ਏਅਰ ਰਾਈਫਲ ਮੁਕਾਬਲੇ 'ਚ ਚਾਂਦੀ ਦੇ ਤਮਗੇ ਨਾਲ ਸਬਰ ਕਰਨਾ ਪਿਆ। ਪਿਛਲੇ ਸਾਲ ਪੈਰਿਸ ਖੇਡਾਂ ਵਿੱਚ ਚੌਥੇ ਨੰਬਰ 'ਤੇ ਰਿਹਾ ਬਬੂਤਾ (252.3) ਰੋਮਾਂਚਕ ਮੁਕਾਬਲੇ 'ਚ ਉਲੰਪਿਕ ਚੈਂਪੀਅਨ ਚੀਨ ਦੇ ਸ਼ੈਂਗ ਲਿਹਾਓ (252.4) ਤੋਂ ਮਹਿਜ਼ 0.1 ਨੁਕਤਿਆਂ ਦੇ ਫਰਕ ਨਾਲ ਸੋਨ ਤਮਗਾ ਜਿੱਤਣ ਤੋਂ ਖੁੰਝ ਗਿਆ। ਹੰਗਰੀ ਦੇ ਸ਼ੂਟਰ ਇਸਵਾਨ ਪੈਨੀ, ਜਿਸ ਦੇ ਨਾਂਅ 40 ਤੋਂ ਵੱਧ ਆਈ ਐੱਸ ਐੱਸ ਐੱਫ ਤਮਗੇ ਹਨ, ਨੇ 229.8 ਦੇ ਸਕੋਰ ਨਾਲ ਕਾਂਸੀ ਦਾ ਤਮਗਾ ਜਿੱਤਿਆ। ਭਾਰਤ ਦਾ ਹਰਿਦੇ ਹਜ਼ਾਰੀਕਾ 629.3 ਦੇ ਸਕੋਰ ਨਾਲ ਦਸਵੇਂ ਸਥਾਨ 'ਤੇ ਰਹਿ ਕੇ ਫਾਈਨਲ 'ਚ ਪੁੱਜਣ ਤੋਂ ਖੁੰਝ ਗਿਆ ਸੀ।

# ਨਿਤੀਸ਼ ਨੇ ਕੁਰਸੀ ਲਈ ਬਾਪੂ ਨੂੰ ਮਾਰਨ ਵਾਲੀ ਵਿਚਾਰਧਾਰਾ ਨਾਲ ਸਾਂਝ ਪਾਈ : ਖੜਗੇ

**ਬਕਸਰ (ਬਿਹਾਰ)** : ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਬਿਹਾਰ ਵਿੱਚ ਸੱਤਾਧਾਰੀ ਜੇ ਡੀ (ਯੂ) ਤੇ ਭਾਜਪਾ ਗੱਠਜੋੜ ਨੂੰ 'ਮੌਕਾਪ੍ਰਸਤ' ਕਰਾਰ ਦਿੰਦਿਆਂ ਐਤਵਾਰ ਕਿਹਾ ਕਿ ਮੁੱਖ ਮੰਤਰੀ ਨਿਤੀਸ਼ ਕੁਮਾਰ ਮਹਿਜ਼ ਕੁਰਸੀ ਲਈ ਪਾਲਾ ਬਦਲਦੇ ਹਨ।



ਬਕਸਰ ਦੇ ਦਲਸਾਗਰ ਸਟੇਡੀਅਮ ਵਿਚ 'ਜੈ ਬਾਪੂ, ਜੈ ਭੀਮ, ਜੈ ਸੰਵਿਧਾਨ' ਰੈਲੀ ਨੂੰ ਸੰਬੋਧਨ ਕਰਦਿਆਂ ਖੜਗੇ ਨੇ ਸੂਬੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਸਾਲ ਦੇ ਅਖੀਰ ਵਿੱਚ ਹੋਣ ਵਾਲੀਆਂ ਅਸੈਂਬਲੀ ਚੋਣਾਂ ਵਿਚ ਐੱਨ ਡੀ ਏ ਸਰਕਾਰ ਨੂੰ ਸੱਤਾ 'ਚੋਂ ਬਾਹਰ ਕਰ ਦੇਣ। ਉਨ੍ਹਾ ਕਿਹਾ, "ਨਿਤੀਸ਼ ਕੁਮਾਰ ਅਤੇ ਭਾਜਪਾ ਵਿਚਕਾਰ ਮੌਕਾਪ੍ਰਸਤਾਨਾ ਗੱਠਜੋੜ ਹੈ। ਇਹ ਸੂਬੇ ਦੇ ਲੋਕਾਂ ਲਈ ਚੰਗਾ ਨਹੀਂ ਹੈ। ਨਿਤੀਸ਼ ਕੁਮਾਰ ਸਿਰਫ 'ਕੁਰਸੀ' (ਮੁੱਖ ਮੰਤਰੀ ਦੇ ਅਹੁਦੇ) ਲਈ ਪਾਲਾ ਬਦਲਦੇ ਹਨ। ਜਨਤਾ ਦਲ (ਯੂ) ਦੇ ਮੁਖੀ ਨੇ ਉਸ ਵਿਚਾਰਧਾਰਾ ਨਾਲ ਹੱਥ ਮਿਲਾਇਆ ਹੈ, ਜਿਸ ਨੇ ਮਹਾਤਮਾ ਗਾਂਧੀ ਨੂੰ ਮਾਰਿਆ ਸੀ।" ਉਨ੍ਹਾਂ ਇਹ ਸਵਾਲ ਵੀ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਬਿਹਾਰ ਲਈ 1.25 ਲੱਖ ਕਰੋੜ ਰੁਪਏ ਦੇ ਪੈਕੇਜ ਵਾਲੇ ਵਾਅਦੇ ਦਾ ਕੀ ਬਣਿਆ। ਉਨ੍ਹਾ ਪ੍ਰਧਾਨ ਮੰਤਰੀ ਉੱਤੇ 'ਝੂਠ ਦੀ ਫੈਕਟਰੀ' ਚਲਾਉਣ ਦਾ ਦੋਸ਼ ਲਾਇਆ। ਨੈਸ਼ਨਲ ਹੇਰਾਲਡ ਮਾਮਲੇ ਵਿੱਚ ਸੋਨੀਆ ਗਾਂਧੀ ਤੇ ਰਾਹੁਲ ਵਿਰੁੱਧ ਈ ਡੀ ਵੱਲੋਂ ਦਾਇਰ ਕੀਤੀ ਗਈ ਹਾਲੀਆ ਚਾਰਜਸ਼ੀਟ 'ਤੇ ਖੜਗੇ ਨੇ ਕਿਹਾ, "ਇਹ ਕਾਂਗਰਸ ਨੂੰ ਨਿਸ਼ਾਨਾ ਬਣਾਉਣ ਲਈ ਕੀਤਾ ਗਿਆ ਹੈ। ਸਾਡੇ ਨੇਤਾ ਡਰਾਏ ਨਹੀਂ ਜਾ ਸਕਦੇ। ਇੰਦਰਾ ਗਾਂਧੀ ਤੇ ਰਾਜੀਵ ਗਾਂਧੀ ਨੇ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ।"

ਕਾਂਗਰਸ ਪ੍ਰਧਾਨ ਨੇ ਇਹ ਵੀ ਦੋਸ਼ ਲਗਾਇਆ ਕਿ ਆਰ ਐੱਸ ਐੱਸ ਅਤੇ ਭਾਜਪਾ ਸਮਾਜ ਦੇ ਕਮਜ਼ੋਰ ਵਰਗਾਂ ਦੀ ਭਲਾਈ ਦੇ ਹੱਕ ਵਿੱਚ ਨਹੀਂ ਹਨ। ਉਹ ਗਰੀਬਾਂ, ਔਰਤਾਂ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਦੇ ਵਿਰੁੱਧ ਹਨ। ਉਹ ਸਮਾਜ ਦੀ ਬਿਹਤਰੀ ਲਈ ਨਹੀਂ ਸੋਚ ਸਕਦੇ। ਉਹ ਜਾਤ ਅਤੇ ਧਰਮ ਦੇ ਆਧਾਰ 'ਤੇ ਸਮਾਜ ਨੂੰ ਵੰਡਣ ਵਿੱਚ ਵਿਸ਼ਵਾਸ ਰੱਖਦੇ ਹਨ। ਸੰਸਦ ਵੱਲੋਂ ਪਾਸ ਕੀਤਾ ਗਿਆ ਵਕਫ (ਸੋਧ) ਬਿੱਲ ਭਾਜਪਾ ਅਤੇ ਆਰ ਐੱਸ ਐੱਸ ਦੀ ਭਾਈਚਾਰਿਆਂ ਵਿਚਾਲੇ ਫੁੱਟ ਪਾਉਣ ਦੀ ਸਾਜ਼ਿਸ਼ ਹੈ।

# ਪਾਵਰਕਾਮ ਦੀਆਂ ਦੋ ਡਵੀਜ਼ਨਾਂ ਨਿੱਜੀ ਹੱਥਾਂ 'ਚ ਦੇਣ ਦਾ ਡਟਵਾਂ ਵਿਰੋਧ

**ਪਟਿਆਲਾ** : ਬਿਜਲੀ ਮੁਲਾਜ਼ਮਾਂ ਦੀਆਂ ਵੱਖ-ਵੱਖ ਜਥੇਬੰਦੀਆਂ 'ਤੇ ਅਧਾਰਤ ਬਣੇ ਪੀ ਐੱਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਅਤੇ ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰ ਦੀ ਹੰਗਾਮੀ ਵਰਚੂਅਲ ਮੀਟਿੰਗ ਰਤਨ ਸਿੰਘ ਮਜਾਰੀ ਅਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਦੀ ਪ੍ਰਧਾਨਗੀ ਹੇਠ ਹੋਈ।ਇਸ ਮੀਟਿੰਗ ਵਿੱਚ ਪੰਜਾਬ ਸਰਕਾਰ ਅਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਵੱਲੋਂ ਅਦਾਰੇ ਦੀਆਂ ਦੋ ਡਵੀਜ਼ਨਾਂ ਖਰੜ ਅਤੇ ਲਾਲੜੂ ਦਾ 11 ਕੇ ਵੀ ਫੀਡਰ ਪ੍ਰਬੰਧਨ ਨਿੱਜੀ ਹੱਥਾਂ ਵਿੱਚ ਸੌਂਪਣ ਦੇ ਫੈਸਲੇ ਦੀ ਜ਼ੋਰਦਾਰ ਨਿੰਦਾ ਕੀਤੀ ਗਈ। ਮੀਟਿੰਗ ਵਿੱਚ ਹਿੱਸਾ ਲੈਣ ਵਾਲੇ ਆਗੂਆਂ ਨੇ ਪਾਵਰ ਮੈਨੇਜਮੈਂਟ ਦੇ ਇਸ ਮੁਲਾਜ਼ਮ ਅਤੇ ਖਪਤਕਾਰ ਵਿਰੋਧੀ ਤੁਗਲਕੀ ਫੁਰਮਾਨ ਖਿਲਾਫ ਡਟਵਾਂ ਵਿਰੋਧ ਕਰਨ ਦਾ ਫ਼ੈਸਲਾ ਕੀਤਾ।


ਆਗੂਆਂ ਨੇ ਕਿਹਾ ਕਿ ਅਦਾਰੇ ਅੰਦਰ ਤਕਨੀਕੀ ਕਰਮਚਾਰੀਆਂ ਦੀਆਂ ਕੁੱਲ ਅਸਾਮੀਆਂ ਵਿੱਚੋਂ 60 ਪ੍ਰਤੀਸ਼ਤ ਖਾਲੀ ਪਈਆਂ ਹਨ, ਜਿਨ੍ਹਾਂ ਨੂੰ ਨਵੀਂ ਭਰਤੀ ਰਾਹੀਂ ਭਰਨ ਦੀ ਬਜਾਏ ਮੈਨੇਜਮੈਂਟ 11 ਕੇ ਵੀ ਫੀਡਰਾਂ ਨੂੰ ਨਿੱਜੀ ਹੱਥਾਂ ਵਿੱਚ ਸੌਂਪਣ ਦੇ ਇਕਪਾਸੜ ਅਤੇ ਘਾਤਕ ਫੈਸਲਿਆਂ ਰਾਹੀਂ ਪਬਲਿਕ ਸੈਕਟਰ ਦੇ ਵੱਡੇ ਅਦਾਰੇ ਦਾ ਭੋਗ ਪਾਉਣ ਦੀਆਂ ਵਿਉਂਤਬੰਦੀਆਂ ਦੇ ਤੌਰ 'ਤੇ ਦੋ ਡਵੀਜ਼ਨਾਂ ਵਿੱਚ ਪੂਰੀ ਤਰ੍ਹਾਂ ਅਤੇ ਬਾਕੀ ਡਵੀਜ਼ਨਾਂ ਵਿੱਚ ਲਾਈਨਾਂ ਦੀ ਮੇਨਟੀਨੈਸ ਦੇ ਕੰਮ ਨੂੰ ਆਊਟਸੋਰਸਿੰਗ ਰਾਹੀਂ ਕਰਵਾਉਣ ਦੇ ਫੈਸਲੇ ਨੂੰ ਪੱਬਾਂ ਭਾਰ ਹੋ ਕੇ ਲਾਗੂ ਕਰ ਰਹੀ ਹੈ। ਆਗੂਆਂ ਨੇ ਕਿਹਾ ਕਿ ਇਸ ਨੀਤੀ ਨੂੰ ਕਦਾਚਿਤ ਬਰਦਾਸ਼ਤ ਨਹੀਂ ਕਰਾਂਗੇ। ਉਨ੍ਹਾਂ ਕਿਹਾ ਕਿ ਸਟਾਫ ਦੀ ਭਾਰੀ ਕਮੀ ਹੋਣ ਦੇ ਬਾਵਜੂਦ ਆਪਣੀ ਜਾਨ ਜੋਖਮ ਵਿੱਚ ਪਾ ਕੇ ਬਿਜਲੀ ਮੁਲਾਜ਼ਮ ਦਿਨ-ਰਾਤ ਡਿਊਟੀਆਂ ਕਰਕੇ ਪੰਜਾਬ ਦੇ ਲੋਕਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਮੁਹੱਈਆ ਕਰਵਾ ਰਹੇ ਹਨ, ਪਰ ਸਰਕਾਰ ਅਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਕਿਸ਼ਤਾਂ ਦੇ ਰੂਪ ਵਿੱਚ ਮਹੱਤਵਪੂਰਨ ਅਦਾਰੇ ਨੂੰ ਪੂੰਜੀਪਤੀਆਂ ਦੇ ਹਵਾਲੇ ਕਰਕੇ ਇਕ ਤੀਰ ਨਾਲ ਕਈ ਨਿਸ਼ਾਨੇ ਲਗਾ ਰਹੀ ਹੈ। ਆਗੂਆਂ ਨੇ ਠੇਕੇਦਾਰੀ ਪ੍ਰਬੰਧਨ ਉੱਪਰ ਚਿੰਤਾ ਜ਼ਾਹਰ ਕਰਦੇ ਹੋਏ ਕਿਹਾ ਕਿ ਠੇਕੇਦਾਰਾਂ ਵੱਲੋਂ ਕਰਵਾਏ ਜਾਂਦੇ ਕੰਮ ਗੈਰ ਮਿਆਰੀ ਹੋਣ ਕਰਕੇ ਬੀਤੇ ਸਾਲਾਂ ਵਿੱਚ ਜਿੱਥੇ ਸੈਂਕੜੇ ਬਿਜਲੀ ਮੁਲਾਜ਼ਮ ਹਾਦਸਿਆਂ ਦਾ ਸ਼ਿਕਾਰ ਹੋ ਕੇ ਆਪਣੀਆਂ ਕੀਮਤੀ ਜਾਨਾਂ ਗਵਾ ਬੈਠੇ ਹਨ, ਉਥੇ ਇਸ ਲੋਕ ਅਤੇ ਮੁਲਾਜ਼ਮ ਵਿਰੋਧੀ ਨੀਤੀ ਨੇ ਭ੍ਰਿਸ਼ਟਾਚਾਰ ਵਿੱਚ ਵੀ ਵਾਧਾ ਕੀਤਾ ਹੈ।ਇਸ ਲਈ ਮੈਨੇਜਮੈਂਟ ਇਹ ਫੈਸਲਾ ਵਾਪਸ ਲੈਂਦੇ ਹੋਏ ਤੁਰੰਤ ਖ਼ਾਲੀ ਅਸਾਮੀਆਂ ਵਿਰੁੱਧ ਨਵੀਂ ਭਰਤੀ ਕਰੇ ਤਾਂ ਜੋ ਪੰਜਾਬ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਮਿਲ ਸਕਣ। ਇਸ ਮੀਟਿੰਗ ਵਿੱਚ ਮੁਲਾਜ਼ਮ ਆਗੂਆਂ ਬਲਦੇਵ ਸਿੰਘ ਮੰਢਾਲੀ, ਹਰਪਾਲ ਸਿੰਘ, ਗੁਰਵੇਲ ਸਿੰਘ ਬੱਲਪੁਰੀਆ, ਰਣਜੀਤ ਸਿੰਘ ਢਿੱਲੋਂ, ਰਵੇਲ ਸਿੰਘ ਸਹਾਏਪੁਰ, ਸੁਰਿੰਦਰਪਾਲ ਲਾਹੌਰੀਆ, ਦਵਿੰਦਰ ਸਿੰਘ ਪਿਸ਼ੌਰ, ਜਗਤਾਰ ਸਿੰਘ, ਕੁਲਵਿੰਦਰ ਸਿੰਘ ਢਿੱਲੋਂ, ਜਰਨੈਲ ਸਿੰਘ, ਕੌਰ ਸਿੰਘ ਸੋਹੀ, ਸੁਖਵਿੰਦਰ ਸਿੰਘ ਦੁੱਮਣਾ, ਸਰਬਜੀਤ ਸਿੰਘ ਭਾਣਾ, ਸੁਖਵਿੰਦਰ ਸਿੰਘ ਚਾਹਲ, ਪੂਰਨ ਸਿੰਘ ਖਾਈ, ਰਛਪਾਲ ਸਿੰਘ ਪਾਲੀ, ਬਲਜੀਤ ਸਿੰਘ ਮੋਦਲਾ, ਰਘਬੀਰ ਸਿੰਘ, ਬਲਵਿੰਦਰ ਸਿੰਘ, ਗੁਰਪਿਆਰ ਸਿੰਘ, ਗੁਰਤੇਜ ਸਿੰਘ ਪੱਖੋ, ਇੰਜ. ਹਰਮਨਦੀਪ ਆਦਿ ਨੇ ਹਿੱਸਾ ਲਿਆ।ਆਗੂਆਂ ਨੇ ਪੰਜਾਬ ਸਰਕਾਰ ਅਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਅਜਿਹੇ ਲੋਕ ਅਤੇ ਮੁਲਾਜ਼ਮ ਵਿਰੋਧੀ ਫੈਸਲੇ ਤੁਰੰਤ ਰੱਦ ਨਾ ਕੀਤੇ ਤਾਂ ਬਿਜਲੀ ਮੁਲਾਜ਼ਮ ਡਟਵਾਂ ਵਿਰੋਧ ਕਰਦਿਆਂ ਤਿੱਖਾ ਸੰਘਰਸ਼ ਕਰਨਗੇ, ਜਿਸ ਤੋਂ ਨਿਕਲੇ ਸਿੱਟਿਆਂ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਦੀ ਹੋਵੇਗੀ।

# ਗਾਜ਼ਾ ਦੀ ਵੀਰਾਂਗਣਾ ਫਾਤਿਮਾ ਹਸੋਨਾ

**ਨਵੀਂ ਦਿੱਲੀ** : ਡੇਢ ਸਾਲ ਤੱਕ ਗਾਜ਼ਾ ਦੀ ਜੰਗ ਨੂੰ ਕੈਮਰੇ 'ਚ ਕੈਦ ਕਰਨ ਵਾਲੀ 25 ਸਾਲਾ ਫੋਟੋ ਪੱਤਰਕਾਰ ਫਾਤਿਮਾ ਹਸੋਨਾ ਹਵਾਈ ਹਮਲੇ ਵਿੱਚ ਮਾਰੀ ਗਈ। ਫਾਤਿਮਾ ਦੇ ਨਾਲ ਉਸ ਦੇ 10 ਰਿਸ਼ਤੇਦਾਰਾਂ ਦੀ ਵੀ ਮੌਤ ਹੋ ਗਈ।

ਗਾਜ਼ਾ ਵਿੱਚ ਲਗਾਤਾਰ ਖਤਰਿਆਂ ਦੇ ਬਾਵਜੂਦ ਫਾਤਿਮਾ ਨੇ ਆਪਣੇ ਕੈਮਰੇ ਵਿੱਚ ਸਭ ਕੁਝ ਰਿਕਾਰਡ ਕੀਤਾ ਅਤੇ ਗਾਜ਼ਾ ਦੀ ਕਹਾਣੀ ਦੁਨੀਆ ਨੂੰ ਦੱਸਣ ਲਈ ਵਚਨਬੱਧ ਰਹੀ। ਫਾਤਿਮਾ ਜਾਣਦੀ ਸੀ ਕਿ ਮੌਤ ਹਮੇਸ਼ਾ ਨੇੜੇ ਹੈ, ਫਿਰ ਵੀ ਉਹ ਗਾਜ਼ਾ ਦੀਆਂ ਤਸਵੀਰਾਂ ਨੂੰ ਦੁਨੀਆ ਦੇ ਸਾਹਮਣੇ ਲਿਆਉਣ ਤੋਂ ਪਿੱਛੇ ਨਹੀਂ ਹਟੀ।

ਫਾਤਿਮਾ ਨੇ ਇੱਕ ਵਾਰ ਸੋਸ਼ਲ ਮੀਡੀਆ 'ਤੇ ਲਿਖਿਆ ਸੀ, "ਜੇ ਮੈਂ ਮਰ ਜਾਂਦੀ ਹਾਂ, ਤਾਂ ਮੈਂ ਇੱਕ ਸ਼ਾਨਦਾਰ ਮੌਤ ਚਾਹੁੰਦੀ ਹਾਂ। ਮੈਂ ਸਿਰਫ ਬ੍ਰੇਕਿੰਗ ਨਿਊਜ਼ ਜਾਂ ਇੱਕ ਸਮੂਹ ਵਿੱਚ ਇੱਕ ਨੰਬਰ ਨਹੀਂ



ਬਣਨਾ ਚਾਹੁੰਦੀ। ਮੈਂ ਇੱਕ ਅਜਿਹੀ ਮੌਤ ਚਾਹੁੰਦੀ ਹਾਂ ਜੋ ਦੁਨੀਆ ਸੁਣ ਸਕੇ, ਇੱਕ ਅਜਿਹਾ ਪ੍ਰਭਾਵ, ਜੋ ਸਮੇਂ ਅਤੇ ਸਥਾਨ ਦੁਆਰਾ ਦਫਨਾਇਆ ਨਾ ਜਾ ਸਕੇ।" ਉਸ ਦੀ ਇੱਛਾ ਦਾ ਬਹੁਤ ਹੀ ਦਰਦਨਾਕ ਪਹਿਲੂ ਉਸ ਸਮੇਂ ਦੇਖਣ ਨੂੰ ਮਿਲਿਆ ਜਦੋਂ ਉੱਤਰੀ ਗਾਜ਼ਾ ਵਿੱਚ ਉਸ ਦੇ ਘਰ 'ਤੇ ਇਜ਼ਰਾਈਲੀ ਹਵਾਈ ਹਮਲਾ ਹੋਇਆ। ਫਾਤਿਮਾ ਦਾ ਕੁਝ ਦਿਨਾਂ 'ਚ ਵਿਆਹ ਹੋਣ ਵਾਲਾ ਸੀ। ਇਸ ਹਵਾਈ ਹਮਲੇ 'ਚ ਫਾਤਿਮਾ ਅਤੇ ਉਸ ਦੀ ਗਰਭਵਤੀ ਭੈਣ ਸਮੇਤ ਉਸ ਦੇ ਪਰਵਾਰ ਦੇ ਦਸ ਜੀਆਂ ਦੀ ਵੀ ਮੌਤ ਹੋ ਗਈ। ਹਮਲੇ ਦੇ ਬਾਰੇ ਇਜ਼ਰਾਈਲੀ ਫੌਜ ਨੇ ਕਿਹਾ ਕਿ ਇਜ਼ਰਾਈਲੀ ਫੌਜੀਆਂ ਅਤੇ ਨਾਗਰਿਕਾਂ 'ਤੇ ਹਮਲਿਆਂ 'ਚ ਸ਼ਾਮਲ ਹਮਾਸ ਦੇ ਇੱਕ ਮੈਂਬਰ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਫਾਤਿਮਾ ਦੀ ਮੌਤ ਤੋਂ 24 ਘੰਟੇ ਪਹਿਲਾਂ ਇੱਕ ਐਲਾਨ ਕੀਤਾ ਗਿਆ ਸੀ ਕਿ ਇਜ਼ਰਾਈਲੀ ਹਮਲੇ ਦੌਰਾਨ ਗਾਜ਼ਾ ਵਿੱਚ ਫਾਤਿਮਾ ਹਸੋਨਾ ਦੇ ਜੀਵਨ ਬਾਰੇ ਇੱਕ ਫਿਲਮ ਦਾ ਕਾਨਸ ਦੇ ਨਾਲ ਇੱਕ ਫਰੈਂਚ ਸੁਤੰਤਰ ਫਿਲਮ ਫੈਸਟੀਵਲ ਵਿੱਚ ਪ੍ਰੀਮੀਅਰ ਕੀਤਾ ਜਾਵੇਗਾ। ਗਾਜ਼ਾ ਉੱਤੇ ਇਜ਼ਰਾਈਲੀ ਹਮਲਿਆਂ ਕਾਰਨ 7 ਅਕਤੂਬਰ 2023 ਤੋਂ ਹੁਣ ਤੱਕ 51,000 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ। ਇਨ੍ਹਾਂ ਵਿੱਚ ਜ਼ਿਆਦਾਤਰ ਔਰਤਾਂ ਅਤੇ ਬੱਚੇ ਹਨ।

## ਅਜੀਤ ਇੰਦਰ ਮੋਫਰ ਦੇ ਰਿਸ਼ਤੇਦਾਰ ਪਿਓ-ਪੁੱਤ ਦੀ ਹੱਤਿਆ



**ਮਲੋਟ (ਗੁਰਮੀਤ ਸਿੰਘ ਮੱਕੜ)**-ਮਾਨਸਾ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਸਰਦੂਲਗੜ੍ਹ ਦੇ ਸਾਬਕਾ ਕਾਂਗਰਸੀ ਵਿਧਾਇਕ ਅਜੀਤ ਇੰਦਰ ਸਿੰਘ ਮੋਫਰ ਦੇ ਭਾਣਜੇ ਵਿਨੈ ਪ੍ਰਤਾਪ ਸਿੰਘ ਬਰਾੜ ਉਰਫ ਵਿੰਨੀ ਤੇ ਉਨ੍ਹਾ ਦੇ ਪੁੱਤਰ ਸੂਰਜ ਪ੍ਰਤਾਪ ਸਿੰਘ ਬਰਾੜ ਦੀ ਸ਼ਨਿੱਚਰਵਾਰ ਸ਼ਾਮੀਂ ਜ਼ਿਲ੍ਹਾ ਮੁਕਤਸਰ ਦੇ ਪਿੰਡ ਅੱਬੁਲ ਖੁਰਾਣਾ ਵਿੱਚ ਕੁਝ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਉਹ ਜ਼ੈਲਦਾਰ ਪਰਵਾਰ ਤੋਂ ਸਨ। ਹੱਤਿਆ ਦਾ ਕਾਰਨ ਜ਼ਮੀਨੀ ਝਗੜਾ ਦੱਸਿਆ ਜਾ ਰਿਹਾ ਹੈ। ਪਿਓ-ਪੁੱਤ ਜਦੋਂ ਚੰਡੀਗੜ੍ਹੋਂ ਪਿੰਡ ਪਹੁੰਚੇ ਤਾਂ ਕੋਈ ਉਨ੍ਹਾਂ ਦੀ ਜ਼ਮੀਨ 'ਚ ਖੜ੍ਹਾ ਕੁਝ ਕਰ ਰਿਹਾ ਸੀ। ਉਨ੍ਹਾਂ ਉਸ ਵਿਅਕਤੀ ਨੂੰ ਰੋਕਣਾ ਚਾਹਿਆ ਤਾਂ ਉਸ ਨੇ ਗੋਲੀਆਂ ਚਲਾ ਦਿੱਤੀਆਂ। ਪੁਲਸ ਨੇ ਚਾਰ ਮੁਲਜ਼ਮ ਨਾਮਜ਼ਦ ਕੀਤੇ ਹਨ।

## ਅੱਜ-ਨਾਮਾ

ਰੋਬੋਟ ਦੌੜ ਇੱਕ ਹੋਈ ਸੀ ਚੀਨ ਦੇ ਵਿੱਚ,
ਦੌੜ ਇਨਸਾਨ ਦੇ ਨਾਲ ਉਸ ਲਾਈ ਬੇਲੀ।
ਕਹਿੰਦੇ ਰੋਬੋਟ ਸੀ ਬਹੁਤ ਕਮਾਲ ਕਰ'ਤੀ,
ਬਹੁਤੀ ਇਹਦੀ ਫਿਰ ਖੁਸ਼ੀ ਮਨਾਈ ਬੇਲੀ।
ਅਸਲੋਂ ਨਵੀਂ ਇਹ ਖਬਰ ਸੀ ਮੀਡੀਏ ਦੀ,
ਲਾ ਕੇ ਤੜਕਾ ਫਿਰ ਬੜੀ ਘੁੰਮਾਈ ਬੇਲੀ।
ਇਸ ਦੀ ਖੁਸ਼ੀ ਦੇ ਖਿੜੇ ਜਿਹੇ ਦੌਰ ਅੰਦਰ,
ਟਿੱਪਣੀ ਸਾਰਿਆਂ ਤੋਂ ਵੱਖਰੀ ਆਈ ਬੇਲੀ।
ਅਕਲਮੰਦ ਇਹ ਆਖਦਾ ਸਿਰਫ ਸੁਣਿਆ,
ਬਹੁਤਾ ਚਾਅ ਨਹੀਂ ਕਹਿੰਦਾ ਮਨਾਉ ਬੇਲੀ।
ਤਰੱਕੀ ਕਰ ਗਿਆ ਰੋਬੋਟ ਜੇ ਇੰਜ ਬੇਲੀ,
ਮਨੁੱਖ ਦਾ ਬਣੂ ਕੀ ਅਕਲ ਦੌੜਾਉ ਬੇਲੀ।

-ਤੀਸ ਮਾਰ ਖਾਂ

# ਜਲ੍ਹਿਆਂਵਾਲੇ ਬਾਗ ਦਾ ਸਾਕਾ ਭਾਰਤੀ ਸੁਤੰਤਰਤਾ ਸੰਗਰਾਮ 'ਚ ਇੱਕ ਇਤਿਹਾਸਕ ਮੋੜ ਸੀ : ਡਾ. ਸਵਰਾਜਬੀਰ ਸਿੰਘ

**ਲੁਧਿਆਣਾ (ਰੈਕਟਰ ਕਥੂਰੀਆ, ਪ੍ਰਦੀਪ ਸ਼ਰਮਾ)**

ਭਾਰਤ ਦੇ ਸੁਤੰਤਰਤਾ ਸੰਗਰਾਮ 'ਚ 13 ਅਪ੍ਰੈਲ 1919 ਦਾ ਦਿਨ ਇਤਿਹਾਸ ਵਿੱਚ ਹਮੇਸ਼ਾ ਹੀ ਦਰਜ ਰਹੇਗਾ।ਐਤਵਾਰ ਭਾਰਤੀ ਕਮਿਊਨਿਸਟ ਪਾਰਟੀ ਦੇ ਸ਼ਤਾਬਦੀ ਸਮਾਗਮਾਂ ਦੇ ਹਿੱਸੇ ਵਜੋਂ ਲੁਧਿਆਣਾ ਇਕਾਈ ਵੱਲੋਂ ਜਲ੍ਹਿਆਂਵਾਲਾ ਬਾਗ ਦਾ ਸਾਕਾ, ਸੁਤੰਤਰਤਾ ਸੰਗਰਾਮ ਅਤੇ ਅਜੋਕੇ ਸਮੇਂ ਦੀਆਂ ਚੁਣੌਤੀਆਂ ਵਿਸ਼ੇ 'ਤੇ ਵਿਚਾਰ ਗੋਸ਼ਟੀ ਕਰਵਾਈ ਗਈ। ਇਸ ਨੂੰ ਸੰਬੋਧਨ ਕਰਦਿਆਂ ਪ੍ਰਮੁੱਖ ਬੁਲਾਰੇ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਐਡੀਟਰ, ਉੱਘੇ ਕਵੀ, ਚਿੰਤਕ ਤੇ ਲੇਖਕ ਡਾ. ਸਵਰਾਜਬੀਰ ਸਿੰਘ ਨੇ ਕਿਹਾ ਕਿ ਬਰਤਾਨਵੀ ਸਰਕਾਰ ਦੁਆਰਾ ਲਿਆਂਦੇ ਗਏ ਰੌਲਟ ਐਕਟ, ਜਿਸ ਤਹਿਤ ਉਹ ਕਿਸੇ ਨੂੰ ਵੀ ਕਿੰਨੇ ਹੀ ਸਮੇਂ ਲਈ ਗ੍ਰਿਫਤਾਰ ਕਰ ਸਕਦੇ ਸਨ, ਦਾ ਸਾਰੇ ਦੇਸ਼ ਵਿੱਚ ਵਿਆਪਕ ਵਿਰੋਧ ਹੋਇਆ ਸੀ। ਇਸੇ ਕੜੀ ਦੇ ਤਹਿਤ ਜਲ੍ਹਿਆਂਵਾਲਾ ਬਾਗ ਅੰਮ੍ਰਿਤਸਰ 'ਚ ਹਜ਼ਾਰਾਂ ਮਰਦ, ਇਸਤਰੀਆਂ ਤੇ ਬੱਚੇ ਸ਼ਾਂਤੀਪੂਰਵਕ ਢੰਗ ਨਾਲ ਇਕੱਠੇ ਹੋਏ। ਇਸ ਇਕੱਠ ਵਿੱਚ ਸਾਰੇ ਫਿਰਕਿਆਂ ਤੋਂ ਲੋਕ ਸ਼ਾਮਿਲ ਸਨ। ਇਸ ਤੋਂ ਬੁਖਲਾ ਕੇ ਜਨਰਲ ਡਾਇਰ ਨੇ ਬਿਨਾਂ ਕਿਸੇ ਨੋਟਿਸ ਦੇ ਨਿਹੱਥੇ ਲੋਕਾਂ 'ਤੇ ਅੰਨ੍ਹੇਵਾਹ ਗੋਲੀਆਂ ਚਲਾ ਕੇ 1000 ਤੋਂ ਵੱਧ ਲੋਕਾਂ ਦਾ ਕਤਲੇਆਮ ਕੀਤਾ।ਪਰ ਇਸ ਘਟਨਾ ਨੇ ਫਿਰਕੂ ਸਦਭਾਵਨਾ ਨਾਲ ਅਜ਼ਾਦੀ ਦੀ ਲਹਿਰ ਨੂੰ ਅੱਗੇ ਵਧਾਇਆ। ਜਲ੍ਹਿਆਂਵਾਲੇ ਬਾਗ ਦਾ ਸਾਕਾ ਭਾਰਤੀ ਸੁਤੰਤਰਤਾ ਸੰਗਰਾਮ ਵਿੱਚ ਇੱਕ ਇਤਿਹਾਸਕ ਮੋੜ ਸੀ। ਨੋਬਲ ਪੁਰਸਕਾਰ ਜੇਤੂ ਰਬਿੰਦਰ ਨਾਥ ਟੈਗੋਰ ਨੇ ਇਸ ਦੇ ਵਿਰੋਧ ਵਿੱਚ ਆਪਣਾ ਖਿਤਾਬ ਵਾਪਸ ਕਰ ਦਿੱਤਾ। ਮਹਾਤਮਾ ਗਾਂਧੀ ਨੇ 1920 ਦੇ ਵਿੱਚ ਨਾਮਿਲਵਰਤਣ ਅੰਦੋਲਨ ਸ਼ੁਰੂ ਕਰ ਦਿੱਤਾ। ਇਸ ਅੰਦੋਲਨ ਨੇ ਭਗਤ ਸਿੰਘ ਤੇ ਊਧਮ ਸਿੰਘ ਵਰਗੇ ਮਹਾਨ ਇਨਕਲਾਬੀਆਂ ਨੂੰ ਜਨਮ ਦਿੱਤਾ। ਡਾ. ਸਵਰਾਜਬੀਰ ਸਿੰਘ ਨੇ ਧਰਮ ਨਿਰਪੱਖ ਲੋਕਤੰਤਰ ਨੂੰ ਬਚਾਉਣ ਲਈ ਦ੍ਰਿੜ੍ਹ ਸੰਕਲਪ ਲੈਂਦੇ ਹੋਏ ਨਿਆਂ ਅਤੇ ਬਰਾਬਰੀ 'ਤੇ ਅਧਾਰਤ ਸਮਾਜ ਨੂੰ ਬਣਾਉਣ ਲਈ ਅੱਗੇ ਵਧਣ ਦਾ ਹੋਕਾ ਦਿੱਤਾ।ਉਨ੍ਹਾ ਕਿਹਾ ਕਿਭਾਰਤ ਦੇ ਦੂਰਦਰਸ਼ੀ ਨੇਤਾਵਾਂ ਨੇ ਧਰਮ ਨਿਰਪੱਖ, ਲੋਕਤੰਤਰੀ, ਗਣਰਾਜ ਦੀ ਸਥਾਪਨਾ ਕੀਤੀ। ਇਸ ਸਾਰੀ ਗੱਲ 'ਚ ਕਾਂਗਰਸ ਦੇ ਦੂਰਦਰਸ਼ੀ ਨੇਤਾ ਜਵਾਹਰ ਲਾਲ ਨਹਿਰੂ ਅਤੇ ਕਮਿਊਨਿਸਟ ਪਾਰਟੀ ਤੋਂ ਇਲਾਵਾ ਅਨੇਕਾਂ ਬੁੱਧੀਜੀਵੀਆਂ ਨੇ ਪੂਰੀ ਭੂਮਿਕਾ ਅਦਾ ਕੀਤੀ। ਜਿਸ ਕਰਕੇ ਮਜ਼ਦੂਰਾਂ ਕਿਸਾਨਾਂ ਦੇ ਹੱਕਾਂ ਲਈ ਕਈ ਕਾਨੂੰਨ ਬਣੇ। ਸੰਵਿਧਾਨ ਦੇ ਵਿੱਚ ਸਭ ਨੂੰ ਬੋਲਣ ਦੀ ਅਜ਼ਾਦੀ, ਲੋਕਤੰਤਰਕ ਅਧਿਕਾਰ ਦੇ ਨਾਲ ਨਾਲ ਬਿਨਾਂ ਧਰਮ, ਜਾਤੀ, ਇਲਾਕਾ, ਬੋਲੀ, ਲਿੰਗ ਦੇ ਭੇਦ ਦੇ ਬਰਾਬਰ ਮਾਨਤਾ ਦੇ ਅਧਿਕਾਰ ਦਿੱਤੇ ਗਏ।



ਸੂਬਿਆਂ ਨੂੰ ਅਧਿਕਾਰਾਂ ਦੀ ਸਪਸ਼ਟ ਵਿਆਖਿਆ ਕੀਤੀ ਗਈ ਤੇ ਬਹੁਤ ਸਾਰੇ ਖੇਤਰਾਂ ਵਿਚ ਸਵੈ ਨਿਰਣੇ ਦੇ ਅਧਿਕਾਰ ਦਿੱਤੇ ਗਏ।ਪਰ ਅਜੋਕੇ ਸਮੇਂ ਸੱਤਾ ਵਿੱਚ ਬੈਠੀਆਂ ਸ਼ਕਤੀਆਂ ਅੰਗਰੇਜ਼ੀ ਸਾਮਰਾਜ ਦੀ ਤਰ੍ਹਾਂ ਧਰਮ, ਜਾਤੀ ਤੇ ਬੋਲੀ ਦੇ ਅਧਾਰ 'ਤੇ ਆਪਣੀ ਸੌੜੀ ਵੋਟ ਬੈਂਕ ਦੀ ਰਾਜਨੀਤੀ ਨੂੰ ਸਾਹਮਣੇ ਰੱਖਦੇ ਹੋਏ ਸਮਾਜ ਨੂੰ ਵੰਡਣ ਦੀਆਂ ਸਾਜਿਸ਼ਾਂ ਰਚ ਰਹੀਆਂ ਹਨ; ਗੈਰ ਵਿਗਿਆਨਕ ਸੋਚ ਨੂੰ ਵਧਾ ਰਹੀਆਂ ਹਨ, ਹਿੰਸਾ ਨੂੰ ਵਧਾ ਰਹੀਆਂ ਹਨ, ਦੱਬੇ ਕੁਚਲੇ ਲੋਕਾਂ ਦੇ ਹੱਕਾਂ ਦਾ ਘਾਣ ਕਰ ਰਹੀਆਂ ਹਨ, ਇਸਤਰੀਆਂ ਉੱਪਰ ਅੱਤਿਆਚਾਰ ਕਰਨ ਵਾਲਿਆਂ ਦੀ ਰਾਖੀ ਕਰ ਰਹੀਆਂ ਹਨ। ਅਰਥਚਾਰੇ ਵਿੱਚ ਇਕ ਪਾਸੇ ਚੰਦ ਘਰਾਣਿਆਂ ਨੂੰ ਕਾਰਪੋਰੇਟ ਟੈਕਸਾਂ ਅਤੇ ਸੰਪਤੀ ਟੈਕਸ ਵਿੱਚ ਮੋਟੀ ਛੋਟ ਦੇ ਕੇ ਤੇ ਬੈਂਕਾਂ ਦੇ ਕਰਜ਼ੇ ਮੁਆਫ਼ ਕਰ ਕੇ ਦੇਸ਼ ਦੀ ਸੰਪਤੀ ਸੌਂਪੀ ਜਾ ਰਹੀ ਹੈ, ਦੂਜੇ ਪਾਸੇ ਆਮ ਲੋਕਾਂ 'ਤੇ ਜੀ ਐਸ ਟੀ ਰਾਹੀਂ ਅਸਿੱਧੇ ਟੈਕਸ ਦਾ ਬੋਝ ਬਹੁਤ ਵਧਾਇਆ ਗਿਆ ਹੈ।ਜ਼ਿਲ੍ਹਾ ਸਕੱਤਰ ਕਾਮਰੇਡ ਡੀ ਪੀ ਮੌੜ ਨੇ ਕਿਹਾ ਕਿ ਅਜੋਕੇ ਸਮੇਂ ਜਿੱਥੇ ਲੋਕਾਂ ਦੀਆਂ ਹੱਕੀ ਮੰਗਾਂ ਲਈ ਸੰਘਰਸ਼ ਜ਼ਰੂਰੀ ਹਨ ਉਥੇ ਸਭ ਤੋਂ ਜ਼ਰੂਰੀ ਸਮਾਜਿਕ ਸਦਭਾਵ ਨੂੰ ਬਚਾ ਕੇ ਰੱਖਣਾ ਹੈ।ਇਸ ਸਭ ਲਈ ਵੱਡੇ ਸੰਘਰਸ਼ ਦੀ ਲੋੜ ਹੈ। ਵਿਚਾਰ ਗੋਸ਼ਟੀ ਦੀ ਪ੍ਰਧਾਨਗੀ ਕਾਮਰੇਡ ਰਮੇਸ਼ ਰਤਨ, ਸੁਰਿੰਦਰ ਸਿੰਘ ਜਲਾਲਦੀਵਾਲ ਅਤੇ ਕਾਮਰੇਡ ਕੁਲਵੰਤ ਕੌਰ ਨੇ ਕੀਤੀ। ਸ਼ਹਿਰੀ ਸਕੱਤਰ ਕਾਮਰੇਡ ਐਮ ਐਸ ਭਾਟੀਆ ਨੇ ਮੰਚ ਦਾ ਸੰਚਾਲਨ ਕੀਤਾ। ਪਾਰਟੀ ਦੇ ਕੌਮੀ ਕੌਂਸਲ ਮੈਂਬਰ ਡਾਕਟਰ ਅਰੁਣ ਮਿੱਤਰਾ ਨੇ ਮੁੱਖ ਮਹਿਮਾਨ ਨੂੰ ਜੀ ਆਇਆਂ ਆਖਿਆ।ਪ੍ਰਧਾਨਗੀ ਮੰਡਲ ਵੱਲੋਂ ਸਾਰਿਆਂ ਦਾ ਧੰਨਵਾਦ ਕਾਮਰੇਡ ਰਮੇਸ਼ ਰਤਨ ਨੇ ਕੀਤਾ।

21-APRIL-PAGE-1.qxd 4/20/2025 8:39 PM Page 2



## 'ਵਿਸ਼ਵ ਜਿਗਰ ਦਿਵਸ' ਮੌਕੇ ਪੀ ਜੀ ਆਈ 'ਚ ਜਾਗਰੂਕਤਾ ਸਮਾਗਮ



**ਸਮਰਾਲਾ (ਸੁਰਜੀਤ ਸਿੰਘ)**-ਪੀਜੀਆਈ ਚੰਡੀਗੜ੍ਹ ਵਿੱਚ 'ਵਿਸ਼ਵ ਜਿਗਰ ਦਿਵਸ' ਨੂੰ ਸਮਰਪਤ ਸਰੀਰ ਦੇ ਮਹੱਤਵ ਪੂਰਨ ਹਿੱਸੇ ਜਿਗਰ ਦੀ ਸਾਂਭ ਸੰਭਾਲ ਬਾਰੇ ਪ੍ਰੋਗਰਾਮ ਕੀਤਾ ਗਿਆ, ਜਿਸ ਵਿਚ ਪੀਜੀਆਈ ਦੇ ਮਾਹਰ ਡਾਕਟਰਾਂ ਨੇ ਜਿਗਰ ਦੇ ਰੋਗਾਂ ਤੇ ਉਨ੍ਹਾਂ ਦੇ ਕਾਰਨਾਂ ਬਾਰੇ ਜਾਣਕਾਰੀ ਸਾਂਝੀ ਕੀਤੀ।ਡਾ. ਅਜੇ ਦੁਸੇਜਾ, ਪ੍ਰੋਫੈਸਰ ਤੇ ਹੈੱਡ ਹੈਪਾਟੋਲੋਜੀ ਵਿਭਾਗ ਪੀਜੀਆਈ ਚੰਡੀਗੜ੍ਹ ਨੇ ਦੱਸਿਆ ਕਿ ਜ਼ਿਆਦਾਤਰ ਵਿਰਸਾਤੀ ਜਿਗਰ ਰੋਗ ਵਾਲੇ ਮਰੀਜ਼ਾਂ ਵਿੱਚ ਸ਼ੁਰੂਆਤੀ ਪੜਾਅ ਵਿੱਚ ਕੋਈ ਖਾਸ ਲੱਛਣ ਨਹੀਂ ਹੁੰਦੇ, ਇਸ ਲਈ ਸਕ੍ਰੀਨਿੰਗ ਤੇ ਨਿਗਰਾਨੀ ਬਹੁਤ ਜ਼ਰੂਰੀ ਹੈ, ਜਿਸ ਵਿਚ ਸ਼ਰਾਬ ਸਬੰਧੀ ਜਿਗਰ ਰੋਗ, ਵਸਾ ਵਾਲਾ ਜਿਗਰ ਰੋਗ, ਦੀਰਘਕਾਲੀ ਵਾਇਰਲ ਹੈਪੇਟਾਇਟਿਸ।ਇਸ ਵਿਸ਼ਵ ਜਿਗਰ ਦਿਵਸ ਮੌਕੇ ਮਨੋਚਿਕਿਤਸਾ ਵਿਭਾਗ ਦੇ ਸਹਿਯੋਗ ਨਾਲ ਸ਼ਰਾਬ ਦੀ ਆਦਤ ਤੇ ਸੂਈ ਰਾਹੀਂ ਨਸ਼ਾ ਕਰਨ ਵਾਲਿਆਂ ਵਾਸਤੇ ਹੈਪੇਟਾਇਟਿਸ ਬੀ ਤੇ ਸੀ ਲਈ ਸਕ੍ਰੀਨਿੰਗ ਕੀਤੀ ਜਾਂਦੀ ਹੈ ਅਤੇ ਇਲਾਸਟੋਗ੍ਰਾਫੀ ਰਾਹੀਂ ਜਿਗਰ ਵਿੱਚ ਚਰਬੀ ਤੇ ਨਾਸ਼ ਹੋਏ ਟਿਸ਼ੂ ਦੀ ਜਾਂਚ ਹੋਵੇਗੀ।ਡਾ. ਮਧੂਮੀਤਾ ਪ੍ਰੇਮ ਕੁਮਾਰ ਐਡੀਸ਼ਨਲ ਪ੍ਰੋਫੈਸਰ ਨੇ ਦੱਸਿਆ ਕਿ ਚੰਗਾ ਭੋਜਨ ਜਿਗਰ ਦੀ ਸਿਹਤ ਲਈ ਚੰਗਾ ਹੈ।ਡਾ. ਨਿਪੁਣ ਵਰਮਾ, ਐਡੀਸ਼ਨਲ ਪ੍ਰੋਫੈਸਰ ਨੇ ਦੱਸਿਆ ਕਿ ਖੁਰਾਕ ਵਿੱਚ ਖੰਡ ਦੀ ਮਾਤਰਾ ਤੇ ਗੁਣਵੱਤਾ ਦੋਵੇਂ ਜਿਗਰ ਦੀ ਸਿਹਤ ਲਈ ਮਹੱਤਵਪੂਰਨ ਹਨ।ਡਾ. ਨਵੀਨ ਭਗਤ, ਅਸਿਸਟੈਂਟ ਪ੍ਰੋਫੈਸਰ ਨੇ ਸਲਾਹ ਦਿੱਤੀ ਕਿ ਸਿਹਤਮੰਦ ਜਿਗਰ ਲਈ ਖੁਰਾਕ ਵਿੱਚ ਪੂਰਨ ਅਨਾਜ, ਦਾਲਾਂ, ਫਲ, ਸਬਜ਼ੀਆਂ, ਮੋਡਰੇਟ ਡੇਅਰੀ ਤੇ ਕਾਰਬੋਹਾਈਡਰੇਟ ਅਤੇ ਘੱਟ ਚੀਨੀ ਤੇ ਫੈਟ ਹੋਣੀ ਚਾਹੀਦੀ ਹੈ।ਡਾ. ਤਨੇਜਾ ਅਨੁਸਾਰ ਗੈਰ-ਸਿਹਤਮੰਦ ਜੀਵਨ ਸ਼ੈਲੀ ਤਿੰਨ ਆਮ ਜਿਗਰ ਰੋਗਾਂ ਦਾ ਮੁੱਖ ਕਾਰਨ ਹੈ।ਡਾ. ਪ੍ਰੇਮ ਕੁਮਾਰ ਨੇ ਕਿਹਾ ਕਿ ਭਾਰਤ ਵਿੱਚ ਜਿਗਰ ਦੇ ਮਰੀਜ਼ਾਂ ਦੀ ਗਿਣਤੀ ਵੱਧ ਰਹੀ ਹੈ, ਪਰ ਹੈਪਾਟੋਲੋਜਿਸਟ ਦੀ ਕਮੀ ਹੈ।ਪ੍ਰੋਗਰਾਮ ਵਿੱਚ ਹੋਰਨਾਂ ਤੋਂ ਇਲਾਵਾ ਮਾਹਰ ਡਾਕਟਰ ਡਾ. ਅਜੀਤ ਭਦੌਰੀਆ, ਡਾ. ਅਰਕਾ ਡੇ ਤੇ ਡਾ. ਨਵੀਨ ਭਗਤ ਨੇ ਵੀ ਜਿਗਰ ਦੀਆਂ ਬਿਮਾਰੀਆਂ ਸਬੰਧੀ ਆਪਣੇ ਵਿਚਾਰ ਸਾਂਝੇ ਕੀਤੇ।ਇਸ ਜਾਗਰੂਕਤਾ ਪ੍ਰੋਗਰਾਮ ਵਿੱਚ 500 ਤੋਂ ਵੱਧ ਵਿਅਕਤੀਆਂ, ਵਿਦਿਆਰਥੀਆਂ, ਅਧਿਆਪਕਾਂ ਤੇ ਸਟਾਫ ਨੇ ਭਾਗ ਲਿਆ।

# ਕਿਸਾਨਾਂ ਵੱਲੋਂ ਕੱਲ੍ਹੇ ਮਾਜਰਾ 'ਚ ਸਰਕਾਰ ਖਿਲਾਫ ਨਾਅਰੇਬਾਜ਼ੀ

■ ਪੁਲਸ ਵੱਲੋਂ ਧੱਕਾ-ਮੁੱਕੀ ਦੌਰਾਨ ਕਈ ਕਿਸਾਨਾਂ ਦੀਆਂ ਪੱਗਾਂ ਲੱਥੀਆਂ



**ਨਾਭਾ (ਵਰਿੰਦਰ ਵਰਮਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਵੱਲੋਂ ਨਾਭਾ ਦੇ ਪਿੰਡ ਕੱਲ੍ਹੇ ਮਾਜਰਾ ਵਿਖੇ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦਾ ਘਿਰਾਓ ਕਰਨਾ ਸੀ।ਵਿਧਾਇਕ ਦੇਵ ਮਾਨ ਨੇ ਸਰਕਾਰੀ ਸਕੂਲ ਵਿੱਚ ਉਦਘਾਟਨ ਸਮਾਰੋਹ ਵਿੱਚ ਪਹੁੰਚਣਾ ਸੀ, ਜਿੱਥੇ ਪਹੁੰਚਣ ਤੋਂ ਪਹਿਲਾਂ ਹੀ ਕਿਸਾਨ ਧਰਨਾ ਦੇਣ ਲਈ ਸਕੂਲ ਬਾਹਰ ਇਕੱਠੇ ਹੋ ਗਏ।ਵਿਧਾਇਕ ਦਾ ਸਮਾਗਮ ਸਵੇਰੇ 11 ਵਜੇ ਰੱਖਿਆ ਗਿਆ ਸੀ, ਪਰ ਕਿਸਾਨਾਂ ਦੇ ਧਰਨੇ ਨੂੰ ਵੇਖਦੇ ਹੋਏ 2 ਵਜੇ ਤੱਕ ਵਿਧਾਇਕ ਦੇਵ ਮਾਨ ਨਾ ਪਹੁੰਚੇ, ਜਦਕਿ ਭਾਰੀ ਪੁਲਸ ਫੋਰਸ ਡੀ ਐੱਸ ਪੀ ਨਾਭਾ ਮੈਡਮ ਮਨਦੀਪ ਕੌਰ ਦੀ ਅਗਵਾਈ ਹੇਠ ਮੌਕੇ 'ਤੇ ਪਹੁੰਚ ਗਈ, ਜਿਨ੍ਹਾਂ ਨੇ ਕਿਸਾਨਾਂ ਨੂੰ ਧੱਕੇ ਨਾਲ ਗ੍ਰਿਫਤਾਰ ਕਰਕੇ ਆਪਣੇ ਨਾਲ ਲੈ ਗਏ।ਇਸ ਦੌਰਾਨ ਬਹੁਤ ਸਾਰੇ ਕਿਸਾਨਾਂ ਦੀਆਂ ਪੱਗਾਂ ਵੀ ਲੱਥ ਗਈਆਂ।ਕਿਸਾਨਾਂ ਵੱਲੋਂ ਭਾਰਤੀ ਕਿਸਾਨ ਯੂਨੀਅਨ ਦੇ ਆਗੂ ਗਮਦੂਰ ਸਿੰਘ ਨੂੰ ਜ਼ਬਰਦਸਤੀ ਆਪਣੀ ਗੱਡੀ ਵਿੱਚ ਬਿਠਾਇਆ ਗਿਆ, ਜਿਸ ਦੌਰਾਨ ਉਨ੍ਹਾਂ ਦੀ ਪੱਗ ਲੱਥ ਗਈ।ਉਨ੍ਹਾਂ ਵੱਲੋਂ ਪੰਜਾਬ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਵੀ ਕੀਤੀ ਗਈ।ਇਸ ਮੌਕੇ ਕਿਸਾਨਾਂ ਦਾ ਕਹਿਣਾ ਸੀ ਕਿ ਉਨ੍ਹਾਂ ਨਾਲ ਪੁਲਸ ਵੱਲੋਂ ਧੱਕੇਸ਼ਾਹੀ ਕੀਤੀ ਗਈ ਹੈ ਤੇ ਉਹ ਪੰਜਾਬ ਸਰਕਾਰ ਖਿਲਾਫ ਇਸ ਤਰ੍ਹਾਂ ਦੀਆਂ ਦੱਬਣ ਵਾਲੇ ਨਹੀਂ ਹਨ।ਉਨ੍ਹਾਂ ਦਾ ਕਹਿਣਾ ਸੀ ਕਿ ਉਹ ਸਿਰਫ ਹਲਕਾ ਵਿਧਾਇਕ ਦੇਵ ਮਾਨ ਨੂੰ ਸਵਾਲ ਕਰਨ ਲਈ ਇੱਥੇ ਆਏ ਸਨ।ਇਸ ਮਸਲੇ ਨੂੰ ਲੈ ਕੇ ਡੀਐੱਸਪੀ ਨਾਭਾ ਮਨਦੀਪ ਕੌਰ ਨੇ ਕੈਮਰੇ ਅੱਗੇ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ।ਦੱਸਣਯੋਗ ਹੈ ਕਿ ਕਿਸਾਨਾਂ ਨਾਲ ਪੁਲਸ ਦੀ ਝੜਪ ਤੋਂ ਬਾਅਦ ਭਾਰੀ ਪੁਲਸ ਫੋਰਸ ਦੀ ਮੌਜੂਦਗੀ ਵਿੱਚ ਵਿਧਾਇਕ ਦੇਵ ਮਾਨ ਸਕੂਲ ਦੇ ਅੰਦਰ ਰੱਖੇ ਸਮਾਰੋਹ ਵਿੱਚ ਪਹੁੰਚੇ ਤੇ ਉਨ੍ਹਾਂ ਨੇ ਪੱਤਰਕਾਰਾਂ ਦੇ ਸਵਾਲ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਉਹ ਕਿਸਾਨਾਂ ਦੇ ਨਾਲ ਹਨ, ਉਹ ਪਹਿਲਾਂ ਵੀ ਕਿਸਾਨਾਂ ਦੇ ਧਰਨਿਆਂ ਵਿੱਚ ਉਨ੍ਹਾਂ ਦਾ ਸਾਥ ਦੇ ਕੇ ਧਰਨਿਆਂ ਵਿੱਚ ਬੈਠੇ ਸਨ, ਹੁਣ ਵੀ ਉਹ ਗ੍ਰਿਫਤਾਰ ਕੀਤੇ ਕਿਸਾਨਾਂ ਨੂੰ ਮਿਲ ਕੇ ਉਨਾਂ ਦੇ ਸਵਾਲਾਂ ਦਾ ਜਵਾਬ ਦੇਣਗੇ, ਉਨ੍ਹਾਂ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਕੇਂਦਰ ਸਰਕਾਰ ਅਧੀਨ ਹਨ।

# ਨਸ਼ਾ ਤਸਕਰੀ ਕਰਨ ਵਾਲੇ ਐੱਮ ਸੀ ਦੇ ਘਰ ਚੱਲਿਆ ਪੀਲਾ ਪੰਜਾ

■ ਪੁਲਸ ਤੇ ਨਗਰ ਕੌਂਸਲ ਵੱਲੋਂ ਕੀਤੀ ਗਈ ਸਾਂਝੀ ਕਾਰਵਾਈ





**ਮਾਨਸਾ (ਆਤਮਾ ਸਿੰਘ ਪਮਾਰ)**

ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਨਗਰ ਕੌਂਸਲ ਦੀ ਜ਼ਮੀਨ ਉੱਪਰ ਅਣ-ਅਧਿਕਾਰਤ ਤੌਰ 'ਤੇ ਕਬਜ਼ਾ ਕਰਕੇ ਅਤੇ ਘਰ ਬਣਾ ਕੇ ਨਸ਼ਾ ਵੇਚਣ ਵਾਲੇ ਐੱਮ. ਸੀ. ਤਸਕਰ ਦੇ ਕਬਜ਼ੇ ਵਾਲੇ ਘਰ ਉੱਪਰ ਨਗਰ ਕੌਂਸਲ ਨੇ ਪੁਲਸ ਦੀ ਮੌਜੂਦਗੀ ਵਿੱਚ ਪੀਲਾ ਪੰਜਾ ਚਲਾ ਕੇ ਇਸ ਨੂੰ ਢਹਿ ਢੇਰੀ ਕਰ ਦਿੱਤਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ.ਐੱਸ.ਪੀ. ਮਾਨਸਾ ਸ੍ਰੀ ਭਾਗੀਰਥ ਸਿੰਘ ਮੀਨਾ ਨੇ ਦੱਸਿਆ ਕਿ ਅਜੇ ਕੁਮਾਰ ਉਰਫ ਬੋਨੀ ਵੱਲੋਂ ਨਗਰ ਕੌਂਸਲ ਦੀ ਜ਼ਮੀਨ ਉੱਪਰ ਅਣ-ਅਧਿਕਾਰਤ ਉਸਾਰੀ ਕਰਕੇ ਘਰ ਬਣਾ ਕੇ ਨਸ਼ਾ ਵੇਚਿਆ ਜਾ ਰਿਹਾ ਸੀ।ਉਨ੍ਹਾਂ ਦੱਸਿਆ ਕਿ ਇਸ ਵਿਅਕਤੀ 'ਤੇ ਪਹਿਲਾਂ ਵੀ 16 ਐੱਫ.ਆਈ.ਆਰ. ਦਰਜ ਹਨ ਤੇ ਜਿਨ੍ਹਾਂ ਵਿੱਚੋਂ 5 ਐੱਨ.ਡੀ.ਪੀ.ਐੱਸ. ਦੇ ਪਰਚੇ ਦਰਜ ਸਨ।ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਸ਼ਾਮ ਨੂੰ ਵੀ ਇਹ ਐੱਮ.ਸੀ. ਨਸ਼ਾ ਵੇਚਣ ਦਾ ਕੰਮ ਕਰ ਰਿਹਾ ਸੀ, ਜਿਸ ਨੂੰ ਪੁਲਸ ਵੱਲੋਂ ਮੌਕੇ 'ਤੇ ਹੀ ਦਬੋਚ ਲਿਆ ਗਿਆ ਅਤੇ ਐੱਨ.ਡੀ.ਪੀ.ਸੀ. ਐਕਟ ਤਹਿਤ ਪਰਚਾ ਦਰਜ ਕੀਤਾ ਗਿਆ।ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਐੱਸ.ਡੀ.ਐੱਮ. ਮਾਨਸਾ ਸ੍ਰੀ ਕਾਲਾ ਰਾਮ ਕਾਂਸਲ ਨੇ ਕਿਹਾ ਕਿ ਸਰਕਾਰ ਦੀਆਂ ਹਦਾਇਤਾਂ ਤੇ ਉੱਚ-ਅਧਿਕਾਰੀਆਂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੱਜ ਮਾਨਸਾ ਦੇ ਵਾਰਡ ਨੰਬਰ 16 ਦੇ ਵੀਰ ਨਗਰ ਮੁਹੱਲੇ ਵਿਖੇ ਐੱਮ ਸੀ ਵੱਲੋਂ ਸਰਕਾਰੀ ਜ਼ਮੀਨ ਉੱਪਰ ਨਜਾਇਜ਼ ਕਬਜ਼ਾ ਕਰਕੇ ਘਰ ਬਣਾ ਕੇ ਨਸ਼ੇ ਦੀ ਤਸਕਰੀ ਕਰਨ ਵਾਲੇ ਦਾ ਘਰ ਢਾਹਿਆ ਗਿਆ ਹੈ। ਇਸ ਮੌਕੇ ਐੱਸ. ਪੀ. ਐੱਚ ਜਸਕੀਰਤ ਸਿੰਘ ਅਹੀਰ, ਐੱਸ.ਪੀ.ਡੀ. ਮਨਮੋਹਨ ਸਿੰਘ ਔਲਖ, ਡੀ.ਐੱਸ.ਪੀ. ਬੂਟਾ ਸਿੰਘ ਗਿੱਲ, ਨਾਇਬ ਤਹਿਸੀਲਦਾਰ ਅਰਾਧਨਾ ਖੋਸਲਾ, ਥਾਣਾ ਮੁਖੀ ਸਿਟੀ-1 ਬੇਅੰਤ ਕੌਰ, ਕਾਰਜ ਸਾਧਕ ਅਫ਼ਸਰ ਮਾਨਸਾ ਬਲਵਿੰਦਰ ਸਿੰਘ, ਗਗਨਜੀਤ ਸਿੰਘ ਵਾਲੀਆ, ਜੇ. ਈ. ਰਾਕੇਸ਼ ਕੁਮਾਰ, ਮਹਿੰਦਰ ਸਿੰਘ, ਤਰਸੇਮ ਸਿੰਘ, ਇੰਸਪੈਕਟਰ ਧਰਮ ਪਾਲ, ਇੰਸਪੈਕਟਰ ਬਲਵਿੰਦਰ ਸਿੰਘ ਤੋਂ ਇਲਾਵਾ ਹੋਰ ਵੀ ਸਿਵਲ ਤੇ ਪੁਲਸ ਅਧਿਕਾਰੀ ਮੌਜੂਦ ਸਨ।

## ਡਾ. ਅੰਬੇਡਕਰ ਸੰਵਿਧਾਨ, ਸਮਾਜਿਕ ਨਿਆਏ ਤੇ ਸਸ਼ਕਤੀਕਰਨ ਦੇ ਗਲੋਬਲ ਪ੍ਰਤੀਕ ਹਨ : ਮੀਨਾਕਸ਼ੀ ਲੇਖੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਭਾਰਤੀ ਜਨਤਾ ਪਾਰਟੀ (ਭਾਜਪਾ) ਪਟਿਆਲਾ ਨੇ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਜੀ ਦੇ ਸਨਮਾਨ 'ਚ ਇੱਕ ਸਨਮਾਨ ਸਮਾਰੋਹ ਕਰਵਾਇਆ ਗਿਆ।ਇਸ ਸਮਾਰੋਹ ਵਿੱਚ ਭਾਜਪਾ ਦੇ ਵਰਕਰ, ਆਗੂ ਤੇ ਜ਼ਿਲ੍ਹਾ ਪ੍ਰਤੀਨਿਧੀ ਮੌਜੂਦ ਰਹੇ।ਇਸ ਪ੍ਰੋਗਰਾਮ ਵਿੱਚ ਸਾਬਕਾ ਕੇਂਦਰੀ ਮੰਤਰੀਆਂ ਸਮੇਤ ਸ੍ਰੀਮਤੀ ਮੀਨਾਕਸ਼ੀ ਲੇਖੀ ਤੇ ਸ੍ਰੀਮਤੀ ਪ੍ਰਨੀਤ ਕੌਰ, ਜੋ ਕਿ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਇਸ ਤੋਂ ਇਲਾਵਾ ਭਾਜਪਾ ਪੰਜਾਬ ਐੱਸ ਸੀ ਮੋਰਚੇ ਦੇ ਪ੍ਰਧਾਨ ਸ੍ਰੀ ਐੱਸ. ਐੱਲ. ਲੱਧੜ, ਭਾਜਪਾ ਪੰਜਾਬ ਮਹਿਲਾ ਮੋਰਚੇ ਦੀ ਪ੍ਰਧਾਨ ਸ੍ਰੀਮਤੀ ਜੈ ਇੰਦਰ ਕੌਰ ਤੇ ਹੋਰ ਸੀਨੀਅਰ ਆਗੂ ਮੌਜੂਦ ਸਨ।ਭਾਸ਼ਣ ਦੌਰਾਨ ਸ੍ਰੀਮਤੀ ਮੀਨਾਕਸ਼ੀ ਲੇਖੀ ਨੇ ਕਿਹਾ ਕਿ ਡਾ. ਅੰਬੇਡਕਰ ਸਿਰਫ ਸਾਡੇ ਸੰਵਿਧਾਨ ਦੇ ਪਿਤਾਮਾ ਹੀ ਨਹੀਂ, ਸਗੋਂ ਸਮਾਜਿਕ ਨਿਆਏ ਤੇ ਸਸ਼ਕਤੀਕਰਨ ਦੇ ਗਲੋਬਲ ਪ੍ਰਤੀਕ ਹਨ, ਇਹ ਸਾਡਾ ਫਰਜ਼ ਹੈ ਕਿ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਲਈ ਉਨ੍ਹਾਂ ਦੇ ਦੁਸਾਂਤਕ ਤੱਤਾਂ ਨੂੰ ਕਾਇਮ ਰੱਖੀਏ।ਸ੍ਰੀਮਤੀ ਪ੍ਰਨੀਤ ਕੌਰ ਤੇ ਸ੍ਰੀਮਤੀ ਜੈ ਇੰਦਰ ਕੌਰ ਨੇ ਕਿਹਾ ਕਿ ਬਾਬਾ ਸਾਹਿਬ ਦਾ 134ਵਾਂ ਜਨਮ ਦਿਨ ਹਾਲ ਹੀ ਵਿੱਚ ਪਟਿਆਲੇ ਵਿੱਚ ਬੜੇ ਉਤਸ਼ਾਹ ਨਾਲ ਮਨਾਇਆ ਗਿਆ ਸੀ। ਉਨ੍ਹਾਂ ਦੇ ਉਪਦੇਸ਼ ਸਾਨੂੰ ਪ੍ਰਤੀਕਰਮਾ ਦੀ ਤਾਕਤ ਦੀ ਯਾਦ ਦਿਵਾਉਂਦੇ ਹਨ ਅਤੇ ਉਸ ਦਾ ਵਿਰਾਸਤ ਸਾਨੂੰ ਇੱਕ ਸਮਾਵਿਸ਼ਤ ਤੇ ਸ਼ਕਤੀਸ਼ਾਲੀ ਭਾਰਤ ਬਣਾਉਣ ਲਈ ਪ੍ਰੇਰਿਤ ਕਰਦਾ ਹੈ।ਸਮਾਰੋਹ ਦੀ ਸਮਾਪਤੀ ਡਾ. ਬੀ. ਆਰ. ਅੰਬੇਡਕਰ ਦੇ ਮੁੱਲਾਂ ਤੇ ਦ੍ਰਿਸ਼ਟੀ ਨੂੰ ਕਾਇਮ ਰੱਖਣ ਅਤੇ ਸਾਰੇ ਲਈ ਨਿਮਰ ਤੇ ਸਮਾਨ ਸਮਾਜ ਬਣਾਉਣ ਵਾਸਤੇ ਭਾਜਪਾ ਦੀ ਵਚਨਬੱਧਤਾ ਨਾਲ ਹੋਈ।ਇਸ ਮੌਕੇ ਸੀਨੀਅਰ ਆਗੂਆਂ ਸ੍ਰੀ ਕੇ. ਕੇ. ਸ਼ਰਮਾ, ਸ੍ਰੀ ਕੇ. ਕੇ. ਮਲਹੋਤਰ, ਐੱਸ. ਕੇ. ਦੇਵ, ਸੋਨੂੰ ਸੰਗਰ, ਮੰਡਲ ਪ੍ਰਧਾਨ ਹਰੀਸ਼ ਕਪੂਰ, ਕੌਂਸਲਰ ਵੰਦਨਾ ਜੋਸ਼ੀ, ਅਨੁਜ ਖੋਸਲਾ, ਅਨਮੋਲ ਬਾਤਿਸ਼, ਕਮਲੇਸ਼ ਕੁਮਾਰੀ, ਐੱਸ ਸੀ ਮੋਰਚੇ ਦੇ ਪ੍ਰਧਾਨ ਸ੍ਰੀ ਰੂਪ ਕੁਮਾਰ, ਭਾਜਪਾ ਯੂਥ ਪ੍ਰਧਾਨ ਨਿਖਿਲ ਕੁਮਾਰ ਤੇ ਪਟਿਆਲਾ ਮਹਿਲਾ ਮੋਰਚੇ ਦੀ ਪ੍ਰਧਾਨ ਮਨੀਸ਼ਾ ਉੱਪਲ ਵੀ ਮੌਜੂਦ ਸਨ।

## ਸ਼ਿਵ ਕੁਟੀ ਮੰਦਰ 'ਚ ਭਗਵਾਨ ਪਰਸ਼ੂਰਾਮ ਜੈਅੰਤੀ ਮਨਾਈ ਜਾਵੇਗੀ : ਸੰਦੀਪ ਸ਼ਰਮਾ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਬ੍ਰਾਦਰੀ ਬ੍ਰਾਹਮਣ ਤਰਫ਼ ਅਭਰਾਓ (ਰਜਿਸਟਰਡ) ਸੁਨਾਮ ਦੇ ਸਾਰੇ ਮੈਂਬਰਾਂ ਦੀ ਇੱਕ ਵਿਸ਼ੇਸ਼ ਮੀਟਿੰਗ ਕਮੇਟੀ ਪ੍ਰਧਾਨ ਸੰਦੀਪ ਸ਼ਰਮਾ ਦੀ ਅਗਵਾਈ ਹੇਠ ਸ੍ਰੀ ਸ਼ਿਵ ਕੁਟੀ ਮੰਦਰ ਸੁਨਾਮ ਵਿਖੇ ਹੋਈ।ਇਸ ਮੀਟਿੰਗ ਵਿੱਚ 30 ਅਪ੍ਰੈਲ 2025 ਨੂੰ ਭਗਵਾਨ ਸ੍ਰੀ ਪਰਸ਼ੂਰਾਮ ਜੀ ਦੀ ਜਯੰਤੀ ਬੜੀ ਸ਼ਰਧਾ ਨਾਲ ਮਨਾਉਣ ਸੰਬੰਧੀ ਚਰਚਾ ਹੋਈ।ਇਸ ਮੀਟਿੰਗ ਵਿੱਚ ਲਗਭਗ ਸਾਰੇ ਬ੍ਰਾਹਮਣ ਪਰਵਾਰਾਂ ਤੇ ਮੈਂਬਰਾਂ ਨੇ ਹਿੱਸਾ ਲਿਆ ਅਤੇ ਸਾਰਿਆਂ ਵੱਲੋਂ ਇਸ ਪਵਿੱਤਰ ਦਿਹਾੜੇ ਨੂੰ ਇਕੱਠੇ ਮਨਾਉਣ ਦਾ ਫੈਸਲਾ ਕੀਤਾ। ਇਸ ਮੀਟਿੰਗ ਵਿੱਚ ਪ੍ਰਧਾਨ ਸੰਦੀਪ ਸ਼ਰਮਾ ਨੇ ਦੱਸਿਆ ਕਿ ਇਸ ਪ੍ਰੋਗਰਾਮ ਲਈ ਬਣਵਾਇਆ ਗਿਆ ਪਹਿਲਾ ਕਾਰਡ ਸ੍ਰੀ ਪਰਸ਼ੂਰਾਮ ਜੀ ਦੇ ਚਰਨਾਂ ਵਿੱਚ ਭੇਟ ਕੀਤਾ ਗਿਆ।ਉਨ੍ਹਾਂ ਕਿਹਾ ਕਿ ਮਹਿਲਾ ਸੰਕੀਰਤਨ ਮੰਡਲ ਸ੍ਰੀ ਸ਼ਿਵ ਕੁਟੀ ਮੰਦਰ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ 29 ਅਪ੍ਰੈਲ ਨੂੰ ਸਵੇਰੇ 8 ਵਜੇ ਸ੍ਰੀ ਸ਼ਿਵ ਕੁਟੀ ਮੰਦਰ ਵਿਖੇ ਸ੍ਰੀ ਰਾਮਾਇਣ ਜੀ ਦਾ ਪਾਠ ਸ਼ੁਰੂ ਕੀਤਾ ਜਾਵੇਗਾ ਤੇ 30 ਅਪ੍ਰੈਲ ਨੂੰ ਸਵੇਰੇ 7 ਵਜੇ ਸ੍ਰੀ ਪਰਸ਼ੂਰਾਮ ਜੀ ਨੂੰ ਇਸ਼ਨਾਨ ਕਰਵਾਇਆ ਜਾਵੇਗਾ, ਪੂਜਾ ਕੀਤੀ ਜਾਵੇਗੀ ਅਤੇ ਵਸਤਰ ਚੜ੍ਹਾਏ ਜਾਣਗੇ।ਦੁਪਹਿਰ ਨੂੰ ਸ੍ਰੀ ਰਾਮਾਇਣ ਦੇ ਪਾਠ ਦੇ ਭੋਗ ਤੋਂ ਬਾਅਦ ਭੰਡਾਰਾ ਅਟੁੱਟ ਵਰਤਾਇਆ ਜਾਵੇਗਾ।ਇਸ ਮੌਕੇ ਸੰਦੀਪ ਸ਼ਰਮਾ, ਮੁਨੀਸ਼ ਜੋਸ਼ੀ, ਜਗਮੋਹਨ ਸ਼ਰਮਾ, ਰਾਜੇਸ਼ ਸ਼ਰਮਾ, ਨਰੇਸ਼ ਸ਼ਰਮਾ, ਅਸ਼ੋਕ ਸ਼ਰਮਾ, ਅਨਿਲ ਸ਼ਰਮਾ, ਜੱਗੀ ਸ਼ਰਮਾ, ਟਿੰਕੂ ਜੋਸ਼ੀ, ਸੋਨੂੰ ਜੋਸ਼ੀ, ਪੰਕਜ ਸ਼ਰਮਾ, ਵਿਸ਼ਾਲ ਸ਼ਰਮਾ, ਸਚਿਨ ਸੀਟੂ ਆਦਿ ਹਾਜ਼ਰ ਸਨ।

## 20 ਮਈ ਦੀ ਹੜਤਾਲ ਸੰਬੰਧੀ ਮਨਰੇਗਾ ਮਜ਼ਦੂਰਾਂ ਵੱਲੋਂ ਪੋਸਟਰ ਰਿਲੀਜ਼



**ਸੰਗਰੂਰ (ਪ੍ਰਵੀਨ ਸਿੰਘ)**-ਮਨਰੇਗਾ ਮਜ਼ਦੂਰ ਯੂਨੀਅਨ (ਸੀਟੂ) ਦੀ ਮੀਟਿੰਗ ਜ਼ਿਲ੍ਹਾ ਕਨਵੀਨਰ ਕਾਮਰੇਡ ਰਾਮ ਸਿੰਘ ਸੋਹੀਆਂ ਦੀ ਅਗਵਾਈ ਹੇਠ ਸੰਗਰੂਰ ਵਿਖੇ ਹੋਈ।ਇਸ ਮੌਕੇ ਮਨਰੇਗਾ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਕਾਮਰੇਡ ਸ਼ੇਰ ਸਿੰਘ ਫਰਵਾਹੀ, ਸੀਟੂ ਦੇ ਜ਼ਿਲ੍ਹਾ ਪ੍ਰਧਾਨ ਜੋਗਿੰਦਰ ਔਲਖ ਤੇ ਜ਼ਿਲ੍ਹਾ ਸਕੱਤਰ ਇੰਦਰਪਾਲ ਪੁੰਨਵਾਲ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਮੌਕੇ ਬੋਲਦਿਆਂ ਕਾਮਰੇਡ ਸ਼ੇਰ ਸਿੰਘ ਫਰਵਾਹੀ ਨੇ ਦੱਸਿਆ ਕਿ 20 ਮਈ ਨੂੰ ਸੀਟੂ ਸਣੇ ਦੇਸ਼ ਦੀਆਂ 10 ਕੌਮੀ ਟਰੇਡ ਯੂਨੀਅਨਾਂ ਵੱਲੋਂ ਹੜਤਾਲ ਦਾ ਸੱਦਾ ਦਿੱਤਾ ਗਿਆ ਹੈ।ਉਨ੍ਹਾਂ ਕਿਹਾ ਕਿ ਮਨਰੇਗਾ ਮਜ਼ਦੂਰ ਯੂਨੀਅਨ ਇਸ ਹੜਤਾਲ ਨੂੰ ਸਫਲ ਬਣਾਉਣ ਲਈ ਪੂਰੀ ਤਰ੍ਹਾਂ ਯਤਨਸ਼ੀਲ ਹੈ।ਉਨ੍ਹਾਂ ਕਿਹਾ ਕਿ ਮਨਰੇਗਾ ਮਜ਼ਦੂਰਾਂ ਨੂੰ ਢੇਰ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਇਸ ਤੋਂ ਇਲਾਵਾ ਦੇਸ਼ ਦਾ ਹਰ ਵਰਗ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਤੋਂ ਤੰਗ ਆ ਚੁੱਕਾ ਹੈ।ਮੋਦੀ ਸਰਕਾਰ ਕਾਰਪੋਰੇਟ ਘਰਾਣਿਆਂ ਦੇ ਪੱਖ 'ਚ ਮਜ਼ਦੂਰਾਂ ਦਾ ਘਾਣ ਕਰ ਰਹੀ ਹੈ।ਲਗਾਤਾਰ ਮਜ਼ਦੂਰਾਂ ਦੇ ਹੱਕ ਵਾਲੇ ਕਾਨੂੰਨ ਤੋੜੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ 20 ਮਈ ਨੂੰ ਹੋਣ ਵਾਲੀ ਹੜਤਾਲ ਦੇਸ਼ ਦੇ ਹਾਕਮਾਂ ਦੀਆਂ ਅੱਖਾਂ ਖੋਲ੍ਹ ਦੇਵੇਗੀ।ਇਸ ਮੌਕੇ ਸੀਟੂ ਦੇ ਜ਼ਿਲ੍ਹਾ ਆਗੂ ਸਤਵੀਰ ਤੁੰਗਾਂ ਤੇ ਵਰਿੰਦਰ ਕੌਸ਼ਿਕ ਨੇ ਕਿਹਾ ਕਿ ਹੜਤਾਲ ਨੂੰ ਸਫਲ ਬਣਾਉਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ।ਇਸ ਮੌਕੇ ਆਗੂਆਂ ਵੱਲੋਂ 20 ਮਈ ਦੀ ਹੜਤਾਲ ਸਬੰਧੀ ਮਨਰੇਗਾ ਮਜ਼ਦੂਰ ਯੂਨੀਅਨ ਦਾ ਪੋਸਟਰ ਵੀ ਰਿਲੀਜ਼ ਕੀਤਾ ਗਿਆ।ਇਸ ਮੌਕੇ ਕਾਮਰੇਡ ਗੁਰਬਚਨ ਸਿੰਘ ਲਿੱਦੜਾਂ, ਕਾ. ਗੁਰਚਰਨ ਸਿੰਘ, ਕਾ. ਅਜੈਬ ਸਿੰਘ ਖੇੜੀ ਮੌਜੂਦ ਸਨ।

## ਕੁਰੜ ਵਿਖੇ ਕਣਕ ਨੂੰ ਅੱਗ ਲੱਗਣ ਨਾਲ ਹੋਏ ਨੁਕਸਾਨ ਦਾ ਐੱਸ ਡੀ ਐੱਮ ਨੇ ਲਿਆ ਜਾਇਜ਼ਾ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਐੱਸ ਡੀ ਐੱਮ ਮਹਿਲ ਕਲਾਂ ਹਰਕੰਵਲਜੀਤ ਸਿੰਘ ਨੇ ਮਾਲ ਵਿਭਾਗ ਦੀ ਟੀਮ ਸਮੇਤ ਅੱਜ ਪਿੰਡ ਕੁਰੜ ਦਾ ਦੌਰਾ ਕਰਕੇ ਬੀਤੇ ਕਲ ਆਸਮਾਨੀ ਬਿਜਲੀ ਡਿੱਗਣ ਨਾਲ ਕਿਸਾਨਾਂ ਦੀ ਖੜੀ ਕਣਕ ਦੀ ਫਸਲ ਦੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ।ਐੱਸ ਡੀ ਐੱਮ ਨੇ ਦੱਸਿਆ ਕਿ ਕਿਸਾਨਾਂ ਦੇ ਨੁਕਸਾਨ ਬਾਰੇ ਵਿਸਥਾਰਤ ਰਿਪੋਰਟ ਤਿਆਰ ਕਰਕੇ ਪੰਜਾਬ ਸਰਕਾਰ ਨੂੰ ਭੇਜੀ ਜਾਵੇਗੀ।ਇਸ ਘਟਨਾ ਵਿੱਚ ਕਿਸਾਨ ਗੁਰਚਰਨ ਸਿੰਘ ਪੁੱਤਰ ਨਿਧਾਨ ਸਿੰਘ ਕੁਰੜ ਤੇ ਗੁਰਦਾਸ ਸਿੰਘ ਪੁੱਤਰ ਕਰਨੈਲ ਸਿੰਘ ਕੁਰੜ ਦੀ ਖੜੀ ਕਣਕ ਦੀ ਫਸਲ ਅੱਗ ਦੀ ਲਪੇਟ ਵਿੱਚ ਆ ਕੇ ਪੂਰੀ ਤਰ੍ਹਾਂ ਸੁਆਹ ਹੋ ਗਈ।ਮਾਰਕੀਟ ਕਮੇਟੀ ਮਹਿਲ ਕਲਾਂ ਦੇ ਚੇਅਰਮੈਨ ਸੁਖਵਿੰਦਰ ਦਾਸ ਬਾਵਾ ਨੇ ਪੀੜਤ ਕਿਸਾਨਾਂ ਨੂੰ ਯੋਗ ਮੁਆਵਜ਼ਾ ਦੁਆਉਣ ਦਾ ਵਿਸ਼ਵਾਸ ਦਿਵਾਇਆ।

# ਸਿੱਖਿਆ ਵਿਕਾਸ ਦੀ ਸਿੱਧੀ ਪੌੜੀ ਹੈ : ਵਿਧਾਇਕ ਬੁੱਧ ਰਾਮ

■ ਸਰਕਾਰੀ ਸਕੂਲਾਂ 'ਚ 22.91 ਲੱਖ ਦੇ ਪ੍ਰੋਜੈਕਟਾਂ ਦੇ ਉਦਘਾਟਨ



**ਬੁਢਲਾਡਾ (ਅਸ਼ੋਕ ਲਾਕੜਾ)**-ਸਿੱਖਿਆ ਵਿਕਾਸ ਦੀ ਪਹਿਲੀ ਪੌੜੀ ਹੁੰਦੀ ਹੈ, ਸਿੱਖਿਆ ਦੇ ਆਧਾਰ 'ਤੇ ਹੀ ਦੇਸ਼ ਦੀ ਤਰੱਕੀ ਨਿਰਭਰ ਕਰਦੀ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਬੁਢਲਾਡਾ ਪ੍ਰਿੰਸੀਪਲ ਸ੍ਰ. ਬੁੱਧ ਰਾਮ ਨੇ ਬੁਢਲਾਡਾ ਹਲਕੇ ਦੇ ਪਿੰਡਾਂ ਅਕਬਰਪੁਰ ਖੁਡਾਲ, ਖੁਡਾਲ ਕਲਾਂ ਤੇ ਬਖ਼ਸ਼ੀਵਾਲਾ ਦੇ ਸਰਕਾਰੀ ਸਕੂਲਾਂ 'ਚ 22 ਲੱਖ 91 ਹਜ਼ਾਰ ਰੁਪਏ ਦੇ ਵੱਖ ਵੱਖ ਪ੍ਰੋਜੈਕਟਾਂ ਦੇ ਉਦਘਾਟਨ ਕਰਦਿਆਂ ਕੀਤਾ।ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪੰਜਾਬ ਸਿੱਖਿਆ ਕਰਾਂਤੀ ਤਹਿਤ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਜਾ ਰਹੀ ਹੈ।ਉਨ੍ਹਾ ਕਿਹਾ ਕਿ ਸਿੱਖਿਆ ਪ੍ਰਣਾਲੀ ਨੂੰ ਬਿਹਤਰ ਬਣਾਉਣ ਲਈ ਸਰਕਾਰ ਵੱਲੋਂ ਬਜਟ ਵਿੱਚ ਸਿੱਖਿਆ ਲਈ 17 ਹਜ਼ਾਰ ਕਰੋੜ ਰੁਪਏ ਰੱਖੇ ਗਏ ਹਨ, ਜਿਸ ਰਾਹੀਂ ਸਰਕਾਰੀ ਸਕੂਲਾਂ ਵਿੱਚ ਕਿਸੇ ਕਿਸਮ ਦੀ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ।ਵਿਧਾਇਕ ਬੁੱਧ ਰਾਮ ਨੇ ਸਰਕਾਰੀ ਪ੍ਰਾਇਮਰੀ ਸਕੂਲ ਅਕਬਰਪੁਰ ਖੁਡਾਲ ਵਿਖੇ 01 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਚਾਰਦੀਵਾਰੀ, ਸਰਕਾਰੀ ਪ੍ਰਾਇਮਰੀ ਸਕੂਲ ਖੁਡਾਲ ਕਲਾਂ ਵਿਖੇ 02 ਲੱਖ 76 ਹਜ਼ਾਰ ਰੁਪਏ ਦੀ ਲਾਗਤ ਨਾਲ 03 ਕਮਰਿਆਂ ਦੀਆਂ ਛੱਤਾਂ ਉੱਚੀਆਂ ਚੁੱਕਣ ਤੇ 02 ਲੱਖ 47 ਹਜ਼ਾਰ ਰੁਪਏ ਨਾਲ ਰਿਪੇਅਰ ਦੇ ਮੁਕੰਮਲ ਹੋਏ ਕੰਮ ਦਾ ਉਦਘਾਟਨ ਕੀਤਾ।ਇਸ ਦੇ ਨਾਲ ਹੀ ਸਰਕਾਰੀ ਹਾਈ ਸਕੂਲ ਖੁਡਾਲ ਕਲਾਂ ਵਿਖੇ 06 ਲੱਖ ਰੁਪਏ ਨਾਲ ਤਿਆਰ ਚਾਰਦੀਵਾਰੀ, 01 ਲੱਖ 13 ਹਜ਼ਾਰ ਰੁਪਏ ਨਾਲ ਲੜਕੀਆਂ ਲਈ ਬਾਥਰੂਮ ਤੇ 04 ਲੱਖ 40 ਹਜ਼ਾਰ ਰੁਪਏ ਨਾਲ ਰਿਪੇਅਰ ਦੇ ਮੁਕੰਮਲ ਹੋਏ ਕੰਮਾਂ ਦਾ ਉਦਘਾਟਨ ਕੀਤਾ ਗਿਆ ਹੈ।ਇਸੇ ਤਰ੍ਹਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਖ਼ਸ਼ੀਵਾਲਾ ਵਿਖੇ 05 ਲੱਖ 06 ਹਜ਼ਾਰ ਰੁਪਏ ਦੀ ਲਾਗਤ ਨਾਲ ਚਾਰਦੀਵਾਰੀ ਦੀ ਰਿਪੇਅਰ ਤੇ 04 ਲੱਖ 05 ਹਜ਼ਾਰ ਰੁਪਏ ਦੀ ਲਾਗਤ ਨਾਲ ਤਿਆਰ ਨਵੀਂ ਚਾਰਦੀਵਾਰੀ ਦਾ ਉਦਘਾਟਨ ਕੀਤਾ।ਇਸ ਮੌਕੇ ਹਲਕਾ ਸਿੱਖਿਆ ਕੋਆਰਡੀਨੇਟਰ ਸੁਭਾਸ਼ ਨਾਗਪਾਲ, ਸਰਪੰਚ ਹਰਜਿੰਦਰ ਕੌਰ, ਪ੍ਰਵੀਨ, ਕਿਰਨਪਾਲ ਕੌਰ, ਚੇਅਰਮੈਨ ਐੱਸ.ਐੱਮ.ਸੀ. ਬੰਤ ਸਿੰਘ, ਕਸ਼ਮੀਰ ਸਿੰਘ, ਮਿੰਦਰ ਸਿੰਘ, ਸਕੂਲ ਮੁਖੀ ਅਮਨਦੀਪ, ਜਗਦੀਪ ਕੌਰ, ਨੀਰਜ ਸ਼ਰਮਾ, ਲਖਵਿੰਦਰ ਸਿੰਘ, ਅਹੁਦੇਦਾਰ ਗੁਰਵਿੰਦਰ ਸਿੰਘ, ਸੁਖਲਾਲ ਸਿੰਘ, ਗੁਰਦੀਪ ਸਿੰਘ ਖਾਲਸਾ ਤੋਂ ਇਲਾਵਾ ਸਮੁੱਚਾ ਸਕੂਲ ਸਟਾਫ, ਵਿਦਿਆਰਥੀ, ਮਾਪੇ ਤੇ ਹੋਰ ਪਤਵੰਤੇ ਹਾਜ਼ਰ ਸਨ।

# ਰੇਹੜੀ ਫੜ੍ਹੀ ਯੂਨੀਅਨ ਦੀ ਚੋਣ, ਸੁਖਦੇਵ ਸਿੰਘ ਪ੍ਰਧਾਨ ਬਣੇ

■ ਪ੍ਰਸ਼ਾਸਨ ਤੋਂ ਸੁਰੱਖਿਆ ਤੇ ਸਹਿਯੋਗ ਦੀ ਮੰਗ



**ਹਠੂਰ/ਜਗਰਾਉਂ (ਨਛੱਤਰ ਸੰਧੂ)**-ਸਥਾਨਕ ਬੱਸ ਸਟੈਂਡ ਦੀ ਲਾਜਪਤ ਰਾਏ ਪਾਰਕ 'ਚ ਬੱਸ ਸਟੈਂਡ ਰੋਡ ਤੇ ਸਿੱਧਵਾਂ ਬੇਟ ਸੜਕ ਦੇ ਰੇਹੜੀ ਫੜੀ ਮਾਲਕ ਛੋਟੇ ਦੁਕਾਨਦਾਰਾਂ ਦੀ ਮੀਟਿੰਗ ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਕੰਵਲਜੀਤ ਖੰਨਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ 'ਚ ਰੇਹੜੀ ਫੜੀ ਦੁਕਾਨਦਾਰ ਯੂਨੀਅਨ ਦੀ ਚੋਣ ਕੀਤੀ ਗਈ, ਜਿਸ ਵਿੱਚ ਸੁਖਦੇਵ ਸਿੰਘ ਨੂੰ ਪ੍ਰਧਾਨ, ਮਲਕੀਤ ਸੰਘ ਨੂੰ ਮੀਤ ਪ੍ਰਧਾਨ, ਸੁਖਦੇਵ ਸੋਨੀ ਨੂੰ ਸੱਕਤਰ ਤੇ ਪੱਪੀ ਨੂੰ ਖ਼ਜ਼ਾਨਚੀ ਚੁਣਿਆ ਗਿਆ।ਮੀਟਿੰਗ ਵਿੱਚ ਸਾਰੀਆਂ ਫੜੀਆਂ ਸੜਕ ਤੋਂ ਦੋ ਦੋ ਫੁੱਟ ਪਿੱਛੇ ਹਟਾਉਣ ਦਾ ਸਰਵਸੰਮਤੀ ਨਾਲ ਫੈਸਲਾ ਕੀਤਾ ਗਿਆ ਤਾਂ ਕਿ ਟ੍ਰੈਫਿਕ 'ਚ ਕੋਈ ਵਿਘਨ ਨਾ ਪਵੇ।ਸਾਰੇ ਮੈਂਬਰਾਂ ਨੇ ਸਫਾਈ ਰੱਖਣ ਤੇ ਪ੍ਰਸ਼ਾਸਨ ਦਾ ਸਹਿਯੋਗ ਕਰਨ ਦਾ ਮਤਾ ਵੀ ਪਾਸ ਕੀਤਾ।ਉਨ੍ਹਾਂ ਪ੍ਰਸ਼ਾਸਨ ਤੋਂ ਜ਼ੋਰਦਾਰ ਮੰਗ ਕੀਤੀ ਕਿ ਸਖ਼ਤ ਮਿਹਨਤ ਕਰਕੇ ਰੋਟੀ ਕਮਾਉਣ ਵਾਲਿਆਂ ਨੂੰ ਤੰਗ ਪ੍ਰੇਸ਼ਾਨ ਨਾ ਕੀਤਾ ਜਾਵੇ।ਮੀਟਿੰਗ ਵਿੱਚ ਹਰ ਮਹੀਨੇ ਪੰਜਾਹ ਰੁਪਏ ਪ੍ਰਤੀ ਮੈਂਬਰ ਫੰਡ ਇਕੱਠਾ ਕਰਨ ਦਾ ਫੈਸਲਾ ਕੀਤਾ ਗਿਆ।ਮੀਟਿੰਗ ਵਿੱਚ ਪਹਿਲੀ ਮਈ ਨੂੰ ਸਥਾਨਕ ਬੱਸ ਸਟੈਂਡ 'ਤੇ ਮਨਾਏ ਜਾ ਰਹੇ ਸਾਂਝੇ ਮਈ ਦਿਵਸ ਸਮਾਗਮ 'ਚ ਸ਼ਾਮਲ ਹੋਣ ਦਾ ਵੀ ਮਤਾ ਪਾਸ ਕੀਤਾ ਗਿਆ।ਇਸ ਸਮੇਂ ਮਜ਼ਦੂਰ ਏਕਤਾ ਜ਼ਿੰਦਾਬਾਦ ਦੇ ਨਾਅਰੇ ਗੂੰਜਾਏ ਗਏ।

# ਵਿਧਾਇਕ ਸੇਖੋਂ ਨੇ ਵੱਖ-ਵੱਖ ਸਕੂਲਾਂ 'ਚ ਵਿਕਾਸ ਕਾਰਜਾਂ ਦੇ ਕੀਤੇ ਉਦਘਾਟਨ

■ ਸਿੱਖਿਆ ਦੇ ਪੱਧਰ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਉਪਰਾਲੇ ਜਾਰੀ : ਸੇਖੋਂ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਪੰਜਾਬ ਸਿੱਖਿਆ ਕ੍ਰਾਂਤੀ ਪ੍ਰੋਜੈਕਟ ਤਹਿਤ ਸਿੱਖਿਆ ਦੇ ਪੱਧਰ ਨੂੰ ਹੋਰ ਉੱਚਾ ਚੁੱਕਣ ਲਈ ਸੂਬੇ ਦੇ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਜਾ ਰਹੀ ਹੈ ਤੇ ਸਕੂਲਾਂ ਵਿੱਚ ਲੱਖਾਂ ਰੁਪਏ ਦੀਆਂ ਗਰਾਂਟਾਂ ਦੇ ਕੇ ਵਿਕਾਸ ਕਾਰਜ ਨੇਪਰੇ ਚਾੜੇ ਜਾ ਰਹੇ ਹਨ।ਇਹ ਪ੍ਰਗਟਾਵਾ ਫ਼ਰੀਦਕੋਟ ਦੇ ਵਿਧਾਇਕ ਸ੍ਰ. ਗੁਰਦਿੱਤ ਸਿੰਘ ਸੇਖੋਂ ਨੇ ਹਲਕੇ ਦੇ ਵੱਖ-ਵੱਖ ਸਕੂਲਾਂ ਦੇ ਵਿਕਾਸ ਕਾਰਜਾਂ ਦੇ ਉਦਘਾਟਨ ਕਰਨ ਮੌਕੇ ਕੀਤਾ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦੇ ਪੱਧਰ ਨੂੰ ਮਜ਼ਬੂਤ ਕਰਨ ਦੇ ਟੀਚੇ ਨੂੰ ਹਾਸਲ ਕਰਨ ਲਈ ਹਲਕੇ ਦੇ ਸਾਰੇ ਹੀ ਪ੍ਰਾਇਮਰੀ, ਮਿਡਲ, ਹਾਈ ਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਪੂਰਾ ਕਰਨ ਲਈ ਨਿਰੰਤਰ ਉਪਰਾਲੇ ਕੀਤੇ ਜਾ ਰਹੇ ਹਨ।ਇਸੇ ਤਹਿਤ ਹੀ ਸਰਕਾਰੀ ਪ੍ਰਾਇਮਰੀ ਸਕੂਲ ਗੋਲੇਵਾਲਾ ਵਿਖੇ 13.27 ਲੱਖ ਤੇ ਸਰਕਾਰੀ ਹਾਈ ਸਕੂਲ ਗੋਲੇਵਾਲਾ ਵਿਖੇ 92,900 ਦੀ ਗਰਾਂਟ ਨਾਲ ਵੱਖ-ਵੱਖ ਕਾਰਜ ਕੀਤੇ।ਸਰਕਾਰੀ ਪ੍ਰਾਇਮਰੀ ਸਕੂਲ ਸਾਧਾਂਵਾਲਾ 12.22 ਲੱਖ ਤੇ ਸਰਕਾਰੀ ਹਾਈ ਸਕੂਲ ਸਾਧਾਂਵਾਲਾ 29.13 ਲੱਖ ਰੁਪਏ ਦੇ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ।ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਸਾਦਿਕ ਰਮਨਦੀਪ ਸਿੰਘ ਮੁਮਾਰਾ, ਸੁਰਿੰਦਰ ਸਿੰਘ ਸਾਧਾਂਵਾਲਾ ਪਸ਼ੂ ਭਲਾਈ ਬੋਰਡ ਪੰਜਾਬ ਮੈਂਬਰ, ਰਵਿੰਦਰ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਨਿਸ਼ਾਨ ਸਿੰਘ ਸੰਧੂ, ਭਰਪੂਰ ਸਿੰਘ ਬੀ ਪੀ ਈ ਓ, ਜਗਤਾਰ ਸਿੰਘ ਮਾਨ ਬੀਪੀਈਓ, ਗੁਰਮੀਤ ਸਿੰਘ ਭਿੰਡਰ, ਵਰਿੰਦਰ ਸਿੰਘ ਮੋਂਗਾ, ਸ੍ਰੀਮਤੀ ਨਵਪ੍ਰੀਤ ਕੌਰ ਪ੍ਰਿੰਸੀਪਲ, ਅਮਰਜੀਤ ਸਿੰਘ ਪਰਮਾਰ ਕੁਆਰਡੀਨੇਟਰ ਪੰਜਾਬ ਸਿੱਖਿਆ ਕ੍ਰਾਂਤੀ, ਗੁਰਤਾਜ ਸਿੰਘ ਸਰਪੰਚ ਪਰਮਜੀਤ ਕੌਰ ਮੈਂਬਰ, ਡਾ. ਹਰਦੀਪ ਸਿੰਘ ਬਿੱਲਾ ਸਰਪੰਚ, ਸੁਖਦੇਵ ਸਿੰਘ ਸਰਪੰਚ, ਹਰਜਿੰਦਰ ਕੌਰ ਸਰਪੰਚ ਆਦਿ ਹਾਜ਼ਰ ਸਨ।

# ਆਪ ਮਿਹਨਤੀ ਤੇ ਅਣਥੱਕ ਆਮ ਘਰਾਂ ਦੇ ਵਰਕਰਾਂ ਨੂੰ ਦੇ ਰਹੀ ਅਹੁਦੇ : ਖੁੱਡੀਆਂ

**ਕੈਬਨਿਟ ਮੰਤਰੀ ਦੀ ਅਗਵਾਈ 'ਚ ਮਾਰਕੀਟ ਕਮੇਟੀ ਦੇ ਚੇਅਰਮੈਨ ਮਨਦੀਪ ਸਿੰਘ ਮਾਨ ਨੇ ਸੰਭਾਲਿਆ ਅਹੁਦਾ**



**ਬਾਘਾ ਪੁਰਾਣਾ (ਮਨੀ ਸਿੰਗਲਾ)**

ਸੂਬੇ ਦੇ ਲੋਕਾਂ ਵਿੱਚ ਆਮ ਆਦਮੀ ਪਾਰਟੀ ਪ੍ਰਤੀ ਸੱਚਾ ਪਿਆਰ ਤੇ ਵਿਸ਼ਵਾਸ ਕਰਕੇ ਪਾਰਟੀ ਅੱਜ ਸੱਤਾ ਵਿੱਚ ਹੈ ਤੇ ਬਹੁਤ ਹੀ ਇਮਾਨਦਾਰ ਅਤੇ ਸੂਝਵਾਨ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਆਮ ਲੋਕਾਂ ਦੀ ਸੇਵਾ ਨਿਭਾਅ ਰਹੀ ਹੈ।ਸੱਤਾ ਸੰਭਾਲਣ ਦੇ ਪਹਿਲੇ ਦਿਨ ਤੋਂ ਹੀ ਲੋਕ ਹਿੱਤ ਵਿੱਚ ਅਣਗਿਣਤ ਫੈਸਲੇ ਲੈ ਕੇ ਪੰਜਾਬ ਸਰਕਾਰ ਨੇ ਕੰਮ ਕੀਤੇ ਹਨ ਤੇ ਅੱਗੇ ਵੀ ਜਾਰੀ ਹਨ, ਜਿਸ ਦੀ ਬਦੌਲਤ ਅੱਜ ਤੱਕ ਪੰਜਾਬ ਸਰਕਾਰ ਨੇ 56000 ਤੋਂ ਵਧੇਰੇ ਸਰਕਾਰੀ ਨੌਕਰੀਆਂ ਦੀ ਵੰਡ ਨਿਰੋਲ ਮੈਰਿਟ ਦੇ ਆਧਾਰ 'ਤੇ ਕਰ ਦਿੱਤੀ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ, ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਤੇ ਫੂਡ ਪ੍ਰੋਸੈਸਿੰਗ ਬਾਰੇ ਵਿਭਾਗਾਂ ਦੇ ਕੈਬਨਿਟ ਮੰਤਰੀ ਸ੍ਰ. ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਬਾਘਾ ਪੁਰਾਣਾ ਵਿਖੇ ਨਵੇਂ ਨਿਯੁਕਤ ਕੀਤੇ ਗਏ ਮਾਰਕੀਟ ਕਮੇਟੀ ਦੇ ਚੇਅਰਮੈਨ ਸ੍ਰ. ਮਨਦੀਪ ਸਿੰਘ ਮਾਨ ਦੇ ਅਹੁਦਾ ਸੰਭਾਲਣ ਮੌਕੇ ਰੱਖੇ ਸਮਾਗਮ ਨੂੰ ਸੰਬੋਧਨ ਕਰਨ ਮੌਕੇ ਕੀਤਾ।ਅੱਜ ਮਨਦੀਪ ਸਿੰਘ ਮਾਨ ਨੇ ਬਾਘਾ ਪੁਰਾਣਾ ਵਿਖੇ ਮਾਰਕਿਟ ਕਮੇਟੀ ਦੇ ਚੇਅਰਮੈਨ ਦਾ ਅਹੁਦਾ ਸੰਭਾਲਿਆ। ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰ. ਖੁੱਡੀਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਅਹੁਦਿਆਂ ਦੀ ਤੁਲਨਾ ਪੈਸਿਆਂ ਨਾਲ ਨਹੀਂ ਕੀਤੀ ਜਾਂਦੀ, ਸਗੋਂ ਮਿਹਨਤੀ ਤੇ ਸੁਚੱਜੀ ਸੋਚ ਵਾਲੇ ਆਮ ਘਰਾਂ ਦੇ ਅਣਥੱਕ ਵਰਕਰਾਂ ਨੂੰ ਅਹੁਦੇ ਬਿਨਾਂ ਕਿਸੇ ਸਿਫਾਰਸ਼ ਤੋਂ ਨਿਵਾਜੇ ਜਾ ਰਹੇ ਹਨ।ਪਹਿਲੀਆਂ ਸਰਕਾਰਾਂ ਵਾਂਗ ਪੈਸੇ ਵੱਟੇ ਅਹੁਦੇ ਨਹੀਂ, ਆਮ ਆਦਮੀ ਪਾਰਟੀ ਮਿਹਨਤੀ ਤੇ ਅਣਥੱਕ ਆਮ ਘਰਾਂ ਦੇ ਵਰਕਰਾਂ ਨੂੰ ਹੀ ਅਹੁਦੇ ਦੇ ਰਹੀ ਹੈ। ਉਨ੍ਹਾਂ ਨਵੇਂ ਬਣੇ ਚੇਅਰਮੈਨ ਨੂੰ ਵਧਾਈ ਦਿੰਦਿਆਂ ਕਿਹਾ ਕਿ ਫਾਊਂਡਰ ਪਾਰਟੀ ਵਰਕਰਾਂ ਨੂੰ ਆਪ ਪਾਰਟੀ ਵੱਲੋਂ ਪੂਰਾ ਮਾਣ ਤੇ ਸਤਿਕਾਰ ਦਿੱਤਾ ਜਾਂਦਾ ਰਹੇਗਾ।ਭਵਿੱਖ ਵਿਚ ਵੀ ਵਲੰਟੀਅਰਾਂ ਨੂੰ ਮੈਰਿਟ ਦੇ ਆਧਾਰ 'ਤੇ ਅਹੁਦੇਦਾਰੀਆਂ ਮਿਲਣਗੀਆਂ।ਕੈਬਨਿਟ ਮੰਤਰੀ ਵੱਲੋਂ ਮਨਦੀਪ ਸਿੰਘ ਮਾਨ ਦੀ ਤਾਰੀਫ ਕਰਦਿਆਂ ਉਨ੍ਹਾਂ ਨੂੰ ਪਾਰਟੀ ਦਾ ਮਿਹਨਤੀ ਤੇ ਜੁਝਾਰੂ ਵਰਕਰ ਕਰਾਰ ਦਿੱਤਾ ਗਿਆ।ਉਨ੍ਹਾਂ ਕਿਹਾ ਕਿ ਜੇਕਰ ਬਾਘਾ ਪੁਰਾਣਾ ਹਲਕੇ ਦੀ ਗੱਲ ਕੀਤੀ ਜਾਵੇ ਤਾਂ 14 ਕਰੋੜ ਰੁਪਏ ਪਹਿਲਾਂ ਸੜਕਾਂ ਦੀ ਰਿਪੇਅਰ ਲਈ ਤੇ ਹੁਣ ਫਿਰ ਸੜਕਾਂ ਦੀ ਮੁਰੰਮਤ ਲਈ 12.58 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਹਨ, ਜਿਨ੍ਹਾਂ ਵਿੱਚ 70 ਸੜਕਾਂ ਸ਼ਾਮਲ ਹਨ।ਪੰਜਾਬ ਸਰਕਾਰ ਪੁਰਜ਼ੋਰ ਕੋਸ਼ਿਸ਼ ਕਰ ਰਹੀ ਹੈ ਕਿ ਡੀਲਰਾਂ ਕੋਲ ਨਰਮੇ ਦਾ ਬੀਜ ਸਹੀ ਕੁਆਲਿਟੀ ਦਾ ਆਵੇ ਤੇ ਇਸ ਸਬੰਧੀ ਵਿਭਾਗ ਵੀ ਹੁਣੇ ਤੋਂ ਚੌਕਸੀ ਰੱਖ ਰਿਹਾ ਹੈ।

ਹਲਕਾ ਬਾਘਾ ਪੁਰਾਣਾ ਦੇ ਵਿਧਾਇਕ ਸ੍ਰ. ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਤਹਿਤ ਮੰਤਰੀ ਖੁੱਡੀਆਂ ਵੱਲੋਂ ਹਲਕੇ ਦੇ ਜੋ ਵਿਕਾਸ ਕਾਰਜ ਕਰਵਾਏ ਗਏ ਜਾਂ ਅੱਗੇ ਜਾਰੀ ਹਨ, ਉਸ ਲਈ ਉਹ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ। ਉਨ੍ਹਾਂ ਕਿਹਾ ਕਿ ਜਾਰੀ ਕੀਤੀ ਗਈ ਗਰਾਂਟ ਨਾਲ ਚੰਨੂੰਵਾਲਾ ਦੀ ਨਹਿਰ ਨੂੰ ਪੱਕਾ ਕੀਤਾ ਜਾਵੇਗਾ। ਸੇਖਾ ਤੋਂ ਮਾੜੀ ਮੁਤਸਫਾ, ਜਿਸ ਦਾ 5 ਤੋਂ 6 ਵਾਰ ਸਿਰਫ਼ ਨੀਂਹ ਪੱਥਰ ਪਹਿਲੀਆਂ ਸਰਕਾਰਾਂ ਵੱਲੋਂ ਰੱਖਿਆ ਗਿਆ, ਉਸ ਸੜਕ ਨੂੰ ਵੀ ਹੁਣ ਜਲਦੀ ਬਣਾਇਆ ਜਾਵੇਗਾ।ਲੰਡੇ ਤੋਂ ਡੇਮਰੂ ਵਾਲੀ ਸੜਕ ਵੀ 18 ਫੁੱਟੀ ਕੀਤੀ ਜਾਵੇਗੀ, ਮੋਗਾ ਤੋਂ ਲੈ ਕੇ ਕੋਟਕਪੂਰਾ ਤੱਕ ਬਹੁਤ ਜਲਦੀ ਪ੍ਰੀਮਿਕਸ ਪਵਾਇਆ ਜਾਵੇਗਾ, ਜਿਸ ਦਾ ਪੇਪਰ ਵਰਕ ਤੇ ਗਰਾਂਟ ਸੈਂਕਸ਼ਨ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ, ਆੜ੍ਹਤੀਆਂ ਤੇ ਮਜ਼ਦੂਰਾਂ ਦੀਆਂ ਮੁੱਢਲੀਆਂ ਸਮੱਸਿਆਵਾਂ ਨੂੰ ਤਰਜੀਹੀ ਅਧਾਰ 'ਤੇ ਹੱਲ ਕੀਤਾ ਜਾਵੇਗਾ।ਇਸ ਮੌਕੇ ਸ੍ਰੀ ਰਮਨ ਮਿੱਤਲ ਚੇਅਰਮੈਨ ਨਗਰ ਸੁਧਾਰ ਟਰੱਸਟ ਮੋਗਾ, ਪ੍ਰਧਾਨ ਨਗਰ ਕੌਂਸਲ ਪਵਨ ਗੁਪਤਾ, ਦੀਪਕ ਸਮਾਲਸਰ, ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਤੇ ਵੱਡੀ ਗਿਣਤੀ ਵਿੱਚ ਆਮ ਲੋਕਾਂ ਨੇ ਸ਼ਿਰਕਤ ਕੀਤੀ।

# ਪਿਛਲੀਆਂ ਸਰਕਾਰਾਂ ਵੇਲੇ ਸੂਬੇ 'ਚ ਨਸ਼ਾ ਸੌਦਾਗਰਾਂ ਨੂੰ ਮਿਲਦੀ ਸੀ ਸਿਆਸੀ ਪੁਸ਼ਤ ਪਨਾਹੀ : ਡਾ. ਬਲਬੀਰ ਸਿੰਘ

**ਮੋਗਾ ਜ਼ਿਲ੍ਹੇ ਵਿੱਚ ਨਸ਼ਾ ਛੁਡਾਊ ਕੇਂਦਰਾਂ 'ਚ 200 ਹੋਰ ਬਿਸਤਰਿਆਂ ਦਾ ਇਜ਼ਾਫਾ ਕੀਤਾ ਜਾਵੇਗਾ, 6 ਹੋਰ ਓਟ ਕਲੀਨਿਕ ਵੀ ਜਲਦੀ ਚਾਲੂ ਕੀਤੇ ਜਾਣਗੇ**



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਦੇ ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਸਪੱਸ਼ਟ ਕੀਤਾ ਹੈ ਕਿ ਸੂਬੇ ਵਿੱਚ ਨਸ਼ੇ ਦੇ ਸੌਦਾਗਰਾਂ ਨੂੰ ਪਿਛਲੀਆਂ ਸਰਕਾਰਾਂ ਤੱਕ ਮਿਲਦੀ ਰਹੀ ਸਿਆਸੀ ਪੁਸ਼ਤ ਪਨਾਹੀ ਬਿਲਕੁਲ ਬੰਦ ਕਰ ਦਿੱਤੀ ਗਈ ਹੈ।ਹੁਣ ਨਸ਼ੇ ਦੇ ਵਪਾਰੀਆਂ ਤੇ ਕਾਰੋਬਾਰੀਆਂ ਨਾਲ ਕਿਸੇ ਵੀ ਤਰੀਕੇ ਦੀ ਕੋਈ ਲਿਹਾਜ਼ ਨਹੀਂ ਵਰਤੀ ਜਾ ਰਹੀ ਹੈ, ਜਿਸ ਦੇ ਨਤੀਜੇ ਵਜੋਂ ਨਸ਼ੇ ਦੀ ਹਰ ਤਰ੍ਹਾਂ ਦੀ ਗਤੀਵਿਧੀ ਦਾ ਲੱਕ ਟੁੱਟ ਗਿਆ ਹੈ।ਉਹ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਪਹੁੰਚੇ ਸਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦਾ ਖਾਤਮਾ ਕਰਨ ਲਈ ਸ਼ੁਰੂ ਕੀਤੀ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ ਅਤੇ ਨਸ਼ਿਆਂ ਦੀ ਗ੍ਰਿਫਤ ਵਿੱਚ ਫਸੇ ਵਿਅਕਤੀਆਂ ਦਾ ਇਲਾਜ ਕਰਨ ਲਈ ਸੂਬੇ ਦੇ ਨਸ਼ਾ ਛੁਡਾਊ ਕੇਂਦਰਾਂ ਵਿੱਚ 5 ਹਜ਼ਾਰ ਵਾਧੂ ਬਿਸਤਰਿਆਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।ਇਸੇ ਤਹਿਤ ਜ਼ਿਲ੍ਹਾ ਮੋਗਾ ਵਿੱਚ ਵੀ 200 ਹੋਰ ਬਿਸਤਰਿਆਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।ਇਸ ਤੋਂ ਪਹਿਲਾਂ ਜ਼ਿਲ੍ਹਾ ਮੋਗਾ ਵਿੱਚ 100 ਬਿਸਤਰਿਆਂ ਦੀ ਸਹੂਲਤ ਹੈ, ਜੋ ਕਿ ਪਹਿਲਾਂ ਮਹਿਜ 50 ਹੀ ਹੁੰਦੀ ਸੀ।ਉਨ੍ਹਾਂ ਕਿਹਾ ਕਿ ਬਾਬੇ ਕੇ ਸੰਸਥਾ ਤੇ ਸੰਤ ਦਰਬਾਰਾ ਸਿੰਘ ਸੰਸਥਾ ਦੇ ਸਹਿਯੋਗ ਨਾਲ ਜਲਦੀ ਹੀ 200 ਬਿਸਤਰਿਆਂ ਦਾ ਇਜ਼ਾਫਾ ਹੋ ਜਾਵੇਗਾ।ਇਸ ਤਰ੍ਹਾਂ ਜ਼ਿਲ੍ਹਾ ਮੋਗਾ ਵਿੱਚ ਕੁੱਲ 300 ਬਿਸਤਰਿਆਂ ਦੀ ਸਹੂਲਤ ਮਿਲ ਜਾਵੇਗੀ।ਇਹ ਸਹੂਲਤ ਸ਼ੁਰੂ ਹੋਣ ਨਾਲ ਨਸ਼ਾ ਛੱਡਣ ਵਾਲਿਆਂ ਨੂੰ ਇਲਾਜ ਦੇ ਨਾਲ ਨਾਲ ਹੁਨਰਮੰਦ ਵੀ ਕੀਤਾ ਜਾਵੇਗਾ।ਇਸ ਤੋਂ ਇਲਾਵਾ ਮੋਗਾ ਜ਼ਿਲ੍ਹੇ ਵਿੱਚ 6 ਹੋਰ ਓਟ ਕਲੀਨਿਕ ਵੀ ਜਲਦੀ ਚਾਲੂ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਨਸ਼ੇ ਦੀ ਅਲਾਮਤ ਨੂੰ ਜਲਦ ਤੋਂ ਜਲਦ ਖਤਮ ਕਰਨ ਲਈ ਨਸ਼ਾ ਛੁਡਾਊ ਕੇਂਦਰਾਂ ਵਿੱਚ ਨਿੱਜੀ ਹਸਪਤਾਲਾਂ ਦੇ ਡਾਕਟਰਾਂ ਦੀਆਂ ਵੀ ਸੇਵਾਵਾਂ ਲੈਣ ਦਾ ਵੀ ਫੈਸਲਾ ਕੀਤਾ ਗਿਆ ਹੈ।ਇਸ ਬਦਲੇ ਨਿੱਜੀ ਡਾਕਟਰਾਂ ਨੂੰ ਯੋਗ ਮਿਹਨਤਾਨਾ ਵੀ ਦਿੱਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਲੜੇ ਜਾ ਰਹੇ ਯੁੱਧ ਨੂੰ ਜ਼ਮੀਨੀ ਪੱਧਰ 'ਤੇ ਸਫਲ ਬਣਾਉਣ ਲਈ ਵੱਖ-ਵੱਖ ਵਿਭਾਗਾਂ ਦੀਆਂ ਕੁਆਰਡੀਨੇਸ਼ਨ ਕਮੇਟੀਆਂ ਬਣਾਈਆਂ ਗਈਆਂ ਹਨ ਤਾਂ ਜੋ ਇਸ ਲਾਹਣਤ ਦੇ ਖਾਤਮੇ ਵਿੱਚ ਸਮੂਹ ਵਿਭਾਗ ਆਪਸੀ ਤਾਲਮੇਲ ਨਾਲ ਵਿਆਪਕ ਯੋਜਨਾ ਉਲੀਕ ਸਕਣ।ਸਿਹਤ ਮੰਤਰੀ ਨੇ ਦੱਸਿਆ ਕਿ ਨਸ਼ੇ ਛੱਡਣ ਵਾਲੇ ਵਿਅਕਤੀਆਂ ਨੂੰ ਮੁੜ ਤੋਂ ਮੁੱਖ ਧਾਰਾ ਵਿੱਚ ਸ਼ਾਮਲ ਕਰਕੇ ਬਿਹਤਰ ਜ਼ਿੰਦਗੀ ਜਿਉਣ ਦਾ ਮੌਕਾ ਪ੍ਰਦਾਨ ਕਰਨ ਲਈ ਨਸ਼ਾ ਛੁਡਾਊ ਕੇਂਦਰਾਂ ਵਿੱਚ ਸਕਿੱਲ ਡਿਵੈਲਪਮੈਂਟ ਕੋਰਸ ਵੀ ਸ਼ੁਰੂ ਕਰਵਾਏ ਜਾ ਰਹੇ ਹਨ ਅਤੇ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖਲ ਮਰੀਜ਼ਾਂ ਲਈ ਯੋਗਾ ਕਲਾਸਾਂ ਵੀ ਲਗਾਈਆਂ ਜਾ ਰਹੀਆਂ ਹਨ।ਉਨ੍ਹਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਛੋਟੀ ਉਮਰ ਦੇ ਬੱਚਿਆਂ ਵਿੱਚ ਨਸ਼ਿਆਂ ਦੇ ਵੱਧ ਰਹੇ ਰੁਝਾਨ ਨੂੰ ਰੋਕਣ ਲਈ ਸਕੂਲਾਂ ਵਿੱਚ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ ਜਾਗਰੂਕਤਾ ਗਤੀਵਿਧੀਆਂ ਸ਼ੁਰੂ ਕੀਤੀਆਂ ਜਾਣ। ਉਨ੍ਹਾਂ ਦੱਸਿਆ ਕਿ ਦਿਹਾਤੀ ਖੇਤਰ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਲਾਹਣਤ ਤੋਂ ਦੂਰ ਰੱਖਣ ਲਈ ਪੰਜਾਬ ਸਰਕਾਰ ਵੱਲੋਂ ਪਿੰਡਾਂ ਵਿੱਚ ਖੇਡ ਮੈਦਾਨ, ਜਿੰਮ ਤੇ ਪਾਰਕ ਬਣਾਉਣ ਦੀ ਯੋਜਨਾ ਵੀ ਤਿਆਰ ਕੀਤੀ ਗਈ ਹੈ ਜਿਸ ਤੇ ਛੇਤੀ ਹੀ ਅਮਲ ਸ਼ੁਰੂ ਹੋ ਜਾਵੇਗਾ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿਹਤ ਮੰਤਰੀ ਨੇ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਸੂਬੇ ਦੇ ਇਤਿਹਾਸ ਵਿੱਚ ਪਹਿਲੀ ਸਰਕਾਰ ਹੈ, ਜਿਸ ਨੇ ਸਾਰੇ ਨਾਗਰਿਕਾਂ ਨੂੰ 10 ਲੱਖ ਰੁਪਏ ਤੱਕ ਦੇ ਮੁਫਤ ਇਲਾਜ ਦੀ ਸਹੂਲਤ ਦੇਣ ਲਈ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਕਾਰਡ ਬਣਾਉਣ ਦਾ ਫੈਸਲਾ ਕੀਤਾ ਹੈ।ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਸਾਗਰ ਸੇਤੀਆ ਤੇ ਜ਼ਿਲ੍ਹਾ ਪੁਲਸ ਮੁਖੀ ਸ਼੍ਰੀ ਅਜੈ ਗਾਂਧੀ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਸਫ਼ਲ ਬਣਾਉਣ ਲਈ ਕੀਤੇ ਜਾ ਰਹੇ ਯਤਨਾਂ ਉੱਤੇ ਚਾਨਣਾ ਵੀ ਪਾਇਆ।ਮੀਟਿੰਗ ਵਿੱਚ ਹਲਕਾ ਮੋਗਾ ਦੇ ਵਿਧਾਇਕਾ ਡਾਕਟਰ ਅਮਨਦੀਪ ਕੌਰ ਅਰੋੜਾ, ਹਲਕਾ ਧਰਮਕੋਟ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ, ਡਿਪਟੀ ਕਮਿਸ਼ਨਰ ਸ਼੍ਰੀ ਸਾਗਰ ਸੇਤੀਆ, ਐੱਸ. ਐੱਸ. ਪੀ. ਸ਼੍ਰੀ ਅਜੈ ਗਾਂਧੀ, ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸ੍ਰ ਹਰਮਨਦੀਪ ਸਿੰਘ ਬਰਾੜ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਨਸ਼ੀਲੀਆਂ ਗੋਲੀਆਂ ਸਮੇਤ ਦੋ ਗ੍ਰਿਫਤਾਰ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਪੰਜਾਬ ਪੁਲਸ ਵੱਲੋਂ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਜ਼ਿਲ੍ਹਾ ਪੁਲਸ ਮੁਖੀ ਸੰਗਰੂਰ ਸਰਤਾਜ ਸਿੰਘ ਚਹਿਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਤੇ ਹਰਵਿੰਦਰ ਸਿੰਘ ਖਹਿਰਾ ਡੀ.ਐੱਸ.ਪੀ. ਸੁਨਾਮ ਦੀ ਅਗਵਾਈ ਹੇਠ ਥਾਣਾ ਲੌਂਗੋਵਾਲ ਪੁਲਸ ਨੇ ਇੱਕ ਕਾਮਯਾਬੀ ਦਰਜ ਕੀਤੀ ਹੈ।ਜਾਣਕਾਰੀ ਦਿੰਦਿਆਂ ਥਾਣਾ ਲੌਂਗੋਵਾਲ ਦੇ ਐੱਸ.ਐੱਚ.ਓ. ਬਲਵੰਤ ਸਿੰਘ ਨੇ ਦੱਸਿਆ ਕਿ 19 ਅਪ੍ਰੈਲ 2025 ਨੂੰ ਮੋਹਰ ਸਿੰਘ ਇੰਚਾਰਜ ਚੌਂਕੀ ਬਡਰੁੱਖਾਂ ਥਾਣਾ ਲੌਂਗੋਵਾਲ ਸਮੇਤ ਪੁਲਸ ਪਾਰਟੀ ਗਸ਼ਤ ਤੇ ਚੈਕਿੰਗ ਲਈ ਸ਼ੱਕੀ ਵਿਅਕਤੀਆਂ ਦੇ ਸਬੰਧ ਵਿੱਚ ਭੰਮਾਬੰਦੀ ਤੋਂ ਲਿੰਕ ਸੜਕ ਪਿੰਡ ਦੁੱਗਾਂ ਨੂੰ ਜਾ ਰਹੇ ਸੀ ਤਾਂ ਡਰੇਨ ਪੁਲ ਭੰਮਾਬੰਦੀ ਬਾਹੱਦ ਪਿੰਡ ਦੁੱਗਾਂ ਸੜਕ ਦੀ ਖੱਬੀ ਸਾਇਡ ਇੱਕ ਵਿਅਕਤੀ ਤੇ ਇੱਕ ਲੜਕੀ ਖੜ੍ਹੇ ਪਾਰਦਰਸ਼ੀ ਲਿਫਾਫੇ ਦੀ ਫਰੋਲਾ-ਫਰਾਲੀ ਕਰ ਰਹੇ ਸੀ, ਜੋ ਪੁਲਸ ਪਾਰਟੀ ਨੂੰ ਦੇਖ ਕੇ ਲਿਫਾਫਾ ਸੁੱਟ ਕੇ ਇੱਕਦਮ ਭੱਜਣ ਲੱਗੇ ਤਾਂ ਸਹਾਇਕ ਥਾਣੇਦਾਰ ਮੇਹਰ ਸਿੰਘ ਨੇ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਕੀਤੀ ਕਾਰਵਾਈ ਦੌਰਾਨ ਉਕਤ ਵਿਅਕਤੀਆਂ ਵੱਲੋਂ ਸੁੱਟੇ ਹੋਏ ਲਿਫਾਫੇ ਨੂੰ ਚੈੱਕ ਕਰਨ ਉਪਰੰਤ ਉਸ ਵਿੱਚੋਂ 13 ਪੱਤੇ ਜੋ ਹਰੇਕ ਪੱਤੇ ਵਿੱਚੋਂ 15-15 ਨਸ਼ੀਲੀਆਂ ਗੋਲੀਆਂ ਅਲਟਰਾ ਸੇਫ-0.5 ਐਲਪਰਾਜੋਮ ਟੈਬਲੇਟਸ ਆਈ.ਪੀ. 0.5 ਐਮ.ਜੀ. ਲਿਖਿਆ ਹੋਇਆ ਸੀ, ਜੋ ਕੁੱਲ 195 ਨਸ਼ੀਲੀਆ ਗੋਲੀਆਂ ਬਰਾਮਦ ਹੋਈਆਂ। ਦੋਸ਼ੀਆਨ ਬਲਵਿੰਦਰ ਸਿੰਘ ਉਰਫ ਵਿਸਕੀ ਪੁੱਤਰ ਗੁਰਮੇਲ ਸਿੰਘ ਵਾਸੀ ਹੈਥੋਂ ਪੱਤੀ ਦੁੱਗਾਂ ਤੇ ਸੁਮਨ ਕੌਰ ਪਤਨੀ ਲਵਪ੍ਰੀਤ ਸਿੰਘ ਵਾਸੀ ਲੌਂਗੋਵਾਲ ਨੂੰ ਹਸਬ ਜਾਬਤਾ ਅਨੁਸਾਰ ਗ੍ਰਿਫਤਾਰ ਕੀਤਾ ਗਿਆ।ਉਕਤ ਦੋਸ਼ੀਆਂ ਖਿਲਾਫ ਥਾਣਾ ਲੌਂਗੋਵਾਲ 'ਚ ਮੁਕੱਦਮਾ ਦਰਜ ਕੀਤਾ ਗਿਆ। ਦੋਸ਼ੀ ਬਲਵਿੰਦਰ ਸਿੰਘ ਉਰਫ ਵਿਸਕੀ ਥਾਣਾ ਲੌਂਗੋਵਾਲ ਦੇ ਰਿਕਾਰਡ ਮੁਤਾਬਿਕ ਬਦਮਾਸ਼ ਹੈ, ਜਿਸਦੇ ਖਿਲਾਫ ਹੁਣ ਤੱਕ ਵੱਖ-ਵੱਖ ਜੁਰਮਾਂ ਤਹਿਤ 18 ਮੁਕੱਦਮੇ ਦਰਜ ਹਨ ਤੇ ਦੋਸ਼ਣ ਸੁਮਨ ਕੌਰ ਖਿਲਾਫ ਵੀ 02 ਮੁਕੱਦਮੇ ਦਰਜ ਹਨ।

# ਈ ਟੀ ਟੀ ਭਰਤੀ ਬੇਰੁਜ਼ਗਾਰ ਅਧਿਆਪਕਾਂ 'ਤੇ ਜਬਰ ਦੀ ਨਿੰਦਾ

**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਅਧਿਆਪਕ ਦਲ ਪੰਜਾਬ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ 5994 ਈਟੀਟੀ ਭਰਤੀ ਬੇਰੁਜ਼ਗਾਰ ਅਧਿਆਪਕਾਂ ਦੁਆਰਾ ਪੁਰਅਮਨ ਰੋਸ ਪ੍ਰਦਰਸ਼ਨ ਕਰ ਰਹੇ ਅਧਿਆਪਕਾਂ ਤੇ ਸ੍ਰੀ ਅਨੰਦਪੁਰ ਸਾਹਿਬ ਦੀ ਪੁਲਸ ਵੱਲੋਂ ਕੀਤੀ ਬੇਤਹਾਸ਼ਾ ਕੁੱਟਮਾਰ ਦੀ ਪੁਰਜ਼ੋਰ ਨਿਖੇਧੀ ਕੀਤੀ ਗਈ। ਇਥੇ ਜਾਰੀ ਪ੍ਰੈੱਸ ਬਿਆਨ ਵਿੱਚ ਜਥੇਬੰਦੀ ਵੱਲੋਂ ਮੰਗ ਕੀਤੀ ਗਈ ਕਿ ਇਸ ਅਣਮਨੁੱਖੀ ਤਸ਼ੱਦਦ ਲਈ ਜ਼ੁੰਮੇਵਾਰਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ ਤੇ ਅਧਿਆਪਕਾਂ ਵੱਲੋਂ ਉਨ੍ਹਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਤੁਰੰਤ ਮੰਨੀਆਂ ਜਾਣ। ਜਥੇਬੰਦੀ ਨੇ ਇਨ੍ਹਾਂ ਅਧਿਆਪਕਾਂ ਦੇ ਹਰ ਤਰ੍ਹਾਂ ਦੇ ਸੰਘਰਸ਼ ਦਾ ਪੂਰਾ ਸਹਿਯੋਗ ਦੇਣ ਦਾ ਐਲਾਨ ਕੀਤਾ ਗਿਆ। ਇਸ ਮੌਕੇ ਅਧਿਆਪਕ ਦਲ ਪੰਜਾਬ ਦੇ ਪ੍ਰਧਾਨ ਗੁਰਜੰਟ ਸਿੰਘ ਵਾਲੀਆ, ਸਕੱਤਰ ਜਨਰਲ ਹਰਜੰਟ ਸਿੰਘ ਬੌਡੇ, ਸੂਬਾਈ ਆਗੂਆਂ ਬਲਬੀਰ ਸਿੰਘ ਬੀੜ ਰਾਉਕੇ, ਗੁਰਜੀਤ ਸਿੰਘ ਮਾਛੀਕੇ, ਜਤਿੰਦਰਪਾਲ ਸਿੰਘ ਖੋਸਾ ਜ਼ਿਲ੍ਹਾ ਪਧਾਨ, ਇੰਦਰਜੀਤ ਸਿੰਘ ਲੁਹਾਰਾ, ਤਜਿੰਦਰ ਸਿੰਘ ਰੌਂਤਾ, ਸੁਖਦਰਸ਼ਨ ਸਿੰਘ ਆਗੂ ਹਾਜ਼ਰ ਸਨ।

# ਕੇਂਦਰੀ ਰੇਲਵੇ ਮੰਤਰੀ ਅਸ਼ਵਨੀ ਵੈਸ਼ਨਵ ਨੂੰ ਮਿਲੇ ਰਾਣਾ ਸੋਢੀ

■ ਫ਼ਿਰੋਜ਼ਪੁਰ ਵਾਸੀਆਂ ਦੀਆਂ ਰੇਲਵੇ ਨਾਲ ਸੰਬੰਧਤ ਮੁਸ਼ਕਲਾਂ ਤੋਂ ਕਰਵਾਇਆ ਜਾਣੂ



**ਫਿਰੋਜ਼ਪੁਰ (ਅਸ਼ੋਕ ਸ਼ਰਮਾ, ਗੁਰਬਚਨ ਸਿੰਘ)**

ਫ਼ਿਰੋਜ਼ਪੁਰ ਵਾਸੀਆਂ ਦੀਆਂ ਪਿਛਲੇ ਲੰਬੇ ਸਮੇਂ ਤੋਂ ਰੇਲਵੇ ਨਾਲ ਸਬੰਧਤ ਮੰਗਾਂ ਨੂੰ ਲੈ ਕੇ ਭਾਜਪਾ ਦੇ ਕੌਮੀ ਕਾਰਜਕਾਰਨੀ ਮੈਂਬਰ ਰਾਣਾ ਗੁਰਮੀਤ ਸਿੰਘ ਸੋਢੀ ਵੱਲੋਂ ਬੀਤੇ ਦਿਨ ਕੇਂਦਰੀ ਰੇਲਵੇ ਮੰਤਰੀ ਅਸ਼ਵਨੀ ਵੈਸ਼ਨਵ ਨਾਲ ਮੁਲਾਕਾਤ ਕੀਤੀ ਗਈ। ਇਸ ਦੌਰਾਨ ਰਾਣਾ ਸੋਢੀ ਨੇ ਕਿਹਾ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਪੰਜਾਬੀਆਂ ਦਾ ਵਿਸ਼ੇਸ਼ ਧਾਰਮਿਕ ਅਸਥਾਨ ਹੈ, ਜਿੱਥੇ ਪੰਜਾਬ ਤੋਂ ਇਲਾਵਾ ਫ਼ਿਰੋਜ਼ਪੁਰ ਤੋਂ ਵੀ ਭਾਰੀ ਤਦਾਦ 'ਚ ਸੰਗਤਾਂ ਰੇਲਵੇ ਸਫ਼ਰ ਤੈਅ ਕਰਕੇ ਨਤਮਸਤਕ ਹੋਣ ਲਈ ਜਾਂਦੀਆਂ ਹਨ।

ਉਨ੍ਹਾਂ ਕਿਹਾ ਕਿ ਸੰਗਤਾਂ ਦੀ ਇਸ ਸਹੂਲਤਾਂ ਨੂੰ ਧਿਆਨ 'ਚ ਰੱਖਦੇ ਹੋਏ ਜੋ ਰੇਲ ਗੱਡੀ ਸ੍ਰੀ ਗੰਗਾਨਗਰ ਤੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੱਕ ਚੱਲਦੀ ਹੈ, ਉਸ ਦਾ ਰੂਟ ਫ਼ਿਰੋਜ਼ਪੁਰ ਤੱਕ ਵਧਾਇਆ ਜਾਵੇ।ਉਨ੍ਹਾਂ ਕਿਹਾ ਕਿ ਹਰਿਦੁਆਰ ਪੰਜਾਬ ਦੇ ਲੋਕਾਂ ਖ਼ਾਸ ਕਰਕੇ ਫ਼ਿਰੋਜ਼ਪੁਰ ਜ਼ਿਲ੍ਹੇ ਲਈ ਇਕ ਬਹੁਤ ਹੀ ਪਵਿੱਤਰ ਸਥਾਨ ਹੈ ਅਤੇ ਪਿਛਲੇ ਕੁਝ ਸਮੇਂ ਤੋਂ ਫ਼ਿਰੋਜ਼ਪੁਰ-ਹਰਿਦੁਆਰ-ਫ਼ਿਰੋਜ਼ਪੁਰ ਵਿਚਕਾਰ ਚੱਲਣ ਵਾਲੀ ਇਕ ਰੇਲ ਗੱਡੀ ਸੀ, ਜਿਸ ਨੂੰ ਬੰਦ ਕਰ ਦਿੱਤਾ ਗਿਆ ਸੀ।ਕੁਝ ਸਮਾਂ ਪਹਿਲਾਂ ਤੇ ਫ਼ਿਰੋਜ਼ਪੁਰ-ਹਰਿਦੁਆਰ-ਫ਼ਿਰੋਜ਼ਪੁਰ ਤੋਂ ਕੋਈ ਸਿੱਧੀ ਰੇਲ ਗੱਡੀ ਨਹੀਂ ਹੈ, ਜਿਸ ਨੂੰ ਚਾਲੂ ਕੀਤਾ ਜਾਵੇ।ਰਾਣਾ ਸੋਢੀ ਨੇ ਕਿਹਾ ਕਿ ਕੋਵਿਡ ਦੌਰਾਨ ਸ਼ਤਾਬਦੀ ਐਕਸਪ੍ਰੈੱਸ ਫ਼ਿਰੋਜ਼ਪੁਰ-ਨਵੀਂ ਦਿੱਲੀ-ਫ਼ਿਰੋਜ਼ਪੁਰ ਨੂੰ ਰੋਕਿਆ ਗਿਆ ਸੀ, ਜੋ ਕਿ ਅਜੇ ਤੱਕ ਸ਼ੁਰੂ ਨਹੀਂ ਹੋਈ।ਇਸ ਸ਼ਤਾਬਦੀ ਐਕਸਪ੍ਰੈੱਸ ਨੂੰ ਵਾਇਆ ਮੋਗਾ, ਲੁਧਿਆਣਾ, ਅੰਬਾਲਾ ਰਾਹੀਂ ਦੁਬਾਰਾ ਸ਼ੁਰੂ ਕੀਤਾ ਜਾਵੇ।

ਇਸ ਤੋਂ ਇਲਾਵਾ ਰਾਣਾ ਗੁਰਮੀਤ ਸਿੰਘ ਸੋਢੀ ਨੇ ਕਿਹਾ ਕਿ ਫ਼ਿਰੋਜ਼ਪੁਰ-ਚੰਡੀਗੜ੍ਹ-ਫ਼ਿਰੋਜ਼ਪੁਰ ਰੇਲ ਗੱਡੀਆਂ ਦੇ ਵਿਚ ਏਸੀ 3 ਟੀਅਰ ਤੇ ਏਸੀ ਚੇਅਰ ਕਾਰ ਕੋਚ ਨੂੰ ਜਲਦ ਜੋੜਿਆ ਜਾਵੇ ਤਾਂ ਜੋ ਯਾਤਰੀਆਂ ਨੂੰ ਗਰਮੀਆਂ ਦੇ ਮੌਸਮ ਤੋਂ ਛੁਟਕਾਰਾ ਮਿਲ ਸਕੇ ਤੇ ਆਨੰਦਮਈ ਆਪਣਾ ਸਫਰ ਪੂਰਾ ਕਰ ਸਕਣ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134
Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**
ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

21 Apr Page-3.qxd 4/20/2025 9:05 PM Page 1



# ਵਿਧਾਇਕ ਸ਼ੈਰੀ ਕਲਸੀ ਨੇ ਅਨਾਜ ਮੰਡੀ ਬਟਾਲਾ ਵਿਖੇ ਕਣਕ ਦੀ ਖਰੀਦ ਸ਼ੁਰੂ ਕਰਵਾਈ

● ਕਿਸਾਨਾਂ ਨੂੰ ਰਾਤ ਸਮੇਂ ਕਣਕ ਦੀ ਕਟਾਈ ਕੰਬਾਇਨਾਂ ਨਾਲ ਨਾ ਕਰਵਾਉਣ ਦੀ ਕੀਤੀ ਅਪੀਲ



**ਬਟਾਲਾ (ਡਾ. ਮਲਵਿੰਦਰ ਸਿੰਘ)**- ਪੰਜਾਬ ਸਰਕਾਰ ਵੱਲੋਂ ਕਣਕ ਦੀ ਖਰੀਦ ਲਈ ਸਾਰੀਆਂ ਮੰਡੀਆਂ ਵਿੱਚ ਪੁਖਤਾ ਪ੍ਰਬੰਧ ਕੀਤੇ ਗਏ ਹਨ ਅਤੇ ਕਿਸਾਨਾਂ ਦੀ ਫਸਲ ਦਾ ਦਾਣਾ-ਦਾਣਾ ਖਰੀਦਿਆ ਜਾਵੇਗਾ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਅਤੇ ਕਾਰਜਕਾਰੀ ਪ੍ਰਧਾਨ ਆਮ ਆਦਮੀ ਪਾਰਟੀ, ਪੰਜਾਬ, ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਜ਼ਿਲ੍ਹਾ ਗੁਰਦਾਸਪੁਰ ਦੀ ਸਭ ਤੋਂ ਵੱਡੀ ਅਨਾਜ ਮੰਡੀ ਬਟਾਲਾ ਵਿਖੇ ਕਣਕ ਦੀ ਖਰੀਦ ਸ਼ੁਰੂ ਕਰਵਾਉਣ ਮੌਕੇ ਗੱਲਬਾਤ ਕਰਦਿਆਂ ਕੀਤਾ।ਇਸ ਮੌਕੇ ਮਾਨਿਕ ਮਹਿਤਾ, ਚੇਅਰਮੈਨ ਮਾਰਕਿਟ ਬਟਾਲਾ, ਚੇਅਰਮੈਨ ਯਸ਼ਪਾਲ ਚੌਹਾਨ, ਬਲਬੀਰ ਸਿੰਘ ਬਿੱਟੂ, ਪ੍ਰਧਾਨ ਮਨਬੀਰ ਸਿੰਘ ਰੰਧਾਵਾ, ਗੁਰਪ੍ਰੀਤ ਸਿੰਘ ਰਾਜੂ, ਮਨਦੀਪ ਸਿੰਘ ਗਿੱਲ, ਕੌਂਸਲਰ ਬਲਵਿੰਦਰ ਸਿੰਘ ਮਿੰਟਾ, ਅਵਤਾਰ ਸਿੰਘ ਕਲਸੀ, ਗੁਰਜੀਤ ਸਿੰਘ, ਮਨਜੀਤ ਸਿੰਘ ਬੁਮਰਾਹ, ਮਾਸਟਰ ਤਿਲਕ ਰਾਜ, ਪਰਮਜੀਤ ਸਿੰਘ, ਕਿਸਾਨ, ਆੜ੍ਹਤੀ, ਪੱਲੇਦਾਰ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਮੌਜੂਦ ਸਨ। ਵਿਧਾਇਕ ਸ਼ੈਰੀ ਕਲਸੀ ਨੇ ਕਿਸਾਨਾਂ ਨਾਲ ਗੱਲ ਕਰਦਿਆਂ ਦੱਸਿਆ ਦੱਸਿਆ ਕਿ ਮੰਡੀਆਂ ਵਿੱਚ ਕਿਸਾਨਾਂ ਦੀ ਫਸਲ ਦੀ 24 ਘੰਟੇ ਅੰਦਰ ਖਰੀਦ ਤੇ ਵੇਚੀ ਗਈ ਫਸਲ ਦੀ ਤੈਅ ਸਮੇਂ ਅੰਦਰ ਅਦਾਇਗੀ ਯਕੀਨੀ ਬਣਾਈ ਗਈ ਹੈ ਤਾਂ ਜੋ ਕਿਸਾਨਾਂ ਨੂੰ ਆਪਣੀ ਫਸਲ ਵੇਚਣ ਲਈ ਮੰਡੀਆਂ ਵਿੱਚ ਜਿਆਦਾ ਦੇਰ ਨਾ ਬੈਠਣਾ ਪਵੇ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸੂਬਾ ਸਰਕਾਰ ਨੇ ਹਮੇਸ਼ਾਂ ਕਿਸਾਨੀ ਹਿੱਤਾਂ ਦੀ ਰਾਖੀ ਕੀਤੀ ਹੈ ਅਤੇ ਹੁਣ ਵੀ ਸਰਕਾਰ ਕਿਸਾਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜੀ ਹੋਵੇਗੀ।ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਮੁੱਖ ਮੰਤਰੀ, ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬਾ ਸਰਕਾਰ ਨੇ ਹਮੇਸ਼ਾ ਹੀ ਕਿਸਾਨੀ ਹਿੱਤਾਂ ਨੂੰ ਤਰਜੀਹ ਦਿੱਤੀ ਹੈ ਅਤੇ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਕਿਸਾਨ ਪੱਖੀ ਫੈਸਲੇ ਕੀਤੇ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਮੰਡੀਆਂ ਵਿੱਚ ਕਿਸਾਨਾਂ ਦੀ ਖਰੀਦ ਲਈ ਪੀਣ ਵਾਲੇ ਸਾਫ ਸੁਥਰੇ ਪਾਣੀ, ਲਾਈਟ ਤੇ ਬੈਠਣ ਲਈ ਛਾਂਦਾਰ ਜਗ੍ਹਾ ਦੇ ਨਾਲ-ਨਾਲ ਹੋਰ ਜ਼ਰੂਰੀ ਪ੍ਰਬੰਧ ਵੀ ਕੀਤੇ ਗਏ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਸਖਤ ਹਦਾਇਤ ਕੀਤੀ ਗਈ ਹੈ ਕਿ ਮੰਡੀਆਂ ਵਿੱਚ ਕਿਸਾਨਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨ ਦਿੱਤਾ ਜਾਵੇ।ਵਿਧਾਇਕ ਸ਼ੈਰੀ ਕਲਸੀ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਰਾਤ ਸਮੇਂ ਕਣਕ ਦੀ ਕਟਾਈ ਕੰਬਾਇਨਾਂ ਨਾਲ ਨਾ ਕਰਵਾਈ ਜਾਵੇ ਕਿਉਂਕਿ ਰਾਤ ਸਮੇਂ ਕਣਕ ਕਟਵਾਉਣ ਨਾਲ ਫਸਲ ਵਿੱਚ ਨਮੀ ਦੀ ਮਾਤਰਾ ਵੱਧ ਜਾਂਦੀ ਹੈ ਅਤੇ ਤੈਅ ਨਮੀ ਤੋਂ ਵੱਧ ਵਾਲੀ ਫਸਲ ਖਰੀਦਣ ਵਿੱਚ ਖਰੀਦ ਏਜੰਸੀਆਂ ਨੂੰ ਮੁਸ਼ਕਿਲ ਪੇਸ਼ ਆਉਂਦੀ ਹੈ।ਉਨ੍ਹਾਂ ਇਹ ਵੀ ਕਿਹਾ ਕਿ ਮੰਡੀਆਂ ਵਿੱਚ ਫਸਲ ਪੂਰੀ ਤਰ੍ਹਾਂ ਸੁੱਕਾ ਕੇ ਹੀ ਲਿਆਂਦੀ ਜਾਵੇ ਤਾਂ ਜੋ ਉਨ੍ਹਾਂ ਨੂੰ ਫਸਲ ਵੇਚਣ ਲਈ ਮੰਡੀਆਂ ਵਿੱਚ ਨਾ ਬੈਠਣਾ ਪਵੇ।

# ਅਖੰਡ ਕੀਰਤਨੀ ਜਥੇ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਵਿਧੀ ਵਿਧਾਨ ਲਈ ਸੁਝਾਅ ਪੇਸ਼

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਪੁਰਾਤਨ ਸਿੱਖ ਸੰਸਥਾ ਅਖੰਡ ਕੀਰਤਨੀ ਜਥਾ ਦੇ ਜਥੇਦਾਰ ਭਾਈ ਬਖ਼ਸ਼ੀਸ਼ ਸਿੰਘ ਨੇ ਆਪਣੇ ਸਾਥੀਆਂ ਦੇ ਨਾਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸੰਬੰਧੀ ਬਾਰਾਂ ਪੇਜਾਂ ਦੇ ਵਿਸਤ੍ਰਿਤ ਸੁਝਾਅ ਦਿੱਤੇ ਹਨ ।ਸੁਝਾਅ ਪੱਤਰ ਵਿੱਚ ਕਿਹਾ ਗਿਆ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਪ੍ਰਭੁਸੱਤਾ ਦਾ ਕੇਂਦਰ ਹੈ ਜਿਥੋਂ ਸਮੇਂ ਸਮੇਂ ਤੇ ਖਾਲਸਾ ਪੰਥ ਨੂੰ ਦਰਪੇਸ਼ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਚੁਣੌਤੀਆਂ ਦੇ ਹੱਲ ਲਈ ਸੇਧ ਮਿਲਦੀ ਰਹੀ ਹੈ।ਗੁਰਮਤਿ ਅਨੁਸਾਰ ਪੰਚ ਪਰਧਾਨੀ ਦੁਆਰਾ ਅਕਾਲ ਤਖ਼ਤ ਸਾਹਿਬ ਵੱਲੋਂ ਆਏ ਫੈਸਲਿਆਂ ਨੂੰ ਹਰ ਸਿੱਖ ਤਨੋਂ ਮਨੋਂ ਪ੍ਰਵਾਨ ਕਰਦਾ ਹੈ।ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੌਜੂਦਾ ਪ੍ਰਬੰਧਕੀ ਸਥਿਤੀ ਸਿੱਖ ਪੰਥ ਲਈ ਡੂੰਘੀ ਚਿੰਤਾ ਦਾ ਵਿਸ਼ਾ ਹੈ।ਇਸ ਅਧੋਗਤੀ ਤੋਂ ਨਿਕਲਣਾ ਸਮੇਂ ਦੀ ਲੋੜ ਹੈ। ਅਖੰਡ ਕੀਰਤਨੀ ਜਥੇ ਨੇ ਪੱਤਰ ਰਾਹੀਂ ਅਕਾਲ ਤਖ਼ਤ ਸਾਹਿਬ ਦੇ ਪੰਚ ਪ੍ਰਧਾਨੀ ਵਿਧਾਨ, ਜਥੇਦਾਰ ਦੀਆਂ ਯੋਗਤਾਵਾਂ, ਜਥੇਦਾਰ ਦੀ ਚੋਣ, ਜਥੇਦਾਰ ਦੇ ਅਧਿਕਾਰ ਤੇ ਕਾਰਜ ਖੇਤਰ, ਜਥੇਦਾਰ ਦਾ ਸੇਵਾ ਕਾਲ ਤੇ ਸੇਵਾ ਮੁਕਤੀ, ਜਥੇਦਾਰ ਦਾ ਸਹਾਇਕ ਪ੍ਰਬੰਧਕੀ ਢਾਂਚਾ ਤੇ ਖਜ਼ਾਨਾ ਵਿਸ਼ਿਆਂ ਤੇ ਸੁਝਾਅ ਦਿੱਤੇ ਹਨ ।ਪ੍ਰਬੰਧਕੀ ਢਾਂਚੇ ਦੀ ਮਜ਼ਬੂਤੀ ਲਈ ਜ਼ੋਰ ਦਿੱਤਾ ਹੈ ਕਿ ਇਸ ਵਿੱਚ ਧਾਰਮਿਕ, ਰਾਜਨੀਤਿਕ, ਆਰਥਿਕ, ਇਤਿਹਾਸਕ, ਵਿੱਦਿਅਕ, ਸਿੱਖ ਸੱਭਿਆਚਾਰਕ, ਅੰਤਰ-ਧਰਮ ਸਬੰਧ, ਪ੍ਰਵਾਸੀ ਮਾਮਲੇ, ਅੰਤਰਰਾਸ਼ਟਰੀ ਮਾਮਲੇ ਅਤੇ ਮੀਡੀਆ ਵਿਭਾਗ ਹੋਣਗੇ ।

# ਮੰਗਾਂ ਨੂੰ ਲੈ ਕੇ ਮਨਰੇਗਾ ਵਰਕਰ 5 ਮਈ ਨੂੰ ਡੀ ਸੀ ਦਫ਼ਤਰ ਦੇਣਗੇ ਰੋਸ ਧਰਨਾ



**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਕਾਰਲ ਮਾਰਕਸ ਦੇ ਜਨਮ ਦਿਨ 5 ਮਈ ਨੂੰ ਮਨਰੇਗਾ ਵਰਕਰਜ਼ ਯੂਨੀਅਨ ਅਤੇ ਦਿਹਾਤੀ ਮਜ਼ਦੂਰ ਸਭਾ ਵੱਲੋਂ ਮਨਰੇਗਾ ਵਰਕਰਾਂ ਦੀਆਂ ਮੰਗਾਂ ਨੂੰ ਲੈ ਕੇ ਜ਼ਿਲੇ ਦੇ ਡਿਪਟੀ ਕਮਿਸ਼ਨਰ ਤਰਨ ਤਾਰਨ ਦਫ਼ਤਰ ਅੱਗੇ ਵਿਸ਼ਾਲ ਧਰਨਾ ਦਿੱਤਾ ਜਾਵੇਗਾ।ਇਹ ਜਾਣਕਾਰੀ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਬਲਦੇਵ ਸਿੰਘ ਪੰਡੋਰੀ ਅਤੇ ਸਭਾ ਦੇ ਜ਼ਿਲ੍ਹਾ ਸਕੱਤਰ ਚਮਨ ਲਾਲ ਦਰਾਜਕੇ ਨੇ ਇਕ ਪ੍ਰੈੱਸ ਬਿਆਨ ਰਾਹੀਂ ਦਿੱਤੀ।ਇਨ੍ਹਾਂ ਆਗੂਆਂ ਨੇ ਕਿਹਾ ਕਿ ਮਨਰੇਗਾ ਵਰਕਰਾਂ ਦੇ ਲਗਭਗ ਚਾਰ ਮਹੀਨੇ ਤੋਂ ਪੈਸੇ ਨਹੀਂ ਪਾਏ ਜਾ ਰਹੇ ਅਤੇ ਕਾਫੀ ਵਰਕਰਾਂ ਦੇ ਪਿਛਲੇ ਬਣਦੇ ਬਕਾਏ ਵੀ ਨਹੀਂ ਮਿਲ ਰਹੇ।ਇਨ੍ਹਾਂ ਆਗੂਆਂ ਨੇ ਮੰਗ ਕਰਦਿਆਂ ਕਿਹਾ ਕਿ ਮਨਰੇਗਾ ਵਰਕਰਾਂ ਦੇ ਜੌਬ ਕਾਰਡ ਬਣਾਏ ਜਾਣ ਅਤੇ 100 ਦਿਨ ਕੰਮ ਯਕੀਨੀ ਬਣਾਇਆ ਜਾਵੇ ਅਤੇ ਪਿੰਡਾਂ ਦੇ ਸਰਪੰਚਾਂ ਦੀ ਦਖਲਅੰਦਾਜ਼ੀ ਬੰਦ ਕੀਤੀ ਜਾਵੇ, ਜਿਹੜਾ ਵੀ ਕੰਮ ਕਰਨਾ ਚਾਹੁੰਦਾ ਹੈ, ਹਰੇਕ ਨੂੰ ਕੰਮ ਦਿੱਤਾ ਜਾਵੇ ਅਤੇ ਮਨਰੇਗਾ ਸਕੀਮ ਨੂੰ ਪਾਰਦਰਸ਼ੀ ਢੰਗ ਨਾਲ ਚੱਲਣ ਦਿੱਤਾ ਜਾਵੇ।ਮਨਰੇਗਾ ਵਰਕਰਾਂ ਦੇ ਸਾਰੇ ਪ੍ਰਵਾਰ ਨੂੰ ਸਾਰਾ ਸਾਲ ਕੰਮ ਦਿੱਤਾ ਜਾਵੇ ਅਤੇ ਦਿਹਾੜੀ 700 ਰੁਪਏ ਕੀਤੀ ਜਾਵੇ।ਮਨਰੇਗਾ ਵਰਕਰਾਂ ਲਈ ਲੋੜੀਂਦਾ ਸਾਮਾਨ ਕਹੀ, ਬੱਠਲ ਅਤੇ ਮੁੱਢਲੀ ਸਹਾਇਤਾ ਦੀ ਦਵਾਈ ਮੁਹੱਈਆ ਕਰਾਈ ਜਾਵੇ ਅਤੇ ਔਰਤਾਂ ਦੇ ਬੱਚਿਆਂ ਦੀ ਦੇਖ-ਭਾਲ ਲਈ ਬਜ਼ੁਰਗ ਔਰਤਾਂ ਦਾ ਪ੍ਰਬੰਧ ਕੀਤਾ ਜਾਵੇ।ਮਨਰੇਗਾ ਵਰਕਰਾਂ ਦਾ ਸਿਹਤ ਬੀਮਾ ਵੀ ਕੀਤਾ ਜਾਵੇ।ਇਨ੍ਹਾਂ ਆਗੂਆਂ ਨੇ ਦੱਸਿਆ ਕਿ ਧਰਨੇ ਨੂੰ ਕਾਮਯਾਬ ਕਰਨ ਲਈ ਵੱਖ-ਵੱਖ ਪਿੰਡਾਂ 'ਚ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।ਇਸ ਮੌਕੇ ਜਸਬੀਰ ਸਿੰਘ ਵੈਰੋਵਾਲ, ਨਰਿੰਦਰ ਸਿੰਘ ਰਟੌਲ, ਮੀਨਾ ਕੌਰ ਚੀਮਾ, ਜਰਨੈਲ ਸਿੰਘ ਰਸੂਲਪੁਰ, ਬਲਵਿੰਦਰ ਸਿੰਘ ਸੋਹਲ, ਲਾਜਰ ਲਾਖਣਾ, ਜਸਵੰਤ ਸਿੰਘ ਭਿੱਖੀਵਿੰਡ ਅਤੇ ਸੰਤੋਖ ਸਿੰਘ ਮੱਖੀ ਕਲਾਂ ਆਦਿ ਹਾਜ਼ਰ ਸਨ ।

# ਗੁੱਡ ਫਰਾਈਡੇ ਮੌਕੇ ਕੱਢ ਸਲੀਬੀ ਯਾਤਰਾ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਗੁੱਡ ਫਰਾਈਡੇ ਮੌਕੇ ਸਲੀਬੀ ਯਾਤਰਾ ਕੱਢੀ ਗਈ। ਫਰਜ਼ਾਂ ਦੀ ਰਾਣੀ ਕੈਥੋਲਿਕ ਚਰਚ ਰੋੜੀ ਮਜੀਠਾ ਵਿਖੇ ਫਾਦਰ ਫੈਲਕਿਸ ਸ਼ੇਰਗਿੱਲ ਦੀ ਯੋਗ ਅਗਵਾਈ ਵਿੱਚ ਪ੍ਰਭੂ ਯਿਸੂ ਮਸੀਹ ਦੀ ਸਲੀਬੀ ਯਾਤਰਾ ਪਿੰਡ ਹਮਜਾ ਤੋਂ ਸਰਪੰਚ ਧਰਮਵੀਰ ਭੱਟੀ ਅਤੇ ਸਮੂਹ ਸੰਗਤਾਂ ਦੇ ਯਤਨਾਂ ਸਦਕਾ 14 ਮੁਕਾਮ ਪੜ੍ਹਦੇ ਹੋਏ ਰੋੜੀ ਚਰਚ ਵਿਖੇ ਪਹੁੰਚੀ।ਇਸ ਮੌਕੇ ਫਾਦਰ ਫੈਲਕਿਸ ਸ਼ੇਰਗਿੱਲ ਨੇ ਦੱਸਿਆ ਕਿ ਪ੍ਰਭੂ ਯਿਸੂ ਮਸੀਹ ਨੇ ਨਿਮਰਤਾ ਸਿਖਾਈ ਹੈ ਅਤੇ ਲੋਕਾਂ ਨਾਲ ਪਿਆਰ ਕਰਨਾ ਦੱਸਿਆ।ਇਸ ਦੌਰਾਨ ਫਾਦਰ ਫੈਲਕਿਸ ਸ਼ੇਰਗਿੱਲ, ਸਰਪੰਚ ਧਰਮਵੀਰ ਭੱਟੀ ਹਮਜਾ, ਡਾ. ਸਾਹਿਲ ਮੱਟੂ, ਸੁਨੀਲ ਮੱਟੂ, ਬਾਊ ਵਿਕਾਸ, ਬਾਊ ਅਮਰੀਕ, ਜਗਤਾਰ ਮਸੀਹ, ਡਾ. ਸਾਹਿਬ ਮਸੀਹ ਟਰਪਾਈ, ਵਿਸ਼ਾਲ ਭੱਟੀ ਅਤੇ ਧੰਨਾ ਮਸੀਹ ਹਮਜਾ ਹਾਜ਼ਰ ਸਨ।

# ਡਡਵਾਂ ਦੇ ਸੇਂਟ ਜੌਸਫ ਗਿਰਜਾਘਰ ਤੋਂ ਚਰਚ ਤਰੇਜਾ ਨਗਰ ਤੱਕ ਦੁੱਖ ਭੋਗ ਯਾਤਰਾ ਕੱਢੀ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਪ੍ਰਭੂ ਯਿਸੂ ਮਸੀਹ ਦੇ ਦੁੱਖ ਭੋਗ ਦਿਹਾੜੇ 'ਗੁੱਡ ਫਰਾਈਡੇ' ਮੌਕੇ ਕੈਥੋਲਿਕ ਕਲੀਸਿਆ ਦੇ ਪੈਰਿਸ਼ ਪ੍ਰੀਸ਼ਟ ਫਾਦਰ ਜੋਸ਼ ਪਡਿਆਟੀ ਦੀ ਅਗਵਾਈ ਹੇਠ ਅਤੇ ਪੈਰਿਸ਼ ਕੌਂਸਲ ਧਾਰੀਵਾਲ ਦੇ ਪ੍ਰਧਾਨ ਜੋਹਨ ਮਸੀਹ ਰਣੀਆਂ ਦੇ ਪ੍ਰਬੰਧਾਂ ਹੇਠ ਪਿੰਡ ਡਡਵਾਂ ਦੇ ਸੇਂਟ ਜੋਸਫ ਗਿਰਜਾਘਰ ਤੋਂ ਦੁੱਖ ਭੋਗ ਯਾਤਰਾ ਕੱਢੀ ਗਈ। ਦੁੱਖ ਭੋਗ ਯਾਤਰਾ ਦੌਰਾਨ ਵੱਡੀ ਗਿਣਤੀ ਕਲੀਸੀਆ ਨੇ ਆਪਣੇ ਹੱਥਾਂ ਵਿੱਚ ਸਲੀਬਾਂ ਫੜੀਆਂ ਹੋਈਆਂ ਸਨ ਅਤੇ 14 ਮੁਕਾਮਾਂ 'ਤੇ ਠਹਿਰਦੇ ਹੋਏ ਪ੍ਰਾਰਥਨਾ ਕਰਕੇ ਇਹ ਦੁੱਖ ਭੋਗ ਯਾਤਰਾ ਸ਼ਹਿਰ ਧਾਰੀਵਾਲ ਵਿੱਚੋਂ ਹੁੰਦੀ ਹੋਈ ਪਿੰਡ ਰਣੀਆਂ ਤੋਂ ਹੋ ਕੇ ਸੰਤਨੀ ਤਰੇਜ਼ਾ ਕੈਥੋਲਿਕ ਚਰਚ ਤਰੇਜਾ ਨਗਰ ਪਹੁੰਚ ਕੇ ਸਮਾਪਤ ਹੋਈ ਜਿਥੇ ਸਮੂਹ ਕਲੀਸੀਆ ਨੇ ਪਵਿੱਤਰ ਰਸਮਾਂ ਵਿੱਚ ਭਾਗ ਲੈਂਦੇ ਹੋਏ ਸਲੀਬ ਦਾ ਚੁੰਮਣ ਕੀਤਾ। ਇਸ ਯਾਤਰਾ ਦੌਰਾਨ ਹਰ ਮੁਕਾਮ 'ਤੇ ਹੋਈਆਂ ਘਟਨਾਵਾਂ ਦੀ ਝਾਕੀਆਂ ਸਨ ਜੋ ਸਭ ਦਾ ਖਿੱਚ ਦਾ ਕੇਂਦਰ ਰਹੇ। ਦੁੱਖ ਭੋਗ ਯਾਤਰਾ ਦੌਰਾਨ ਪੈਰਿਸ਼ ਪ੍ਰੀਸ਼ਟ ਫਾਦਰ ਜੋਸ਼ ਪਡਿਆਟੀ ਤੋਂ ਇਲਾਵਾ ਪੈਰਿਸ਼ ਕੌਂਸਲ ਪ੍ਰਧਾਨ ਜੋਹਨ ਮਸੀਹ ਰਣੀਆਂ ਤੋਂ ਇਲਾਵਾ ਸਿਸਟਰ ਮਰਸ਼ੀ, ਪ੍ਰਿੰਸੀਪਲ ਸਿਸਟਰ ਰਜੀਨਾ ਪੌਲ, ਸਿਸਟਰ ਫਰਾਂਸਿਸਕਾ, ਬਾਊ ਪਤਰਸ, ਬਾਊ ਕਰਮਾ, ਬਾਬੂ ਵਾਰਿਸ, ਬਾਬੂ ਪੀਟਰ ਹੰਸ, ਬਾਬੂ ਮਨੀ ਮੱਟੂ, ਮਰੀਅਮ ਸੈਨਾ ਪ੍ਰਧਾਨ ਬੀਬੀ ਸ਼ਿੰਦੀ, ਯੂਥ ਪ੍ਰਧਾਨ ਰਵਿਕ, ਮੀਤ ਪ੍ਰਧਾਨ ਨੀਲਮ ਬੱਲ, ਸੈਕਟਰੀ ਸੁਲੇਮਾਨ, ਸਵਿਤਾ ਤੇਜਾ, ਖਜਾਨਚੀ ਮੰਗਤ ਮਸੀਹ, ਰਾਜੇਸ਼ ਖੋਖਰ, ਸਟੀਫਨ ਤਿਲਕ, ਪ੍ਰਿੰਸੀਪਲ ਸਲਵਿੰਦਰ ਤੇਜਾ, ਅਬਰਾਹਮ ਡਡਵਾਂ, ਸੋਨੀਆਂ, ਸੋਨੀਆਂ ਬੇਦੇਸ਼ਾ, ਰਾਜੂ ਅਖਲਾਸਪੁਰ, ਐਡਵੋਕੇਟ ਵਿਪਨ ਨਵਾਂ ਪਿੰਡ, ਜੀਵਨ ਮਸੀਹ, ਯਾਕੂਬ ਮਸੀਹ, ਮੋਹਿਤ ਰਣੀਆਂ, ਰਿਬਕਾ, ਸਾਬਕਾ ਸਰਪੰਚ ਅਸ਼ੋਕ ਖੋਖਰ, ਡਾਇਰੈਕਟਰ ਸਮਾਊਨ ਯੂਸਫ ਸੰਧੂ, ਐਡਵੋਕੇਟ ਪਾਲ ਸੰਧੂ, ਤਰਸੇਮ ਕਮਾਂਡੋ, ਸਰਪੰਚ ਮੈਡਮ ਰਾਖਲ, ਮੈਡਮ ਸੀਲਾ, ਜਤਿੰਦਰ ਖੋਖਰ ਆਦਿ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਪ੍ਰਭੂ ਯਿਸੂ ਮਸੀਹ ਦੇ ਦੁੱਖ ਭੋਗ ਦਿਹਾੜੇ 'ਗੁੱਡ ਫਰਾਈਡੇ' ਤੇ ਕੈਥੋਲਿਕ ਕਲੀਸਿਆ ਦੇ ਪੈਰਿਸ਼ ਪ੍ਰੀਸ਼ਟ ਫਾਦਰ ਜੋਸ਼ ਪਡਿਆਟੀ ਦੀ ਅਗਵਾਈ ਹੇਠ ਅਤੇ ਪੈਰਿਸ਼ ਕੌਂਸਲ ਪ੍ਰਧਾਨ ਜੋਹਨ ਮਸੀਹ ਰਣੀਆਂ ਦੇ ਪ੍ਰਬੰਧਾਂ ਹੇਠ ਪਿੰਡ ਡਡਵਾਂ ਦੇ ਸੇਂਟ ਜੋਸਫ ਗਿਰਜਾਘਰ ਤੋਂ ਦੁੱਖ ਭੋਗ ਯਾਤਰਾ ਦਾ ਆਰੰਭ ਹੋਇਆ। ਇਸ ਮੌਕੇ ਤੇ ਜਿਸ ਵਿੱਚ ਕਲੀਸੀਆ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਨਾਲ ਹੱਥਾਂ ਵਿੱਚ ਸਲੀਬਾਂ ਉਠਾਏ ਹੋਏ ਸਨ ਤੇ ਭਗਤੀ ਭਰ ਵਿੱਚ ਸੁਸ਼ੋਭਿਤ 14 ਮੁਕਾਮਾਂ ਤੇ ਠਹਿਰਦੇ ਹੋਏ ਪ੍ਰਾਰਥਨਾ ਵਿੱਚ ਕਰਕੇ ਅੱਗੇ ਧਾਰੀਵਾਲ ਸ਼ਹਿਰ ਤੋਂ ਵਿੱਚਦੇ ਹੋਏ ਪਿੰਡ ਰਣੀਆਂ ਤੋਂ ਹੁੰਦੇ ਹੋਏ ਸੰਤਨੀ ਤਰੇਜਾ ਕੈਥੋਲਿਕ ਚਰਚ ਤਰੇਜਾ ਨਗਰ ਪਹੁੰਚੀ। ਜਿੱਥੇ ਸਮੂਹ ਕਲੀਸੀਆ ਨੇ ਪਵਿੱਤਰ ਰਸਮਾਂ ਵਿੱਚ ਭਾਗ ਲੈਂਦੇ ਹੋਏ ਸਲੀਬ ਦਾ ਚੁੰਮਣ ਕੀਤਾ। ਇਸ ਵਾਰ ਹਰ ਮੁਕਾਮ ਤੇ ਹੋਈਆਂ ਘਟਨਾਵਾਂ ਨੂੰ ਦਰਸਾਉਂਦੇ ਸ਼ੋਅ ਵੀ ਕੀਤੇ ਗਏ ਜੋ ਖਿੱਚ ਦਾ ਕੇਂਦਰ ਰਹੇ। ਇਸ ਦੁੱਖ ਭੋਗ ਯਾਰਤਾ ਸੰਤਨੀ ਤਰੇਜਾ ਕੈਥੋਲਿਕ ਚਰਚ ਤਰੀਜਾ ਨਗਰ ਵਿਖੇ ਜਾ ਕੇ ਸਮਾਪਤ ਹੋਈ ਜਿਥੇ ਲੰਗਰ ਆਦਿ ਵੀ ਅਤੁੱਟ ਵਰਤਿਆ। ਇਸ ਮੌਕੇ ਪੈਰਿਸ਼ ਪ੍ਰੀਸ਼ਟ ਫਾਦਰ ਜੋਸ਼ ਪਡਿਆਟੀ ਤੋਂ ਇਲਾਵਾ ਜੋਹਨ ਮਸੀਹ ਰਣੀਆਂ ਪ੍ਰਧਾਨ ਪੈਰਿਸ਼ ਕੌਂਸਲ ਧਾਰੀਵਾਲ, ਸਿਸਟਰ ਮਰਸ਼ੀ, ਪ੍ਰਿੰਸੀਪਲ ਸਿਸਟਰ ਰਜੀਨਾ ਪੌਲ, ਸਿਸਟਰ ਫਰਾਂਸਿਸਕਾ, ਬਾਊ ਪਤਰਸ, ਬਾਊ ਕਰਮਾ, ਬਾਬੂ ਵਾਰਿਸ, ਬਾਬੂ ਪੀਟਰ ਹੰਸ, ਬਾਬੂ ਮਨੀ ਮੱਟੂ, ਮਰੀਅਮ ਸੈਨਾ ਪ੍ਰਧਾਨ ਬੀਬੀ ਸ਼ਿੰਦੀ, ਯੂਥ ਪ੍ਰਧਾਨ ਰਵਿਕ, ਮੀਤ ਪ੍ਰਧਾਨ ਨੀਲਮ ਬੱਲ, ਸੈਕਟਰੀ ਸੁਲੇਮਾਨ, ਸਵਿਤਾ ਤੇਜਾ, ਖਜਾਨਚੀ ਮੰਗਤ ਮਸੀਹ, ਰਾਜੇਸ਼ ਖੋਖਰ, ਸਟੀਫਨ ਤਿਲਕ, ਪ੍ਰਿੰਸੀਪਲ ਸਲਵਿੰਦਰ ਤੇਜਾ, ਅਬਰਾਹਮ ਡਡਵਾਂ, ਸੋਨੀਆਂ, ਸੋਨੀਆਂ ਬੇਦੇਸ਼ਾ, ਰਾਜੂ ਅਖਲਾਸਪੁਰ, ਐਡਵੋਕੇਟ ਵਿਪਨ ਨਵਾਂ ਪਿੰਡ, ਜੀਵਨ ਮਸੀਹ, ਯਾਕੂਬ ਮਸੀਹ, ਮੋਹਿਤ ਰਣੀਆਂ, ਰਿਬਕਾ, ਸਾਬਕਾ ਸਰਪੰਚ ਅਸ਼ੋਕ ਖੋਖਰ, ਡਾਇਰੈਕਟਰ ਸਮਾਊਨ ਯੂਸਫ ਸੰਧੂ, ਐਡਵੋਕੇਟ ਪਾਲ ਸੰਧੂ, ਤਰਸੇਮ ਕਮਾਂਡੋ, ਸਰਪੰਚ ਮੈਡਮ ਰਾਖਲ, ਮੈਡਮ ਸੀਲਾ, ਜਤਿੰਦਰ ਖੋਖਰ ਆਦਿ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਸੰਨੀ ਮਹਾਜਨ ਨੇ ਆਪਣੀ ਮਾਤਾ ਦਾ ਜਨਮ ਦਿਨ ਮਰੀਜ਼ਾਂ ਨੂੰ ਭੋਜਨ ਛਕਾ ਕੇ ਮਨਾਇਆ



**ਪਠਾਨਕੋਟ (ਦਵਿੰਦਰ ਸਿੰਘ)**- ਪਠਾਨਕੋਟ ਵਿਕਾਸ ਮੰਚ ਦੁਆਰਾ ਸਿਵਲ ਹਸਪਤਾਲ ਵਿੱਚ ਚਲਾਈ ਜਾ ਰਹੀ ਸਸਤੀ ਰਸੋਈ ਵਿੱਚ ਪ੍ਰਤਾਪ ਵਰਲਡ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਅਤੇ ਜਾਗ੍ਰਿਤੀ ਫਾਊਂਡੇਸ਼ਨ ਚੈਰੀਟੇਬਲ ਟਰੱਸਟ ਦੇ ਮਹਾਸਕੱਤਰ ਰੋਟੇਰੀਅਨ ਸੰਨੀ ਮਹਾਜਨ ਨੇ ਆਪਣੇ ਸਹਿਯੋਗੀਆਂ ਨਾਲ ਪਹੁੰਚ ਕੇ ਆਪਣੀ ਮਾਤਾ ਅਤੇ ਸਕੂਲ ਦੀ ਚੇਅਰਪਰਸਨ ਸ਼ਸ਼ੀ ਮਹਾਜਨ (ਪਤਨੀ ਸੁਰਜੀਤ ਮਹਾਜਨ) ਦਾ ਜਨਮ ਦਿਨ ਮਰੀਜ਼ਾਂ ਨੂੰ ਮੁਫ਼ਤ ਦੁਪਹਿਰ ਦਾ ਭੋਜਨ ਵੰਡ ਕੇ ਮਨਾਇਆ ਅਤੇ ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ।ਇਸ ਮੌਕੇ ਸਕੂਲ ਦੇ ਡਾਇਰੈਕਟਰ, ਰੋਟੇਰੀਅਨ ਓਸ਼ਿਨ ਮਹਾਜਨ ਵੀ ਉਨ੍ਹਾਂ ਨਾਲ ਮੌਜੂਦ ਸਨ।ਇਸ ਮੌਕੇ ਉਨ੍ਹਾਂ ਨਾਲ ਜਾਗ੍ਰਿਤੀ ਫਾਊਂਡੇਸ਼ਨ ਦੇ ਮੈਨੇਜਿੰਗ ਟਰੱਸਟੀ ਰਵਿੰਦਰ ਵਾਲੀਆ ਅਤੇ ਰੋਟਰੀ ਕਲੱਬ ਪਠਾਨਕੋਟ ਦੇ ਪ੍ਰਧਾਨ ਰੋਟੇਰੀਅਨ ਵਿਕਾਸ ਮਹਾਜਨ, ਰੋਟੇਰੀਅਨ ਡਾ. ਅਸ਼ੀਸ਼ ਮੰਗੋਤ, ਰੋਟੇਰੀਅਨ ਵਿਜੇ ਸੁਨੇਜਾ, ਰੋਟੇਰੀਅਨ ਆਰ. ਐੱਲ. ਖੋਸਲਾ, ਰੋਟੇਰੀਅਨ ਦਿਨਕਰ ਭੰਡਾਰੀ ਅਤੇ ਰੋਟੇਰੀਅਨ ਅਜੇ ਸੇਠ ਵੀ ਹਾਜ਼ਰ ਸਨ। ਮੰਚ ਦੇ ਚੇਅਰਮੈਨ ਨਰਿੰਦਰ ਕਾਲਾ, ਪ੍ਰਧਾਨ ਦਿਨੇਸ਼ ਮੰਗਲਿਕ, ਉਪ-ਚੇਅਰਮੈਨ ਆਦੇਸ਼ ਸਿਆਲ, ਉਪ-ਪ੍ਰਧਾਨ ਵਰਿੰਦਰ ਸਾਗਰ, ਸਤਗੁਰੀ ਇੰਚਾਰਜ ਡਾ. ਰਾਜਿੰਦਰ ਸ਼ਰਮਾ ਅਤੇ ਕੋਸ਼ੈਲਿਆ ਅਰਜੁਨ ਕੁਮਾਰ ਨੇ ਮਹਾਜਨ ਪਰਿਵਾਰ ਨੂੰ ਜਨਮ ਦਿਨ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਆਸ ਪ੍ਰਗਟ ਕੀਤੀ ਕਿ ਸ਼ਹਿਰ ਦੇ ਲੋਕ ਇਸ ਪਹਿਲ ਤੋਂ ਪ੍ਰੇਰਨਾ ਲੈਣਗੇ ਅਤੇ ਆਪਣੇ ਘਰਾਂ ਵਿੱਚ ਹੋਣ ਵਾਲੇ ਸ਼ੁਭ ਸਮਾਗਮਾਂ ਨੂੰ ਸਮਤੀ ਗਰੀਬਾਂ ਵਿੱਚ ਆ ਕੇ ਮਨਾਉਣਗੇ, ਜਿਸ ਨਾਲ ਉਹ ਪੁੰਨ ਦੇ ਭਾਗੀਦਾਰ ਬਣ ਸਕਣਗੇ।ਇਸ ਮੌਕੇ ਵਿਕਾਸ ਮੰਚ ਦੇ ਗਗਨ ਸ਼ਰਮਾ, ਕਮਲ ਧੀਰ, ਵੇਦ ਪ੍ਰਕਾਸ਼ ਸ਼ਰਮਾ, ਅਰੁਣ ਵਾਲੀਆ, ਰਾਮ ਲੁਭਾਇਆ, ਪਵਨ ਪਠਾਨੀਆ, ਉੱਤਮ ਚੰਦ, ਜਤਿੰਦਰ ਸ਼ਰਮਾ, ਜਨਕ ਰਾਜ, ਰਾਜਿੰਦਰ ਕੋਹਲੀ ਆਦਿ ਵੀ ਮੌਜੂਦ ਸਨ।

# ਕਟਾਰੂਚੱਕ ਨੇ ਤਾਰਾਗੜ੍ਹ ਦੀ ਦਾਣਾ ਮੰਡੀ 'ਚ ਪਹੁੰਚੀ ਕਣਕ ਦਾ ਲਿਆ ਜਾਇਜ਼ਾ

**ਪਠਾਨਕੋਟ (ਦਵਿੰਦਰ ਸਿੰਘ)**- ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਵਿਧਾਨ ਸਭਾ ਹਲਕਾ ਭੋਆ ਦੀ ਤਾਰਾਗੜ੍ਹ ਦਾਣਾ ਮੰਡੀ ਵਿੱਚ ਪਹੁੰਚੇ ਅਤੇ ਮੰਡੀ ਵਿੱਚ ਪਹੁੰਚੀ ਕਣਕ ਦਾ ਜਾਇਜ਼ਾ ਲਿਆ। ਇਸ ਮੌਕੇ ਮੰਡੀ ਵਿੱਚ ਕੰਮ ਕਰਦੇ ਮਜ਼ਦੂਰਾਂ ਦੇ ਨਾਲ ਗੱਲਬਾਤ ਕੀਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਜੰਗ ਬਹਾਦੁਰ ਬਲਾਕ ਪ੍ਰਧਾਨ, ਰਾਜਾ ਬਕਨੌਰ ਅਤੇ ਹੋਰ ਪਾਰਟੀ ਕਾਰਜਕਰਤਾ ਵੀ ਹਾਜ਼ਰ ਸਨ।ਇਸ ਮੌਕੇ ਸੰਬੋਧਨ ਕਰਦਿਆ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਉਨ੍ਹਾਂ ਵੱਲੋਂ ਜ਼ਿਲ੍ਹਾ ਪਠਾਨਕੋਟ ਦੀ ਤਾਰਾਗੜ੍ਹ ਦੀ ਦਾਣਾ ਮੰਡੀ ਦਾ ਦੌਰਾ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਕਣਕ ਦੀ ਖਰੀਦ ਪੂਰੇ ਜ਼ੋਰਾਂ ਤੇ ਹੈ, ਉਨ੍ਹਾਂ ਦੱਸਿਆ ਕਿ ਹੁਣ ਤੱਕ ਪੰਜਾਬ ਦੀ ਮੰਡੀਆਂ ਵਿੱਚ 28 ਲੱਖ ਮੀਟਰਿਕ ਟਨ ਕਣਕ ਪਹੁੰਚੀ ਹੈ ਅਤੇ ਇਸ ਵਿੱਚੋਂ 24.5 ਮੀਟਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ ਅਤੇ ਐੱਮ. ਐੱਸ. ਪੀ. ਅਨੁਸਾਰ ਕਿਸਾਨਾਂ ਦੀ ਬਣਦੀ ਰਾਸੀ ਕਰੀਬ 2500 ਕਰੋੜ ਰੁਪਏ ਦਾ ਕਿਸਾਨਾਂ ਦੇ ਖਾਤਿਆਂ ਵਿੱਚ ਭੁਗਤਾਨ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੇ ਸਖਤ ਆਦੇਸ਼ ਹਨ ਕਿ ਮੰਡੀਆਂ ਅੰਦਰ ਕਿਸਾਨਾਂ ਨੂੰ ਜਾਂ ਮਜ਼ਦੂਰਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਨਹੀਂ ਹੋਣੀ ਚਾਹੀਦੀ।ਉਨ੍ਹਾਂ ਕਿਹਾ ਕਿ ਇਨ੍ਹਾਂ ਆਦੇਸ਼ਾਂ ਨੂੰ ਧਿਆਨ ਵਿੱਚ ਰੱਖਦਿਆ ਉਨ੍ਹਾਂ ਵੱਲੋਂ ਖੁਦ ਮੰਡਿਆਂ ਤੱਕ ਪਹੁੰਚ ਕੀਤੀ ਗਈ ਹੈ ਅਤੇ ਵਿਭਾਗੀ ਅਧਿਕਾਰੀ ਵੀ ਇਨ੍ਹਾ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਇਸ ਸਾਲ ਕੇਂਦਰੀ ਪੂਲ ਲਈ 124 ਲੱਖ ਮੀਟਰਿਕ ਟਨ ਕਣਕ ਦਾ ਟੀਚਾ ਮਿਲਿਆ ਹੈ ।ਉਨ੍ਹਾਂ ਕਿਹਾ ਕਿ ਇਸ ਵਾਰ ਕਣਕ ਦੀ ਪੈਦਾਵਾਰ ਬਹੁਤ ਹੀ ਵਧੀਆ ਹੈ ਜਿਸ ਦਾ ਸਿੱਧੇ ਤੌਰ 'ਤੇ ਕਿਸਾਨਾਂ ਨੂੰ ਲਾਭ ਹੋਵੇਗਾ ਅਤੇ ਅਸੀਂ ਨਿਰਧਾਰਤ ਟੀਚੇ ਤੋਂ ਵੱਧ ਕਣਕ ਦੀ ਖਰੀਦ ਕਰਾਂਗੇ।ਉਨ੍ਹਾਂ ਕਿਹਾ ਕਿ ਸਰਕਾਰ ਦਾ ਕਿਸਾਨਾਂ ਨਾਲ ਵਾਅਦਾ ਹੈ ਕਿ 24 ਘੰਟਿਆਂ ਦੇ ਅੰਦਰ ਅੰਦਰ ਉਨ੍ਹਾਂ ਦੀ ਕਣਕ ਦੀ ਬਣਦੀ ਰਕਮ ਉਨ੍ਹਾਂ ਦੇ ਖਾਤਿਆਂ ਵਿੱਚ ਪਾਈ ਜਾਵੇਗੀ।ਉਨ੍ਹਾਂ ਕਿਹਾ ਕਿ ਕਿਸਾਨਾਂ ਵੱਲੋਂ ਪੈਦਾ ਕੀਤੀ ਕਣਕ ਦੀ ਇੱਕ ਇੱਕ ਦਾਣੇ ਦੀ ਖਰੀਦ ਕੀਤੀ ਜਾਵੇਗੀ।

# ਘਣੀਏ ਕੇ ਬਾਂਗਰ, ਡੁੱਲਟ ਤੇ ਕਾਲਾ ਅਫਗਾਨਾ ਦੇ ਸਕੂਲਾਂ 'ਚ ਵਿਕਾਸ ਕਾਰਜਾਂ ਦੇ ਉਦਘਾਟਨ



**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਸ. ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਸਰਕਾਰੀ ਸਕੂਲਾਂ ਦੀ ਵਿਕਾਸ ਪੱਖੋਂ ਕਾਇਆ ਕਲਪ ਕੀਤੀ ਗਈ ਹੈ ਅਤੇ ਵਿਦਿਆਰਥੀਆਂ ਨੂੰ ਸਕੂਲਾਂ ਵਿੱਚ ਪੜ੍ਹਾਈ ਦੇ ਨਾਲ ਸੰਬੰਧਿਤ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਪਨਸਪ ਚੇਅਰਮੈਨ ਜ਼ਿਲ੍ਹਾ ਅਤੇ ਹਲਕਾ ਇੰਚਾਰਜ ਬਲਬੀਰ ਸਿੰਘ ਪਨੂੰ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਘਣੀਏ ਕੇ ਬਾਂਗਰ ਵਿਖੇ 29 ਲੱਖ ਰੁਪਏ, ਸਰਕਾਰੀ ਪ੍ਰਾਇਮਰੀ ਸਕੂਲ ਕਾਲਾ ਅਫਗਾਨਾ ਵਿਖੇ 7 ਲੱਖ ਰੁਪਏ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਡੁੱਲਟ ਵਿਖੇ 2 ਲੱਖ ਰੁਪਏ ਦੇ ਵਿਕਾਸ ਕਾਰਜਾਂ ਦੇ ਉਦਘਾਟਨ ਕਰਨ ਮੌਕੇ ਸੰਬੋਧਨ ਕਰਦਿਆਂ ਕੀਤਾ।ਚੇਅਰਮੈਨ ਪਨੂੰ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਲਈ ਵਚਨਬਧਤਾ ਨਿਭਾਉਂਦਿਆਂ ਯਤਨਸ਼ੀਲ ਕਦਮ ਪੁੱਟ ਰਹੀ ਹੈ, ਉਨਾਂ ਕਿਹਾ ਕਿ 'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਹਲਕਾ ਫਤਿਹਗੜ੍ਹ ਚੂੜੀਆਂ ਹਲਕੇ ਦੇ ਸਰਕਾਰੀ ਸਕੂਲਾਂ ਦੀ ਨੁਹਾਰ ਸੁੰਦਰ ਬਣਾ ਕੇ ਰੱਖ ਦਿੱਤੀ ਹੈ।ਚੇਅਰਮੈਨ ਪਨੂੰ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਸਹੂਲਤ ਲਈ ਸ਼ਾਨਦਾਰ ਕਮਰੇ, ਫਰਨੀਚਰ, ਵਾਈ-ਫਾਈ ਕੁਨੈਕਸ਼ਨ ਅਤੇ ਪੀਣ ਲਈ ਸਾਫ਼-ਸ਼ੁੱਧ ਪਾਣੀ ਅਤੇ ਸਕੂਲਾਂ ਦੀ ਚਾਰਦੀਵਾਰੀ, ਸਾਇੰਸ ਲੈਬਾਂ ਲਈ ਇਮਾਰਤਾ ਆਦਿ ਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ ਅਤੇ ਵਿਦਿਆਰਥੀਆਂ ਨੂੰ ਸੂਕਲਾਂ ਵਿੱਚ ਪੜ੍ਹਨ ਦਾ ਵਧੀਆ ਮਾਹੌਲ ਪ੍ਰਦਾਨ ਕੀਤਾ ਗਿਆ ਹੈ, ਜਿਸ ਕਰਕੇ ਪ੍ਰਾਈਵੇਟ ਸਕੂਲੀ ਅਦਾਰਿਆਂ ਨਾਲੋਂ ਕਿਸੇ ਵੀ ਤਰ੍ਹਾਂ ਸਰਕਾਰੀ ਸਕੂਲ ਪਿੱਛੇ ਨਹੀਂ ਹਨ।ਇਸ ਮੌਕੇ ਬੱਚਿਆਂ ਵੱਲੋਂ ਰੰਗਾ-ਰੰਗ ਪ੍ਰੋਗਰਾਮ ਦੀ ਪੇਸ਼ਕਾਰੀ ਕੀਤੀ ਗਈ ਅਤੇ ਵੱਖ-ਵੱਖ ਸਕੂਲਾਂ ਦੇ ਸਟਾਫ ਵੱਲੋਂ ਚੇਅਰਮੈਨ ਬਲਬੀਰ ਸਿੰਘ ਪੰਨੂ ਦਾ ਨਿੱਘਾ ਸਵਾਗਤ ਕੀਤਾ ਗਿਆ।ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੇ ਬੱਚਿਆਂ ਨੂੰ ਪਹੁੰਚੀਆਂ ਸ਼ਖ਼ਸ਼ੀਅਤਾਂ ਸਮੇਤ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪੀਏ ਕਰਮਜੀਤ ਸਿੰਘ ਬਰਾੜ, ਗੁਰਬਿੰਦਰ ਸਿੰਘ ਕਾਦੀਆਂ ਰਾਜਪੂਤਾਂ, ਸ਼ਮਸ਼ੀਰ ਸਿੰਘ ਸ਼ੇਰਾ, ਹਰਦੀਪ ਸਿੰਘ ਮੰਜਿਆਂਵਾਲੀ, ਸਰਬਜੀਤ ਸਿੰਘ ਰੰਧਾਵਾ ਘਣੀਏ ਕੇ ਬਾਂਗਰ, ਮਾ. ਹਰਿਕਵਲ ਸਿੰਘ, ਸੁਖਰਾਜ ਸਿੰਘ, ਹਰਦੀਪ ਸਿੰਘ ਦਮੋਦਰ, ਮਾ. ਸਤਵਿੰਦਰ ਸਿੰਘ ਰਿਆੜ, ਹਰਬੰਸ ਸਿੰਘ, ਨੋਡਲ ਅਫਸਰ ਹਰਭਜਨ ਲਾਲ, ਮੁਖ ਅਧਿਆਪਕ ਗਗਨਦੀਪ ਕੌਰ, ਹਰਜਿੰਦਰ ਸਿੰਘ, ਸੁਮਨਪ੍ਰੀਤ ਸੁਨੀਤਾ ਦੇਵੀ, ਹਰਜਿੰਦਰ ਸਿੰਘ ਜੌਹਲ, ਦਿਲਜੀਤ ਕੌਰ, ਸੁਖਵੰਤ ਕੌਰ, ਪਰਮਜੀਤ ਕੌਰ, ਦਲਜੀਤ ਕੌਰ, ਸਤਵਿੰਦਰ ਕੌਰ ਕੁਲਵਿੰਦਰ ਕੌਰ, ਕੁਲਵਿੰਦਰ ਕੌਰ, ਕੁਲਵਿੰਦਰ ਸਿੰਘ ਪੰਨੂ, ਸਤਵਿੰਦਰਜੀਤ ਕੌਰ, ਰਾਜਵੀਰ ਕੌਰ, ਪਰਮਜੀਤ ਸਿੰਘ ਡੁਲਟ ਆਦਿ ਹਾਜ਼ਰ ਸਨ।

# ਪ੍ਰਤਾਪ ਵਰਲਡ ਸਕੂਲ ਦੇ ਪੰਜ ਵਿਦਿਆਰਥੀ ਜੇਈਈ ਮੇਨਸ 'ਚ ਪਾਸ



**ਪਠਾਨਕੋਟ (ਦਵਿੰਦਰ ਸਿੰਘ)**- ਪ੍ਰਤਾਪ ਵਰਲਡ ਸਕੂਲ, ਪਠਾਨਕੋਟ ਨੂੰ ਇਸ ਗੱਲ ਤੇ ਮਾਣ ਹੈ ਕਿ ਇਸਦੇ ਪੰਜ ਵਿਦਿਆਰਥੀਆਂ ਨੇ JEE ਮੇਨਸ ਪ੍ਰੀਖਿਆ ਸਫਲਤਾਪੂਰਵਕ ਪਾਸ ਕੀਤੀ ਹੈ ਅਤੇ ਹੁਣ ਉਹ ਜੇਈਈ ਐਡਵਾਂਸਡ ਵਿੱਚ ਸ਼ਾਮਲ ਹੋਣ ਦੇ ਯੋਗ ਬਣ ਗਏ ਹਨ, ਜੋ ਦੇਸ਼ ਦੇ ਪ੍ਰਸਿੱਧ ਆਈਆਈਟੀ ਵਿੱਚ ਦਾਖ਼ਲੇ ਦਾ ਰਾਹ ਹੈ।ਵਜੂਹਾ, ਉੱਨਤ, ਐਰਿਕ, ਹਰਸ਼ਿਤ ਅਤੇ ਨਿਹਾਰਿਕਾ ਨੇ ਟੈਸਟ ਕੁਆਲੀਫਾਈ ਕੀਤਾ ਹੈ।ਇਸ ਸਫਲਤਾ ਨਾਲ ਹੀ ਇਨ੍ਹਾਂ ਵਿਦਿਆਰਥੀਆਂ ਨੇ ਐੱਨਆਈਟੀ ਅਤੇ ਦੇਸ਼ ਦੀਆਂ ਹੋਰ ਪ੍ਰਮੁੱਖ ਸੰਸਥਾਵਾਂ ਵਿੱਚ ਸੀਟ ਸੁਨਿਸ਼ਚਿਤ ਕਰ ਲਈ ਹੈ।ਹੁਣ ਉਹ ਜੇਈਈ ਐਡਵਾਂਸਡ ਵਰਗੀ ਚੁਣੌਤੀਪੂਰਨ ਪ੍ਰੀਖਿਆ ਲਈ ਤਿਆਰੀ ਕਰਨਗੇ।ਇਨ੍ਹਾਂ ਵਿੱਚੋਂ ਵਜੂਹਾ ਨੇ ਸਭ ਤੋਂ ਵੱਧ ਸਕੋਰ (97.75 ਪਰਸੈਂਟਾਈਲ) ਹਾਸਿਲ ਕਰਕੇ ਆਪਣੀ ਮਿਹਨਤ ਅਤੇ ਲਗਨ ਦਾ ਪ੍ਰਮਾਣ ਦਿੱਤਾ ਹੈ।ਸਕੂਲ ਦੇ ਨਿਰਦੇਸ਼ਕ ਸੰਨੀ ਮਹਾਜਨ ਨੇ ਇਸ ਸ਼ਾਨਦਾਰ ਕਾਮਯਾਬੀ ਤੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਇਹ ਸਫਲਤਾ ਸਾਡੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਲਗਨ ਦਾ ਸਬੂਤ ਹੈ।ਪ੍ਰਤਾਪ ਵਰਲਡ ਸਕੂਲ ਵਿੱਚ ਅਸੀਂ ਪ੍ਰਤੀਯੋਗੀ ਪ੍ਰੀਖਿਆਵਾਂ ਲਈ ਵਧੀਆ ਸਿੱਖਿਆ ਮਾਹੌਲ, ਸਰੋਤ ਅਤੇ ਮਾਰਗਦਰਸ਼ਨ ਦੇਣ ਲਈ ਸਦਾ ਤਿਆਰ ਰਹਿੰਦੇ ਹਾਂ।ਨਿਰਦੇਸ਼ਕਾ ਓਸ਼ਿਨ ਮਹਾਜਨ ਨੇ ਵੀ ਖੁਸ਼ੀ ਜ਼ਾਹਰ ਕਰਦੇ ਹੋਏ ਕਿਹਾ ਸਾਡੇ ਵਿਦਿਆਰਥੀਆਂ ਨੇ ਆਪਣੇ ਸ਼ਾਨਦਾਰ ਨਤੀਜਿਆਂ ਨਾਲ ਸਾਨੂੰ ਮਾਣ ਮਹਿਸੂਸ ਕਰਵਾਇਆ ਹੈ।ਇਹ ਸਫਲਤਾ ਅਧਿਆਪਕਾਂ ਦੀ ਮਿਹਨਤ ਅਤੇ ਵਿਦਿਆਰਥੀਆਂ ਦੀ ਲਗਨ ਦਾ ਨਤੀਜਾ ਹੈ।ਅਸੀਂ ਉਨ੍ਹਾਂ ਨੂੰ ਅੱਗੇ ਵੀ ਹਰ ਸੰਭਵ ਸਹਾਇਤਾ ਦਿੰਦੇ ਰਹਾਂਗੇ।ਪ੍ਰਿੰਸੀਪਲ ਸੁਭਰਾ ਰਾਣੀ ਨੇ ਕਿਹਾ ਕਿ ਵਿਦਿਆਰਥੀਆਂ ਦੀ ਮਿਹਨਤ ਅਤੇ ਸਮਰਪਣ ਰੰਗ ਲੈ ਆਈ ਹੈ।ਇਹ ਸਿਰਫ਼ ਇੱਕ ਸ਼ੁਰੂਆਤ ਹੈ ਅਤੇ ਸਾਨੂੰ ਪੂਰਾ ਭਰੋਸਾ ਹੈ ਕਿ ਉਹ ਜੇਈਈ ਐਡਵਾਂਸਡ ਅਤੇ ਆਪਣੇ ਭਵਿੱਖ ਦੇ ਕੈਰੀਅਰ ਵਿੱਚ ਵੀ ਸਾਡਾ ਨਾਮ ਰੌਸ਼ਨ ਕਰਨਗੇ।ਪ੍ਰਤਾਪ ਵਰਲਡ ਸਕੂਲ ਆਪਣੇ ਉੱਚ-ਪੱਧਰੀ ਸਿੱਖਿਆ ਮਾਪਦੰਡਾਂ ਲਈ ਜਾਣਿਆ ਜਾਂਦਾ ਹੈ ਅਤੇ ਵਿਦਿਆਰਥੀਆਂ ਨੂੰ ਰਾਸ਼ਟਰੀ ਪੱਧਰ ਦੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਲਈ ਤਿਆਰ ਕਰਨ ਵਿੱਚ ਮਦਦ ਕਰਦਾ ਹੈ।ਸਖ਼ਤ ਮਿਹਨਤ, ਮਾਹਿਰ ਅਧਿਆਪਕਾਂ ਅਤੇ ਨਿਰੰਤਰ ਪ੍ਰੇਰਣਾ ਨਾਲ ਸਕੂਲ ਵਿਦਿਆਰਥੀਆਂ ਦੇ ਚਮਕਦਾਰ ਭਵਿੱਖ ਨੂੰ ਸਾਕਾਰ ਕਰਨ ਲਈ ਸਮਰਪਿਤ ਹੈ।

# ਠੀਕਰੀਵਾਲ 'ਚ ਮਸੀਹ ਭਾਈਚਾਰੇ ਨੇ ਮਨਾਇਆ ਈਸਟਰ ਦਾ ਤਿਉਹਾਰ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਸਥਾਨਕ ਪਿੰਡ ਠੀਕਰੀਵਾਲ ਦੀ ਚਰਚ ਵਿਖੇ ਸਰਪੰਚ ਤੇ ਪ੍ਰਧਾਨ ਸੁਖਵਿੰਦਰ ਮਸੀਹ ਉਰਫ ਬੂਟਾ ਮਸੀਹ ਦੇ ਵੱਲੋਂ ਅਤੇ ਸਮੂਹ ਮਸੀਹ ਭਾਈਚਾਰੇ ਦੇ ਵੱਲੋਂ ਈਸਟਰ ਦੇ ਤਿਉਹਾਰ ਮਨਾਇਆ ਗਿਆ।ਇਸ ਮੌਕੇ ਮਸੀਹ ਭਾਈਚਾਰੇ ਦੇ ਵੱਲੋਂ ਪ੍ਰਭੂ ਯਿਸੂ ਮਸੀਹ ਦੇ ਗੁਣਗਾਨ ਕੀਤੇ।ਇਸ ਮੌਕੇ ਸਰਪੰਚ ਸੁਖਵਿੰਦਰ ਮਸੀਹ ਉਰਫ ਬੂਟਾ ਮਸੀਹ ਨੇ ਆਏ ਹੋਏ ਲੋਕਾਂ ਨੂੰ ਪ੍ਰਭੂ ਯਿਸੂ ਮਸੀਹ ਦੀਆਂ ਸਿੱਖਿਆਵਾਂ ਬਾਰੇ ਜਾਣਕਾਰੀ ਦਿੱਤੀ ਤੇ ਕਿਹਾ ਕਿ ਈਸਟਰ ਦਾ ਅਰਥ ਹੈ ਕਿ ਪ੍ਰਭੂ ਯਿਸੂ ਨੇ ਦੁਨੀਆ ਦੇ ਪਾਪਾਂ ਲਈ ਕੁਰਬਾਨੀ ਦਿੱਤੀ ਅਤੇ ਤੀਸਰੇ ਦਿਨ ਮੁਰਦਿਆਂ ਵਿਚੋਂ ਜੀ ਉਠੇ।ਸਰਪੰਚ ਸੁਖਵਿੰਦਰ ਮਸੀਹ ਨੇ ਅੱਗੇ ਦੱਸਿਆ ਕਿ ਪ੍ਰਭੂ ਈਸਾ ਮਸੀਹ ਦੇ ਪੁਨਰ-ਜੀਵਨ ਦੀ ਯਾਦ ਵਿੱਚ ਮਨਾਇਆ ਜਾਣ ਵਾਲਾ ਈਸਟਰ ਦਾ ਪਵਿੱਤਰ ਤਿਉਹਾਰ ਸਾਨੂੰ ਨਿਰਸੁਆਰਥ ਪ੍ਰੇਮ ਅਤੇ ਸੇਵਾ ਦਾ ਸੰਦੇਸ਼ ਦਿੰਦਾ ਹੈ।ਈਸਾ ਮਸੀਹ ਦੇ ਬਲੀਦਾਨ ਤੋਂ ਸਾਨੂੰ ਤਿਆਗ ਅਤੇ ਮੁਆਫੀ ਦੀ ਸਿੱਖਿਆ ਮਿਲਦੀ ਹੈ।ਉਨ੍ਹਾਂ ਦੇ ਜੀਵਨ ਤੋਂ ਮਨੁੱਖਤਾ ਨੂੰ ਸੱਚ, ਨਿਆਂ ਅਤੇ ਦਇਆ ਦੇ ਰਾਹ ਤੇ ਚੱਲਣ ਦੀ ਪ੍ਰੇਰਣਾ ਮਿਲਦੀ ਹੈ।ਇਸ ਮੌਕੇ ਪ੍ਰਧਾਨ ਸੁਖਵਿੰਦਰ ਮਸੀਹ ਨੇ ਈਸਟਰ ਦੀ ਵਧਾਈ ਦਿੱਤੀ ਅਤੇ ਸਾਰਿਆਂ ਨੂੰ ਸਮਾਜ ਵਿੱਚ ਪਿਆਰ ਤੇ ਸਦਭਾਵਨਾ ਫੈਲਾਉਣ ਤੇ ਦੇਸ਼ ਦੇ ਵਿਕਾਸ 'ਚ ਯੋਗਦਾਨ ਪਾਉਣ ਲਈ ਆਖਿਆ।ਉਨ੍ਹਾਂ ਆਖਿਆ ਕਿ ਆਓ ਅਸੀਂ ਈਸਾ ਮਸੀਹ ਦੀਆਂ ਸਿੱਖਿਆਵਾਂ ਨੂੰ ਅਪਨਾ ਕੇ ਆਪਣੇ ਸਮਾਜ ਵਿੱਚ ਪਿਆਰ ਅਤੇ ਆਪਣੇ ਦੇਸ਼ ਦੇ ਵਿਕਾਸ 'ਚ ਯੋਗਦਾਨ ਪਾਈਏ।ਇਸ ਮੌਕੇ ਸੁਖਵਿੰਦਰ ਮਸੀਹ ਉਰਫ ਬੂਟਾ ਮਸੀਹ ਤੋਂ ਇਲਾਵਾ ਪਾਸਟਰ ਸੈਮੂਅਲ ਗਿੱਲ, ਪਾਸਟਰ ਜੋਇਲ ਗਿੱਲ ਸਮੇਤ ਸਮੂਹ ਮਸੀਹ ਭਾਈਚਾਰੇ ਦੇ ਲੋਕ ਹਾਜ਼ਰ ਸਨ।

# ਧਾਲੀਵਾਲ ਵੱਲੋਂ ਅਜਨਾਲਾ ਹਲਕੇ ਦੀਆਂ ਦਾਣਾ ਮੰਡੀਆਂ ਦਾ ਅਚਨਚੇਤ ਦੌਰਾ

● ਕਿਸਾਨਾਂ ਨੂੰ 48 ਘੰਟਿਆਂ 'ਚ ਅਦਾਇਗੀ ਤੇ 72 ਘੰਟਿਆਂ 'ਚ ਲਿਫਟਿੰਗ ਦਾ ਦਿਵਾਇਆ ਭਰੋਸਾ



**ਅਜਨਾਲਾ, ਚੇਤਨਪੁਰਾ (ਸੁੱਖਤਿੰਦਰ ਸਿੰਘ ਰਾਜੂ, ਸੁਖਵੰਤ ਚੇਤਨਪੁਰੀ)**- ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਆਪਣੇ ਹਲਕੇ ਅਜਨਾਲਾ ਦੀਆਂ ਅਨਾਜ ਮੰਡੀਆਂ ਦਾ ਅਚਨਚੇਤ ਦੌਰਾ ਕੀਤਾ ਗਿਆ।ਉਨ੍ਹਾਂ ਨੇ ਆਪਣੇ ਦੌਰੇ ਦੌਰਾਨ ਕਿਸਾਨਾਂ ਦੁਆਰਾ ਅਨਾਜ ਮੰਡੀਆਂ ਵਿੱਚ ਲਿਆਂਦੀ ਗਈ ਕਣਕ ਦੀਆਂ ਢੇਰੀਆਂ ਵਿੱਚ ਨਮੀ ਦਾ ਨਿਰੀਖਣ ਵੀ ਕੀਤਾ ਅਤੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਕਿਸਾਨਾਂ ਦੀ ਫਸਲ ਦਾ ਇੱਕ ਇੱਕ ਦਾਣਾ ਮੰਡੀਆਂ ਵਿੱਚੋਂ ਖਰੀਦ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਮੰਡੀਆਂ ਵਿੱਚ ਕਿਸਾਨਾਂ, ਮਜ਼ਦੂਰਾਂ ਜਾਂ ਆੜ੍ਹਤੀਆਂ ਕਿਸੇ ਨੂੰ ਵੀ ਕੋਈ ਪਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਅਧਿਕਾਰੀਆਂ ਨੂੰ ਕਿਸਾਨਾਂ ਦੁਆਰਾ ਅਨਾਜ ਮੰਡੀਆਂ ਵਿੱਚ ਲਿਆਂਦੀ ਸੁੱਕੀ ਫਸਲ ਦੀ ਸਰਕਾਰੀ ਬੋਲੀ 24 ਘੰਟਿਆਂ ਅੰਦਰ ਕਰਵਾਉਣ, ਸਰਕਾਰੀ ਏਜੰਸੀਆਂ ਵੱਲੋਂ ਖਰੀਦੀ ਜਿਨਸ ਦੀ ਅਦਾਇਗੀ 48 ਘੰਟਿਆਂ ਅੰਦਰ ਕਰਨ ਅਤੇ ਖਰੀਦੀ ਫ਼ਸਲ ਦੀ ਲਿਫਟਿੰਗ 72 ਘੰਟਿਆਂ ਅੰਦਰ ਕਰਵਾਉਣ ਦੀ ਹਦਾਇਤ ਕੀਤੀ ਗਈ ਹੈ, ਜਿਸ ਉਤੇ ਅਮਲ ਹੋਵੇਗਾ। ਉਨ੍ਹਾਂ ਕਿਸਾਨਾਂ ਨੂੰ ਇਸ ਵਾਰ ਦੀ ਬੰਪਰ ਫਸਲ ਲਈ ਵਧਾਈ ਦਿੰਦਿਆਂ ਕਿਹਾ ਕਿ ਹੁਣ ਤੱਕ ਮੰਡੀਆਂ ਵਿੱਚ ਆਈ ਕਣਕ ਨੇ ਬਹੁਤ ਵਧੀਆ ਸੀਜ਼ਨ ਦੀ ਭਵਿੱਖਬਾਣੀ ਕੀਤੀ ਹੈ। ਧਾਲੀਵਾਲ ਨੇ ਅਜਨਾਲਾ, ਚਮਿਆਰੀ, ਅਵਾਣ ਅਤੇ ਸੁਧਾਰ ਦੀਆਂ ਅਨਾਜ ਮੰਡੀਆਂ ਦਾ ਦੌਰਾ ਕੀਤਾ।ਕੈਬਨਿਟ ਮੰਤਰੀ ਨੇ ਮੰਡੀਆਂ ਵਿੱਚ ਕਿਸਾਨਾਂ ਅਤੇ ਮਜ਼ਦੂਰਾਂ ਲਈ ਦਿੱਤੀਆਂ ਗਈਆਂ ਸੁਵਿਧਾਵਾਂ ਤੇ ਸਫਾਈ ਪ੍ਰਬੰਧਾਂ ਦਾ ਵਿਸ਼ੇਸ਼ ਤੌਰ ਉਤੇ ਜਾਇਜ਼ਾ ਲਿਆ।ਵਰਨਣਯੋਗ ਹੈ ਕਿ ਅਜਨਾਲਾ ਦੀ ਅਨਾਜ ਮੰਡੀ ਜੋ ਕਿ ਸ਼ਹਿਰ ਦੇ ਬਿਲਕੁਲ ਨਾਲ ਹੈ, ਨੂੰ ਕੈਬਨਿਟ ਮੰਤਰੀ ਧਾਲੀਵਾਲ ਵੱਲੋਂ ਆਪਣੀਆਂ ਕੋਸ਼ਿਸ਼ਾਂ ਨਾਲ ਬਹੁਤ ਵਧੀਆ ਵਿਕਸਿਤ ਕੀਤਾ ਗਿਆ ਹੈ।ਇਸ ਅਨਾਜ ਮੰਡੀ ਵਿੱਚ ਸਾਲ ਦੇ ਲਗਭਗ ਚਾਰ ਮਹੀਨੇ ਫਸਲ ਦੀ ਖਰੀਦ ਵੇਚ ਲਈ ਵਰਤੋਂ ਕੀਤੀ ਜਾਂਦੀ ਹੈ ਅਤੇ ਬਾਕੀ ਦੇ ਕਰੀਬ ਅੱਠ ਮਹੀਨੇ ਸਥਾਨਕ ਵਾਸੀ ਮੰਡੀ ਵਿੱਚ ਸੈਰ ਕਰਨ, ਬੱਚੇ ਖੇਡਣ ਅਤੇ ਧੁੱਪੇ ਬੈਠਣ ਦਾ ਆਨੰਦ ਸਰਦੀਆਂ ਵਿੱਚ ਲੈਂਦੇ ਹਨ। ਇਸ ਮੌਕੇ ਖੁਸ਼ਪਾਲ ਸਿੰਘ ਧਾਲੀਵਾਲ, ਜ਼ਿਲ੍ਹਾ ਮੰਡੀ ਅਫਸਰ ਅਮਨਦੀਪ ਸਿੰਘ, ਓ. ਐੱਸ. ਡੀ. ਗੁਰਜੰਟ ਸਿੰਘ ਸੋਹੀ, ਮਾਰਕੀਟ ਕਮੇਟੀ ਅਜਨਾਲਾ ਦੇ ਚੇਅਰਮੈਨ ਬਲਦੇਵ ਸਿੰਘ ਬੱਬੂ ਚੇਤਨਪੁਰਾ, ਮਾਰਕੀਟ ਕਮੇਟੀ ਦੇ ਸਕੱਤਰ ਨਵਦੀਪ ਕੌਰ, ਆੜ੍ਹਤੀ ਯੂਨੀਅਨ ਅਜਨਾਲਾ ਦੇ ਪ੍ਰਧਾਨ ਸਤਬੀਰ ਸਿੰਘ ਸੰਧੂ, ਨਗਰ ਪੰਚਾਇਤ ਅਜਨਾਲਾ ਦੇ ਪ੍ਰਧਾਨ ਜਸਪਾਲ ਸਿੰਘ ਢਿੱਲੋਂ, ਆਮ ਆਦਮੀ ਪਾਰਟੀ ਸ਼ਹਿਰੀ ਅਜਨਾਲਾ ਦੇ ਪ੍ਰਧਾਨ ਅਮਿਤ ਔਲ, ਮੰਡੀ ਸੁਪਰਵਾਈਜ਼ਰ ਕਾਬਲ ਸਿੰਘ ਸੰਧੂ, ਲੇਖਾਕਾਰ ਸੰਦੀਪ ਸਿੰਘ ਰਿਆੜ, ਬਲਾਕ ਪ੍ਰਧਾਨ ਹਰਮਨਜੀਤ ਸਿੰਘ ਨੰਗਲ, ਸਰਪੰਚ ਇਕਬਾਲ ਸਿੰਘ ਰਿਆੜ, ਆੜ੍ਹਤੀ ਸੁਖਬੀਰ ਸਿੰਘ ਰਿਆੜ, ਕਰਮਜੀਤ ਸਿੰਘ ਗੋਲਡੀ ਰਿਆੜ, ਆੜ੍ਹਤੀ ਹਰਪਾਲ ਸਿੰਘ ਮੰਨਣ, ਆੜ੍ਹਤੀ ਹਰਜੀਤ ਸਿੰਘ ਅਲੀਵਾਲ ਅਤੇ ਹੋਰ ਪਤਵੰਤੇ ਵੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਬੀਕੇਯੂ ਦੇ ਸਲਾਹਕਾਰ ਅਜੀਤ ਸਿੰਘ ਨੂੰ ਸ਼ਰਧਾਂਜਲੀਆਂ ਭੇਟ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜਥੇਬੰਦੀ ਇਕਾਈ ਪਿੰਡ ਮੰਨਣ ਦੇ ਸਲਾਹਕਾਰ ਅਜੀਤ ਸਿੰਘ ਨੂੰ ਵੱਖ-ਵੱਖ ਜਥੇਬੰਦੀਆਂ ਨੇ ਸ਼ਰਧਾਂਜਲੀਆਂ ਭੇਟ ਕੀਤੀਆਂ। ਅਜੀਤ ਸਿੰਘ ਦੇ ਸਪੁੱਤਰ ਹਰਜਿੰਦਰ ਸਿੰਘ ਨੂੰ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜਥੇਬੰਦੀ ਵੱਲੋਂ ਸਿਰਪਾਉ ਭੇਟ ਕੀਤਾ ਗਿਆ। ਆਗੂਆਂ ਨੇ ਪਰਿਵਾਰ ਨੂੰ ਭਰੋਸਾ ਦਿਵਾਇਆ ਕਿ ਉਗਰਾਹਾਂ ਜਥੇਬੰਦੀ ਹਮੇਸ਼ਾ ਹੀ ਤੁਹਾਡੇ ਨਾਲ ਖੜ੍ਹੀ ਹੈ ਅਤੇ ਹਰ ਦੁੱਖ-ਸੁੱਖ 'ਚ ਸਾਥ ਦੇਵੇਗੀ। ਇਸ ਮੌਕੇ ਜ਼ਿਲ੍ਹਾ ਸਲਾਹਕਾਰ ਦਿਲਬਾਗ ਸਿੰਘ ਐਮਾ, ਬਲਾਕ ਪ੍ਰਧਾਨ ਮੇਜਰ ਸਿੰਘ ਮੰਨਣ, ਬਾਬਾ ਸੁਖਦੇਵ ਸਿੰਘ ਮੰਨਣ, ਮੈਂਬਰ ਪੰਚਾਇਤ ਦਿਲਬਾਗ ਸਿੰਘ ਠੱਠਗੜ੍ਹ, ਹਰਪਾਲ ਸਿੰਘ ਠੱਠਗੜ੍ਹ, ਰੇਸ਼ਮ ਸਿੰਘ ਛੀਨਾ, ਸਾਬਕਾ ਸਰਪੰਚ ਕਸ਼ਮੀਰ ਸਿੰਘ ਚੈਅਰਮੈਨ ਮੰਨਣ, ਲਖਵਿੰਦਰ ਸਿੰਘ ਫੌਜੀ ਮੰਨਣ, ਧਿਆਨ ਸਿੰਘ ਫੌਜੀ ਮੰਨਣ, ਹਰਜਿੰਦਰ ਸਿੰਘ ਨੰਬਰਦਾਰ ਮੰਨਣ, ਸ਼ਮਸ਼ੇਰ ਸਿੰਘ ਮੰਨਣ, ਪ੍ਰਗਟ ਸਿੰਘ ਸਕੀਮੀਆ, ਸ਼ਰਨਜੀਤ ਸਿੰਘ ਸੋਨਾ, ਮੰਨਣ ਸਤਨਾਮ ਸਿੰਘ ਫੌਜੀ ਐਮਾ, ਕਰਤਾਰ ਸਿੰਘ ਐਮਾ, ਕੁਲਵਿੰਦਰ ਸਿੰਘ ਐਮਾ, ਵਿਰਸਾ ਸਿੰਘ ਮੈਂਬਰ ਮੰਨਣ, ਹੀਰਾ ਸਿੰਘ ਮੰਨਣ, ਤਰਸੇਮ ਸਿੰਘ ਮੰਨਣ, ਪਰਮਜੀਤ ਸਿੰਘ ਲਾਲੂ ਘੁੰਮਣ, ਬਲਜੀਤ ਸਿੰਘ ਮੰਨਣ, ਅਜੀਤ ਸਿੰਘ ਦੇ ਸਪੁੱਤਰ ਹਰਜਿੰਦਰ ਸਿੰਘ, ਬਲਵਿੰਦਰ ਸਿੰਘ ਨੇ ਆਈ ਸੰਗਤ ਦਾ ਧੰਨਵਾਦ ਕੀਤਾ। ਸੰਗਤ ਨੂੰ ਗੁਰੂ ਕਾ ਲੰਗਰ ਛਕਾਇਆ ਗਿਆ।

# ਕੈਬਨਿਟ ਮੰਤਰੀ ਕਟਾਰੂਚੱਕ ਵੱਲੋਂ ਜ਼ਿਲ੍ਹਾ ਪਠਾਨਕੋਟ ਦੇ ਸਕੂਲਾਂ 'ਚ ਵੱਖ-ਵੱਖ ਪ੍ਰੋਜੈਕਟਾਂ ਦੇ ਉਦਘਾਟਨ



● ਚੇਅਰਮੈਨ ਵਿਭੂਤੀ ਸ਼ਰਮਾ ਤੇ ਜ਼ਿਲਾ ਪ੍ਰਧਾਨ ਅਮਿਤ ਮੰਟੂ ਨੇ ਲੱਖਾਂ ਰੁਪਏ ਦੇ ਪ੍ਰੋਜੈਕਟ ਲੋਕਾਂ ਨੂੰ ਸਮਰਪਤ ਕੀਤੇ

**ਪਠਾਨਕੋਟ (ਦਵਿੰਦਰ ਸਿੰਘ)**- ਪੰਜਾਬ ਦੇ ਅੰਦਰ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਵਿੱਚ ਪੂਰੇ ਪੰਜਾਬ ਅੰਦਰ ਸਿੱਖਿਆ ਕ੍ਰਾਂਤੀ ਅਧੀਨ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤੇ ਜਾ ਰਹੇ ਹਨ। ਮੈਨੂੰ ਵਿਧਾਨ ਸਭਾ ਹਲਕਾ ਭੋਆ ਦੇ 4 ਸਕੂਲਾਂ ਅੰਦਰ ਆਉਣ ਦਾ ਮੌਕਾ ਮਿਲਿਆ ਹੈ। ਕਰੀਬ 40 ਲੱਖ ਰੁਪਏ ਦੇ ਪ੍ਰੋਜੈਕਟ ਮੁਕੰਮਲ ਕਰਕੇ ਜਨਤਾ ਦੇ ਸਮਰਪਿਤ ਕੀਤੇ ਗਏ ਹਨ।ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਵੱਲੋਂ ਸਰਕਾਰੀ ਹਾਈ ਸਕੂਲ ਸਹਾਵੜਾ ਕਲਾਂ ਅੰਦਰ ਆਯੋਜਿਤ ਸਮਾਰੋਹ ਦੌਰਾਨ ਕੀਤਾ ਗਿਆ।ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਪੰਜਾਬ ਅਤੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਯੋਗ ਅਗਵਾਈ ਅੰਦਰ ਸੂਬੇ ਵਿੱਚ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਸਿੱਖਿਆ ਪ੍ਰਦਾਨ ਕਰਨ ਦੇ ਉਦੇਸ਼ ਨਾਲ ਸਿੱਖਿਆ ਕ੍ਰਾਂਤੀ ਅਧੀਨ ਪੂਰੇ ਪੰਜਾਬ ਅੰਦਰ ਸਮਾਰੋਹ ਆਯੋਜਿਤ ਕੀਤੇ ਜਾ ਰਹੇ ਹਨ ਅਤੇ ਵੱਖ-ਵੱਖ ਪ੍ਰੋਜੈਕਟਾਂ ਦੇ ਉਦਘਾਟਨ ਕੀਤੇ ਜਾ ਰਹੇ ਹਨ।ਜ਼ਿਲ੍ਹਾ ਪਠਾਨਕੋਟ ਦੇ ਵੀ ਵੱਖ-ਵੱਖ ਸਕੂਲਾਂ ਅੰਦਰ ਉਦਘਾਟਨ ਸਮਾਰੋਹ ਆਯੋਜਿਤ ਕੀਤੇ ਗਏ।ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ, ਵਿਭੂਤੀ ਸ਼ਰਮਾ ਚੇਅਰਮੈਨ ਨਗਰ ਸੁਧਾਰ ਟਰੱਸਟ ਅਤੇ ਅੰਮਿਤ ਮੰਟੂ ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਨੇ ਇਹ ਲੱਖਾਂ ਰੁਪਏ ਦੇ ਪ੍ਰੋਜੈਕਟਾਂ ਦਾ ਉਦਘਾਟਨ ਕਰਕੇ ਲੋਕਾਂ ਨੂੰ ਸਮਰਪਿਤ ਕੀਤੇ ।ਇਸ ਮੌਕੇ ਹੋਰਨਾਂ ਤੋਂ ਇਲਾਵਾ ਅਮਨਦੀਪ ਕੁਮਾਰ ਡਿਪਟੀ ਡੀਈਓ ਸੈਕੰਡਰੀ, ਡੀਜੀ ਸਿੰਘ ਡਿਪਟੀ ਡੀਈਓ ਐਲੀਮੈਂਟਰੀ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਸੁਜਾਨਪੁਰ ਹਲਕਾ ਕੋਆਰਡੀਨੇਟਰ ਬੀਪੀਈਓ ਰਾਕੇਸ਼ ਠਾਕੁਰ, ਕੋਆਰਡੀਨੇਟਰ ਬੀਪੀਈਓ ਕੁਲਦੀਪ ਸਿੰਘ, ਸੰਜੀਵ ਮਨੀ, ਬਲਕਾਰ ਅੱਤਰੀ ਅਤੇ ਹੋਰ ਪਾਰਟੀ ਅਹੁਦੇਦਾਰ ਹਾਜ਼ਰ ਸਨ।ਜ਼ਿਕਰਯੋਗ ਹੈ ਕਿ ਵਿਧਾਨ ਸਭਾ ਹਲਕਾ ਭੋਆ ਅੰਦਰ ਸਰਕਾਰੀ ਪ੍ਰਾਇਮਰੀ ਸਕੂਲ ਨੰਗਲ ਚੌਧਰੀਆਂ ਵਿਖੇ 1.20 ਲੱਖ ਨਾਲ ਚਾਰਦੀਵਾਰੀ, ਸਰਕਾਰੀ ਪ੍ਰਾਇਮਰੀ ਸਕੂਲ ਮੱਲਪੁਰ ਵਿਖੇ 6.22 ਲੱਖ ਰੁਪਏ ਦੀ ਲਾਗਤ ਨਾਲ ਚਾਰਦੀਵਾਰੀ, ਸਰਕਾਰੀ ਪ੍ਰਾਇਮਰੀ ਸਕੂਲ ਜੱਸਵਾਂ ਵਿਖੇ 2.20 ਲੱਖ ਨਾਲ ਚਾਰਦੀਵਾਰੀ ਅਤੇ 7.51 ਲੱਖ ਨਾਲ ਕਮਰੇ ਦਾ ਨਿਰਮਾਣ, ਸਰਕਾਰੀ ਮਿਡਲ ਸਕੂਲ ਜੱਸਵਾਂ ਵਿਖੇ 2.40 ਲੱਖ ਦੀ ਲਾਗਤ ਨਾਲ ਚਾਰਦੀਵਾਰੀ, ਸਰਕਾਰੀ ਪ੍ਰਾਇਮਰੀ ਸਕੂਲ ਸੋਹਾਵੜਾ ਕਲਾਂ ਵਿਖੇ 1. 68 ਲੱਖ ਰੁਪਏ ਨਾਲ ਚਾਰਦੀਵਾਰੀ ਅਤੇ 7.51 ਲੱਖ ਨਾਲ ਕਮਰੇ ਦਾ ਨਿਰਮਾਣ, ਅਤੇ ਸਰਕਾਰੀ ਹਾਈ ਸਕੂਲ ਸੋਹਾਵੜਾਂ ਕਲਾਂ ਵਿਖੇ 11 ਲੱਖ ਰੁਪਏ ਨਾਲ ਸਾਇੰਸ ਲੈਬ ਦਾ ਉਦਘਾਟਨ ਕੀਤਾ ਗਿਆ। ਜਿਕਰਯੋਗ ਹੈ ਕਿ ਇਨ੍ਹਾਂ ਸਕੂਲਾਂ ਅੰਦਰ ਪ੍ਰੋਜੈਕਟਾਂ ਦਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਬਤੌਰ ਮੁੱਖ ਮਹਿਮਾਨ ਵਜੋਂ ਹਾਜਰ ਹੋ ਕੇ ਉਦਘਾਟਨ ਕੀਤੇ। ਵਿਧਾਨ ਸਭਾ ਹਲਕਾ ਸੁਜਾਨਪੁਰ ਦੇ ਵੱਖ-ਵੱਖ ਸਕੂਲਾਂ ਅੰਦਰ ਅਮਿਤ ਮੰਟੂ ਹਲਕਾ ਇੰਚਾਰਜ-ਕਮ-ਜ਼ਿਲ੍ਹਾ ਪ੍ਰਧਾਨ ਆਪ ਬਤੌਰ ਮੁੱਖ ਮਹਿਮਾਨ ਹਾਜ਼ਰ ਹੋਏ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਦੁੱਖਨਿਆਲੀ ਵਿਖੇ 3.28 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਪਤਰਾਲਵਾਂ ਵਿਖੇ 1. 7 ਲੱਖ ਰੁਪਏ, ਸਰਕਾਰੀ ਪ੍ਰਾਇਮਰੀ ਸਕੂਲ ਫੰਗੋਤਾ ਵਿਖੇ 2.2 ਲੱਖ ਰੁਪਏ, ਸਰਕਾਰੀ ਪ੍ਰਾਇਮਰੀ ਸਕੂਲ ਸਾਰਟੀ ਵਿਖੇ 2.96 ਲੱਖ ਅਤੇ ਸਰਕਾਰੀ ਹਾਈ ਸਕੂਲ ਸਾਰਟੀ ਵਿਖੇ 2. 83 ਲੱਖ ਰੁਪਏ ਨਾਲ ਤਿਆਰ ਕੀਤੇ ਪ੍ਰੋਜੈਕਟਾਂ ਦੇ ਉਦਘਾਟਨ ਕੀਤੇ ਗਏ।ਵਿਭੂਤੀ ਸ਼ਰਮਾ ਹਲਕਾ ਇੰਚਾਰਜ ਪਠਾਨਕੋਟ-ਕਮ-ਚੇਅਰਮੈਨ ਨਗਰ ਸੁਧਾਰ ਟਰੱਸਟ ਪਠਾਨਕੋਟ ਬਤੌਰ ਮੁੱਖ ਮਹਿਮਾਨ ਹਾਜ਼ਰ ਹੋਏ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਚੱਕ ਮਨਹਾਸਾਂ ਵਿਖੇ 4 ਲੱਖ, ਸਰਕਾਰੀ ਮਿਡਲ ਸਕੂਲ ਚੱਕ ਮਨਹਾਸਾਂ ਵਿਖੇ 1. 88 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਅਨੇਹੜ ਵਿਖੇ 2.84 ਲੱਖ ਰੁਪਏ ਅਤੇ ਸਰਕਾਰੀ ਮਿਡਲ ਸਕੂਲ ਅਨੇਹੜ ਵਿਖੇ 3.2 ਲੱਖ ਰੁਪਏ ਨਾਲ ਤਿਆਰ ਕੀਤੇ ਪ੍ਰੋਜੈਕਟਾਂ ਦੇ ਉਦਘਾਟਨ ਕੀਤੇ।ਸਮਾਰੋਹਾਂ ਨੂੰ ਸੰਬੋਧਨ ਕਰਦਿਆਂ ਕਟਾਰੂਚੱਕ ਨੇ ਕਿਹਾ ਕਿ ਸਿੱਖਿਆ ਦੇ ਖੇਤਰ ਅੰਦਰ ਬਦਲਾਅ ਲਿਆਣ ਲਈ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲ ਸਾਹਿਬਾਨ ਅਤੇ ਅਧਿਆਪਕ ਵਿਦੇਸ਼ਾਂ ਅੰਦਰ ਭੇਜੇ ਜਾ ਰਹੇ ਹਨ ਤਾਂ ਜੋ ਸਕੂਲਾਂ ਨੂੰ ਹੋਰ ਵੀ ਬਿਹਤਰ ਸਿੱਖਿਆ ਸਿਸਟਮ ਮਿਲ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਚਾਹੇ ਸਿੱਖਿਆ ਦਾ ਖੇਤਰ ਹੋਵੇ, ਚਾਹੇ ਸਿਹਤ ਵਿਭਾਗ ਹੋਵੇ ਜਾਂ ਚਾਹੇ ਖੇਡਾਂ ਖੇਤਰ ਹੋਵੇ ਦੇ ਅੰਦਰ ਬਿਨ੍ਹਾਂ ਕਿਸੇ ਭੇਦਭਾਵ ਦੇ ਵਿਕਾਸ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਭੋਆ ਨੂੰ ਮਾਨਯੋਗ ਮੁੱਖ ਮੰਤਰੀ ਪੰਜਾਬ ਨੇ 9 ਖੇਡ ਨਰਸਰੀਆਂ ਦਿੱਤੀਆਂ ਹਨ ਅਤੇ ਇਸ ਦੇ ਨਾਲ ਹੀ ਜਿਹੜੀ ਉਸ ਇਲਾਕੇ ਵਿੱਚ ਖੇਡ ਖੇਡੀ ਜਾਂਦੀ ਹੈ ਉਸ ਅਨੁਸਾਰ ਖੇਡ ਗਰਾਊਂਡ ਬਣਾਏ ਜਾਣੇ ਹਨ ਅਤੇ ਇੱਕ ਖੇਡ ਨਰਸਰੀ ਤੇ ਕਰੀਬ 25 ਲੱਖ ਰੁਪਏ ਖਰਚ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਮੇਰੀ ਲੋਕਾਂ ਨੂੰ ਅਪੀਲ ਹੈ ਕਿ ਸਰਕਾਰੀ ਸਕੂਲਾਂ ਵਿੱਚ ਵਿੱਚ ਵੱਧ ਤੋਂ ਵੱਧ ਆਪਣੇ ਬੱਚੇ ਦਾਖਲ ਕਰਾਓ।

# ਗੁਰਦੀਪ ਸਿੰਘ ਟੈਲੀਵਿਜ਼ਨਾਂ ਵਾਲਿਆਂ ਨੂੰ ਰਾਜਸੀ ਤੇ ਧਾਰਮਿਕ ਆਗੂਆਂ ਵੱਲੋਂ ਸ਼ਰਧਾਂਜਲੀਆਂ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਐਕਸੀਅਨ ਤਰਸੇਮ ਕੁਮਾਰ ਝਬਾਲ ਚਰਨਜੀਤ ਸਿੰਘ ਚੰਨਾ ਭਾਂਡਿਆਂ ਵਾਲੇ ਦੇ ਸਵ: ਪਿਤਾ ਗੁਰਦੀਪ ਸਿੰਘ ਟੈਲੀਵਿਜ਼ਨਾਂ ਵਾਲੇ ਜੋ ਬੀਤੇ ਦਿਨ ਪਹਿਲਾਂ ਗੁਰੂ ਚਰਨਾਂ ਵਿੱਚ ਜਾਂ ਬਿਰਾਜੇ ਸਨ, ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਨ੍ਹਾਂ ਦੇ ਗ੍ਰਹਿ ਅੱਡਾ ਝਬਾਲ ਵਿਖੇ ਪਾਏ ਗਏ ਅਤੇ ਗੁਰਦੁਆਰਾ ਬਾਬਾ ਬੁੱਢਾ ਜੀ ਮੀਰੀ ਪੀਰੀ ਹਾਲ ਵਿਖੇ ਗੁਰਦੁਆਰਾ ਬੀੜ ਬਾਬਾ ਬੁੱਢਾ ਜੀ ਦੇ ਹਜ਼ੂਰੀ ਰਾਗੀ ਭਾਈ ਗੁਲਜ਼ਾਰ ਸਿੰਘ ਵੱਲੋਂ ਵਿਰਾਗਮਈ ਸ਼ਬਦ ਕੀਰਤਨ ਤੇ ਅਰਦਾਸ ਉਪਰੰਤ ਸ਼ਰਧਾਂਜਲੀ ਸਮਾਗਮ ਮੌਕੇ ਚੇਅਰਮੈਨ ਰਮਨ ਕੁਮਾਰ ਝਬਾਲ,ਬਾਂਕੇ ਸ਼ਾਹ ਮਲਕ ਕਲਾਥ ਹਾਊਸ, ਪੱਪੂ ਮਲਕ, ਮਨੀ ਗੰਡੀਵਿੰਡ ਜਿਊਲਰਜ਼ ਝਬਾਲ, ਸਰਬਜੀਤ ਸਿੰਘ ਸਾਬਾ ਗੰਡੀਵਿੰਡ ਜਿਊਲਰਜ਼, ਡਾ. ਬਜਾਜ ਝਬਾਲ, ਸਾਬਕਾ ਸਰਪੰਚ ਨਰਿੰਦਰ ਕੁਮਾਰ ਪੱਪਾ ਝਬਾਲ, ਗੁਰਪਿੰਦਰ ਸਿੰਘ ਰਿੰਕੂ ਝਬਾਲ, ਬਿਕਰਮਜੀਤ ਸਿੰਘ ਲਾਈਨਮੈਨ, ਸਾਬਕਾ ਸਰਪੰਚ ਮਲਕੀਤ ਸਿੰਘ ਚੀਮਾ, ਮਾਸਟਰ ਪਿਕਪਾਲ ਸਿੰਘ ਚਾਹਲ, ਆੜ੍ਹਤੀਆ ਲਾਲੀ ਨੰਦਾ ਝਬਾਲ, ਰਵਿੰਦਰ ਝਬਾਲ, ਸਾਬਕਾ ਸਰਪੰਚ ਸਰਵਨ ਸਿੰਘ ਸੋਹਲ, ਹਰਦੇਵ ਸਿੰਘ ਛੀਨਾ, ਦਰਸ਼ਨ ਸਿੰਘ ਟੇਲਰ ਝਬਾਲ, ਨਰਿੰਦਰ ਸਿੰਘ ਘੋਣਾ, ਬਲਵਿੰਦਰ ਸਿੰਘ ਝਬਾਲ, ਮਹਿੰਦਰ ਸਿੰਘ, ਬਾਬਾ ਚਰਨਜੀਤ ਸਿੰਘ ਝਬਾਲ ਖੁਰਦ, ਜੇ ਈ ਮਨਦੀਪ ਸਿੰਘ ਖੈਰਦੀ, ਗੁਰਪ੍ਰੀਤ ਸਿੰਘ ਮੰਨਣ, ਜੇ ਈ ਨੌਨਿਹਾਲ ਸਿੰਘ ਕਸੇਲ, ਰਾਣਾ ਆਂਧੀ ਨੌਸ਼ਹਿਰਾ ਢਾਲਾ, ਕਾਮਰੇਡ ਅਸ਼ੋਕ ਕੁਮਾਰ ਸੋਹਲ, ਕਾਮਰੇਡ ਦਵਿੰਦਰ ਕੁਮਾਰ ਸੋਹਲ, ਬੰਟੀ ਸੂਦ ਵਸੀਕਾ ਨਵੀਸ ਝਬਾਲ, ਰਾਜਾ ਝਬਾਲ, ਬੌਬੀ ਡੇਅਰੀ ਵਾਲੇ, ਰੋਹਿਤ ਸੂਦ, ਸੰਜੀਵ ਸੂਦ, ਸੀਨੀਅਰ ਕਾਂਗਰਸੀ ਆਗੂ ਨਿੱਪੀ ਸੂਦ ਝਬਾਲ, ਨਾਮੇ ਸ਼ਾਹ ਕਰਿਆਨਾ ਸਟੋਰ, ਬੰਟੀ ਪ੍ਰਧਾਨ ਝਬਾਲ, ਮਾਸਟਰ ਲਾਡੀ ਪੰਜਵੜ, ਮਲਕੀਤ ਸਿੰਘ ਛਾਪਾ, ਦਿਲਬਾਗ ਸਿੰਘ ਝਬਾਲ ਖੁਰਦ, ਸੂਰਜ ਸੂਦ ਝਬਾਲ ਆਦਿ ਸਨ,ਜਦਕਿ ਐਕਸੀਅਨ ਤਰਸੇਮ ਕੁਮਾਰ ਵੱਲੋਂ ਪੁੱਜੀਆਂ ਸ਼ਖ਼ਸੀਅਤਾਂ ਵੱਲੋਂ ਦੁੱਖ ਦੀ ਘੜੀ ਵਿੱਚ ਸ਼ਾਮਲ ਹੋਣ ਤੇ ਧੰਨਵਾਦ ਕੀਤਾ ਗਿਆ।

ਨਵਾਂ ਜ਼ਮਾਨਾ

ਸੋਮਵਾਰ, 21 ਅਪ੍ਰੈਲ 2025

# ਸ਼ਾਇਰ ਮਰਦੇ ਨਹੀਂ, ਸ਼ਹੀਦ ਮਿਟਦੇ ਨਹੀਂ!

ਤਹਿਜ਼ੀਬ ਦੀ ਰੂਹ ਕਦੇ-ਕਦੇ ਚੀਕਦੀ ਨਹੀਂ, ਸਿਸਕਦੀ ਹੈ। ਸ਼ੋਰ ਨਹੀਂ ਮਚਾਉਂਦੀ, ਬਸ ਖਾਮੋਸ਼ ਹੋ ਕੇ ਸਾਡੀ ਪੇਸ਼ਾਨੀ ਤੋਂ ਆਪਣਾ ਨੂਰ ਵਾਪਸ ਲੈ ਲੈਂਦੀ ਹੈ ਅਤੇ ਅੱਜ ਹਿੰਦੁਸਤਾਨ ਦੀ ਉਸੇ ਤਹਿਜ਼ੀਬ, ਜਿਸ ਨੇ ਸੂਫੀ ਸੰਤਾਂ ਤੇ ਸੰਤ ਕਬੀਰ ਦੀਆਂ ਗੱਲਾਂ ਤੋਂ ਲੈ ਕੇ ਬਹਾਦਰ ਸ਼ਾਹ ਜ਼ਫਰ ਦੀ ਸ਼ਾਇਰੀ ਤੱਕ ਇੱਕ ਗੁਲਦਸਤਾ ਬਣਾਇਆ ਸੀ, ਨੂੰ ਨਫਰਤ ਦੇ ਸ਼ੋਅਲੇ ਨਾਲ ਜਲਾਇਆ ਜਾ ਰਿਹਾ ਹੈ। ਗਾਜ਼ੀਆਬਾਦ ਰੇਲਵੇ ਸਟੇਸ਼ਨ 'ਤੇ ਹਿੰਦੁਸਤਾਨ ਦੇ ਸ਼ਹੀਦਾਂ ਦੀਆਂ ਤਸਵੀਰਾਂ ਨਾਲ ਸਜੀ ਇੱਕ ਪੇਂਟਿੰਗ ਲੱਗੀ ਹੋਈ ਹੈ। ਉਸ ਵਿੱਚ ਇੱਕ ਚਿਹਰਾ ਜਨੂੰਨੀਆਂ ਨੂੰ 'ਮੁਸਲਮਾਨ' ਲੱਗ ਗਿਆ ਤੇ ਉਹੀ ਕਾਫੀ ਸੀ, ਉਸ ਨੂੰ ਗ਼ੱਦਾਰ ਕਰਾਰ ਦੇ ਕੇ ਉਸ 'ਤੇ ਕਾਲਖ ਪੋਤ ਦੇਣ ਲਈ। ਉਹ ਚਿਹਰਾ ਕਿਸੇ ਆਮ ਬੰਦੇ ਦਾ ਨਹੀਂ, ਸਗੋਂ 1857 ਦੀ ਜੰਗੇ-ਆਜ਼ਾਦੀ ਦੇ ਸਭ ਤੋਂ ਪਹਿਲੇ ਤੇ ਸਭ ਤੋਂ ਵੱਡੇ ਪ੍ਰਤੀਕ ਬਹਾਦਰ ਸ਼ਾਹ ਜ਼ਫਰ ਦਾ ਸੀ। 'ਹਿੰਦੂ ਰੱਖਿਆ' ਦੇ ਨਾਂਅ 'ਤੇ ਇਤਿਹਾਸ ਤੋਂ ਬੇਖਬਰ, ਤਹਿਜ਼ੀਬ ਤੋਂ ਬੇਅਸਰ ਤੇ ਜ਼ਮੀਰ ਤੋਂ ਖਾਲੀ ਅਖੌਤੀ ਯੋਧਿਆਂ ਨੇ ਇਹ ਘਿਨਾਉਣਾ ਕਾਰਾ ਕਰ ਦਿੱਤਾ। ਦਾਅਵਾ ਕਰ ਰਹੇ ਸਨ ਕਿ ਉਹ ਆਪਣੇ ਇਤਿਹਾਸ ਦੀ ਰਾਖੀ ਕਰ ਰਹੇ ਹਨ। ਕਿਹੜੇ ਇਤਿਹਾਸ ਦੀ? ਕੀ ਉਸ ਇਤਿਹਾਸ ਦੀ, ਜਿਸ ਵਿੱਚ 1857 ਦੀ ਬਗਾਵਤ ਨੂੰ ਦੇਸ਼ ਦੀ ਆਜ਼ਾਦੀ ਦੀ ਪਹਿਲੀ ਲੜਾਈ ਕਿਹਾ ਗਿਆ ਸੀ। ਉਸ ਇਤਿਹਾਸ ਦੀ, ਜਿਸ ਵਿੱਚ ਹਿੰਦੂ-ਮੁਸਲਿਮ-ਸਿੱਖ-ਈਸਾਈ ਸਭ ਮਿਲ ਕੇ ਲੜੇ ਸੀ ਤੇ ਫਿਰੰਗੀ ਹਕੂਮਤ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਸਨ ਜਾਂ ਉਸ ਝੂਠੇ, ਸਿਆਹ, ਜਹਾਲਤ ਨਾਲ ਭਰੇ 'ਇਤਿਹਾਸ' ਦੀ, ਜਿਸ ਵਿੱਚ ਮੁਸਲਮਾਨ ਹੋਣਾ ਗੁਨਾਹ ਹੈ।

ਬਹਾਦਰ ਸ਼ਾਹ ਜ਼ਫਰ ਇੱਕ ਸ਼ਾਇਰ ਤੇ ਬੁੱਢਾ ਬਾਦਸ਼ਾਹ ਨਹੀਂ, ਸਗੋਂ ਉਸ ਤਹਿਜ਼ੀਬ ਦਾ ਆਖਰੀ ਕਿਲ੍ਹਾ ਸੀ, ਜਿਸ ਨੇ ਮੁਗਲੀਆ ਤਾਮੀਰਾਤ ਤੋਂ ਲੈ ਕੇ ਉਰਦੂ ਸ਼ਾਇਰੀ ਤੱਕ, ਹਿੰਦੁਸਤਾਨ ਨੂੰ ਇੱਕ ਗੈਰਮਾਮੂਲੀ ਹੁਸਨ ਅਤਾ ਕੀਤਾ ਸੀ। ਉਹ ਜਦ ਬਰਮਾ ਦੇ ਜੇਲ੍ਹਖਾਨੇ ਵਿੱਚ ਤਨਹਾ ਮਰਿਆ ਸੀ ਤਾਂ ਅੰਗਰੇਜ਼ਾਂ ਨੇ ਇੱਕ ਚੱਟਾਨ 'ਤੇ ਲਿਖਿਆ 'ਇੱਥੇ ਹਿੰਦੁਸਤਾਨ ਦਾ ਆਖਰੀ ਬਾਦਸ਼ਾਹ ਦਫਨ ਹੈ'। ਅਤੇ ਅੱਜ ਉਸ ਦੇ ਆਪਣੇ ਵਤਨ ਵਿੱਚ ਹੀ ਉਸ ਦੀ ਤਸਵੀਰ 'ਤੇ ਕਾਲਖ ਪੋਤ ਦਿੱਤੀ ਗਈ, ਕਿਉਂਕਿ ਉਹ ਮੁਸਲਮਾਨ ਸੀ! ਇਹ ਹਰਕਤ ਬਹਾਦਰ ਸ਼ਾਹ ਜ਼ਫਰ ਦੇ ਖਿਲਾਫ ਨਹੀਂ ਸੀ, ਇਹ ਭਾਰਤ ਦੇ ਉਸ ਸਾਂਝੇ ਅਤੀਤ ਦੇ ਖਿਲਾਫ ਸੀ, ਜਿਹੜਾ ਸਿਰਫ ਹਿੰਦੂ ਜਾਂ ਮੁਸਲਮਾਨ ਨਹੀਂ, ਸਗੋਂ ਇੱਕ ਮੁਹੱਬਤ ਨਾਲ ਸਨਿਆ ਤਾਜ ਮਹਿਲ ਹੈ, ਭਗਤੀ ਤੇ ਸੂਫੀ ਦਾ ਸੰਗਮ ਹੈ, ਗੰਗਾ-ਜਮੁਨੀ ਤਹਿਜ਼ੀਬ ਹੈ।

ਕਿੰਨਾ ਆਸਾਨ ਹੈ ਅੱਜ ਇਸ ਮੁਲਕ ਵਿੱਚ ਕਿਸੇ ਨਾਂਅ ਨੂੰ ਮਿਟਾ ਦੇਣਾ, ਕਿਸੇ ਚਿਹਰੇ ਨੂੰ ਗ਼ੱਦਾਰ ਬਣਾ ਦੇਣਾ, ਕਿਸੇ ਤਸਵੀਰ 'ਤੇ ਕਾਲਖ ਪੋਤ ਦੇਣਾ—ਬਿਨਾਂ ਜਾਣੇ, ਬਿਨਾਂ ਪੜ੍ਹੇ, ਬਿਨਾਂ ਸਮਝੇ। ਪਰ ਅਜਿਹੇ ਅਨਸਰਾਂ ਨੂੰ ਇੱਕ ਗੱਲ ਚੇਤੇ ਰੱਖਣੀ ਪਏਗੀ ਕਿ ਤਾਰੀਖ਼ 'ਤੇ ਕਾਲਖ ਨਹੀਂ ਠਹਿਰਦੀ। ਉਹ ਧੋਈ ਜਾਂਦੀ ਹੈ ਤੇ ਫਿਰ ਉਹੀ ਚਿਹਰਾ ਹੋਰ ਵੀ ਵਧੇਰੇ ਰੌਸ਼ਨ ਹੋ ਕੇ ਸਾਹਮਣੇ ਆਉਂਦਾ ਹੈ। ਜਿਹੜੇ ਅੱਜ ਬਹਾਦਰ ਸ਼ਾਹ ਜ਼ਫਰ ਦੀ ਤਸਵੀਰ ਤੋਂ ਡਰਦੇ ਹਨ, ਉਹ ਦਰਅਸਲ ਆਪਣੇ ਝੂਠੇ ਇਤਿਹਾਸ ਦੇ ਆਈਨੇ ਵਿੱਚ ਉਸ ਸ਼ਖ਼ਸ ਦੇ ਸੱਚ ਨੂੰ ਨਹੀਂ ਦੇਖ ਪਾਉਂਦੇ, ਜਿਸ ਨੇ ਕਿਹਾ ਸੀ 'ਕਿਤਨਾ ਹੈ ਬਦਨਸੀਬ ਜ਼ਫਰ ਦਫਨ ਕੇ ਲੀਏ, ਦੋ ਗਜ਼ ਜ਼ਮੀਨ ਭੀ ਨਾ ਮਿਲੀ ਕੂ-ਏ-ਯਾਰ ਮੇਂ।' ਜਿਸ ਜ਼ਫਰ ਨੂੰ ਅੰਗਰੇਜ਼ਾਂ ਨੇ ਮਰਿਆ ਸਮਝਿਆ ਸੀ, ਸਾਡੇ ਆਪਣੇ ਦੇਸ਼ ਦੀਆਂ ਕੁਝ ਜ਼ਿੰਦਾ ਲਾਸ਼ਾਂ ਉਸ ਨੂੰ ਫਿਰ ਮਾਰ ਰਹੀਆਂ ਹਨ, ਪਰ ਉਹ ਨਹੀਂ ਜਾਣਦੀਆਂ ਕਿ ਸ਼ਾਇਰ ਕਦੇ ਮਰਦੇ ਨਹੀਂ, ਸ਼ਹੀਦ ਮਿਟਦੇ ਨਹੀਂ ਅਤੇ ਨਫਰਤ ਮੁਹੱਬਤ ਦੀ ਤਾਰੀਖ਼ ਨੂੰ ਕਦੇ ਪੂਰੀ ਤਰ੍ਹਾਂ ਸਿਆਹ ਨਹੀਂ ਕਰ ਸਕਦੀ।

# ਭਾਸ਼ਾ ਦਾ ਧਰਮ ਨਾਲ ਕੋਈ ਸੰਬੰਧ ਨਹੀਂ ਹੁੰਦਾ

ਵਿਸ਼ਵਾ ਮਿੱਤਰ

ਜਦੋਂ ਸਮਾਜਵਾਦੀ ਪਾਰਟੀ ਨੇ ਇਹ ਮੰਗ ਕੀਤੀ ਕਿ ਸਦਨ ਦੀ ਕਾਰਵਾਈ ਦਾ ਉਲੱਥਾ ਉਰਦੂ ਵਿਚ ਵੀ ਕੀਤਾ ਜਾਵੇ ਤਾਂ ਕਿ ਸਾਰੇ ਲੋਕ ਕਾਰਵਾਈ ਪੜ੍ਹ ਸਕਣ ਤਾਂ ਯੋਗੀ ਆਦਿੱਤਿਆ ਨਾਥ ਮੁੱਖ ਮੰਤਰੀ ਉੱਤਰ ਪ੍ਰਦੇਸ਼ ਨੇ ਕਿਹਾ ਕਿ ਸਮਾਜਵਾਦੀ ਪਾਰਟੀ ਦੇ ਨੇਤਾਵਾਂ ਦੇ ਆਪਣੇ ਬੱਚੇ ਵਿਦੇਸ਼ਾਂ ਵਿਚ ਅੰਗਰੇਜ਼ੀ ਪੜ੍ਹਦੇ ਹਨ ਅਤੇ ਇਥੇ ਗਰੀਬਾਂ ਦੇ ਬੱਚਿਆਂ ਨੂੰ ਉਰਦੂ ਪੜ੍ਹਾ ਕੇ ਮੌਲਵੀ ਬਣਾਉਣਾ ਚਾਹੁੰਦੇ ਹਨ, ਮਤਲਬ ਕਿ ਮੁਸਲਮਾਨ ਬਣਾਉਣਾ ਚਾਹੁੰਦੇ ਹਨ। ਯੋਗੀ ਜੀ ਚੰਗੀ ਤਰਾਂ ਜਾਣਦੇ ਹਨ ਕਿ ਕਿਸੇ ਭਾਸ਼ਾ ਦਾ ਸੰਬੰਧ ਕਿਸੇ ਵੀ ਧਰਮ ਨਾਲ ਨਹੀਂ ਹੁੰਦਾ, ਪਰ ਇਹ ਬਿਆਨ ਕੇਵਲ ਧਰੁਵੀਕਰਨ ਰਾਹੀਂ ਵੋਟ ਬੈਂਕ ਕਾਇਮ ਕਰਨ ਵਾਸਤੇ ਦਿੱਤਾ ਗਿਆ ਹੈ। ਯੋਗੀ ਨੇ ਇੱਕ ਇੰਟਰਵਿਊ ਵਿਚ ਕਿਹਾ ਸੀ ਕਿ ਸਕੂਲਾਂ ਵਿਚ ਪਹਿਲੀ ਜਮਾਤ ਤੋਂ ਇੰਗਲਿਸ਼ ਪੜ੍ਹਾਈ ਜਾਣੀ ਚਾਹੀਦੀ ਹੈ। ਹੁਣ ਯੋਗੀ ਹੀ ਦਸ ਸਕਦੇ ਹਨ ਕਿ ਕੀ ਬੱਚਿਆਂ ਨੂੰ ਸ਼ੁਰੂ ਤੋਂ ਹੀ ਇੰਗਲਿਸ਼ ਪੜ੍ਹਾ ਕੇ ਈਸਾਈ ਬਣਾਉਣਾ ਚਾਹੁੰਦੇ ਹਨ?

ਕਿਸੇ ਵੀ ਸੂਰਤ ਵਿੱਚ ਕਿਸੇ ਭਾਸ਼ਾ ਜਾਂ ਲਿਪੀ ਦਾ ਕਿਸੇ ਧਰਮ ਨਾਲ ਸੰਬੰਧ ਨਹੀਂ ਹੁੰਦਾ। ਮੇਰਾ ਜਨਮ ਹਿੰਦੂ ਪਰਵਾਰ ਵਿਚ ਹੋਇਆ ਹੈ, ਸਾਡੇ ਬਜ਼ੁਰਗ ਕੇਵਲ ਇੰਗਲਿਸ਼ ਅਤੇ ਉਰਦੂ ਜਾਣਦੇ ਸਨ ਅਤੇ ਮੈਂ ਵੀ ਉਹਨਾਂ ਤੋਂ ਪ੍ਰੇਰਨਾ ਲੈ ਕੇ ਥੋੜ੍ਹੀ-ਬਹੁਤ ਉਰਦੂ ਸਿੱਖ ਲਈ। ਮੇਰਾ ਇੱਕ ਹਾਈ ਸਕੂਲ ਦੇ ਗਿਆਨੀ ਅਧਿਆਪਕ ਨਾਲ ਵਾਹ ਪਿਆ, ਜਿਹੜਾ ਕਿ ਇੱਕ ਹਿੰਦੂ ਪਰਵਾਰ ਵਿਚ ਪੈਦਾ ਹੋਇਆ, ਪਰ ਕਿਸੇ ਨੇ ਉਸ ਨੂੰ ਇਹ ਨਹੀਂ ਕਿਹਾ ਕਿ ਕੀ ਤੂੰ ਗਿਆਨੀ ਕਰਕੇ ਸਿੱਖ ਬਣਨਾ ਹੈ। ਮਜ਼ੇ ਵਾਲੀ ਗਲ ਹੈ ਕਿ ਇਸ ਅਧਿਆਪਕ ਦੇ ਸਾਲਾਨਾ ਨਤੀਜੇ ਬਹੁਤ ਵਧੀਆ ਆਉਂਦੇ ਸਨ, ਪਰ ਇਹ ਅਧਿਆਪਕ ਨਾ ਤਾਂ ਬਲੈਕ ਬੋਰਡ ਉੱਤੇ ਪੰਜਾਬੀ ਲਿਖ ਸਕਦਾ ਸੀ, ਨਾ ਪੰਜਾਬੀ ਦੀ ਕਿਤਾਬ ਪੜ੍ਹ ਸਕਦਾ ਸੀ। ਜਦੋਂ ਵਿਦਿਆਰਥੀ ਪੰਜਾਬੀ ਦੀ ਕਿਤਾਬ ਪੜ੍ਹਦੇ ਸਨ ਤਾਂ ਇਹ ਅਧਿਆਪਕ ਵਿਦਿਆਰਥੀਆਂ ਵੱਲੋਂ ਬੋਲੇ ਗਏ ਔਖੇ ਸ਼ਬਦਾਂ ਦੇ ਅਰਥ ਦੱਸਦਾ ਸੀ। ਉਹ ਵਿਦਿਆਰਥੀਆਂ ਵੱਲੋਂ ਪੰਜਾਬੀ ਦੇ ਇਮਤਿਹਾਨ ਵਿਚ ਲਿਖੀਆਂ ਉੱਤਰ ਕਾਪੀਆਂ ਨਹੀਂ ਪੜ੍ਹ ਸਕਦਾ ਸੀ ਅਤੇ ਦੂਸਰੇ ਅਧਿਆਪਕ ਵਿਦਿਆਰਥੀਆਂ ਦੀਆਂ ਕਾਪੀਆਂ ਚੈੱਕ ਕਰਦੇ ਸਨ। ਕਾਰਨ ਇਹ ਸੀ ਕਿ ਉਸ ਨੇ ਗਿਆਨੀ ਗੁਰਮੁਖੀ ਦੀ ਬਜਾਏ ਸ਼ਾਹਮੁਖੀ ਵਿਚ ਪਾਸ ਕੀਤੀ ਸੀ। ਭਾਰਤ- ਪਾਕਿਸਤਾਨ ਦੀ ਵੰਡ ਤੋਂ ਪਹਿਲਾਂ ਗੁਰਮੁਖੀ ਦੇ ਨਾਲ-ਨਾਲ ਸ਼ਾਹਮੁਖੀ ਵਿਚ ਵੀ ਗਿਆਨੀ ਦੀ ਪੜ੍ਹਾਈ ਹੁੰਦੀ ਸੀ।

ਤੁਸੀ ਕਿਸੇ ਤਾਮਿਲ ਭਾਸ਼ਾ ਬੋਲਦੇ ਇਲਾਕੇ ਵਿਚ ਜਾ ਕੇ ਕਿਸੇ ਮੁਸਲਮਾਨ ਨੂੰ ਪੁੱਛੋ ਕਿ ਤੁਸੀ ਉਰਦੂ ਦੀ ਬਜਾਏ ਤਾਮਿਲ ਵਿਚ ਗੱਲਬਾਤ ਕਿਉਂ ਕਰਦੇ ਹੋ। ਉਹ ਇਹੀ ਕਹੇਗਾ ਕਿ ਮੇਰਾ ਧਰਮ ਭਾਵੇਂ ਇਸਲਾਮ ਹੈ, ਪਰ ਮੇਰੀ ਮਾਤ ਭਾਸ਼ਾ ਤਾਮਿਲ ਹੈ। ਇਹੋ ਹੀ ਜੁਆਬ ਤੁਹਾਨੂੰ ਹਿੰਦੂ ਅਤੇ ਈਸਾਈ ਦੇਣਗੇ, ਜਦ ਤੁਸੀ ਉਹਨਾਂ ਨੂੰ ਉਹਨਾਂ ਦੇ ਧਰਮ ਅਤੇ ਬੋਲੀ ਬਾਰੇ ਸੁਆਲ ਪੁੱਛੋ ਗੇ। ਬੰਗਾਲ ਵਿਚ ਚਲੇ ਜਾਓ, ਹਿੰਦੂ, ਮੁਸਲਿਮ ਅਤੇ ਈਸਾਈ ਬੰਗਾਲੀ ਭਾਸ਼ਾ ਬੋਲਦੇ ਮਿਲਣਗੇ, ਭਾਵੇਂ ਉਹਨਾਂ ਦੇ ਧਰਮ ਵੱਖ ਵੱਖ ਹੋਣਗੇ ਅਤੇ ਬੰਗਾਲੀ ਭਾਸ਼ਾ ਨੂੰ ਹੀ ਆਪਣੀ ਮਾਤ ਭਾਸ਼ਾ ਦੱਸਣਗੇ। ਕੁਝ ਪੜ੍ਹੇ-ਲਿਖੇ ਅੰਗਰੇਜ਼ੀ ਜਾਂ ਹਿੰਦੀ ਵੀ ਬੋਲ ਸਕਦੇ ਹਨ। ਲਹਿੰਦੇ ਪੰਜਾਬ ਵਿੱਚ ਰਹਿੰਦੇ ਮੁਸਲਮਾਨ ਪੰਜਾਬੀ ਬੋਲਦੇ ਹਨ ਅਤੇ ਉਰਦੂ ਦੀ ਬਜਾਏ ਸ਼ਾਹਮੁਖੀ ਵਿਚ ਲਿਖਦੇ ਹਨ। ਇਥੇ ਇਹ ਦੱਸਣਾ ਵਾਜਬ ਹੋਵੇਗਾ ਕਿ ਉਰਦੂ ਲਿਪੀ ਵਿਚ ਲਿਖੀ ਗਈ ਪੰਜਾਬੀ ਜ਼ਬਾਨ ਨੂੰ ਸ਼ਾਹਮੁਖੀ ਕਹਿੰਦੇ ਹਨ।

ਜਿਹੜੇ ਹਿੰਦੂ, ਸਿੱਖ , ਮੁਸਲਮਾਨ ਰੋਜ਼ੀ-ਰੋਟੀ ਅਤੇ ਚੰਗੇ ਭਵਿੱਖ ਲਈ ਅੱਜ ਤੋਂ 70-80 ਸਾਲ ਪਹਿਲਾਂ ਪੱਛਮੀ ਦੇਸ਼ਾਂ ਵਿਚ ਚਲੇ ਗਏ, ਉਹਨਾਂ ਦੀ ਤੀਜੀ ਪੀੜ੍ਹੀ ਕੇਵਲ ਅੰਗਰੇਜ਼ੀ ਜਾਂ ਕੋਈ ਹੋਰ ਯੂਰਪੀ ਭਾਸ਼ਾ ਜਾਣਦੀ ਹੈ। ਉਹ ਆਪਣਾ ਧਰਮ ਹਿੰਦੂ, ਸਿੱਖ ਜਾਂ ਮੁਸਲਮਾਨ ਜ਼ਰੂਰ ਲਿਖਵਾਉਂਦੇ ਹਨ, ਪਰ ਮਾਤ ਭਾਸ਼ਾ ਕਦੇ ਵੀ ਹਿੰਦੀ, ਪੰਜਾਬੀ ਜਾਂ ਉਰਦੂ ਨਹੀਂ ਲਿਖਵਾਉਂਦੇ। ਕੁਝ ਬੱਚਿਆਂ ਦੇ ਮਾਂ-ਬਾਪ ਉਹਨਾਂ ਨੂੰ ਆਪਣੀ ਜੱਦੀ-ਪੁਸ਼ਤੀ ਮਾਤ ਭਾਸ਼ਾ ਦੇਂਦੇ ਰਹਿੰਦੇ ਹਨ, ਪਰ ਸਾਰੇ ਇਵੇਂ ਨਹੀਂ ਕਰਦੇ, ਕਿਉਂਕਿ ਨੌਕਰੀ , ਕਾਰੋਬਾਰ ਤੋਂ ਵਿਹਲ ਹੀ ਨਹੀਂ ਮਿਲਦਾ।

ਇੱਕ ਵਿਡੰਬਨਾ ਵੇਖੋ, ਹਿੰਦੂਆਂ ਦੇ ਵੇਦ ਵੈਦਿਕ ਸੰਸਕ੍ਰਿਤ ਵਿਚ ਹਨ, ਪਰ ਹਰ ਹਿੰਦੂ ਵੈਦਿਕ ਸੰਸਕ੍ਰਿਤ ਛੱਡ ਕੇ ਅੱਜ ਦੀ ਸੰਸਕ੍ਰਿਤ ਵੀ ਨਹੀਂ ਪੜ੍ਹ ਸਕਦਾ, ਮੁਸਲਮਾਨਾਂ ਦੀ ਕੁਰਾਨ ਅਰਬੀ ਭਾਸ਼ਾ ਵਿਚ ਹੈ, ਪਰ ਹਰ ਮੁਸਲਮਾਨ ਅਰਬੀ ਨਹੀਂ ਜਾਣਦਾ। ਈਸਾਈਆਂ ਦੀ ਬਾਈਬਲ ਲੈਟਿਨ ਜਾਂ ਹਿਬ੍ਰ ਵਿਚ ਹੈ, ਪਰ ਸਾਰੇ ਇਸਾਈ ਇਹ ਭਾਸ਼ਾਵਾਂ ਨਹੀਂ ਜਾਣਦੇ। ਬੋਧੀਆਂ ਦੇ ਗ੍ਰੰਥ ਸੰਸਕ੍ਰਿਤ ਅਤੇ ਪਾਲੀ ਭਾਸ਼ਾ ਵਿਚ ਹਨ, ਪਰ ਹਰ ਬੋਧੀ ਇਹ ਭਾਸ਼ਾਵਾਂ ਨਹੀਂ ਜਾਣਦਾ। ਹੁਣ ਭਾਵੇਂ ਸਾਰੇ ਧਰਮ ਗ੍ਰੰਥਾਂ ਦੇ ਸਾਰੀਆਂ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕੇ ਹਨ ਅਤੇ ਅਸਾਨੀ ਨਾਲ ਪੜ੍ਹੇ ਜਾ ਸਕਦੇ ਹਨ, ਪਰ ਅਸਲ ਵਿੱਚ ਲਿਖੇ ਹੋਇਆਂ ਨੂੰ ਹਰ ਕੋਈ ਨਹੀਂ ਪੜ੍ਹ ਸਕਦਾ।

ਵਰਸ਼ਤਾਈ ਨਗਰ ਕੌਂਸਲ ਦੀ ਇੱਕ ਸਾਬਕਾ ਮੈਂਬਰ ਨੇ ਬੰਬੇ ਹਾਈ ਕੋਰਟ ਵਿੱਚ ਰਿਟ ਕੀਤੀ ਸੀ ਕਿ ਨਗਰ ਕੌਂਸਲ ਦੇ ਸਾਈਨ ਬੋਰਡਾਂ ਤੋਂ ਉਰਦੂ ਹਟਾ ਦਿੱਤੀ ਜਾਵੇ। ਇਹ ਰਿਟ ਹਾਈ ਕੋਰਟ ਨੇ ਨਾਮਨਜ਼ੂਰ ਕਰ ਦਿੱਤੀ ਸੀ। ਇਸ ਤੋਂ ਬਾਅਦ ਸਾਬਕਾ ਮੈਂਬਰ ਨਗਰ ਕੌਂਸਲ ਨੇ ਸੁਪਰੀਮ ਕੋਰਟ ਵਿੱਚ ਅਪੀਲ ਕਰ ਦਿੱਤੀ। ਸੁਪਰੀਮ ਕੋਰਟ ਦੇ ਜਸਟਿਸ ਸੁਧਾਂਸ਼ੂ ਧੂਲੀਆ ਅਤੇ ਜਸਟਿਸ ਕੇ ਵਿਨੋਦ ਚੰਦਰਨ ਦੇ ਬੈਂਚ ਨੇ ਮੰਗਲਵਾਰ ਨੂੰ ਵਰਸ਼ਤਾਈ ਨਗਰ ਕੌਂਸਲ ਦੀ ਸਾਬਕਾ ਮੈਂਬਰ ਵੱਲੋਂ ਦਾਇਰ ਪਟੀਸ਼ਨ ਨੂੰ ਖਾਰਜ ਕਰਦੇ ਹੋਏ ਬੰਬੇ ਹਾਈ ਕੋਰਟ ਦੇ ਫੈਸਲੇ ਨੂੰ ਸਹੀ ਕਰਾਰ ਦਿੱਤਾ ਅਤੇ ਕੀਤੀ ਅਪੀਲ ਨੂੰ ਰੱਦ ਕਰ ਦਿੱਤਾ। ਸੁਪਰੀਮ ਕੋਰਟ ਦੇ ਬੈਂਚ ਨੇ ਕਿਹਾ-ਉਰਦੂ ਕੋਈ ਵਿਦੇਸ਼ੀ ਭਾਸ਼ਾ ਨਹੀਂ, ਇਹ ਹਿੰਦੀ, ਪੰਜਾਬੀ, ਤਾਮਿਲ, ਮਲਿਆਲਮ, ਬੰਗਲਾ ਭਾਸ਼ਾਵਾਂ ਵਾਂਗ ਇੱਕ ਇੰਡੋ ਆਰਯਨ ਭਾਸ਼ਾ ਹੈ, ਇਹ ਭਾਰਤ ਵਿਚ ਹਿੰਦੀ ਬੋਲਣ ਵਾਲਿਆਂ ਅਤੇ ਅਰਬੀ ਬੋਲਣ ਵਾਲਿਆਂ ਵੱਲੋਂ ਇੱਕ-ਦੂਜੇ ਨੂੰ ਸਮਝਣ ਲਈ ਬਣੀ ਅਤੇ ਵਿਕਸਤ ਕੀਤੀ ਗਈ ਅਤੇ ਇਹ ਭਾਰਤ ਵਿੱਚ ਗੰਗਾ-ਜਮੁਨੀ ਤਹਿਜ਼ੀਬ ਦਾ ਸਭ ਤੋਂ ਉੱਤਮ ਨਮੂਨਾ ਹੈ।

ਭਾਰਤ ਵਿਚ ਬੋਲੀਆਂ ਜਾਣ ਵਾਲੀਆਂ ਸਾਰੀਆਂ ਭਾਸ਼ਾਵਾਂ ਸਾਡੀਆਂ ਆਪਣੀਆਂ ਹਨ, ਇਹਨਾਂ ਦਾ ਅਤੇ ਇਹਨਾਂ ਨੂੰ ਬੋਲਣ ਵਾਲਿਆਂ ਦਾ ਸਤਿਕਾਰ ਕਰਨਾ ਸਾਡਾ ਫਰਜ਼ ਬਣਦਾ ਹੈ।

**# ਸੰਪਰਕ : 94179-32228**

# ਪਾਣੀ, ਹਾਏ ਪਾਣੀ !

ਬੀ ਐੱਸ ਨਾਗਰਾ

ਕਿਹਾ ਜਾਂਦਾ ਹੈ ਕਿ ਮੱਛੀ ਆਖਰ ਪੱਥਰ ਚੱਟ ਕੇ ਹੀ ਮੁੜਦੀ ਹੈ। ਪੰਜਾਬ ਵਿੱਚ ਪਾਣੀ ਦੀ ਹਾਲਤ ਕੁਝ ਇਸੇ ਤਰ੍ਹਾਂ ਹੀ ਹੋ ਗਈ ਹੈ। ਕੇਂਦਰੀ ਜਲ ਧਰਾਤਲ ਬੋਰਡ ਨੇ ਵਾਰਨਿੰਗ ਦਿੱਤੀ ਹੈ ਕਿ ਅਗਲੇ 14 ਸਾਲਾਂ ਬਾਅਦ ਸਾਡੇ ਸੂਬੇ ਵਿੱਚ ਧਰਤੀ ਹੇਠ ਪਾਣੀ ਲੱਗਭੱਗ ਖ਼ਤਮ ਹੋ ਜਾਏਗਾ। ਇਹ ਹਾਲਤ ਸਾਨੂੰ ਅਤੇ ਆਉਣ ਵਾਲੀਆਂ ਅਗਲੀਆਂ ਪੀੜ੍ਹੀਆਂ ਨੂੰ ਨਾ ਦੇਖਣੀ ਪਏ ਜ਼ਰੂਰੀ ਹੋ ਗਿਆ ਹੈ ਕਿ ਸਾਰੇ ਮਿਲ ਕੇ ਪਾਣੀ ਦੀ ਹਰੇਕ ਬੂੰਦ ਬਚਾਈਏ। ਜਦੋਂ ਪਹਾੜੀ ਖੇਤਰ ਵਿੱਚ ਲੱਗਭੱਗ ਤੀਹ-ਚਾਲੀ ਸਾਲ ਪਹਿਲਾਂ ਜਲ ਸਪਲਾਈ ਯੋਜਨਾ ਅਜੇ ਚਾਲੂ ਨਹੀਂ ਸੀ ਹੋਈ, ਲੋਕ ਚਾਰ-ਪੰਜ ਕਿਲੋਮੀਟਰ ਤੋਂ ਵੱਧ ਪੈਂਡਾ ਮਾਰ ਕੇ ਆਪਣੇ ਲਈ ਤੇ ਪਸ਼ੂਆ ਲਈ ਪਾਣੀ ਸਿਰ 'ਤੇ ਚੁੱਕ ਕੇ ਲਿਆਉਂਦੇ ਸਨ। ਉਸ ਸਮੇਂ ਤਲਵਾੜੇ ਦੇ ਨੇੜੇ ਦਾਤਾਰਪੁਰ ਵਿੱਚ ਇੱਕ ਆਦਮੀ ਆਪਣੇ ਦੋਸਤ ਨੂੰ ਮਿਲਣ ਆ ਗਿਆ ਤੇ ਰਾਤ ਗੁਜ਼ਾਰਨ ਲਈ ਠਹਿਰ ਗਿਆ। ਜਦੋਂ ਸਵੇਰ ਹੋਈ ਤਾਂ ਉਸ ਦੇ ਦੋਸਤ ਦੀ ਮਾਂ ਨੇ ਉਸ ਦੇ ਸਿਰਹਾਣੇ ਇੱਕ ਕੌਲੀ ਪਾਣੀ ਤੇ ਥੋੜ੍ਹਾ ਜਿਹਾ ਰੂੰ ਰੱਖ ਦਿੱਤਾ ਤੇ ਕਹਿ ਦਿੱਤਾ ਕਿ ਨਾਸ਼ਤਾ ਤਿਆਰ ਹੋਣ ਵਾਲਾ ਹੈ, ਨਹਾ ਲਓ। ਉਸ ਨੇ ਜਦੋਂ ਪਾਣੀ ਤੇ ਰੂੰ ਵੱਲ ਵੇਖਿਆ ਤਾਂ ਉਹ ਸੋਚਣ ਲੱਗਾ ਕਿ ਸ਼ਾਇਦ ਉਸ ਨੂੰ ਠੀਕ ਨਹੀਂ ਸੁਣਿਆ। ਇੱਕ ਕੌਲੀ ਪਾਣੀ ਨਾਲ ਨਹਾਉਣ ਦੀ ਗੱਲ ਸਮਝ ਨਹੀਂ ਸੀ ਆ ਰਹੀ ਤੇ ਉਸ ਦਾ ਦੋਸਤ ਕਹਿੰਦਾ ਹੈ ਕਿ ਆ ਜਾਓ, ਕੁਝ ਖਾ-ਪੀ ਲਈਏ, ਪਰ ਤੁਸੀਂ ਤੇ ਅਜੇ ਇਸ਼ਨਾਨ ਹੀ ਨਹੀਂ ਕੀਤਾ। ਉਸ ਦੀ ਹੈਰਾਨੀ ਵੇਖ ਕੇ ਉਸ ਨੇ ਦੱਸਿਆ ਕਿ ਸਾਡੇ ਏਨਾ ਕੁ ਪਾਣੀ ਹੀ ਮਿਲਦਾ ਹੈ, ਕਿਉਂਕਿ ਪਾਣੀ ਦੀ ਬਹੁਤ ਕਮੀ ਹੈ।

ਅਸੀਂ ਧਰਤੀ ਨੂੰ 11 ਮਿਲੀਅਨ ਫੁੱਟ (ਐਮ ਏ ਐੱਫ) ਪਾਣੀ ਘੱਟ ਵਾਪਸ ਦੇਂਦੇ ਹਾਂ, ਜਦੋਂ ਕਿ 28 ਐੱਮ ਏ ਐੱਫ ਪਾਣੀ ਬਾਹਰ ਕਢਦੇ ਹਾਂ। ਇਸ ਦਾ ਮੁੱਖ ਕਾਰਨ ਝੋਨੇ ਨੂੰ ਮੰਨਿਆ ਜਾਂਦਾ ਹੈ। ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਇੱਕ ਕਿਲੋਗ੍ਰਾਮ ਝੋਨਾ ਤਿਆਰ ਕਰਨ ਵਿੱਚ ਤਿੰਨ ਹਜ਼ਾਰ ਲਿਟਰ ਤੋਂ ਵੱਧ ਪਾਣੀ ਲਗਦਾ ਹੈ। ਇਸ ਲਈ ਹੁਣ ਇਹ ਅਤਿ ਜ਼ਰੂਰੀ ਹੋ ਗਿਆ ਹੈ ਕਿ ਕੱਦੂ ਕਰਕੇ ਇਸ ਫਸਲ ਦੀ ਉਤਪਤੀ ਕਰਨੀ ਬਿਲਕੁਲ ਬੰਦ ਕੀਤੀ ਜਾਣੀ ਚਾਹੀਦੀ ਹੈ। ਵਿਗਿਆਨੀਆਂ ਨੇ ਹੁਣ ਉਹ ਕਿਸਮਾਂ ਕੱਢ ਲਈਆਂ ਹਨ, ਜੋ ਪੱਕਣ ਵਿੱਚ ਘੱਟ ਸਮਾਂ ਲੈਂਦੀਆਂ ਹਨ। ਇਸ ਕਰਕੇ ਇਨ੍ਹਾਂ ਕਿਸਮਾਂ ਦੀ ਖੇਤੀ ਕੀਤੀ ਜਾਵੇ। ਇਹ ਵੀ ਵੇਖਣ ਵਿੱਚ ਆਇਆ ਹੈ ਬੀਜ ਦੀ ਜਾਂ ਪਨੀਰੀ ਦੀ ਜੇਕਰ ਵੱਟਾਂ ਤੇ ਸਿੱਧੀ ਬਿਜਾਈ ਵੀ ਕੀਤੀ ਜਾਏ ਤਾਂ ਝਾੜ ਵੱਧ ਨਿਕਲਦਾ ਹੈ, ਘੱਟ ਨਹੀਂ। ਜੇਕਰ ਜਲ ਹੀ ਨਾ ਰਿਹਾ ਤਾਂ ਜੀਵਨ ਕਿੱਥੋਂ ਲੱਭੋਗੇ।

ਅੱਜਕੱਲ੍ਹ ਸਾਰੇ ਘਰਾਂ ਵਿੱਚ ਵਾਟਰ ਫਿਲਟਰ ਲੱਗੇ ਹੋਏ ਹਨ ਤੇ ਵੇਖਿਆ ਗਿਆ ਹੈ ਕਿ ਛਾਣਿਆ ਹੋਇਆ ਪਾਣੀ ਤਾਂ ਅਸੀਂ ਵਰਤੋਂ ਵਿੱਚ ਲੈ ਆਉਂਦੇ ਹਾਂ, ਪਰ ਫਿਲਟਰ ਪਾਣੀ ਦੀ ਮਾਤਰ, ਜੋ ਬਾਹਰ ਕੱਢਦਾ ਹੈ, ਉਹ ਅਜਾਈ ਹੀ ਨਾਲੀਆਂ ਵਿੱਚ ਵਹਿ ਤੁਰਦਾ ਹੈ। ਇੱਕ ਕੱਪ ਪੀਣ ਵਾਲਾ ਪਾਣੀ ਜਦੋਂ ਅਸੀਂ ਪ੍ਰਾਪਤ ਕਰਦੇ ਹਾਂ ਤਾਂ ਘੱਟੋ-ਘੱਟ ਚਾਰ ਕੱਪ ਪਾਣੀ ਅਜਾਈਂ ਬਾਹਰ ਚਲਾ ਜਾਂਦਾ ਹੈ। ਇਹ ਪਾਣੀ ਬਰਤਨਾਂ ਜਾਂ ਟੱਬਾਂ ਵਿੱਚ ਇਕੱਠਾ ਕੀਤਾ ਜਾਣਾ ਚਾਹੀਦਾ ਹੈ। ਇਸ ਨਾਲ ਘਰ ਦੀ ਬਗੀਚੀ ਨੂੰ ਸੌਖਿਆ ਹੀ ਸਿੰਜਿਆ ਜਾ ਸਕਦਾ ਹੈ।

ਭਾਵੇਂ ਇਸ ਸਾਲ ਮੌਸਮ ਵਿਭਾਗ ਨੇ ਅੰਦਾਜ਼ਾ ਲਗਾਇਆ ਹੈ ਕਿ 103 ਪ੍ਰਤੀਸ਼ਤ ਮੀਂਹ ਪੈਣ ਦੀ ਸੰਭਾਵਨਾ ਹੈ, ਪ੍ਰੰਤੂ ਦੇਖਿਆ ਗਿਆ ਹੈ ਕਿ ਜਦੋਂ ਵੀ ਬਾਰਿਸ ਹੁੰਦੀ ਹੈ ਤਾਂ ਜਲ ਦੀ ਬਹੁਤ ਸਾਰੀ ਮਾਤਰਾ ਅਜਾਈਂ ਹੀ ਰੁੜ੍ਹ ਜਾਂਦੀ ਹੈ, ਜਿਸ ਦਾ ਕਿ ਧਰਤੀ ਹੇਠਲਾ ਜਲ ਸਤਰ ਵਧਾਉਣ ਵਿੱਚ ਕੋਈ ਬਹੁਤੀ ਮਦਦ ਨਹੀਂ ਕਰਦਾ। ਇਸ ਲਈ ਛੱਤਾਂ ਦਾ ਪਾਣੀ ਜ਼ਮੀਨ ਦੀ ਰੀਚਾਰਜਿੰਗ ਲਈ ਵਰਤਿਆ ਜਾਣਾ ਚਾਹੀਦਾ ਹੈ। ਨਹਿਰਾਂ ਅਤੇ ਖੱਡਾਂ ਦਾ ਪਾਣੀ ਛੋਟੇ-ਛੋਟੇ ਚੈੱਕ ਡੈਮ ਬਣਾ ਕੇ ਵਰਤਿਆ ਜਾ ਸਕਦਾ ਹੈ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਓਨੇ ਦਰੱਖ਼ਤ ਲਗਾਏ ਨਹੀਂ ਜਾਂਦੇ, ਜਿੰਨੇ ਕਿ ਧਰਤੀ 'ਤੇ ਕੱਟੇ ਜਾਂਦੇ ਹਨ। ਸਿੱਟੇ ਵਜੋਂ ਮੀਂਹ ਘੱਟ ਪੈਂਦੇ ਹਨ ਅਤੇ ਉਪਜਾਊ ਮਿੱਟੀ ਰੁੜ੍ਹ ਜਾਂਦੀ ਹੈ। ਹੁਣ ਤਾਂ ਹਰ ਵਿਅਕਤੀ ਨੂੰ ਘੱਟੋ-ਘੱਟ ਪੰਜ ਦਰੱਖਤ ਲਗਾਉਣੇ ਚਾਹੀਦੇ ਹਨ, ਨਹੀਂ ਤਾਂ ਹਵਾ ਦਾ ਪ੍ਰਦੂਸ਼ਣ ਵੀ ਅੱਗੇ ਨਾਲੋਂ ਲਗਾਤਾਰ ਵਧਦਾ ਹੀ ਜਾਏਗਾ। ਜਲ ਹੀ ਜੀਵਨ ਹੈ, ਇਸ ਨੂੰ ਭਵਿੱਖ ਲਈ ਹਰ ਹਾਲਤ ਬਚਾਉਣਾ ਹੀ ਪਵੇਗਾ ਨਹੀਂ ਤਾਂ ਅਸੀਂ ਨਹੀਂ ਬਚਾਂਗੇ। ਪਾਣੀ ਦੀ ਹਰ ਬੂੰਦ ਕੀਮਤੀ ਹੈ, ਹੁਣ ਤਾਂ ਸਮਝ ਜਾਈਏ।

**# ਸੰਪਰਕ : 94641-49119**

# ਖ਼ਤਰਨਾਕ ਹੈ ਔਰਤਾਂ ਦਾ ਨਸ਼ਿਆਂ 'ਚ ਪੈਣਾ

ਜਗਤਾਰ ਸਿੰਘ ਮਾਨਸਾ

ਪੰਜਾਬ ਇਸ ਵੇਲੇ ਨਸ਼ਿਆਂ ਵਹਿੰਦੇ ਦਰਿਆ ਵਿੱਚ ਡੁੱਬਿਆ ਹੋਇਆ ਹੈ। ਅਫੀਮ, ਭੁੱਕੀ ਵਰਗੇ ਨਸ਼ੇ ਲੋਕ ਪਹਿਲਾਂ ਵੀ ਕਰਦੇ ਸੀ, ਪਰ ਨਾਲ ਕੰਮ ਵੀ ਕਰਦੇ ਸੀ। ਜਦ ਹਾੜ੍ਹੀ-ਸਾਉਣੀ ਦੇ ਕੰਮ ਦਾ ਜ਼ੋਰ ਹੋਣਾ, ਹਲਕਾ-ਫੁਲਕਾ ਜਿਹਾ ਕਰ ਲੈਣਾ। ਆਧੀ ਨਹੀਂ ਸਨ ਲੋਕ, ਪਰ ਜਦ ਦੇ ਕੈਮੀਕਲ ਨਸ਼ੇ ਆਏ ਹਨ, ਘਰ-ਘਰ ਵੈਣ ਪੈਣ ਲੱਗੇ। ਪਹਿਲਾਂ ਕੁਝ ਮਤਲਬੀ ਕਹਿੰਦੇ ਹੁੰਦੇ ਸੀ ਫਲਾਣਿਆਂ ਦਾ ਮੁੰਡਾ ਨਸ਼ੇ ਕਰਦਾ ਹੈ। ਮਸ਼ਕਰੀਆਂ ਹੱਸਦੇ ਲਾਲਚੀ ਤੇ ਘਟੀਆ ਲੋਕ ਆਮ ਦੇਖੇ ਜਾ ਸਕਦੇ ਸਨ। ਜੋ ਦੂਜਿਆਂ ਦੇ ਘਰ ਬਸੰਤਰ ਦੱਸਦੇ ਸੀ, ਪਰ ਜੰਗਲ ਦੀ ਅੱਗ ਹਮੇਸ਼ਾ ਸਾਰੇ ਜੰਗਲ ਨੂੰ ਹੀ ਕਲਾਵੇ ਵਿਚ ਲੈਂਦੀ ਹੈ। ਜਦ ਹੁਣ ਘਰ ਪਹੁੰਚਣ ਲੱਗਾ ਤਾਂ ਫ਼ਿਕਰ ਪੈ ਗਈ। ਜ਼ਮੀਨਾਂ ਨਾ ਵੰਡੀਆਂ ਜਾਣ ਵਾਲੇ ਬੰਦਿਆਂ ਨੇ ਡਰਦੇ ਜ਼ਮੀਨਾਂ ਛੁਡਵਾ ਕੇ ਲੋਕ ਬਾਹਰ ਤੋਰ ਦਿੱਤੇ। ਖੇਤ ਦੀ ਵਾੜ ਖੇਤ ਨੂੰ ਖਾਣ ਲੱਗ ਪਈ। ਕੌਮ ਦੇ ਨੇਤਾ ਜਿਹਨਾਂ ਨੂੰ ਵੋਟਾਂ ਪਾ-ਪਾ ਕੇ ਕੌਮ ਨੂੰ ਬਚਾਉਣ ਦਾ ਜ਼ਿੰਮਾ ਦਿੱਤਾ ਸੀ, ਉਹ ਆਪ ਹੀ ਚੋਰਾਂ ਨਾਲ ਰਲ਼ ਗਏ। ਪੁਲਸ ਅਧਿਕਾਰੀਆਂ ਦਾ ਹੱਥ ਵੀ ਸਾਬਤ ਹੋਣ ਲੱਗਾ।

ਪਰ ਸਭ ਤੋਂ ਜੋ ਮਾੜੀ ਗੱਲ ਹੋਈ, ਉਹ ਇਹ ਹੋਈ ਕਿ ਇਸ ਵਿੱਚ ਕਿਸੇ ਮਾਂ, ਕਿਸੇ ਦੀ ਭੈਣ, ਕਿਸੇ ਦੀ ਪਤਨੀ ਤੇ ਕਿਸੇ ਦੀ ਧੀ ਵੀ ਸ਼ਾਮਲ ਹੋ ਗਈ। ਜਿਹਨਾਂ ਦੇ ਵੈਣ ਧਰਤੀ ਪਾੜਦੇ ਸਨ। ਉਹ ਪਤਾ ਨਹੀਂ ਕਿਸ ਮਜਬੂਰੀਵੱਸ ਇਧਰ ਤੁਰ ਪਈਆਂ। ਮਾਈ ਭਾਗੋ ਦੀਆਂ ਵਾਰਿਸ ਜਿਹਨਾਂ ਨੇ ਬਣਨਾ ਸੀ, ਉਹ ਪੱਬਾਂ ਤੇ ਕਲੱਬਾਂ ਵਿਚ ਨਸ਼ਿਆਂ ਦੇ ਸੂਟੇ ਲਾਉਣ ਲੱਗ ਪਈਆਂ। ਐਡੀ ਕੀ ਮਜਬੂਰੀ ਹੋ ਗਈ। ਸਕੂਲ, ਕਾਲਜਾਂ ਯੂਨੀਵਰਸਿਟੀਆਂ ਦੀਆਂ ਕੁੜੀਆਂ ਵੱਡੀ ਪੱਧਰ ਤੇ ਇਸ ਦਾ ਸ਼ਿਕਾਰ ਹੋ ਗਈਆਂ।

ਗੱਲ ਇੱਥੇ ਹੀ ਨਹੀਂ ਰੁਕੀ, ਨਸ਼ੇ ਕਰਨੇ ਤੇ ਨਸ਼ੇ ਵੇਚਣ ਦੇ ਕਾਰੋਬਾਰ ਵਿੱਚ ਵੀ ਵੱਡੀ ਪੱਧਰ 'ਤੇ ਔਰਤਾਂ ਦੀ ਸ਼ਮੂਲੀਅਤ ਪਾਈ ਗਈ ਹੈ। ਪਿੰਡਾਂ ਵਿੱਚ ਭੁੱਕੀ, ਸ਼ਰਾਬ ਕੱਢ ਕੇ ਵੇਚਣਾ ਆਮ ਗੱਲ ਹੈ, ਪਰ ਹੁਣ ਕੈਮੀਕਲ ਨਸ਼ੇ ਵੇਚਣ ਵਿਚ ਵੱਡੀ ਪੱਧਰ 'ਤੇ ਔਰਤਾਂ ਦਾ ਹੱਥ ਹੈ। ਸਰਕਾਰ ਦੇ ਨਸ਼ਿਆਂ ਵਿਰੁੱਧ ਯੁੱਧ ਨੂੰ ਲੋਕ ਚੰਗਾ ਕਹਿ ਰਹੇ ਹਨ। ਨਾਲ ਹੀ ਇਹ ਵੀ ਹੈ ਕਿ ਛੋਟੀਆਂ ਮੱਛੀਆਂ ਹੀ ਹੱਥ ਲੱਗੀਆਂ ਹਨ, ਕਿਸੇ ਵੱਡੇ ਮਗਰਮੱਛ ਨੂੰ ਹੱਥ ਨਾ ਪੈਣਾ ਕਾਲੀਆਂ ਭੇਡਾਂ ਦੀ ਸ਼ਮੂਲੀਅਤ ਵੱਡੀ ਪੱਧਰ 'ਤੇ ਸ਼ੰਕੇ ਪੈਦਾ ਕਰਦੀ ਹੈ।

ਔਰਤਾਂ ਕਿਉਂ ਜਾਂਦੀਆਂ ਨੇ ਇਧਰ ਮਮਤਾ ਦੀ ਮੂਰਤ, ਭੈਣ ਦੀ ਰੱਖੜੀ, ਪਤਨੀ ਦਾ ਸਮਰਪਣ ਸਭ ਕੁਝ ਵਿੱਚ ਹੀ ਰੁਲ ਗਿਆ ਹੈ। ਹੋ ਸਕਦਾ ਹੈ ਜਿਨ੍ਹਾਂ ਦੇ ਪਤੀ ਇਸ ਗ਼ਲਤ ਕੰਮ ਵਿੱਚ ਸ਼ਾਮਲ ਹੁੰਦੇ ਹਨ, ਉਸ ਦੇ ਜੇਲ੍ਹ ਜਾਂ ਫੜੇ ਜਾਣ ਤੋਂ ਬਾਅਦ ਉਹਨਾਂ ਦੀਆਂ ਪਤਨੀਆਂ ਇਹ ਕੰਮ ਸਾਂਭ ਲੈਂਦੀਆਂ ਹਨ।

ਵੱਡੇ ਸ਼ਹਿਰਾਂ ਵਿੱਚ ਪੜ੍ਹਦੀਆਂ ਕੁੜੀਆਂ ਆਪਣੇ ਸਟੇਟਸ ਨੂੰ ਕਾਇਮ ਕਰਨ ਲਈ ਖਰਚਿਆਂ ਦੀ ਪੂਰਤੀ ਲਈ ਸ਼ਾਇਦ ਇਸ ਕੰਮ ਵਿੱਚ ਪੈ ਜਾਂਦੀਆਂ ਹੋਣ।

ਮੋਬਾਇਲ ਵੀ ਇੱਕ ਵੱਡਾ ਕਾਰਨ ਬਣਿਆ ਹੈ। ਸਾਰਾ ਦਿਨ ਇਸ 'ਤੇ ਗੰਦ-ਮੰਦ ਨੇ ਲੋਕਾਂ ਦੇ ਮਨ, ਦਿਮਾਗ਼ ਖਰਾਬ ਕਰ ਦਿੱਤੇ ਹਨ। ਚੰਗੇ ਕੱਪੜੇ , ਬੈਂਕ ਬੈਲੈਂਸ, ਗੱਡੀਆਂ, ਖੁੱਲ੍ਹੇ ਖਰਚੇ, ਰੇਵ ਪਾਰਟੀਆਂ ਨੇ ਸਾਦੇਪਣ ਨੂੰ ਖਤਮ ਕਰ ਦਿੱਤਾ ਹੈ। ਹਰ ਇੱਕ ਸਹੂਲਤਾਂ ਨੂੰ ਮਾਨਣਾ ਚਾਹੀਦਾ ਹੈ। ਰੋਜ਼ ਦੀਆਂ ਖਰੀਦਾਰੀਆਂ ਟੌਹਰ-ਟੱਪਾ ਲਈ ਖੁੱਲ੍ਹਾ ਪੈਸੇ ਚਾਹੀਦਾ ਹੈ। ਕੰਮ ਕਰਨਾ ਆਪਣੀ ਸ਼ਾਨ ਦੇ ਵਿਰੁੱਧ ਸਮਝਦੇ ਨੇ ਲੋਕ।

ਪੰਜਾਬੀ ਨੂੰ ਫੋਕੀ ਸ਼ੋਹਰਤ ਤੇ ਫੋਕੀ ਸਰਦਾਰੀ ਵੀ ਲੈ ਡੁੱਬੀ ਹੈ। ਹਰ ਬੰਦਾ ਚਾਹੁੰਦਾ ਕਿ ਮੇਰਾ ਦਬਦਬਾ ਹੋਵੇ। ਮੈਨੂੰ ਕੰਮ ਕੋਈ ਨਾ ਕਰਨਾ ਪਵੇ। ਹੱਥੀਂ ਕੰਮ ਕਰਨਾ ਘਟੀਆ ਹੋਣ ਦਾ ਸਿੰਬਲ ਬਣਾ ਲਿਆ ਹੈ। ਇਸ ਲਈ ਪੈਸੇ ਕਮਾਉਣ ਦਾ ਇਹ ਸੌਖਾ ਢੰਗ ਲੱਗਦਾ ਹੈ ਲੋਕਾਂ ਨੂੰ, ਪਰ ਸਮਾਜ ਲਈ ਇਹ ਮਾੜਾ ਰੁਝਾਨ ਹੈ। ਇਸ ਤਰ੍ਹਾਂ ਬਚੂ ਕਿਹੜਾ?

ਵੱਖ-ਵੱਖ ਸਰਵੇਖਣਾਂ ਵਿੱਚ ਨਸ਼ਾ ਤਸਕਰੀ ਵਿਚ ਪੰਜਾਬੀ ਔਰਤਾਂ ਦੀ ਗ੍ਰਿਫ਼ਤਾਰੀ ਦੇਸ਼ ਭਰ ਵਿਚ ਸਭ ਤੋਂ



ਵੱਧ ਹੈ। ਇਹ ਅੰਕੜੇ ਦੱਸਦੇ ਹਨ ਕਿ ਪੰਜਾਬਣਾਂ ਦਾ ਸ਼ਾਇਦ ਸਟੇਟਸ ਸਿੰਬਲ ਬਣ ਗਿਆ ਹੈ। ਹਰ ਔਰਤਾਂ ਆਪਣੇ ਘਰ ਸਾਰੀਆਂ ਸਹੂਲਤਾਂ ਚਾਹੁੰਦੀ ਹੈ। ਇਸ ਤਰ੍ਹਾਂ ਕਰਨ ਲਈ ਬਹੁਤ ਔਰਤਾਂ ਇਸ ਪਾਸੇ ਚੱਲ ਪੈਂਦੀਆਂ ਹਨ। ਦੂਜੇ ਸ਼ਬਦਾਂ ਵਿਚ ਦੇਸ਼ ਦੇ ਦੂਜੇ ਸੂਬਿਆਂ ਨਾਲੋਂ ਪੰਜਾਬ ਦੀਆਂ ਔਰਤਾਂ ਨਸ਼ਾ ਤਸਕਰੀ ਵਿਚ ਰਿਕਾਰਡ ਉਪਰਲੀਆਂ ਸਫ਼ਾ ਵਿੱਚ ਆਉਂਦਾ ਹੈ। ਐੱਨ ਡੀ ਪੀ ਐੱਸ ਐਕਟ ਤਹਿਤ ਪਿਛਲੇ ਸਾਲ ਭਾਰਤ ਵਿਚ ਲਗਭਗ ਦਸ ਹਜ਼ਾਰ ਔਰਤਾਂ ਨਸ਼ਾ ਤਸਕਰੀ ਵਿਚ ਗ੍ਰਿਫ਼ਤਾਰ ਹੋਈਆਂ ਹਨ, ਜਿਨ੍ਹਾਂ ਵਿਚ ਤੇਤੀ ਸੌ ਦੇ ਲਗਭਗ ਮਤਲਬ ਤੀਜਾ ਹਿੱਸਾ ਪੰਜਾਬ ਨਾਲ ਸਬੰਧਤ ਹਨ। ਪੰਜਾਬ ਦੇ ਦਰਜਨਾਂ ਪਿੰਡ ਅਜਿਹੇ ਹਨ ਜਿੱਥੇ ਨਸ਼ਾ ਤਸਕਰੀ ਦੇ ਜ਼ਿਆਦਾ ਕੇਸ ਆਦਮੀਆਂ ਨਾਲੋਂ ਔਰਤਾਂ ਤੇ ਬਣੇ ਹੋਏ ਹਨ। ਸਾਲ 2021 ਵਿਚ 1400 ਦੇ ਲਗਭਗ ਔਰਤਾਂ ਨਸ਼ਾ ਤਸਕਰੀ ਕਾਰਨ ਗ੍ਰਿਫ਼ਤਾਰ ਹੋਈਆਂ, 2022 ਵਿਚ 900 ਅਤੇ 2023 ਵਿਚ 800 ਔਰਤਾਂ ਦੀ ਲਗਭਗ ਗਿਣਤੀ ਨੂੰ ਕਾਲੇ ਧੰਦੇ ਕਾਰਨ ਗ੍ਰਿਫ਼ਤਾਰ ਕੀਤਾ ਹੈ। ਇਥੇ ਹੀ ਨਹੀਂ ਰਾਜਸਥਾਨ ਵਿਚ ਬਹੁਤੇ ਭੁੱਕੀ ਦੇ ਠੇਕੇ ਪੰਜਾਬਣਾਂ ਦੇ ਨਾਂਅ ਹਨ। ਔਰਤਾਂ ਦਾ ਨਾਂਅ ਕਲੰਕਿਤ ਕਰਨ ਵਿਚ ਪੰਜਾਬਣਾਂ ਮੋਹਰੀ ਹਨ। ਪਿੰਡਾਂ, ਸ਼ਹਿਰਾਂ ਵਿੱਚ ਅੱਗੇ ਨਿਕਲਣ ਦੀ ਦੌੜ ਨੇ ਆਮਦਨ ਦੇ ਗ਼ਲਤ ਢੰਗ ਅਪਣਾ ਲਏ ਹਨ। ਕੋਈ ਕਾਰਵਾਈ ਨਾ ਹੋਣ ਕਾਰਨ ਬਹੁਤੀਆਂ ਔਰਤਾਂ ਦੇਖਾ-ਦੇਖੀ ਇਸ ਪਾਸੇ ਵੱਲ ਤੁਰ ਪਈਆਂ ਹਨ। ਜੇਕਰ ਸਹੀ ਕਾਰਵਾਈ ਹੋਵੇ ਤਾਂ ਗਿਣਤੀ ਕਿਤੇ ਵੱਧ ਮਿਲੇਗੀ।

ਪਿੱਛੇ ਜਿਹੇ ਇੱਕ ਚੰਗੇ ਘਰ ਦੀ ਕੁੜੀ ਦਾ ਜੋ ਯੂਨੀਵਰਸਿਟੀ ਪੜ੍ਹਦੀ ਸੀ ਨਸ਼ਿਆਂ ਵਿਚ ਫੜੇ ਜਾਣਾ ਚਿੰਤਾ ਦਾ ਵਿਸ਼ਾ ਹੈ। ਇਸ ਨੇ ਆਮ ਮਾਪਿਆਂ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਡੇਰਿਆਂ ਵਿੱਚ ਵੀ ਵੱਡੀ ਪੱਧਰ 'ਤੇ ਨਸ਼ਿਆਂ ਦਾ ਰੁਝਾਨ ਹੈ। ਬਠਿੰਡਾ 'ਚ ਇੱਕ ਮਹਿਲਾ ਕਾਂਸਟੇਬਲ ਦਾ ਫੜਿਆ ਜਾਣਾ। ਪਿੱਛੇ ਜਿਹੇ ਸਾਬਕਾ ਔਰਤ ਵਿਧਾਇਕ 'ਤੇ ਕਾਰਵਾਈ। ਅਗਲੀ ਪੀੜ੍ਹੀ ਲਈ ਸ਼ੁਭ ਸੰਕੇਤ ਨਹੀਂ ਹਨ। ਸਕੂਲਾਂ, ਕਾਲਜਾਂ ਵਿੱਚ ਵੀ ਇਸ ਦੇ ਪੈਰ ਪਸਾਰਨੇ ਖਤਰਨਾਕ ਗੱਲ ਹੈ। ਜੇਕਰ ਔਰਤ ਹੀ ਇਸ ਪਾਸੇ ਤੁਰ ਪਈ ਤਾਂ ਫਿਰ ਰੱਬ ਹੀ ਰਾਖਾ ਹੈ।

***# ਸੰਪਰਕ : 94636-03091***

# ਸਫਾਈ ਪ੍ਰਤੀ ਸੁਚੇਤ ਹੋਈਏ

ਸਫਾਈ ਤੋਂ ਭਾਵ ਸਾਡਾ ਆਲਾ-ਦੁਆਲਾ ਸਾਫ਼ ਹੋਣ ਤੋਂ ਹੈ। ਸਫਾਈ ਦਾ ਵੱਡਾ ਕੰਮ ਕੇਵਲ ਆਪਣੀ ਰਿਹਾਇਸ਼ਗਾਹ ਦੇ ਅੰਦਰ-ਬਾਹਰ ਦੀ ਸਫਾਈ ਤੱਕ ਹੀ ਸੀਮਤ ਨਹੀਂ, ਸਗੋਂ ਗੁਆਂਢ ਦੇ ਘਰ ਅਤੇ ਆਲੇ-ਦੁਆਲੇ ਨੂੰ ਵੀ ਗੰਦੇ ਹੋਣ ਤੋਂ ਬਚਾਉਣ ਵਿਚ ਹੈ। ਰਾਹਗੀਰਾਂ ਲਈ ਬਣੀਆਂ ਸੜਕਾਂ ਜਾਂ ਰਸਤੇ, ਵਾਤਾਵਰਣ ਪ੍ਰੇਮੀਆਂ ਵਾਸਤੇ ਬਣੇ ਪਾਰਕਾਂ ਤੇ ਗਰੀਨ ਬੈਲਟਾਂ ਜਿਹੀਆਂ ਜਨਤਕ ਥਾਵਾਂ ਨੂੰ ਵੀ ਸਾਫ਼ ਰੱਖਣਾ ਅਤਿ ਜ਼ਰੂਰੀ ਹੈ। ਸਫ਼ਾਈ ਦਾ ਸਾਡੇ ਜੀਵਨ ਵਿੱਚ ਬਹੁਤ ਮਹੱਤਵ ਹੈ। ਹਰ ਖੇਤਰ ਵਿੱਚ ਸਫ਼ਾਈ ਰੱਖਣ ਨਾਲ ਜਿੱਤੇ ਵਾਤਾਵਰਣ ਸਾਫ਼-ਸੁਥਰਾ ਰਹਿੰਦਾ ਹੈ, ਉੱਥੇ ਇਸ ਨਾਲ ਮਨੁੱਖ ਤੇ ਜੀਵ-ਜੰਤੂ ਵੀ ਤੰਦਰੁਸਤ ਰਹਿੰਦੇ ਹਨ। ਜੇਕਰ ਸਫ਼ਾਈ ਰੱਖਣ ਦੀ ਥਾਂ ਸਾਡਾ ਆਲਾ-ਦੁਆਲਾ ਗੰਦਗੀ ਨਾਲ ਭਰਿਆ ਹੋਵੇਗਾ ਤਾਂ ਅਸੀਂ ਲੱਖ ਯਤਨ ਕਰਨ ਦੇ ਬਾਵਜੂਦ ਸਿਹਤਮੰਦ ਨਹੀਂ ਰਹਿ ਸਕਦੇ। ਇਸੇ ਲਈ ਕਿਹਾ ਜਾਂਦਾ , ਸਫ਼ਾਈ ਅਪਣਾਓ, ਬਿਮਾਰੀ ਹਟਾਓ। ਸਫ਼ਾਈ ਵਰਗਾ ਬਹੁਤ ਜ਼ਰੂਰੀ ਕੰਮ ਸਾਡੀ ਸੋਚ ਦਾ ਸੁਭਾਵਕ ਹਿੱਸਾ ਬਣਨਾ ਚਾਹੀਦਾ ਹੈ। ਕਿਸੇ ਦੇ ਕਹਿਣ 'ਤੇ ਨਹੀਂ, ਸਗੋਂ ਇਹ ਗੱਲ ਆਪ-ਮੁਹਾਰੇ ਸਾਡੇ ਧੁਰ ਅੰਦਰੋਂ ਨਿਕਲਣੀ ਚਾਹੀਦੀ ਹੈ। ਸਾਫ਼-ਸੁਥਰੇ ਰਹਿਣ ਨਾਲ ਹੀ ਅਸੀਂ ਨਿਰੋਗ ਅਤੇ ਖੁਸ਼ਅਸਲੂਬੀ ਨਾਲ ਜ਼ਿੰਦਗੀ ਬਸਰ ਕਰ ਸਕਦੇ ਹਾਂ। ਕਹਿੰਦੇ ਨੇ ਜਿੱਥੇ ਸਫ਼ਾਈ ਉੱਥੇ ਖੁਦਾਈ। ਇਸ ਲਈ ਸਾਨੂੰ ਥੋੜ੍ਹਾ ਸੁਚੇਤ ਹੋਣ ਦੀ ਲੋੜ ਹੈ, ਤਾਂ ਜੋ ਅਸੀਂ ਇਸ ਵਧੀਆ ਬਿਮਾਰੀਆਂ ਰਹਿਤ ਜ਼ਿੰਦਗੀ ਜੀ ਸਕੀਏ। ਜਿਹੜਾ ਕੂੜਾ-ਕਰਕਟ ਅਸੀਂ ਆਪਣੇ ਘਰਾਂ ਅਤੇ ਆਲੇ-ਦੁਆਲੇ ਤੋਂ ਇਕੱਠਾ ਕਰਦੇ ਹਾਂ,



ਨਰਿੰਦਰ ਸਿੰਘ

ਉਸ ਨੂੰ ਉਸ ਦੀ ਸਹੀ ਜਗ੍ਹਾ ਸੁੱਟਣਾ ਚਾਹੀਦਾ ਹੈ ਅਤੇ ਜਿੰਨੀ ਹੋ ਸਕੇ ਵੱਧ ਤੋਂ ਵੱਧ ਸਫਾਈ ਰੱਖਣੀ ਚਾਹੀਦੀ ਹੈ।

ਗੰਦਗੀ ਰੱਬ ਦੀ ਜਾਂ ਕੁਦਰਤ ਦੀ ਦੇਣ ਨਹੀਂ ਹੈ, ਸਗੋਂ ਇਹ ਮਾੜਾ ਵਰਤਾਰਾ ਸਿੱਧੇ ਤੌਰ 'ਤੇ ਧਰਤੀ ਤੇ ਰਹਿਣ ਵਾਲੇ ਬੰਦਿਆਂ ਦੀ ਉਪਜ ਹੈ। ਬੰਦੇ ਨੇ ਆਪਣੇ ਨਿੱਜੀ ਮੁਫ਼ਾਦਾਂ ਲਈ ਕੁਦਰਤ ਦੀ ਹਰ ਸਾਫ਼-ਸੁਥਰੀ ਕ੍ਰਿਤੀ ਨੂੰ ਕਿਸੇ ਨਾ ਕਿਸੇ ਤਰੀਕੇ ਮੈਲਾ ਕਰ ਛੱਡਿਆ ਹੈ। ਗੰਦਗੀ ਬਹੁਤ ਸਾਰੀਆਂ ਬਿਮਾਰਾਂ ਦਾ ਵੀ ਕਾਰਨ ਬਣਦੀ ਹੈ। ਗੰਧਲਾ ਜਾਂ ਪ੍ਰਦੂਸ਼ਤ ਵਾਤਾਵਰਣ ਪ੍ਰਾਣੀ ਦੀ ਉਮਰ ਘਟਾ ਦਿੰਦਾ ਹੈ ਅਤੇ ਬੰਦਾ ਰੱਬ ਦੀ ਬਖ਼ਸ਼ੀ ਉਮਰ ਤੋਂ ਪਹਿਲਾਂ ਹੀ ਚਲਦਾ ਬਣਦਾ ਹੈ। ਗੰਦਗੀ ਤੋਂ ਨਿਜਾਤ ਸਾਸ਼ਨ-ਪ੍ਰਸ਼ਾਸਨ ਦੇ ਯਤਨਾਂ ਨਾਲ ਹੀ ਮਿਲ ਸਕਦੀ ਹੈ। ਪਰੰਤੂ ਸਰਕਾਰੀ ਪੱਧਰ 'ਤੇ ਕੀਤੇ ਜਾਂਦੇ ਉਪਰਾਲੇ ਵੀ ਤਾਂ ਹੀ ਸਫਲ ਹੋ ਸਕਦੇ ਹਨ, ਜੇਕਰ ਸਫਾਈ ਰੱਖਣ ਦਾ ਫ਼ਰਜ਼ ਆਮ ਸ਼ਹਿਰੀ ਵੀ ਆਪਣੇ ਪੱਧਰ 'ਤੇ ਨਿਭਾਵੇ ਅਤੇ ਨਾਲ-ਨਾਲ ਇਸ ਸੰਬੰਧੀ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਨੂੰ ਪੂਰਾ ਸਹਿਯੋਗ ਦੇਵੇ।

ਜ਼ਮੀਨ 'ਤੇ ਵਿਖਾਈ ਦਿੰਦਾ ਠੋਸ ਕੂੜਾ-ਕਰਕਟ ਸਾਫ ਕਰਨ ਨਾਲ ਹੀ ਸਫਾਈ ਦਾ ਵੱਡਾ ਕਾਰਜ ਪੂਰਾ ਨਹੀਂ ਹੁੰਦਾ, ਸਗੋਂ ਧਰਤੀ ਅਤੇ ਧਰਤੀ ਹੇਠਲੇ ਪਾਣੀ ਨੂੰ ਸਵੱਛ ਅਤੇ ਗੰਦਗੀ ਰਹਿਤ ਰੱਖਣਾ ਹਰ ਵਿਅਕਤੀ ਦਾ ਇਨਸਾਨੀ ਫ਼ਰਜ਼ ਹੈ। ਪਲਾਸਟਿਕ ਪਾਣੀ ਨੂੰ ਪਲੀਤ ਕਰਨ ਵਿਚ ਵੱਡੀ ਭੂਮਿਕਾ ਅਦਾ ਕਰਦਾਹੈ। ਪੋਲੀਥੀਨ ਦੇ ਲਿਫਾਫੇ ਅਤੇ ਪਲਾਸਟਿਕ ਦੀ ਰਹਿਣ-ਖੂੰਹਦ ਗੰਦ ਫੈਲਾਉਣ ਵਿੱਚ ਵੱਡੀ ਭੂਮਿਕਾ ਅਦਾ ਕਰਦੇ ਹਨ। ਸਫ਼ਾਈ ਰੱਖਣ ਲਈ ਗੰਦੇ ਪਾਣੀ ਨੂੰ ਸਾਫ਼ ਕਰਨ ਵਾਲੇ ਟਰੀਟਮੈਂਟ ਪਲਾਂਟ ਦੀ ਤਰਜ਼ 'ਤੇ ਪਲਾਸਟਿਕ, ਪੋਲੀਥੀਨ ਆਦਿ ਦੀਆਂ ਚੀਜ਼ਾਂ ਨੂੰ ਨਸ਼ਟ ਕਰਨ ਲਈ ਢੁਕਵੀਂ ਤਕਨਾਲੋਜੀ ਵਿਕਸਤ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਆਧੁਨਿਕ ਸਮਿਆਂ ਅਨੁਸਾਰ ਸਫ਼ਾਈ ਮੁਹਿੰਮ ਦੇ ਹਾਵੀ ਬਣ ਸਕੀਏ।

ਸਿੱਖ ਮੱਤ ਦੇ ਦੱਸੇ ਸਿਧਾਂਤਾਂ ਵਿੱਚ ਸੇਵਾ ਕਰਨ ਦੇ ਸਿਧਾਂਤ ਦੀ ਵਿਸ਼ੇਸ਼ ਮਹੱਤਤਾ ਹੈ। ਸੇਵਾ ਕਰਨ ਦੀ ਸ਼ੁਰੂਆਤ ਹੀ ਸਫ਼ਾਈ ਤੋਂ ਹੁੰਦੀ ਹੈ। ਇਹ ਸੇਵਾ ਭਾਵੇਂ ਜੂਠੇ ਭਾਂਡਿਆਂ ਦੀ ਸਫ਼ਾਈ ਦੀ ਹੋਵੇ ਜਾਂ ਸ਼ਰਧਾਲੂਆਂ ਦੇ ਜੋੜਿਆਂ ਦੀ ਸਫ਼ਾਈ ਦੀ



ਸੇਵਾ ਹੋਵੇ ਜਾਂ ਰਸਤੇ ਜਾਂ ਆਲੇ -ਦੁਆਲੇ ਝਾੜੂ ਆਦਿ ਲਗਾਉਣ ਦੀ ਹੋਵੇ। ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਦੇ ਸਿਲੇਬਸ ਵਿੱਚ ਸਫ਼ਾਈ ਸੰਬੰਧੀ ਸਿੱਖਿਆ ਦੇਣੀ ਸ਼ਾਮਲ ਕੀਤੇ ਜਾਣ ਦੀ ਬੇਹੱਦ ਲੋੜ ਹੈ।

ਸਫ਼ਾਈ ਵਿੱਚ ਰੱਬ ਵਸਦਾ ਹੈ। ਅੰਗਰੇਜੀ ਭਾਸ਼ਾ ਦੀ ਪ੍ਰਸਿੱਧ ਕਹਾਵਤ ਹੈ 'Cleanliness in next to God' ਸਫ਼ਾਈ ਦਾ ਦਰਜਾ ਰੱਬ ਤੋਂ ਦੂਜੇ ਨੰਬਰ 'ਤੇ ਰੱਖਣਾ ਸਹੀ ਹੈ। ਸਫ਼ਾਈ ਆਪਣੇ ਖੁਦ ਦੇ ਘਰ ਅਤੇ ਖੁਦ ਦੇ ਸਰੀਰ ਤੋਂ ਸ਼ੁਰੂ ਹੁੰਦੀ ਹੈ। ਸਫ਼ਾਈ ਦੀ ਮੁੱਢਲੀ ਪ੍ਰਕਿਰਿਆ ਨਹਾਉਣਾ, ਖਾਣਾ-ਪੀਣਾ, ਕੱਪੜੇ-ਲੀੜੇ ਧੋਣਾ, ਘਰ-ਬਾਰ ਅਤੇ ਘਰ ਦੇ ਆਲੇ-ਦੁਆਲੇ ਨੂੰ ਸਾਫ਼-ਸੁਥਰਾ ਰੱਖਣ ਨਾਲ ਜੁੜੀ ਹੈ। ਸਾਡਾ ਆਲਾ-ਦੁਆਲਾ ਜਿਸ ਵਿੱਚ ਅਸੀਂ ਰਹਿੰਦੇ ਹਾਂ, ਵਧਕੇ-ਫੁੱਲਦੇ ਹਾਂ, ਸਾਹ ਲੈਂਦੇ ਹਾਂ। ਜਿਉਂਦੇ ਰਹਿਣ ਲਈ ਜਿੱਥੋਂ ਅਸੀਂ ਲੋੜੀਦੀਆਂ ਚੀਜ਼ਾਂ ਪ੍ਰਾਪਤ ਕਰਦੇ ਹਾਂ। ਇਸ ਆਲੇ-ਦੁਆਲੇ ਦਾ ਸਾਫ ਹੋਣਾ ਬਹੁਤ ਜ਼ਰੂਰੀ ਹੈ।

ਵਿਸ਼ਵ ਪੱਧਰ 'ਤੇ ਦੇਖੀਏ ਤਾਂ ਵਿਕਸਤ ਦੇਸ਼ ਸਾਫ਼-ਸਵੱਛ ਬਣ ਗਏ। ਤਦ ਹੀ ਉਥੋਂ ਦੇ ਨਾਗਰਿਕ ਸਿਹਤਮੰਦ ਤੇ ਖੁਸ਼ਹਾਲ ਹਨ, ਕਿਉਂਕਿ ਸਵੱਛਤਾ ਸਿਹਤ ਦੇ ਨਾਲ ਖੁਸ਼ਹਾਲੀ ਦੀ ਵੀ ਵਾਹਕ ਹੈ। ਸਵੱਛਤਾ ਲੋਕਾਂ ਨੂੰ ਗੰਦਗੀ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਉਂਦੀ ਹੈ। ਇਸ ਨਾਲ ਵੱਖ-ਵੱਖ ਰੋਗਾਂ ਦੇ ਇਲਾਜ ਵਿੱਚ ਖਰਚ ਹੋਣ ਵਾਲਾ ਪੈਸਾ ਬਚਦਾ ਹੈ। ਭਾਰਤ ਵਿੱਚ ਸਮੇਂ-ਸਮੇਂ 'ਤੇ ਚੱਲੀ ਸਵੱਛਤਾ ਮੁਹਿੰਮ ਦਾ ਅਸਰ ਵੀ ਦੇਖਣ ਨੂੰ ਮਿਲਿਆ ਹੈ। ਹੁਣ ਆਮ ਤੌਰ 'ਤੇ ਜਨਤਕ ਥਾਵਾਂ 'ਤੇ ਸਾਫ਼ ਸਫ਼ਾਈ ਦੇਖਣ ਨੂੰ ਮਿਲਦੀ ਹੈ, ਪਰ ਸਵੱਛਤਾ ਮੁਹਿੰਮ ਦਾ ਟੀਚਾ ਉਸ ਸਮੇਂ ਪੂਰਾ ਹੋਵੇਗਾ, ਜਦੋਂ ਸਮਾਜ ਵੀ ਆਪਣੇ ਹਿੱਸੇ ਦੀ ਪੂਰੀ ਜ਼ਿੰਮੇਵਾਰੀ ਨਿਭਾਏਗਾ। ਕਿਉਂਕਿ ਲੋਕ ਜਿਸ ਤਰ੍ਹਾਂ ਆਪਣੇ ਘਰ ਅਤੇ ਆਲੇ ਦੁਆਲੇ ਦੀ ਸਫ਼ਾਈ ਰੱਖਣਾ ਪਸੰਦ ਕਰਦੇ ਹਨ, ਉਸੇ ਤਰ੍ਹਾਂ ਜਨਤਕ ਥਾਵਾਂ ਦੀ ਸਫ਼ਾਈ ਲਈ ਤਤਪਰ ਨਹੀਂ ਦਿਸਦੇ। ਲੋਕਾਂ ਨੂੰ ਸਵੱਛਤਾ ਪ੍ਰਤੀ ਜਾਗਰੂਕ ਹੋਣ ਦੇ ਨਾਲ -ਨਾਲ ਆਪਣੀ ਜ਼ਿੰਮੇਵਾਰੀ ਨਿਭਾਉਣ ਲਈ ਵੀ ਤੱਤਪਰ ਰਹਿਣਾ ਚਾਹੀਦਾ ਹੈ। ਸਵੱਛ ਭਾਰਤ ਅਭਿਆਨ ਨੂੰ ਸਫਲ ਕਰਨ ਲਈ ਅਜੇ ਬਹੁਤ ਕੁਝ ਕਰਨ ਦੀ ਲੋੜ ਹੈ। ਸਰਕਾਰਾਂ ਨੂੰ ਦ੍ਰਿੜ੍ਹ ਇੱਛਾ-ਸ਼ਕਤੀ ਦੇ ਨਾਲ ਕੂੜੇ-ਕਰਕਟ ਦੇ ਢੇਰਾਂ ਨੂੰ ਚੁੱਕਕੇ ਬਣ ਰਹਿ ਕੌਮੀ ਮਾਰਗਾਂ ਵਿਚ ਭਰਤੀ ਦੇ ਤੌਰ 'ਤੇ ਵਰਤ ਕੇ ਸ਼ਹਿਰਾਂ ਨੂੰ ਸਾਫ਼-ਸੁਥਰਾ ਰੱਖਣਾ ਚਾਹੀਦਾ ਹੈ, ਤਾਂ ਜੋ ਲੋਕ ਬਿਮਾਰੀਆਂ ਤੋਂ ਬਚ ਸਕਣ ਤੇ ਤੰਦਰੁਸਤ ਜੀਵਨ ਬਤੀਤ ਕਰ ਸਕਣ।

**# ਸੰਪਰਕ : 98146-62260**

# ਵੱਖ-ਵੱਖ ਪਿੰਡਾਂ 'ਚ ਸੈਂਕੜੇ ਏਕੜ ਨਾੜ ਤੇ ਕਣਕ ਦੀ ਫ਼ਸਲ ਸੜ ਕੇ ਸੁਆਹ

ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)



ਬਲਾਕ ਗੁਰੂ ਹਰਸਹਾਏ ਦੇ ਵੱਖ ਵੱਖ ਪਿੰਡਾਂ ਵਿੱਚ ਖੜੀ ਕਣਕ ਨੂੰ ਅੱਗ ਲੱਗਣ ਨਾਲ ਕਿਸਾਨਾਂ ਦਾ ਭਾਰੀ ਨੁਕਸਾਨ ਹੋਇਆ ਹੈ।ਇਸ ਦੌਰਾਨ ਵੱਖ-ਵੱਖ ਪਿੰਡਾਂ ਵਿੱਚੋਂ ਇਕੱਤਰ ਕੀਤੀ ਗਈ ਜਾਣਕਾਰੀ ਅਨੁਸਾਰ ਲਗਭਗ ਦੋ ਤੋਂ ਤਿੰਨ ਸੌ ਏਕੜ ਦੇ ਲਗਭਗ ਖੜੀ ਕਣਕ ਤੇ ਸੈਂਕੜੇ ਏਕੜ ਕਿਸਾਨਾਂ ਦਾ ਖੜਾ ਨਾੜ ਅੱਗ ਲੱਗਣ ਨਾਲ ਸਵਾਹ ਹੋ ਗਿਆ ਹੈ।ਇਸ ਮੌਕੇ ਜਦ ਪਿੰਡ ਨਿਧਾਨਾ ਵਿਖੇ ਕਿਸਾਨਾਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਇਹ ਅੱਗ ਪਿੰਡ ਭਾਟਾ ਵੱਲੋਂ ਆਈ ਤੇ ਇਸ ਅੱਗ ਨੇ ਕੁਲਦੀਪ ਸਿੰਘ ਜੀਵਾਂ ਅਰਾਈਂ ਦੀ ਠੇਕੇ 'ਤੇ ਲਈ ਜ਼ਮੀਨ ਅੱਠ ਕਿੱਲੇ, ਸ਼ੇਰ ਸਿੰਘ ਨੂਰਪੁਰੀਆ ਦੇ 16 ਕਿੱਲੇ, ਪੂਰਨ ਸਿੰਘ ਜਰਨੈਲ ਸਿੰਘ ਦੇ ਪੰਜ ਕਿੱਲੇ, ਮਨਜੀਤ ਸਿੰਘ ਪੁੱਤਰ ਜਰਨੈਲ ਸਿੰਘ ਦੇ ਢਾਈ ਕਿੱਲੇ, ਜਸਵੰਤ ਸਿੰਘ ਪੁੱਤਰ ਸ਼ਬਾਬ ਸਿੰਘ ਦੇ 18 ਕਿੱਲੇ, ਬੰਟੀ ਸੋਢੀ ਦੇ ਸਾਢੇ ਛੇ ਕਿੱਲੇ, ਜਸਵਿੰਦਰ ਸਿੰਘ ਪੱਪੂ ਦੇ ਸਾਢੇ ਛੇ ਕਿੱਲੇ, ਫਲਕ ਸਿੰਘ ਦਾ ਇੱਕ ਕਿੱਲਾ, ਸੰਦੀਪ ਸਿੰਘ ਦੇ ਸਾਢੇ ਛੇ ਕਿੱਲੇ, ਹਰਪ੍ਰੀਤ ਸਿੰਘ ਸੋਢੀ ਦੇ 14 ਕਿੱਲੇ, ਰਿੰਕੂ ਸੋਢੀ ਪੁੱਤਰ ਬਚਿੱਤਰ ਸਿੰਘ ਦੇ 12 ਕਿੱਲੇ, ਕੁੰਦਨ ਸਿੰਘ ਪੁੱਤਰ ਈਸ਼ਰ ਸਿੰਘ ਦੇ ਪੰਜ ਕਿੱਲੇ, ਦੇਸ ਸਿੰਘ ਪੁੱਤਰ ਮੋਹਣ ਸਿੰਘ ਦੇ ਸਾਢੇ ਛੇ ਕਿੱਲੇ, ਉਡੀਕ ਚੰਦ ਪੁੱਤਰ ਜਗਦੀਸ਼ ਲਾਲ ਦੇ ਪੰਜ ਕਿੱਲੇ ਕਣਕ ਤੇ ਨਾੜ ਸੜ ਕੇ ਸੁਆਹ ਹੋ ਗਿਆ।ਇਨ੍ਹਾਂ ਪੀੜਤ ਕਿਸਾਨਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਸਰਕਾਰ ਵੱਲੋਂ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇ ਤਾਂ ਜੋ ਉਹ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਸਕਣ। ਜ਼ਿਕਰਯੋਗ ਹੈ ਕਿ ਗੁਰੂ ਹਰਸਹਾਏ ਨੂੰ ਸਬ ਡਵੀਜ਼ਨ ਦਾ ਦਰਜਾ ਪ੍ਰਾਪਤ ਹੋਣ ਦੇ ਬਾਵਜੂਦ ਅੱਜ ਵੀ ਗੁਰੂ ਹਰਸਹਾਏ ਬੁਨਿਆਦੀ ਸਹੂਲਤਾਂ ਤੋਂ ਵਾਂਝਾ ਹੈ। ਕਈ ਸਰਕਾਰਾਂ ਆਈਆਂ ਤੇ ਕਈ ਗਈਆਂ, ਪਰ ਸਬ ਡਵੀਜ਼ਨ ਗੁਰੂ ਹਰਸਹਾਏ ਵਿੱਚ ਵੱਡੇ ਵੱਡੇ ਵਿਕਾਸ ਦੇ ਦਾਅਵੇ ਕਰਨ ਵਾਲੇ ਇੱਥੇ ਇੱਕ ਫਾਇਰ ਬ੍ਰਿਗੇਡ ਦਾ ਇੰਤਜ਼ਾਮ ਨਹੀਂ ਕਰ ਸਕੇ। ਜਦ ਵੀ ਇਹੋ ਜਿਹੀ ਕੋਈ ਘਟਨਾ ਵਾਪਰਦੀ ਹੈ ਤਾਂ ਫਾਇਰ ਬ੍ਰਿਗੇਡ ਦੀ ਯਾਦ ਆਉਂਦੀ ਹੈ ਤੇ ਪਿਛਲੀਆਂ ਤੇ ਮੌਜੂਦਾ ਸਰਕਾਰਾਂ ਨੂੰ ਲਾਹਨਤਾਂ ਪਾਈਆਂ ਜਾਂਦੀਆਂ ਹਨ।ਅੱਜ ਫਿਰ ਕਿਸਾਨਾਂ ਦੀ ਪੁੱਤਾਂ ਵਾਂਗ ਪਾਲ਼ੀ ਸੈਂਕੜੇ ਏਕੜ ਕਣਕ ਦੀ ਫ਼ਸਲ ਤੇ ਨਾੜ ਸੜ ਕੇ ਸੁਆਹ ਹੋ ਗਿਆ। ਇਲਾਕੇ ਦੇ ਆਸ-ਪਾਸ ਦੇ ਪਿੰਡਾਂ ਵਿੱਚ ਲੱਗੀ ਭਿਆਨਕ ਅੱਗ ਨਜ਼ਦੀਕੀ ਪਿੰਡ ਭਾਟਾ ਤੋਂ ਸ਼ੁਰੂ ਹੋਈ, ਜੋ ਤੇਜ਼ ਹਵਾਵਾਂ ਨਾਲ ਹੋਰ ਵੀ ਭੜਕ ਉੱਠੀ ਤੇ ਇਸ ਵਿਕਰਾਲ ਅੱਗ ਨੇ ਪਿੰਡ ਭਾਟਾ, ਨਿਧਾਨਾ, ਬਸਤੀ ਕੱਲੇ ਵਾਲੀ, ਮੋਤੀ ਵਾਲਾ, ਮੋਹਨ ਕੇ ਉਤਾੜ ਆਦਿ 8-9 ਪਿੰਡਾਂ ਵਿੱਚ ਫੈਲ ਗਈ, ਜਿਸ ਨਾਲ ਅੱਗ ਦੀ ਲਪੇਟ ਵਿੱਚ ਕਣਕ ਤੇ ਨਾੜ ਸੜ ਕੇ ਸੁਆਹ ਹੋ ਗਿਆ।

## ਭੇਦਭਰੀ ਹਾਲਤ 'ਚ ਨੌਜਵਾਨ ਦੀ ਮੌਤ, ਮਾਮਲਾ ਦਰਜ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਦੀ ਸਬਜ਼ੀ ਮੰਡੀ ਕੋਲ ਨਵੀਂ ਬਣੀ ਕਾਲੋਨੀ ਵਿੱਚ ਭੇਦਭਰੀ ਹਾਲਤ 'ਚ ਇੱਕ ਵਿਅਕਤੀ ਦੀ ਮਿਲੀ ਲਾਸ਼ ਦੇ ਮਾਮਲੇ ਵਿੱਚ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ 103, 3 (5), 61 (2) ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਕੁਲਵਿੰਦਰ ਕੌਰ ਪਤਨੀ ਦਿਆਲ ਸਿੰਘ ਉਰਫ ਪਟਵਾਰੀ ਵਾਸੀ ਅਲੀ ਕੇ ਨੇ ਦੱਸਿਆ ਕਿ 18 ਅਪ੍ਰੈਲ 2025 ਨੂੰ ਕਰੀਬ ਸਾਢੇ 5 ਵਜੇ ਸ਼ਾਮ ਇਕ ਲੜਕਾ ਉਸ ਦੇ ਘਰ ਆਇਆ, ਜਿਸ ਦਾ ਮੂੰਹ ਕੱਪੜੇ ਨਾਲ ਬੰਨ੍ਹਿਆ ਹੋਇਆ ਸੀ, ਨੇ ਉਸ ਦੇ ਪਤੀ ਨੂੰ ਦੁਕਾਨ ਦੇ ਬਾਹਰ ਬੁਲਾਇਆ ਜੋ ਗੱਲਬਾਤ ਕਰਨ ਤੋਂ ਬਾਅਦ ਉਸ ਦੇ ਪਤੀ ਨੇ ਉਸ ਦੇ ਭਰਾ ਸਰੂਪ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਅੰਮ੍ਰਿਤਪੁਰਾ ਥਾਣਾ ਤਲਵੰਡੀ ਚੋਕਰੀਆ, ਜੋ ਸਾਡੇ ਘਰ ਮਿਲਣ ਆਇਆ ਹੋਇਆ ਸੀ, ਦਾ ਮੋਟਰਸਾਈਕਲ ਨੰਬਰ ਪੀਬੀ 09 ਏਐੱਮ 7850 ਪਲਟੀਨਾ ਬਜਾਜ ਲਿਆ ਅਤੇ ਦੋਵੇਂ ਜਣੇ ਮੋਟਰਸਾਈਕਲ 'ਤੇ ਘਰੋਂ ਚਲੇ ਗਏ। ਕੁਲਵਿੰਦਰ ਕੌਰ ਨੇ ਦੱਸਿਆ ਕਿ ਜਦੋਂ ਉਹ ਦੇਰ ਰਾਤ ਤੱਕ ਘਰ ਨਾ ਆਇਆ ਤਾਂ ਅਸੀਂ ਇਸ ਦੀ ਭਾਲ ਸ਼ੁਰੂ ਕੀਤੀ, ਪਰ ਇਸ ਦਾ ਮੋਬਾਇਲ ਫੋਨ ਵੀ ਬੰਦ ਹੋ ਗਿਆ, ਜਿਸ ਕਰਕੇ ਰਾਤ ਸਾਨੂੰ ਇਸ ਬਾਰੇ ਕੁਝ ਪਤਾ ਨਾ ਲੱਗਾ। ਕੁਲਵਿੰਦਰ ਕੌਰ ਨੇ ਦੱਸਿਆ ਕਿ ਅੱਜ ਸਵੇਰੇ ਸਾਨੂੰ ਪਤਾ ਲੱਗਾ ਕਿ ਉਸ ਦੇ ਪਤੀ ਦੀ ਲਾਸ਼ ਨਜ਼ਦੀਕ ਸਬਜ਼ੀ ਮੰਡੀ ਨਵੀਂ ਬਣੀ ਕਲੋਨੀ ਵਿੱਚ ਪਈ ਹੈ। ਉਸ ਦੇ ਪਤੀ ਦੇ ਗਲੇ 'ਤੇ ਅਤੇ ਪਿੱਛੇ ਢੂਹੀ ਵਿੱਚ ਕਾਫੀ ਹਥਿਆਰਾਂ ਨਾਲ ਸੱਟਾਂ ਮਾਰੀਆਂ ਹੋਈਆਂ ਹਨ। ਇਸ ਮਾਮਲੇ ਦੀ ਜਾਂਚ ਕਰ ਰਹੇ ਇੰਸਪੈਕਟਰ ਹਰਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਹਨੇਰੀ ਝੱਖੜ ਕਾਰਨ ਪੀ ਐੱਸ ਪੀ ਸੀ ਐੱਲ ਦਾ ਸਾਢੇ ਪੰਜ ਕਰੋੜ ਤੋਂ ਵੱਧ ਦਾ ਨੁਕਸਾਨ

ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਸ਼ੁੱਕਰਵਾਰ ਨੂੰ ਆਈ ਹਨੇਰੀ ਨਾਲ ਪੀਐੱਸਪੀਸੀਐੱਲ ਦੇ ਖੰਭੇ, ਟਾਵਰ ਤੇ ਟ੍ਰਾਂਸਫਾਰਮਰ ਡਿੱਗ ਗਏ ਹਨ।ਇਸ ਦੌਰਾਨ 220 ਕੇ ਵੀ ਤੇ 66 ਕੇ ਵੀ ਵਾਲੇ ਕਰੀਬ 15 ਟਾਵਰ ਨੁਕਸਾਨੇ ਗਏ ਹਨ।ਘਰੇਲੂ ਤੇ ਉਦਯੋਗਿਕ ਖੇਤਰਾਂ ਦੇ 100 ਖੰਭੇ ਨੁਕਸਾਨੇ ਗਏ ਹਨ।ਖੇਤੀਬਾੜੀ ਕੁਨੈਕਸ਼ਨਾਂ ਨਾਲ ਸੰਬੰਧਤ 11 ਕੇ ਵੀ ਲਾਈਨਾਂ ਦੇ ਨੁਕਸਾਨ ਦੀ ਪੜਤਾਲ ਹਾਲੇ ਬਾਕੀ ਹੈ।ਸ਼ਨੀਵਾਰ ਦੁਪਹਿਰ ਤੱਕ ਮਹਿਕਮੇ ਵੱਲੋਂ ਤਿਆਰ ਕੀਤੀ ਗਈ ਰਿਪੋਰਟ ਅਨੁਸਾਰ ਸੂਬੇ ਵਿੱਚ 5.50 ਕਰੋੜ ਤੋਂ ਵੱਧ ਨੁਕਸਾਨ ਹੋਇਆ ਹੈ।ਖੰਭੇ ਤੇ ਤਾਰਾਂ ਟੁੱਟਣ ਕਾਰਨ ਸੂਬੇ ਵਿੱਚ ਵੱਖ ਵੱਖ ਥਾਵਾਂ 'ਤੇ ਬਿਜਲੀ ਸਪਲਾਈ ਬੰਦ ਰਹੀ ਹੈ।ਜਾਣਕਾਰੀ ਅਨੁਸਾਰ ਤੇਜ਼ ਹਨੇਰੀ ਕਾਰਨ ਬਿਜਲੀ ਸਪਲਾਈ ਦੀਆਂ 11 ਕੇ ਵੀ ਤੇ ਟਰਾਂਸਮਿਸ਼ਨ ਲਾਈਨਾਂ ਦਾ ਭਾਰੀ ਨੁਕਸਾਨ ਹੋਇਆ ਹੈ, ਜਿਸ ਨਾਲ ਬਰਨਾਲਾ, ਸੰਗਰੂਰ ਤੇ ਪਟਿਆਲਾ ਜ਼ਿਲ੍ਹਿਆਂ ਦੇ 50 ਦੇ ਕਰੀਬ ਗਰਿੱਡਾਂ ਤੋਂ ਚੱਲਦੇ ਖੇਤਰਾਂ ਬਰਨਾਲਾ, ਧਨੌਲਾ, ਸੰਗਰੂਰ, ਭਵਾਨੀਗੜ੍ਹ, ਧੂਰੀ, ਅਮਰਗੜ੍ਹ, ਨਾਭਾ, ਪਟਿਆਲਾ ਤੇ ਸਮਾਣਾ ਖੇਤਰਾਂ ਦੀ ਸਪਲਾਈ ਪ੍ਰਭਾਵਿਤ ਹੋਈ ਹੈ।ਪੀਐੱਸਪੀਸੀਐੱਲ ਦੇ ਅਧਿਕਾਰੀਆਂ ਤੇ ਮੁਲਾਜ਼ਮਾਂ ਦੀ ਮਿਹਨਤ ਸਦਕਾ ਇਨ੍ਹਾਂ ਵਿੱਚੋਂ ਜ਼ਿਆਦਾਤਰ ਖੇਤਰਾਂ ਦੀ ਘਰੇਲੂ ਤੇ ਉਦਯੋਗਿਕ ਸਪਲਾਈ ਬਹਾਲ ਕੀਤੀ ਜਾ ਚੁੱਕੀ ਹੈ ਅਤੇ ਬਾਕੀ ਰਹਿੰਦੇ ਖੇਤਰਾਂ ਦੀ ਬਿਜਲੀ ਸਪਲਾਈ ਵੀ ਦੇਰ ਰਾਤ ਤੱਕ ਬਹਾਲ ਕਰ ਦਿੱਤੀ ਜਾਵੇਗੀ।

ਤੇਜ਼ ਹਨੇਰੀ ਕਾਰਨ 220 ਕੇ ਵੀ ਟਰਾਂਸਮਿਸ਼ਨ ਲਾਈਨ ਨਾਭਾ ਤੋਂ ਭਵਾਨੀਗੜ੍ਹ ਗਰਿੱਡ ਦੇ 7 ਟਾਵਰ ਨੁਕਸਾਨੇ ਗਏ ਹਨ ਅਤੇ 66 ਕੇ ਵੀ ਟਰਾਂਸਮਿਸ਼ਨ ਲਾਈਨਾਂ 8 ਟਾਵਰ ਨੁਕਸਾਨੇ ਗਏ ਹਨ, ਜਿਸ ਨਾਲ ਟ੍ਰਾਂਸਮਿਸ਼ਨ ਸਿਸਟਮ ਦਾ ਕਰੀਬ 3 ਕਰੋੜ ਦਾ ਨੁਕਸਾਨ ਹੋਇਆ ਹੈ।ਘਰੇਲੂ ਤੇ ਉਦਯੋਗਿਕ ਖੇਤਰਾਂ ਦੀਆਂ 11 ਕੇ ਵੀ ਲਾਈਨਾਂ ਦੇ 9 ਮੀਟਰ ਦੇ ਕਰੀਬ 900 ਤੇ 11 ਮੀਟਰ ਦੇ ਕਰੀਬ 200 ਪੋਲ ਟੁੱਟ ਗਏ ਹਨ।ਇਸ ਤੋਂ ਇਲਾਵਾ 100 ਦੇ ਕਰੀਬ ਟ੍ਰਾਂਸਫਾਰਮਰ ਨੁਕਸਾਨੇ ਗਏ ਹਨ, ਜਿਸ ਨਾਲ 11 ਕੇ ਵੀ ਸਿਸਟਮ ਦਾ ਕਰੀਬ 2.5 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ।ਖੇਤੀਬਾੜੀ ਕੁਨੈਕਸ਼ਨਾਂ ਨਾਲ ਸੰਬੰਧਤ 11 ਕੇ ਵੀ ਲਾਈਨਾਂ ਦੇ ਨੁਕਸਾਨ ਦੀ ਪੜਤਾਲ ਹਾਲੇ ਬਾਕੀ ਹੈ।ਤਿੰਨ ਦਿਨ ਵਿੱਚ ਪੀ ਐੱਸ ਪੀ ਸੀ ਐੱਲ ਕੋਲ ਬਿਜਲੀ ਬੰਦ ਦੀਆਂ 2 ਲੱਖ 30 ਹਜ਼ਾਰ ਤੋਂ ਵੱਧ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ।17 ਅਪ੍ਰੈਲ ਨੂੰ ਇੱਕ ਲੱਖ ਤੋਂ ਵੱਧ ਤੇ 18 ਅਪ੍ਰੈਲ ਨੂੰ 70 ਹਜ਼ਾਰ ਤੇ 19 ਅਪ੍ਰੈਲ ਦੁਪਹਿਰ ਤੱਕ 60 ਹਜ਼ਾਰ ਤੋਂ ਵੱਧ ਸ਼ਿਕਾਇਤਾਂ ਦਰਜ ਕੀਤੀਆਂ ਗਈਆਂ ਹਨ।19 ਅਪ੍ਰੈਲ ਨੂੰ ਸਭ ਤੋਂ ਵੱਧ ਸ਼ਿਕਾਇਤਾਂ 4144 ਸੰਗਰੂਰ ਜ਼ਿਲ੍ਹੇ ਤੋਂ ਮਿਲੀਆਂ ਹਨ, ਜਦੋਂਕਿ ਸਭ ਤੋਂ ਘੱਟ 14 ਸ਼ਿਕਾਇਤਾਂ ਮੁਕਤਸਰ ਜ਼ਿਲ੍ਹੇ ਵਿੱਚੋਂ ਮਿਲੀਆਂ ਹਨ।ਸ਼ਨੀਵਾਰ ਦੁਪਹਿਰ ਤੱਕ 60 ਹਜ਼ਾਰ ਵਿੱਚੋਂ 59000 ਹਜ਼ਾਰ ਸ਼ਿਕਾਇਤਾਂ ਦਾ ਨਿਪਟਾਰਾ ਕਰ ਦਿੱਤਾ ਗਿਆ ਹੈ ਤੇ ਬਾਕੀ 'ਤੇ ਦੇਰ ਸ਼ਾਮ ਤੱਕ ਕੰਮ ਜਾਰੀ ਰਿਹਾ।



## ਵਿਆਹੁਤਾ ਦੀ ਕੁੱਟਮਾਰ ਕਰਕੇ ਘਰੋਂ ਕੱਢਣ ਦੇ ਦੋਸ਼ 'ਚ 2 ਨਾਮਜ਼ਦ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਇਕ ਵਿਆਹੁਤਾ ਕੋਲੋਂ ਹੋਰ ਦਾਜ ਦੀ ਮੰਗ ਕਰਕੇ ਕੁੱਟਮਾਰ ਕਰਨ ਤੇ ਘਰੋਂ ਕੱਢਣ ਦੇ ਦੋਸ਼ ਵਿੱਚ ਥਾਣਾ ਵੂਮੈਨ ਫਿਰੋਜ਼ਪੁਰ ਪੁਲਸ ਨੇ ਵਿਆਹੁਤਾ ਦੇ ਸਹੁਰੇ ਪਰਵਾਰ ਦੇ ਦੋ ਮੈਂਬਰਾਂ ਖਿਲਾਫ 498-ਏ, 406 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਵੂਮੈਨ ਫਿਰੋਜ਼ਪੁਰ ਪੁਲਸ ਨੇ ਦੱਸਿਆ ਕਿ ਇਹ ਮੁਕੱਦਮਾ ਦਰਖਾਸਤ ਯੂਆਈਡੀ ਨੰਬਰ 559136 ਰਾਹੀਂ ਵਿਆਹੁਤਾ ਰਾਜਿੰਦਰ ਕੌਰ ਪੁੱਤਰੀ ਗੁਰਬਚਨ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਮਮਦੋਟ ਉਤਾੜ ਨੇ ਦੱਸਿਆ ਕਿ ਉਸ ਦਾ ਵਿਆਹ 5 ਸਾਲ ਪਹਿਲਾਂ ਮਨਦੀਪ ਸਿੰਘ ਪੁੱਤਰ ਅਜਿੰਦਰ ਸਿੰਘ ਵਾਸੀ ਮਸਤੂਵਾਲਾ ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਨਾਲ ਹੋਇਆ ਸੀ।

ਰਾਜਿੰਦਰ ਕੌਰ ਨੇ ਦੱਸਿਆ ਕਿ ਵਿਆਹ ਸਮੇਂ ਉਸ ਦੀ ਮਾਤਾ-ਪਿਤਾ ਨੇ ਆਪਣੀ ਹੈਸੀਅਤ ਤੋਂ ਵੱਧ ਦਾਜ ਦਹੇਜ ਦਿੱਤਾ ਸੀ, ਪਰ ਉਸ ਦਾ ਪਤੀ ਮਨਦੀਪ ਸਿੰਘ ਤੇ ਇਸ ਦਾ ਪਰਿਵਾਰ 'ਚ ਉਸ ਦੀ ਮਾਤਾ ਬਲਜੀਤ ਕੌਰ ਉਰਫ ਮਹਿੰਦਰ ਕੌਰ ਪਤਨੀ ਅਜਿੰਦਰ ਸਿੰਘ ਇਸ ਦਾਜ ਦਹੇਜ ਤੋਂ ਖੁਸ਼ ਨਹੀਂ ਸਨ ਤੇ ਉਸ ਕੋਲੋਂ ਹੋਰ ਦਾਜ ਦਹੇਜ ਦੀ ਮੰਗ ਕਰਨ ਲੱਗੇ। ਵਿਆਹੁਤਾ ਰਾਜਿੰਦਰ ਕੌਰ ਨੇ ਦੱਸਿਆ ਕਿ ਉਸ ਵੱਲੋਂ ਇਨਕਾਰ ਕਰਨ 'ਤੇ ਉਸ ਦੇ ਪਤੀ ਮਨਦੀਪ ਸਿੰਘ ਤੇ ਇਸ ਦੀ ਮਾਤਾ ਬਲਜੀਤ ਕੌਰ ਉਰਫ ਮਹਿੰਦਰ ਕੌਰ ਨੇ ਉਸ ਦੀ ਕੁੱਟਮਾਰ ਕਰਕੇ ਆਪਣੇ ਘਰੋਂ ਕੱਢ ਦਿੱਤਾ।

ਥਾਣਾ ਵੂਮੈਨ ਫਿਰੋਜ਼ਪੁਰ ਦੀ ਪੁਲਸ ਨੇ ਦੱਸਿਆ ਕਿ ਪੁਲਸ ਨੇ ਵਿਆਹੁਤਾ ਰਾਜਿੰਦਰ ਕੌਰ ਦੇ ਬਿਆਨਾਂ 'ਤੇ ਪੁਲਸ ਨੇ ਉਸ ਦੇ ਪਤੀ ਮਨਦੀਪ ਸਿੰਘ ਤੇ ਉਸ ਦੀ ਮਾਤਾ ਬਲਜੀਤ ਕੌਰ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਕਾਤਰਾਂ

### ਲੜਕੇ ਨੂੰ ਅਗਵਾ ਕਰਕੇ 5 ਲੱਖ ਦੀ ਫਿਰੌਤੀ ਮੰਗਣ ਵਾਲੇ ਦੋ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਆਰਿਫ ਕੇ ਅਧੀਨ ਆਉਂਦੇ ਪਿੰਡ ਕਾਮਲਾ ਵਾਲਾ ਵਿਖੇ ਇੱਕ ਲੜਕੇ ਨੂੰ ਅਗਵਾ ਕਰਕੇ 5 ਲੱਖ ਰੁਪਏ ਦੀ ਫਿਰੌਤੀ ਮੰਗਣ ਵਾਲੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ 140, 3 (5) ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਜੋਗਿੰਦਰ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਕਾਮਲ ਵਾਲਾ ਨੇ ਦੱਸਿਆ ਕਿ ਉਹ ਤੇ ਉਸ ਦਾ ਲੜਕਾ ਸੁਖਦੇਵ ਸਿੰਘ ਕਣਕ ਵੇਚਣ ਲਈ ਦਾਣਾ ਮੰਡੀ ਵਾਹਕਾ ਮੰਡੀ ਆਏ ਸੀ, ਜਿੱਥੇ ਉਸ ਦੀ ਕਣਕ ਦੀ ਟਰਾਲੀ ਉੱਤਾਰ ਕੇ ਵਾਪਸ ਘਰ ਚਲਾ ਗਿਆ ਤੇ ਉਹ ਆਪਣੇ ਲੜਕੇ ਸੁਖਦੇਵ ਸਿੰਘ ਨੂੰ ਦਾਣਾ ਮੰਡੀ ਵਿੱਚ ਛੱਡ ਗਿਆ। ਜੋਗਿੰਦਰ ਸਿੰਘ ਨੇ ਦੱਸਿਆ ਕਿ ਕਰੀਬ 2 ਵਜੇ ਦੁਪਹਿਰ ਪੱਪੂ ਸਿੰਘ ਪੁੱਤਰ ਬਲਕਾਰ ਸਿੰਘ, ਰਾਜਪ੍ਰੀਤ ਸਿੰਘ ਪੁੱਤਰ ਪੱਪੂ ਸਿੰਘ ਵਾਸੀਅਨ ਮਸਤੇ ਕੇ ਮੋਟਰਸਾਈਕਲ 'ਤੇ ਆਏ ਅਤੇ ਉਸ ਦੇ ਲੜਕੇ ਨੂੰ ਅਗਵਾ ਕਰਕੇ ਕਿਸੇ ਅਣਦੱਸੀ ਜਗ੍ਹਾ 'ਤੇ ਲੈ ਗਏ ਅਤੇ 5 ਲੱਖ ਰੁਪਏ ਦੀ ਫਿਰੌਤੀ ਮੰਗ ਕਰ ਰਹੇ ਹਨ। ਪੁਲਸ ਨੇ ਦੱਸਿਆ ਕਿ ਫਿਰੌਤੀ ਦੀ ਮੰਗ ਕਰਨ ਵਾਲੇ ਪੱਪੂ ਸਿੰਘ ਤੇ ਰਾਜਪ੍ਰੀਤ ਸਿੰਘ ਨੂੰ ਇਕ ਮੋਟਰਸਾਈਕਲ ਬਿਨਾਂ ਨੰਬਰੀ ਸਮੇਤ ਗ੍ਰਿਫਤਾਰ ਕਰ ਲਿਆ ਗਿਆ ਹੈ।

### ਅੱਖਾਂ ਦਾ ਮੁਫ਼ਤ ਕੈਂਪ ਭਲਕੇ

**ਦਿੜ੍ਹਬਾ (ਜਸਵੀਰ ਲਾਡੀ)**-ਇੱਥੋਂ ਨਾਲ ਦੇ ਪਿੰਡ ਛਾਜਲੀ ਵਿਖੇ ਸੋਸ਼ਲ ਯੂਥ ਸਪੋਰਟਸ, ਕਲਚਰ ਐਂਡ ਵੈੱਲਫੇਅਰ ਕਲੱਬ ਛਾਜਲੀ ਵੱਲੋਂ ਅੱਖਾਂ ਦਾ ਮੁਫ਼ਤ ਚੈੱਕਅਪ ਤੇ ਆਪ੍ਰੇਸ਼ਨ ਕੈਂਪ 22 ਅਪ੍ਰੈਲ ਨੂੰ ਗੁਰਦੁਆਰਾ ਸੰਗਤਸਰ ਸਾਹਿਬ ਨੇੜੇ ਦਾਣਾ ਮੰਡੀ ਛਾਜਲੀ ਵਿਖੇ ਲਗਾਇਆ ਜਾ ਰਿਹਾ ਹੈ।ਕਲੱਬ ਦੇ ਪ੍ਰਧਾਨ ਹਰਬੰਸ ਸਿੰਘ ਛਾਜਲੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਕੈਂਪ ਵਿੱਚ ਅੱਖਾਂ ਦੇ ਮਾਹਰ ਡਾਕਟਰ ਨਿੱਧੀ ਗੁਪਤ ਆਈ ਸਰਜਨ ਸਿਵਲ ਹਸਪਤਾਲ ਸੰਗਰੂਰ ਆਪਣੀ ਟੀਮ ਨਾਲ ਪਹੁੰਚ ਰਹੇ ਹਨ। ਮਰੀਜ਼ ਆਪਣਾ ਅਧਾਰ ਕਾਰਡ ਨਾਲ ਲੈ ਕੇ ਆਉਣ, ਕੈਂਪ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਇਸ ਮੌਕੇ ਉਨ੍ਹਾਂ ਦੇ ਨਾਲ ਡਾਕਟਰ ਗੁਰਸੇਵ ਛਾਜਲੀ, ਅਜੈਬ ਸਿੰਘ ਵਾਲੀਆ, ਬੀਨਾ ਸ਼ਰਮਾ, ਹਰਪਾਲ ਪੰਡਤ, ਇੰਦਰਜੀਤ ਸਿੰਘ, ਜਸਵੀਰ ਲਾਡੀ, ਕੁੱਕੀ ਸੂਚ, ਪੁਸ਼ਪਿੰਦਰ ਸਿੰਘ, ਤਾਰਾ ਸਿੰਘ, ਕਰਨੈਲ ਸਿੰਘ ਸੱਲ੍ਹ, ਸਿਰੀਰਾਮ ਸਿੰਘ, ਬਲਵੰਤ ਸਿੰਘ ਚੌਹਾਨ, ਸੰਸਾਰ ਸਿੰਘ ਬੋਲਾ ਆਦਿ ਹਾਜ਼ਰ ਸਨ।

### 20 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਕਾਬੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਕੈਂਟ ਫਿਰੋਜ਼ਪੁਰ ਪੁਲਸ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਇੱਕ ਵਿਅਕਤੀ ਨੂੰ 20 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਪਰਮਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਬਸਤੀ ਟੈਂਕਾਂਵਾਲੀ ਤੋਂ ਲੋਕੋ ਸ਼ੈੱਡ ਰੋਡ ਵੱਲ ਜਾ ਰਹੀ ਸੀ ਤਾਂ ਲੋਕੋ ਸ਼ੈੱਡ 'ਤੇ ਸੜਕ ਦੇ ਕਿਨਾਰੇ 'ਤੇ ਇਕ ਪਤਲਾ ਅਧੇੜ ਕਿਸਮ ਦਾ ਵਿਅਕਤੀ ਆਸ਼ਕ ਉਰਫ ਕਾਲਾ ਪੁੱਤਰ ਨੱਥੂ ਵਾਸੀ ਲੋਕੋ ਸ਼ੈੱਡ ਰੋਡ ਅਹਾਤਾ ਨੰਬਰ 28 ਬਸਤੀ ਟੈਂਕਾਂ ਵਾਲੀ ਫਿਰੋਜ਼ਪੁਰ ਪਲਾਸਟਿਕ ਕੈਨੀ ਰੱਖ ਕੇ ਬੈਠਾ ਸੀ, ਜੋ ਪੁਲਸ ਪਾਰਟੀ ਨੂੰ ਵੇਖ ਕੇ ਖਿਸਕਣ ਲੱਗਾ ਤਾਂ ਪੁਲਸ ਨੇ ਉਸ ਨੂੰ ਕਾਬੂ ਕਰਕੇ ਉਸ ਕੋਲੋਂ 20 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਮੁਲਜ਼ਮ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਸਰਕਾਰ ਗੜੇਮਾਰੀ ਤੇ ਅੱਗ ਨਾਲ ਸੜੀ ਕਣਕ ਦਾ 50 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ ਦੇਵੇ : ਬਹਿਰਾਮਕੇ

**ਕਿਸਾਨ ਆਗੂ 'ਤੇ ਤਸ਼ੱਦਦ ਦੇ ਵਿਰੋਧ 'ਚ 1 ਮਈ ਨੂੰ ਸ਼ੰਭੂ ਥਾਣੇ ਦਾ ਕਰਾਂਗੇ ਘਿਰਾਓ : ਜੰਗੀਰ ਫੌਜੀ**



**ਕੋਟ ਈਸੇ ਖਾਂ (ਅਰੋੜਾ)**-ਸਥਾਨਕ ਸ਼ਹਿਰ ਦੇ ਗੁਰਦੁਆਰਾ ਕਲਗੀਧਰ ਸਾਹਿਬ ਵਿਖੇ ਭਾਰਤੀ ਕਿਸਾਨ ਯੂਨੀਅਨ ਬਹਿਰਾਮਕੇ ਦੀ ਮਹੀਨਾਵਾਰ ਮੀਟਿੰਗ ਸੂਬਾ ਪ੍ਰਧਾਨ ਬਲਵੰਤ ਸਿੰਘ ਬਹਿਰਾਮਕੇ ਬੀਕੇਯੂ ਬਹਿਰਾਮਕੇ ਦੀ ਪ੍ਰਧਾਨਗੀ ਹੇਠ ਕੀਤੀ ਗਈ, ਜਿਸ ਵਿੱਚ ਜਗੀਰ ਸਿੰਘ ਸ਼ਾਦੀ ਵਾਲਾ ਅਗਜ਼ੈਕਟਿਵ ਮੈਂਬਰ ਪੰਜਾਬ ਤੇ ਕੈਪਟਨ ਬਿੱਕਰ ਸਿੰਘ ਅਗਜ਼ੈਕਟਿਵ ਮੈਂਬਰ ਪੰਜਾਬ, ਸੁਖਦੇਵ ਸਿੰਘ ਮੈਂਬਰ ਭਿੰਡਰ ਕਲਾਂ ਕੋਰ ਕਮੇਟੀ ਮੈਂਬਰ ਪੰਜਾਬ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਮੀਟਿੰਗ ਦੀ ਕਾਰਵਾਈ ਜੰਗੀਰ ਸਿੰਘ ਫੌਜੀ ਤੇ ਸਵਰਨ ਸਿੰਘ ਬਲਾਕ ਪ੍ਰਧਾਨ ਨੇ ਚਲਾਈ।ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੇ ਦਿਨੀਂ ਗੜ੍ਹੇਮਾਰੀ ਤੇ ਅੱਗ ਨਾਲ ਪੰਜਾਬ ਅੰਦਰ ਹਜ਼ਾਰਾਂ ਏਕੜ ਕਣਕ ਸੜ ਕੇ ਸੁਆਹ ਹੋ ਚੁੱਕੀ ਹੈ।ਪੰਜਾਬ ਸਰਕਾਰ ਤੁਰੰਤ ਗਿਰਦਾਵਰੀਆਂ ਕਰਵਾ ਕੇ ਕਿਸਾਨਾਂ ਨੂੰ ਪੰਜਾਹ ਹਜ਼ਾਰ ਰੁਪਏ ਪ੍ਰਤੀ ਏਕੜ ਦਾ ਮੁਆਵਜ਼ਾ ਦੇਵੇ।ਹਰੇਕ ਸਾਲ ਹੀ ਲੰਮੇ ਸਮੇਂ ਤੋਂ ਬਿਜਲੀ ਤਾਰਾਂ ਦਾ ਢਿੱਲੀਆਂ ਹੋਣਾ ਤੇ ਹੋਰ ਕਾਰਨਾਂ ਕਰਕੇ ਕਿਸਾਨਾਂ ਦਾ ਕਰੋੜਾਂ ਰੁਪਈਆਂ ਦਾ ਨੁਕਸਾਨ ਹੋ ਰਿਹਾ।ਉਨ੍ਹਾਂ ਕਿਹਾ ਕਿ ਜਦੋਂ ਪਰਾਲੀ ਨੂੰ ਅੱਗ ਲੱਗਦੀ ਹੈ ਤੇ ਪੰਜ ਮਿੰਟਾਂ ਵਿੱਚ ਪ੍ਰਸ਼ਾਸਨ ਤੇ ਫਾਇਰ ਬ੍ਰਿਗੇਡ ਪਹੁੰਚ ਜਾਂਦੀ ਹੈ, ਪਰ ਜਦੋਂ ਫਿਰੋਜ਼ਪੁਰ ਜ਼ਿਲ੍ਹੇ ਅੰਦਰ ਪੈਂਦੇ ਪਿੰਡ ਹਾਜੀ ਵਾਲੇ ਵਿੱਚ ਕਣਕ ਨੂੰ ਅੱਗ ਲੱਗੀ ਤਾਂ ਤਿੰਨ ਘੰਟੇ ਫਾਇਰ ਬ੍ਰਿਗੇਡ ਉਥੇ ਨਹੀਂ ਪਹੁੰਚੀ।ਕੇਵਲ ਉਥੋਂ ਦੇ ਕਿਸਾਨਾਂ ਨੇ ਰਲ ਕੇ ਹੀ ਉਸ ਅੱਗ 'ਤੇ ਕਾਬੂ ਪਾਇਆ, ਪਰ ਫਿਰ ਵੀ ਕਣਕ ਸੜ ਕੇ ਸੁਆਹ ਹੋ ਗਈ।ਅਸੀਂ ਸਰਕਾਰਾਂ ਨੂੰ ਪੁੱਛਣਾ ਚਾਹੁੰਦੇ ਹਾਂ ਕਿ ਜੇਕਰ ਪਰਾਲੀ ਸੜਨ 'ਤੇ ਸੈਟੇਲਾਈਟ ਕੰਮ ਕਰਦਾ ਤੇ ਇਸ ਸਮੇਂ ਪੰਜਾਬ ਅੰਦਰ ਹਜ਼ਾਰਾਂ ਏਕੜ ਕਣਕ ਅੱਗ ਦੀ ਲਪੇਟ ਵਿੱਚ ਆ ਕੇ ਸਵਾਹ ਹੋ ਰਹੀ ਹੈ, ਉਸ ਸਮੇਂ ਸਰਕਾਰਾਂ ਦੇ ਸੈਟੇਲਾਈਟ ਕਿਉਂ ਨਹੀਂ ਕੰਮ ਕਰਦੇ।ਦੂਜੇ ਪਾਸੇ ਉਨ੍ਹਾਂ ਕਿਹਾ ਕਿ 19 ਮਾਰਚ ਨੂੰ ਜੋ ਸ਼ੰਭੂ ਤੇ ਖਨੌਰੀ ਪੰਜਾਬ ਤੇ ਕੇਂਦਰ ਦੀ ਸਰਕਾਰ ਦੀ ਮਿਲੀ ਭੁਗਤ ਦੇ ਨਾਲ ਪੁਲਸ ਪ੍ਰਸ਼ਾਸਨ ਦੀ ਹਾਜ਼ਰੀ ਵਿੱਚ ਕਿਸਾਨਾਂ ਦੀਆਂ ਟਰਾਲੀਆਂ ਤੇ ਸਾਂਝੇ ਸਾਮਾਨ ਅਤੇ ਕਰੋੜਾਂ ਰੁਪਈਆਂ ਦਾ ਸਾਮਾਨ ਦੀ ਅੰਨੇਵਾਹ ਲੁੱਟ ਹੋਈ ਹੈ, ਉਸ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਤੇ ਪੁਲਸ ਪ੍ਰਸ਼ਾਸਨ ਹੈ।ਇਸ ਤੋਂ ਇਲਾਵਾ 20 ਮਾਰਚ ਨੂੰ ਸ਼ੰਭੂ ਠਾਣੇ ਦੇ ਇੰਸਪੈਕਟਰ ਹਰਪ੍ਰੀਤ ਸਿੰਘ ਨੇ ਕਿਸਾਨ ਮਜ਼ਦੂਰ ਮੋਰਚੇ ਦੇ ਆਗੂ ਬਲਵੰਤ ਸਿੰਘ ਬੈਰਾਗ ਕੇ ਤੇ ਉਨ੍ਹਾਂ ਦੇ ਸਾਥੀਆਂ 'ਤੇ ਅੰਨ੍ਹੇਵਾਹ ਲਾਠੀਆਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ, ਜਿਸ 'ਤੇ ਪੂਰੇ ਮੋਰਚੇ ਨੇ ਸਖਤ ਨੋਟਿਸ ਲੈਂਦਿਆਂ ਤੇ ਫੈਸਲਾ ਕਰਦਿਆਂ ਕਿਹਾ ਕਿ ਆਉਣ ਵਾਲੀ ਇੱਕ ਮਈ ਨੂੰ ਸ਼ੰਭੂ ਥਾਣੇ ਦਾ ਵੱਡੀ ਗਿਣਤੀ ਵਿੱਚ ਘਿਰਾਓ ਕੀਤਾ ਜਾਵੇਗਾ।ਕਿਸਾਨ ਮਜ਼ਦੂਰ ਮੋਰਚੇ ਦੀ ਇਹ ਮੰਗ ਹੋਵੇਗੀ ਕਿ ਸ਼ੰਭੂ ਠਾਣੇ ਦੇ ਇੰਸਪੈਕਟਰ ਹਰਪ੍ਰੀਤ ਸਿੰਘ ਤੇ ਉਸ ਦੇ ਨਾਲ 25 ਤੋਂ 30 ਮੁਲਾਜ਼ਮਾਂ ਨੂੰ ਨੌਕਰੀ ਤੋਂ ਬਰਖਾਸਤ ਕੀਤਾ ਜਾਵੇ।ਉਨ੍ਹਾਂ ਸਖਤ ਚਿਤਾਵਨੀ ਦਿੰਦਿਆਂ ਕਿਹਾ ਕਿ ਪੰਜਾਬ ਅੰਦਰ ਅਧਿਆਪਕਾਂ ਦੇ ਉੱਪਰ ਲਗਾਤਾਰ ਅੱਤਿਆਚਾਰ ਹੋ ਰਿਹਾ, ਇਸ ਨੂੰ ਪੰਜਾਬ ਸਰਕਾਰ ਤੇ ਪੁਲਸ ਪ੍ਰਸ਼ਾਸਨ ਬੰਦ ਕਰੇ ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਇਸ ਦੇ ਸਿੱਟੇ ਗੰਭੀਰ ਨਿਕਲਣਗੇ।ਇਸ ਮੌਕੇ ਤਰਸੇਮ ਸਿੰਘ, ਗੁਰਚਰਨ ਸਿੰਘ, ਕਰਮਜੀਤ ਸਿੰਘ, ਹਰਜਿੰਦਰ ਸਿੰਘ, ਸੁਖਵਿੰਦਰ ਸਿੰਘ, ਭੁਪਿੰਦਰ ਸਿੰਘ ਮਸੀਤਾਂ, ਕੁਲਦੀਪ ਸਿੰਘ ਸਿੱਧੂ ਬਘੇਲੇ ਵਾਲਾ ਜ਼ੋਨ ਪ੍ਰਧਾਨ, ਭੁਪਿੰਦਰ ਸਿੰਘ ਤੂਰ, ਸਮਸੇਰ ਸਿੰਘ, ਸੁਖਵਿੰਦਰ ਸਿੰਘ ਥਾਣੇਦਾਰ, ਰਣਜੀਤ ਸਿੰਘ, ਭਗਵੰਤ ਸਿੰਘ ਭਿੰਡਰ ਕਲਾਂ, ਮੁਕੰਦ ਸਿੰਘ ਪ੍ਰਚਾਰ ਸਕੱਤਰ ਜਾਨੀਆਂ, ਲਖਵਿੰਦਰ ਸਿੰਘ ਫ਼ਤਹਿ ਪੁਰ ਝੁੱਗੀਆਂ, ਗੁਰਜੰਟ ਸਿੰਘ ਮਸੀਤਾ, ਕੁਲਜਿੰਦਰ ਸਿੰਘ ਸਿੱਧੂ, ਜੱਸ ਗੜਾ, ਜਸਵੰਤ ਸਿੰਘ ਕੈਸ਼ੀਅਰ ਰੰਡਿਆਲਾ, ਸੇਵਾ ਸਿੰਘ ਦਲੀਏਕਾ, ਗੁਰਚਰਨ ਸਿੰਘ ਚਰਾਗਸਾਹਵਾਲਾ, ਹਾਕਮ ਸਿੰਘ ਆਦਿ ਕਿਸਾਨ ਆਗੂ ਤੇ ਵਰਕਰ ਹਾਜ਼ਰ ਸਨ।

# ਸੀ ਆਈ ਏ ਸਟਾਫ ਵੱਲੋਂ 3 ਨਜਾਇਜ਼ ਦੇਸੀ ਪਿਸਟਲ ਸਮੇਤ 4 ਕਾਬੂ




**ਮੋਗਾ (ਇਕਬਾਲ ਸਿੰਘ ਖਹਿਰਾ)**-ਨਸ਼ਾ ਤੱਸਕਰਾਂ ਖਿਲਾਫ ਚਲਾਈ ਮੁਹਿੰਮ ਤਹਿਤ ਮੋਗਾ ਪੁਲਸ ਨੂੰ ਉਸ ਸਮੇ ਵੱਡੀ ਸਫਲਤਾ ਮਿਲੀ, ਜਦ ਸੀ.ਆਈ.ਏ. ਸਟਾਫ ਮੋਗਾ ਦੀ ਪੁਲਸ ਪਾਰਟੀ ਵੱਲੋਂ 4 ਵਿਅਕਤੀਆਂ ਨੂੰ ਕਾਬੂ ਕਰਕੇ ਇਨ੍ਹਾਂ ਪਾਸੋਂ 3 ਨਜਾਇਜ਼ ਦੇਸੀ ਪਿਸਟਲ 32 ਬੋਰ, 4 ਮੈਗਜ਼ੀਨ 32 ਬੋਰ ਅਤੇ 7 ਜ਼ਿੰਦਾ ਰੌਂਦ 32 ਬੋਰ ਬਰਾਮਦ ਕੀਤੇ।

ਜਾਣਕਾਰੀ ਅਨੁਸਾਰ ਏ ਐੱਸ ਆਈ ਅਸ਼ੋਕ ਕੁਮਾਰ ਨੰਬਰ:615/ਮੋਗਾ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਬੱਸ ਅੱਡਾ ਪਿੰਡ ਲੌਹਾਰਾ ਮੇਨ ਹਾਈਵੇ ਮੋਗਾ ਕੋਟ ਈਸੇ ਖਾਂ ਮੌਜੂਦ ਸੀ ਤਾਂ ਮੁੱਖਬਰ ਖਾਸ ਨੇ ਹਾਜ਼ਰ ਆ ਕੇ ਇਤਲਾਹ ਦਿੱਤੀ ਕਿ ਸੁਖਪਾਲ ਸਿੰਘ ਉਰਫ ਸੁੱਖ ਪੁੱਤਰ ਹਰਭਜਨ ਸਿੰਘ ਵਾਸੀ ਹਰਿਆਊ ਜ਼ਿਲ੍ਹਾ ਸੰਗਰੂਰ, ਹਰਪ੍ਰੀਤ ਸਿੰਘ ਉਰਫ ਹੈਰੀ ਪੁੱਤਰ ਅਜੀਤ ਸਿੰਘ ਵਾਸੀ ਗੰਡੂਆ ਜ਼ਿਲ੍ਹਾ ਸੰਗਰੂਰ, ਸੰਪੂਰਨ ਕਲਿਆਣ ਉਰਫ ਸੈਂਟੀ ਪੁੱਤਰ ਸੁਖਵਿੰਦਰ ਸਿੰਘ ਵਾਸੀ ਸੁੰਦਰ ਨਗਰ ਕੋਟ ਈਸੇ ਖਾਂ ਅਤੇ ਦਲਜੀਤ ਸਿੰਘ ਉਰਫ ਪਾਰਸ ਪੁੱਤਰ ਪਲਵਿੰਦਰ ਸਿੰਘ ਵਾਸੀ ਮੋਗਾ ਰੋਡ ਕੋਟ ਈਸੇ ਖਾਂ, ਜਿਨ੍ਹਾਂ ਕੋਲ ਨਜਾਇਜ਼ ਅਸਲੇ ਹਨ, ਇਸ ਸਮੇਂ ਬੱਸ ਅੱਡਾ ਪਿੰਡ ਵਰੇ ਮੇਨ ਹਾਈਵੇ ਮੋਗਾ ਕੋਟ ਈਸੇ ਖਾਂ ਪਾਸ ਖੜ੍ਹੇ ਕਿਸੇ ਦੀ ਉਡੀਕ ਕਰ ਰਹੇ ਹਨ।ਜੇਕਰ ਹੁਣੇ ਹੀ ਰੇਡ ਕੀਤੀ ਜਾਵੇ ਤਾਂ ਇਹ ਚਾਰ ਜਾਣੇ ਆਪ ਦੇ ਕਾਬੂ ਆ ਸਕਦੇ ਹਨ ਅਤੇ ਇਨ੍ਹਾਂ ਪਾਸੋਂ ਨਜਾਇਜ਼ ਅਸਲਾ ਬਰਾਮਦ ਹੋ ਸਕਦਾ ਹੈ। ਜਿਸ 'ਤੇ ਏ ਐੱਸ ਆਈ ਅਸ਼ੋਕ ਕੁਮਾਰ ਨੇ ਇਨ੍ਹਾਂ ਖਿਲਾਫ ਮੁਕੱਦਮਾ ਨੰਬਰ: 62 ਮਿਤੀ: 19.04.2025 ਅ/ਧ 256/7/8)-54-59 ਅਸਲਾ ਐਕਟ ਥਾਣਾ ਕੋਟ ਈਸੇ ਖਾਂ ਦਰਜ ਰਜਿਸਟਰ ਕਰਵਾਇਆ ਤੇ ਫਿਰ ਏ ਐੱਸ ਆਈ ਅਸ਼ੋਕ ਕੁਮਾਰ ਮੋਗਾ ਨੇ ਸਮੇਤ ਸਾਥੀ ਕਰਮਚਾਰੀਆਂ ਦੇ ਮੁਖਬਰ ਵੱਲੋਂ ਦੱਸੀ ਜਗ੍ਹਾ ਰੇਡ ਕਰਕੇ ਉਕਤ ਦੋਸ਼ੀਆਂ ਨੂੰ ਕਾਬੂ ਕਰਕੇ ਇਨ੍ਹਾਂ ਪਾਸੋਂ 2 ਦੇਸੀ ਪਿਸਟਲ 32 ਬੋਰ, 3 ਮੈਗਜ਼ੀਨ 32 ਬੋਰ ਤੇ 6 ਜ਼ਿੰਦਾ ਰੌਂਦ 32 ਬੋਰ ਬਰਾਮਦ ਕੀਤੇ ਅਤੇ ਇਨ੍ਹਾਂ ਨੂੰ ਮੁਕੱਦਮਾ ਵਿੱਚ ਹਸਬ ਜਾਬਤਾ ਅਨੁਸਾਰ ਗ੍ਰਿਫਤਾਰ ਕੀਤਾ।ਮੁਲਜ਼ਮ ਸੁਖਪਾਲ ਸਿੰਘ ਉਰਫ ਸੁੱਖ ਉਕਤ ਵੱਲੋਂ ਪੁੱਛਗਿੱਛ ਦੌਰਾਨ ਕੀਤੇ ਗਏ ਫਰਦ ਇੰਕਸ਼ਾਫ ਅਨੁਸਾਰ ਇਸ ਵੱਲੋਂ ਬੱਸ ਅੱਡਾ ਪਿੰਡ ਵਰ੍ਹੇ ਪਾਸ ਲੁਕਾ ਕੇ ਰੱਖਿਆ 1 ਪਿਸਟਲ ਦੇਸੀ 32 ਬੋਰ ਸਮੇਤ ਮੈਗਜ਼ੀਨ ਤੇ 1 ਜ਼ਿੰਦਾ ਰੌਂਦ 32 ਬੋਰ ਬਰਾਮਦ ਕੀਤਾ ਗਿਆ ਹੈ।

ਉਕਤ ਮੁਲਜ਼ਮਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਜਾਵੇਗਾ ਤੇ ਇਨ੍ਹਾਂ ਪਾਸੋਂ ਬਰਾਮਦ ਅਸਲੇ ਸਬੰਧੀ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ।

# ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰ ਲਈ 11 ਲੱਖ ਦਾ ਚੈੱਕ ਭੇਟ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**

ਹਰਿਆਣਾ ਦੇ ਲੋਹਗੜ੍ਹ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰ ਦੇ ਉਦਘਾਟਨ ਦੇ ਸ਼ੁਭ ਮੌਕੇ ਦੇਸ਼ ਭਗਤ ਯੂਨੀਵਰਸਿਟੀ ਨੇ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰੀ ਫਾਊਂਡੇਸ਼ਨ ਟਰੱਸਟ ਦੀ ਅਗਵਾਈ ਵਾਲੀ ਇਸ ਇਤਿਹਾਸਕ ਪਹਿਲਕਦਮੀ ਦਾ ਸਮਰਥਨ ਕਰਨ ਲਈ ਮਹੱਤਵਪੂਰਨ ਯੋਗਦਾਨ ਪਾਇਆ।ਦੇਸ਼ ਭਗਤ ਯੂਨੀਵਰਸਿਟੀ 11 ਲੱਖ ਦੇ ਉਦਾਰ ਯੋਗਦਾਨ ਨਾਲ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰ ਦਾ ਸਮਰਥਨ ਕਰਦੀ ਹੈ।

ਫਾਊਂਡੇਸ਼ਨ ਟਰੱਸਟ ਦੀ ਅਗਵਾਈ ਹੇਠ ਵਿਕਸਤ ਕੀਤੀ ਜਾ ਰਹੀ ਇਸ ਯਾਦਗਾਰ ਦਾ ਉਦੇਸ਼ ਬਾਬਾ ਬੰਦਾ ਸਿੰਘ ਬਹਾਦਰ ਦੀ ਬੇਮਿਸਾਲ ਬਹਾਦਰੀ ਤੇ ਕੁਰਬਾਨੀਆਂ ਦਾ ਸਨਮਾਨ ਕਰਨਾ ਹੈ, ਇੱਕ ਸਤਿਕਾਰਯੋਗ ਸਿੱਖ ਯੋਧਾ ਤੇ ਨੇਤਾ ਜਿਸ ਨੇ ਭਾਰਤ ਵਿੱਚ ਪਹਿਲਾ ਪ੍ਰਭੂਸੱਤਾ ਸੰਪੰਨ ਸਿੱਖ ਰਾਜ ਸਥਾਪਤ ਕੀਤਾ।ਟਰੱਸਟ ਇਸ ਸ਼ਾਨਦਾਰ ਯਾਦਗਾਰ ਦੇ ਵਿਕਾਸ ਦੁਆਰਾ ਇਸ ਪ੍ਰਤੀਕ ਇਤਿਹਾਸਕ ਸ਼ਖਸੀਅਤ ਦੀ ਵਿਰਾਸਤ ਨੂੰ ਸੰਭਾਲਣ ਤੇ ਉਤਸ਼ਾਹਤ ਕਰਨ ਲਈ ਵਚਨਬੱਧ ਹੈ।ਇਸ ਨੇਕ ਕਾਰਜ ਦੇ ਸਮਰਥਨ ਵਿੱਚ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੈਜ਼ੀਡੈਂਟ ਡਾ. (ਇੰਜ) ਸੰਦੀਪ ਸਿੰਘ, ਅੰਤਰਰਾਸ਼ਟਰੀ ਮਾਮਲਿਆਂ ਦੇ ਡਾਇਰੈਕਟਰ ਅਰੁਣ ਮਲਿਕ ਤੇ ਯੂਨੀਵਰਸਿਟੀ ਦੇ ਸਹਾਇਕ ਪ੍ਰੋਫੈਸਰ ਡਾ. ਬਲਦੀਪ ਸਿੰਘ ਨੇ 11 ਲੱਖ ਰੁਪਏ ਦਾ ਚੈੱਕ ਭੇਟ ਕੀਤਾ।ਇਹ ਚੈੱਕ ਰਸਮੀ ਤੌਰ 'ਤੇ ਭਾਰਤ ਸਰਕਾਰ ਦੇ ਬਿਜਲੀ, ਰਿਹਾਇਸ਼ ਤੇ ਸ਼ਹਿਰੀ ਵਿਕਾਸ ਮੰਤਰੀ ਸ਼੍ਰੀ ਮਨੋਹਰ ਲਾਲ ਖੱਟਰ ਨੂੰ ਹਰਿਆਣਾ ਨਿਵਾਸ ਚੰਡੀਗੜ੍ਹ ਵਿਖੇ ਹਰਿਆਣਾ ਸਰਕਾਰ ਦੇ ਵਿਸ਼ੇਸ਼ ਡਿਊਟੀ ਅਧਿਕਾਰੀ ਡਾ. ਪ੍ਰਭਲੀਨ ਸਿੰਘ ਦੀ ਮੌਜੂਦਗੀ ਵਿੱਚ ਸੌਂਪਿਆ ਗਿਆ, ਜੋ ਮੈਮੋਰੀਅਲ ਫਾਊਂਡੇਸ਼ਨ ਟਰੱਸਟ ਨਾਲ ਜੁੜੇ ਹੋਏ ਹਨ।ਸਮਾਰੋਹ ਦੌਰਾਨ ਸ਼੍ਰੀ ਮਨੋਹਰ ਲਾਲ ਖੱਟਰ ਨੇ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਸਿੱਖਿਆ ਤੇ ਸਮਾਜਿਕ ਉੱਨਤੀ ਦੇ ਖੇਤਰ ਵਿੱਚ ਉਨ੍ਹਾਂ ਦੀ ਸ਼ਾਨਦਾਰ ਸੇਵਾ ਲਈ ਡਾ. ਜ਼ੋਰਾ ਸਿੰਘ ਦੀ ਪ੍ਰਸ਼ੰਸਾ ਕੀਤੀ।

## ਐਡਿਟ ਪੋਸਟ ਪਾਉਣ ਵਾਲੇ ਵਿਅਕਤੀ ਦਾ ਹਨੀ ਟਰੈਪ ਗੈਂਗ ਨਾਲ ਸੰਬੰਧ ਹੋਣ ਦੀ ਸੰਭਾਵਨਾ : ਢੋਸੀਵਾਲ

*ਗੰਭੀਰਤਾ ਨਾਲ ਕੀਤੀ ਜਾਵੇ ਪੜਤਾਲ*

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪਿਛਲੇ ਦਿਨੀਂ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਪ੍ਰਧਾਨ ਜਗਦੀਸ਼ ਰਾਏ ਢੋਸੀਵਾਲ ਦੀ ਗਰੁੱਪ ਵਿੱਚੋਂ ਫੋਟੋ ਐਡਿਟ ਕਰਕੇ ਬਦਨਾਮੀ ਭਰਿਆ ਮੈਸੇਜ ਸੋਸ਼ਲ ਮੀਡੀਆ ਉਪਰ ਪੋਸਟ ਕਰਨ ਦਾ ਮਾਮਲਾ ਸਾਹਮਣੇ ਆਇਆ ਸੀ। ਢੋਸੀਵਾਲ ਵੱਲੋਂ ਇਸ ਸਾਰੇ ਮਾਮਲੇ ਦੀ ਪੜਤਾਲ ਸਬੰਧੀ ਰਾਜ ਦੇ ਡਾਇਰੈਕਟਰ ਜਨਰਲ ਆਫ ਪੁਲਸ ਨੂੰ ਉਕਤ ਬਦਨਾਮੀ ਭਰੀ ਪੋਸਟ ਸੋਸ਼ਲ ਮੀਡੀਆ ਉੱਪਰ ਪਾਉਣ ਵਾਲੇ ਮੋਬਾਇਲ ਨੰਬਰ 94780-96030 ਵਾਲੇ ਵਿਅਕਤੀ ਵਿਰੁੱਧ ਕਾਰਵਾਈ ਲਈ ਈ-ਮੇਲ ਤੇ ਰਜਿਸਟਰਡ ਪੱਤਰ ਰਾਹੀਂ ਲਿਖਤੀ ਸ਼ਿਕਾਇਤ ਕੀਤੀ ਗਈ ਸੀ।ਇਹ ਮਾਮਲਾ ਪੜਤਾਲ ਅਧੀਨ ਹੈ ਤੇ ਜ਼ਿਲ੍ਹਾ ਪੁਲਸ ਮੁਖੀ ਕੋਲ ਉਕਤ ਸ਼ਿਕਾਇਤ ਦੀ ਪੜਤਾਲ ਸਬੰਧੀ ਈ-ਮੇਲ ਰਾਹੀਂ ਪੱਤਰ ਪਹੁੰਚ ਚੁੱਕਾ ਹੈ।ਇਸ ਪੱਤਰ ਦੀ ਕਾਪੀ ਪ੍ਰਧਾਨ ਢੋਸੀਵਾਲ ਨੂੰ ਵੀ ਭੇਜੀ ਗਈ ਹੈ।ਢੋਸੀਵਾਲ ਨੇ ਉਮੀਦ ਜ਼ਾਹਰ ਕੀਤੀ ਹੈ ਕਿ ਜਲਦ ਹੀ ਇਸ ਸਾਰੇ ਮਾਮਲੇ ਦੀ ਪੜਤਾਲ ਕਰਕੇ ਉਕਤ ਦੋਸ਼ੀ ਵਿਅਕਤੀ ਵਿਰੁੱਧ ਕਾਰਵਾਈ ਕੀਤੀ ਜਾਵੇਗੀ।ਇਥੇ ਇਹ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਢੋਸੀਵਾਲ ਨੇ ਦੱਸਿਆ ਕਿ ਦੋ ਦਿਨ ਪਹਿਲਾਂ ਜ਼ਿਲ੍ਹੇ ਅੰਦਰ ਹਨੀ ਟਰੈਪ ਗਰੁੱਪ ਦੇ ਮੈਂਬਰ ਜ਼ਿਲ੍ਹਾ ਪੁਲਸ ਵੱਲੋਂ ਕਾਬੂ ਕੀਤੇ ਗਏ ਸਨ।ਉਨ੍ਹਾਂ ਨੇ ਪੁਲਸ ਦੀ ਇਸ ਸ਼ਾਨਦਾਰ ਸਫਲਤਾ 'ਤੇ ਜ਼ਿਲ੍ਹਾ ਪੁਲਸ ਮੁਖੀ ਡਾ. ਅਖਿਲ ਚੌਧਰੀ ਸਮੇਤ ਸਮੁੱਚੀ ਟੀਮ ਨੂੰ ਵਧਾਈ ਦਿੱਤੀ ਹੈ।ਢੋਸੀਵਾਲ ਨੇ ਇਸ ਗੱਲ ਦਾ ਵੀ ਖਦਸ਼ਾ ਕੀਤਾ ਹੈ ਕਿ ਉਨ੍ਹਾਂ ਦੀ ਫੋਟੋ ਐਡਿਟ ਕਰਕੇ ਸੋਸ਼ਲ ਮੀਡੀਆ 'ਤੇ ਪੋਸਟ ਕਰਨ ਵਾਲੇ ਵਿਅਕਤੀ ਦਾ ਵੀ ਅਜਿਹੇ ਹੀ ਕਿਸੇ ਹਨੀ ਟਰੈਪ ਗਰੁੱਪ ਨਾਲ ਸਬੰਧ ਹੋ ਸਕਦਾ ਹੈ।ਉਨ੍ਹਾਂ ਜ਼ਿਲ੍ਹਾ ਪੁਲਸ ਮੁਖੀ ਨੂੰ ਇਸ ਮਾਮਲੇ ਦੀ ਗੰਭੀਰਤਾ ਨਾਲ ਪੜਤਾਲ ਕਰਵਾ ਕੇ ਭੋਲੇ ਭਾਲੇ ਲੋਕਾਂ ਨੂੰ ਅਜਿਹੇ ਗਰੁੱਪਾਂ ਦੇ ਮੱਕੜ ਜਾਲ ਤੇ ਬਲੈਕਮੇਲਿੰਗ ਤੋਂ ਬਚਾਇਆ ਜਾਵੇ ਅਤੇ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ।

# 1 ਮਈ ਨੂੰ ਕੌਮਾਂਤਰੀ ਮਜ਼ਦੂਰ ਦਿਹਾੜਾ ਫਰੀਦਕੋਟ ਵਿਖੇ ਮਨਾਉਣ ਦਾ ਫੈਸਲਾ

**ਵੱਖ ਵੱਖ ਦਫਤਰਾਂ ਤੇ ਅਦਾਰਿਆਂ ਸਾਹਮਣੇ ਲਾਲ ਝੰਡੇ ਲਹਿਰਾਏ ਜਾਣਗੇ**

**ਕੋਟਕਪੂਰਾ/ਫਰੀਦਕੋਟ (ਰਛਪਾਲ ਭੁੱਲਰ/ਐਲਿਗਜੈਂਡਰ ਡਿਸੂਜਾ)**

ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680, ਸੈਕਟਰ 22 ਬੀ, ਚੰਡੀਗੜ੍ਹ, ਜ਼ਿਲ੍ਹਾ ਇਕਾਈ ਫਰੀਦਕੋਟ, ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਜ਼ਿਲ੍ਹਾ ਫਰੀਦਕੋਟ, ਪਾਵਰਕਮ ਪੈਨਸ਼ਨਰਜ਼ ਯੂਨੀਅਨ, ਪੈਸਕੋ ਤੇ ਟਰਾਂਸਕੋ ਆਊਟ ਸੋਰਸ ਮੁਲਾਜ਼ਮ ਯੂਨੀਅਨ, ਬਾਬਾ ਫਰੀਦ ਯੂਨੀਵਰਸਿਟੀ ਸਕਿਉਰਟੀ ਗਾਰਡ ਮੁਲਾਜ਼ਮ ਯੂਨੀਅਨ ਦੇ ਆਗੂਆਂ ਦੀ ਸਾਂਝੀ ਮੀਟਿੰਗ ਸਥਾਨਕ ਡਿਪਟੀ ਕਮਿਸ਼ਨਰ ਦੇ ਦਫਤਰ ਸਾਹਮਣੇ ਪਾਰਕ ਵਿੱਚ ਹੋਈ।ਇਸ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਸੂਬਾਈ ਜਨਰਲ ਸਕੱਤਰ ਪ੍ਰੇਮ ਚਾਵਲਾ, ਪਾਵਰਕਮ ਵਿੱਚ ਕੰਮ ਕਰਦੇ ਆਊਟਸੋਰਸ ਮੁਲਾਜ਼ਮਾਂ ਦੇ ਸੂਬਾ ਜਨਰਲ ਸਕੱਤਰ ਹਰਵਿੰਦਰ ਸ਼ਰਮਾ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਨਛੱਤਰ ਸਿੰਘ ਭਾਣਾ, ਕਲਾਸ ਫ਼ੋਰ ਗੌਰਮਿੰਟ ਇੰਪਲਾਈਜ ਯੂਨੀਅਨ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਇਕਬਾਲ ਸਿੰਘ ਢੁੱਡੀ ਤੇ ਜਨਰਲ ਸਕੱਤਰ ਬਲਕਾਰ ਸਿੰਘ ਸਹੋਤਾ, ਸਕਿਉਰਟੀ ਗਾਰਡ ਮੁਲਾਜ਼ਮਾਂ ਦੇ ਆਗੂ ਸ਼ਿਵ ਨਾਥ ਦਰਦੀ ਤੇ ਸੁਖਵਿੰਦਰ ਸਿੰਘ, ਪਾਵਰਕਾਮ ਪੈਨਸ਼ਨਰ ਆਗੂ ਹਰਪਾਲ ਸਿੰਘ ਮਚਾਕੀ ਨੇ ਪੰਜਾਬ ਦੀ ਹੁਕਮਰਾਨ ਭਗਵੰਤ ਮਾਨ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਪੂਰੇ ਨਾ ਕਰਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਵਾਰ ਵਾਰ ਮੀਟਿੰਗਾਂ ਤੈਅ ਕਰਕੇ ਮੁਲਤਵੀ ਕਰਨ ਦਾ ਦੋਸ਼ ਲਾਇਆ ਗਿਆ।ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ 1 ਮਈ ਨੂੰ ਕੌਮਾਂਤਰੀ ਮਜ਼ਦੂਰ ਦਿਹਾੜੇ ਮੌਕੇ ਸਰਕਾਰੀ ਬ੍ਰਿਜਿੰਦਰਾ ਕਾਲਜ ਫਰੀਦਕੋਟ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਤੇ ਹਸਪਤਾਲ, ਨਹਿਰੀ ਕਲੋਨੀ, ਡੀ ਸੀ ਦਫਤਰ , ਬੱਸ ਅੱਡਾ ਫਰੀਦਕੋਟ ਅਤੇ ਸਥਾਨਕ ਤਲਵੰਡੀ ਰੋਡ ਤੇ ਸਥਿਤ ਬਿਜਲੀ ਬੋਰਡ ਦੇ ਦਫਤਰ ਸਾਹਮਣੇ ਮਜ਼ਦੂਰ ਜਮਾਤ ਦੇ ਲਾਲ ਝੰਡੇ ਲਹਿਰਾਏ ਜਾਣਗੇ।ਉਪਰੰਤ ਹੋਰਨਾਂ ਜਥੇਬੰਦੀਆਂ ਨਾਲ ਤਾਲਮੇਲ ਕਰਕੇ ਬੱਸ ਅੱਡਾ ਫਰੀਦਕੋਟ ਵਿਖੇ ਸਾਂਝੀ ਰੈਲੀ ਕੀਤੀ ਜਾਵੇਗੀ ਤੇ ਸ਼ਿਕਾਗੋ ਦੇ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁਲਾਜ਼ਮ ਆਗੂ ਨੀਲਾ ਸਿੰਘ ਮਾਰਕੀਟ ਕਮੇਟੀ, ਤਰਲੋਕ ਸਿੰਘ ਸਿਹਤ ਵਿਭਾਗ, ਧਰਮਵੀਰ ਸਿੰਘ ਤੇ ਗੁਰਸੇਵਕ ਸਿੰਘ ਜਲ ਸਪਲਾਈ ਵਿਭਾਗ ਫਰੀਦਕੋਟ ਆਦਿ ਸ਼ਾਮਲ ਸਨ।




## ਪੀ ਡਬਲਯੂ ਡੀ ਫੀਲਡ ਤੇ ਵਰਕਸ਼ਾਪ ਵਰਕਰਜ਼ ਯੂਨੀਅਨ ਦੀ ਮੀਟਿੰਗ



**ਜਲਾਲਾਬਾਦ (ਜੀਤ ਕੁਮਾਰ)**-ਪੀ. ਡਬਲਯੂ. ਡੀ. ਫੀਲਡ ਤੇ ਵਰਕਸ਼ਾਪ ਵਰਕਰਜ਼ ਯੂਨੀਅਨ ਬ੍ਰਾਂਚ ਜਲਾਲਾਬਾਦ ਦੀ ਮਹੀਨਾਵਾਰ ਮੀਟਿੰਗ ਬ੍ਰਾਂਚ ਪ੍ਰਧਾਨ ਪਰਮਜੀਤ ਸਿੰਘ ਸੋਹਨਾ ਸਾਂਦੜ ਦੀ ਪ੍ਰਧਾਨਗੀ ਹੇਠ ਸਬ ਡਵੀਜ਼ਨ ਦਫਤਰ ਗੁੰਮਾਨੀਵਾਲਾ (ਜਲਘਰ) ਵਿਖੇ ਕੀਤੀ ਗਈ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪੁੱਜੇ ਸੂਬਾ ਜਨਰਲ ਸਕੱਤਰ ਫੁੰਮਣ ਸਿੰਘ ਕਾਠਗੜ੍ਹ ਤੇ ਸੂਬਾ ਆਗੂ ਦਰਸ਼ਨ ਭੁੱਲਰ ਨੇ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਦੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਮਨਵਾਉਣ ਲਈ ਕਈ ਵਾਰ ਵਿਭਾਗ ਦੇ ਉੱਚ ਅਧਿਕਾਰੀ ਤੇ ਵਿਭਾਗ ਦੇ ਕੈਬਨਿਟ ਮੰਤਰੀ ਨਾਲ ਕੀਤੀਆਂ ਮੀਟਿੰਗਾਂ ਦੌਰਾਨ ਉਨ੍ਹਾਂ ਵੱਲੋਂ ਮੰਗਾਂ ਨੂੰ ਜਾਇਜ਼ ਦੱਸਦਿਆਂ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ ਹੈ, ਪਰ ਅੱਜ ਦੋ ਮਹੀਨੇ ਦੇ ਕਰੀਬ ਬੀਤ ਜਾਣ 'ਤੇ ਵੀ ਹੱਲ ਨਹੀਂ ਕੀਤਾ ਗਿਆ। ਜਲ ਸਪਲਾਈ ਵਿਭਾਗ ਵਿੱਚ ਪੇਂਡੂ ਜਲ ਸਪਲਾਈ ਸਕੀਮਾਂ ਤੇ ਦਫਤਰਾਂ ਵਿੱਚ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਤੇ ਆਊਟਸੋਰਸ ਵਰਕਰਾਂ ਨੂੰ ਸਬੰਧਤ ਵਿਭਾਗਾਂ ਵਿੱਚ ਮਰਜ਼ ਕਰਕੇ ਰੈਗੂਲਰ ਕੀਤਾ ਜਾਵੇ। ਵਾਟਰ ਸਪਲਾਈ ਸਕੀਮਾਂ ਦਾ ਪੰਚਾਇਤੀਕਰਨ/ਨਿੱਜੀਕਰਨ ਰੱਦ ਕੀਤਾ ਜਾਵੇ। ਜਲ ਸਪਲਾਈ ਵਿਭਾਗ ਵਿੱਚ ਹਜ਼ਾਰਾਂ ਪੋਸਟਾਂ ਖਾਲੀ ਹੋ ਚੁੱਕੀਆ ਹਨ, ਉਨ੍ਹਾਂ ਨੂੰ ਰੈਗੂਲਰ ਭਰਤੀ ਕਰਕੇ ਭਰਿਆ ਜਾਵੇ। ਠੇਕਾ ਵਰਕਰਾਂ ਨੂੰ ਘੱਟੋ ਘੱਟ 26 ਹਜ਼ਾਰ ਰੁਪਏ ਪ੍ਰਤੀ ਮਹੀਨਾ ਦਿੱਤਾ ਜਾਵੇ। 65 ਦੇ ਕਰੀਬ ਮ੍ਰਿਤਕ ਕਾਮਿਆਂ ਦੇ ਵਾਰਸਾਂ ਨੂੰ ਜਲਦੀ ਨੌਕਰੀ ਦਿੱਤੀ ਜਾਵੇ। ਦਰਜਾ-4 ਕਾਮਿਆਂ, ਜਿਨ੍ਹਾਂ ਦੀ ਆਈ.ਟੀ.ਆਈ. ਯੋਗਤਾ ਹੈ, ਨੂੰ ਪਰਮੋਟ ਦਰਜ-3 ਦੇ ਪੰਪ ਉਪਰੇਟਰਾਂ ਦੀਆਂ ਖਾਲੀ ਪੋਸਟਾਂ 'ਤੇ ਜੇ. ਈ. ਪਰਮੋਟ ਕੀਤਾ ਜਾਵੇ। ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਜਥੇਬੰਦੀ ਦੇ ਚੇਅਰਮੈਨ ਭੁਪਿੰਦਰ ਕੁਮਾਰ, ਸੀਨੀ. ਮੀਤ ਪ੍ਰਧਾਨ ਹਰਵੇਲ ਸਿੰਘ, ਬੰਤਾ ਸਿੰਘ, ਜਗਜੀਤ ਸਿੰਘ, ਕੈਸ਼ੀਅਰ ਸ਼ਾਮਾ ਨੰਦ, ਹਰਜੀਤ ਸਿੰਘ, ਅੱਤਰ ਸਿੰਘ, ਸੱਜਣ ਸਿੰਘ ਨੇ ਵੀ ਸੰਬੋਧਨ ਕੀਤਾ ਅਤੇ ਕਿਹਾ ਕਿ ਜੇਕਰ ਸਰਕਾਰ ਨੇ ਵਾਟਰ ਸਪਲਾਈ ਸਕੀਮਾਂ ਦਾ ਪੰਚਾਇਤੀਕਰਨ ਤੇ ਨਿੱਜੀਕਰਨ ਕਰਨਾ ਬੰਦ ਨਾ ਕੀਤਾ ਗਿਆ ਤਾਂ 30 ਅਪ੍ਰੈਲ 2025 ਤੋਂ ਬਾਅਦ ਤਿੱਖਾ ਸੰਘਰਸ਼ ਉਲੀਕਿਆ ਜਾਵੇ।

# ਬੀ ਕੇ ਯੂ ਏਕਤਾ-ਉਗਰਾਹਾਂ ਵੱਲੋਂ ਆਦਰਸ਼ ਸਕੂਲ ਦਾ ਮਸਲਾ ਹੱਲ ਕਰਵਾਉਣ ਲਈ ਸੰਘਰਸ਼ ਤੇਜ਼ ਕਰਨ ਦਾ ਫੈਸਲਾ

- **ਜਥੇਬੰਦੀ ਦੀ ਸੂਬਾ ਕਮੇਟੀ ਦੀ ਮੀਟਿੰਗ 23 ਨੂੰ ਚੀਮਾ 'ਚ**
- **24 ਦੇ ਮਾਨਸਾ ਮੁਜ਼ਾਹਰੇ 'ਚ ਭਰਵੀਂ ਸ਼ਮੂਲੀਅਤ ਦਾ ਫੈਸਲਾ**




**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਆਦਰਸ਼ ਸਕੂਲ ਚਾਓਕੇ ਦੇ ਅਧਿਆਪਕਾਂ ਤੇ ਮਾਪਿਆਂ ਦੇ ਸੰਘਰਸ਼ ਦੌਰਾਨ ਗ੍ਰਿਫ਼ਤਾਰ ਕੀਤੇ ਹੋਏ ਕਿਸਾਨ ਆਗੂਆਂ, ਵਰਕਰਾਂ ਤੇ ਅਧਿਆਪਕ ਆਗੂਆਂ ਨੂੰ ਜੇਲ੍ਹੀਂ ਡੱਕੀ ਬੈਠੀ ਪੰਜਾਬ ਸਰਕਾਰ ਦੇ ਜਾਬਰ ਰਵੱਈਏ ਦੀ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਨੇ ਸਖ਼ਤ ਨਿੰਦਾ ਕੀਤੀ ਹੈ।ਪ੍ਰੈੱਸ ਦੇ ਨਾਂ ਬਿਆਨ ਜਾਰੀ ਕਰਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ ਨੇ ਕਿਹਾ ਕਿ ਗ੍ਰਿਫਤਾਰ ਕੀਤੇ ਆਗੂ ਵਰਕਰਾਂ ਨੂੰ ਰਿਹਾਅ ਕਰਾਉਣ, ਕਿਸਾਨਾਂ ਤੇ ਅਧਿਆਪਕਾਂ 'ਤੇ ਜਬਰ ਢਾਹੁਣ ਵਾਲੇ ਪੁਲਸ ਅਧਿਕਾਰੀਆਂ ਖਿਲਾਫ ਕਾਰਵਾਈ ਕਰਵਾਉਣ, ਆਦਰਸ਼ ਸਕੂਲ ਚਾਓਕੇ ਦੀ ਭ੍ਰਿਸ਼ਟ ਮੈਨੇਜਮੈਂਟ ਖਿਲਾਫ ਕਾਰਵਾਈ ਕਰਵਾਉਣ ਤੇ ਸਕੂਲੋਂ ਕੱਢੇ ਅਧਿਆਪਕਾਂ ਨੂੰ ਬਹਾਲ ਕਰਵਾਉਣ ਆਦਿ ਮੰਗਾਂ ਲਈ ਸੰਘਰਸ਼ ਨੂੰ ਤੇਜ਼ ਕਰਦਿਆਂ 24 ਅਪ੍ਰੈਲ ਨੂੰ ਮਾਨਸਾ ਵਿਖੇ ਹੋ ਰਹੇ ਮੁਜ਼ਾਹਰੇ 'ਚ ਜਥੇਬੰਦੀ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ।

ਇਸ ਮੁਜ਼ਾਹਰੇ ਰਾਹੀਂ ਭ੍ਰਿਸ਼ਟ ਮੈਨੇਜਮੈਂਟ ਦੇ ਮੁਖੀਆਂ ਦੇ ਰਿਹਾਇਸ਼ੀ ਸ਼ਹਿਰ 'ਚ ਉਨ੍ਹਾਂ ਦੇ ਭ੍ਰਿਸ਼ਟ ਕਾਰਿਆਂ ਦੀ ਪਾਜ-ਉਘੜਾਈ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਹਕੂਮਤੀ ਜਬਰ ਦਾ ਮੂੰਹ ਤੋੜ ਜਵਾਬ ਦੇਣ ਲਈ ਤੇ ਆਦਰਸ਼ ਸਕੂਲ ਦਾ ਮਸਲਾ ਹੱਲ ਕਰਵਾਉਣ ਲਈ ਸੰਘਰਸ਼ ਨੂੰ ਹੋਰ ਤੇਜ਼ ਕਰਨ ਵਾਸਤੇ ਜਥੇਬੰਦੀ ਦੀ ਸੂਬਾ ਕਮੇਟੀ ਦੀ ਮੀਟਿੰਗ 23 ਅਪ੍ਰੈਲ ਨੂੰ ਸੱਦ ਲਈ ਗਈ ਹੈ।ਉਨ੍ਹਾਂ ਕਿਹਾ ਕਿ ਸਰਕਾਰ ਨੇ ਆਦਰਸ਼ ਸਕੂਲ ਦੇ ਮਸਲੇ 'ਚ ਗ੍ਰਿਫਤਾਰ ਕੀਤੇ ਕਿਸਾਨ ਆਗੂਆਂ ਉੱਤੇ ਜਿਉਂਦ ਦੇ ਜ਼ਮੀਨੀ ਸੰਘਰਸ਼ ਵੇਲੇ ਦਰਜ ਕੀਤੇ ਗਏ ਝੂਠੇ ਕੇਸ ਵੀ ਖੋਲ੍ਹ ਲਏ ਹਨ ਅਤੇ ਕਿਸਾਨ ਆਗੂਆਂ ਨੂੰ ਲੰਮੇ ਸਮੇਂ ਲਈ ਜੇਲ੍ਹੀਂ ਡੱਕ ਕੇ ਰੱਖਣ ਦੀਆਂ ਵਿਉਂਤਾਂ ਬਣਾਈਆਂ ਜਾ ਰਹੀਆਂ ਹਨ।ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਲਗਾਤਾਰ ਸੰਘਰਸ਼ ਕਰਦੇ ਲੋਕਾਂ ਦੀ ਹੱਕੀ ਆਵਾਜ਼ ਨੂੰ ਦਬਾਉਣ ਦੇ ਰਾਹ 'ਤੇ ਹੈ।ਪੰਜ ਅਪ੍ਰੈਲ ਨੂੰ ਆਦਰਸ਼ ਸਕੂਲ ਚਾਓਕੇ ਤੋਂ ਅਧਿਆਪਕਾਂ 'ਤੇ ਲਾਠੀ ਚਾਰਜ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਰਾਮਪੁਰਾ ਥਾਣੇ ਅੱਗੇ ਉਨ੍ਹਾਂ ਦੀ ਰਿਹਾਈ ਦੀ ਮੰਗ ਕਰ ਰਹੇ ਕਿਸਾਨਾਂ 'ਤੇ ਜਬਰ ਢਾਹਿਆ ਗਿਆ ਤੇ ਜੇਲ੍ਹ ਭੇਜਿਆ ਗਿਆ।ਕਿਸਾਨ ਆਗੂਆਂ ਪਰਮਜੀਤ ਕੌਰ ਪਿੱਥੋ ਤੇ ਹਰਿੰਦਰ ਕੌਰ ਬਿੰਦੂ ਨੂੰ ਜਬਰ ਦਾ ਵਿਸ਼ੇਸ਼ ਨਿਸ਼ਾਨਾ ਬਣਾਇਆ ਗਿਆ।ਇਸ ਤੋਂ ਪਹਿਲਾਂ ਪੰਜਾਬ ਸਰਕਾਰ ਵੱਲੋਂ ਪਹਿਲਾਂ 5 ਮਾਰਚ ਨੂੰ ਚੰਡੀਗੜ੍ਹ 'ਚ ਕਿਸਾਨਾਂ ਨੂੰ ਧਰਨਾ ਦੇਣ ਤੋਂ ਰੋਕਿਆ ਗਿਆ ਸੀ ਅਤੇ ਸ਼ੰਭੂ ਤੇ ਖਨੌਰੀ ਬਾਰਡਰਾਂ 'ਤੇ ਚੱਲ ਰਹੇ ਲਗਾਤਾਰ ਕਿਸਾਨ ਧਰਨਿਆਂ ਨੂੰ ਜਬਰ ਕਰਕੇ ਉਖਾੜਿਆ ਗਿਆ ਸੀ।ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੇ ਸੰਘਰਸ਼ ਕਰਨ ਦੇ ਜਮਹੂਰੀ ਹੱਕ ਨੂੰ ਕੁਚਲਣ ਦੇ ਰਾਹ 'ਤੇ ਹੈ ਅਤੇ ਹੁਣ ਇੱਕ ਸਥਾਨਕ ਪੱਧਰੀ ਭ੍ਰਿਸ਼ਟ ਮੈਨੇਜਮੈਂਟ ਦੀ ਪਿੱਠ 'ਤੇ ਖੜ੍ਹ ਕੇ ਲੋਕਾਂ 'ਤੇ ਜਬਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਦੀ ਲੋਕ-ਦੋਖੀ ਖ਼ਸਲਤ ਪੂਰੀ ਤਰ੍ਹਾਂ ਨਸ਼ਰ ਹੋ ਚੁੱਕੀ ਹੈ। ਸਰਕਾਰ ਨੂੰ ਲੋਕਾਂ ਪ੍ਰਤੀ ਅਖਤਿਆਰ ਕੀਤੇ ਇਸ ਜਾਬਰ ਰਵੱਈਏ ਦਾ ਜਵਾਬ ਪਿੰਡਾਂ ਦੀਆਂ ਸੱਥਾਂ ਵਿੱਚ ਦੇਣਾ ਪਵੇਗਾ ਤੇ ਆਉਂਦੇ ਦਿਨਾਂ 'ਚ ਉਸ ਨੂੰ ਪਿੰਡਾਂ ਅੰਦਰ ਕਿਸਾਨਾਂ ਦੇ ਰੋਹ ਦਾ ਸਾਹਮਣਾ ਕਰਨਾ ਪਵੇਗਾ।

# ਬੱਚੇ ਮਾਪਿਆਂ ਦੇ ਨਾਲ ਨਾਲ ਅਧਿਆਪਕਾਂ ਨੂੰ ਵੀ ਦੇਣ ਪੂਰਾ ਮਾਣ ਸਨਮਾਨ : ਕਾਕਾ ਬਰਾੜ

**ਸਿੱਖਿਆ ਕ੍ਰਾਂਤੀ ਤਹਿਤ ਵੱਖ ਵੱਖ ਸਕੂਲਾਂ 'ਚ ਸਮਾਗਮ**



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸੂਬੇ ਦੀ ਸਰਕਾਰ ਵੱਲੋਂ ਸਿੱਖਿਆ ਦੇ ਮਿਆਰ ਨੂੰ ਹੋਰ ਨਿਖਾਰਨ ਦੇ ਮਕਸਦ ਨਾਲ ਸ਼ੁਰੂ ਕੀਤੀ ਗਈ ਸਿੱਖਿਆ ਕ੍ਰਾਂਤੀ ਨਾਲ ਬਦਲਦਾ ਪੰਜਾਬ ਉਦਘਾਟਨ ਸਮਾਰੋਹ ਤਹਿਤ ਅੱਜ ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਤੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਪਿੰਡ ਖੋਖਰ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪਿੰਡ ਭੁੱਲਰ ਦੇ ਸਰਕਾਰੀ ਸੈਕੰਡਰੀ ਸਕੂਲ ਤੇ ਚੱਕ ਬੀੜ ਸਰਕਾਰ ਦੇ ਸਰਕਾਰੀ ਪ੍ਰਾਇਮਰੀ ਸਕੂਲ ਅਤੇ ਸਰਕਾਰੀ ਮਿਡਲ ਸਕੂਲ ਵਿੱਚ ਨਵੇਂ ਬਣੇ ਕਮਰੇ, ਸਾਇੰਸ ਲੈਬ ਤੇ ਹੋਰ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਵੱਖ ਵੱਖ ਸਮਾਗਮਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਆਖਿਆ ਕਿ ਸਿੱਖਿਆ ਤੇ ਸਹੂਲਤਾਂ ਪੱਖੋਂ ਸਰਕਾਰੀ ਸਕੂਲ ਪ੍ਰਾਈਵੇਟ ਸਕੂਲਾਂ ਤੋਂ ਘੱਟ ਨਹੀਂ ਹਨ।ਸਕੂਲਾਂ 'ਚ ਸਮਾਰਟ ਕਲਾਸ ਰੂਮ ਬਣਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਜੋ ਅਧਿਕਾਰੀ ਚੰਗੀਆਂ ਪੋਸਟਾਂ 'ਤੇ ਹਨ, ਉਹ ਜ਼ਿਆਦਤਰ ਸਰਕਾਰੀ ਸਕੂਲਾਂ 'ਚੋਂ ਹੀ ਪੜ੍ਹੇ ਹੋਏ ਹਨ।ਉਨ੍ਹਾਂ ਕਿਹਾ ਕਿ ਸਾਨੂੰ ਇਹ ਸੋਚ ਬਦਲਣੀ ਪਵੇਗੀ ਕਿ ਪ੍ਰਾਈਵੇਟ ਸਕੂਲਾਂ 'ਚ ਸਾਡਾ ਚੰਗਾ ਭਵਿੱਖ ਹੈ, ਜਦਕਿ 75 ਪ੍ਰਤੀਸ਼ਤ ਬੱਚੇ ਸਰਕਾਰੀ ਸਕੂਲਾਂ ਵਾਲੇ ਤੇ 25 ਪ੍ਰਤੀਸ਼ਤ ਦੂਜੇ ਸਕੂਲਾਂ ਵਾਲੇ ਹਨ, ਜੋ ਚੰਗੇ ਅਹੁਦਿਆਂ 'ਤੇ ਬਿਰਾਜ਼ਮਾਨ ਹਨ।ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਆਪਣੇ ਅਧਿਆਪਕ ਦਾ ਸਤਿਕਾਰ ਕਰਿਆ ਕਰੋ।ਵਿਧਾਇਕ ਕਾਕਾ ਬਰਾੜ ਵੱਲੋਂ ਪਿੰਡ ਖੋਖਰ ਵਿਖੇ 25 ਲੱਖ 15 ਹਜ਼ਾਰ ਰੁਪਏ, ਪਿੰਡ ਭੁੱਲਰ ਵਿਖੇ 20 ਲੱਖ 40 ਹਜ਼ਾਰ ਰੁਪਏ ਤੇ ਚੱਕ ਬੀੜ ਸਰਕਾਰ ਵਿਖੇ ਕਰੀਬ 32 ਲੱਖ ਰੁਪਏ ਦੇ ਕੰਮਾਂ ਦਾ ਉਦਘਾਟਨ ਕੀਤਾ ਗਿਆ। ਅਖੀਰ ਵਿੱਚ ਸਕੂਲ ਪ੍ਰਬੰਧਕੀ ਕਮੇਟੀਆਂ ਵੱਲੋਂ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਖੋਖਰ ਦੇ ਪ੍ਰਿੰਸੀਪਲ ਅਸ਼ੋਕ ਕੁਮਾਰ, ਅਮ੍ਰਿਤਪਾਲ ਕੌਰ ਮੁੱਖ ਅਧਿਆਪਕਾਂ, ਸਰਕਾਰੀ ਸਕੂਲ ਭੁੱਲਰ ਦੇ ਪ੍ਰਿੰਸੀਪਲ ਪੂਨਮ ਗੁਪਤਾ, ਚੱਕ ਬੀੜ ਸਰਕਾਰ ਸਕੂਲ ਪ੍ਰਿੰਸੀਪਲ ਗੁਰਵਿੰਦਰ ਕੌਰ, ਪੁਸ਼ਪਾ ਰਾਣੀ, ਭੁੱਲਰ ਸਰਪੰਚ ਗੁਰਲਾਲ ਸਿੰਘ, ਬਲਰਾਜ ਸਿੰਘ ਭੁੱਲਰ, ਜਗਬੀਰ ਸਿੰਘ ਭੁੱਲਰ, ਅਮਨਦੀਪ ਖੋਖਰ, ਗੁਰਵਿੰਦਰ ਸਿੰਘ ਸਰਪੰਚ, ਮਾਸਟਰ ਮੁਰਾਰੀ, ਸੁਖਦੇਵ ਸਿੰਘ ਈਟੀਟੀ ਅਧਿਆਪਕ, ਬੀਪੀਓ ਜਗਦੀਪ ਸਿੰਘ, ਮਨਦੀਪ ਸਿੰਘ ਕੋਆਰਡੀਨੇਟਰ, ਹਰਪ੍ਰੀਤ ਸਿੰਘ ਹੈਰੀ ਸਹਿ-ਕੋਆਰਡੀਨੇਟਰ, ਸਿੱਖਿਆ ਕੋਆਰਡੀਨੇਟਰ ਜਸਦੀਪ ਸਿੰਘ ਹੇਅਰ, ਜਗਦੀਪ ਸਿੰਘ ਢਿੱਲੋਂ, ਬਾਵਾ ਯਾਦਵਿੰਦਰ ਸਿੰਘ ਲਾਲੀ, ਕੌਂਸਲਰ ਮੈਡਮ ਇੰਦਰਜੀਤ ਕੌਰ ਜੱਗਾ, ਬਲਾਕ ਪ੍ਰਧਾਨ ਜਗਮੀਤ ਸਿੰਘ ਜੱਗਾ, ਸਨੀ ਰਾਠ ਆਦਿ ਹਾਜ਼ਰ ਸਨ।

# ਡੇਂਗੂ ਰੋਕਥਾਮ ਲਈ ਸਿਹਤ ਵਿਭਾਗ ਵੱਲੋਂ ਨਿਵੇਕਲੀ ਮੁਹਿੰਮ ਦੀ ਸ਼ੁਰੂਆਤ



ਮੋਹਾਲੀ, (ਗੁਰਜੀਤ ਬਿੱਲਾ)- ਸਿਹਤ ਵਿਭਾਗ ਵਲੋਂ ਡੇਂਗੂ, ਮਲੇਰੀਆ, ਚਿਕਨਗੁਨੀਆ ਜਿਹੀਆਂ ਬਿਮਾਰੀਆਂ ਦੀ ਰੋਕਥਾਮ ਲਈ ਨਿਵੇਕਲੀ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਵਿਚ ਸਰਕਾਰੀ ਸਕੂਲਾਂ ਦੇ ਬੱਚਿਆਂ ਅਤੇ ਅਧਿਆਪਕਾਂ ਨੂੰ ਵੀ ਸ਼ਾਮਲ ਕੀਤਾ ਜਾ ਰਿਹਾ ਹੈ। ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਦੱਸਿਆ ਕਿ ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੀਆਂ ਹਦਾਇਤਾਂ 'ਤੇ ਜ਼ਿਲ੍ਹਾ ਸਿਹਤ ਵਿਭਾਗ ਦੀਆਂ ਟੀਮਾਂ ਵਲੋਂ ਸਕੂਲਾਂ ਵਿਚ ਜਾ ਕੇ ਡੇਂਗੂ ਬੁਖ਼ਾਰ ਦੇ ਲੱਛਣਾਂ, ਕਾਰਨਾਂ, ਬਚਾਅ ਅਤੇ ਇਲਾਜ ਬਾਰੇ ਅਧਿਆਪਕਾਂ ਅਤੇ ਬੱਚਿਆਂ ਨੂੰ ਜਾਣਕਾਰੀ ਦਿੱਤੀ ਜਾ ਰਹੀ ਹੈ। ਉਨ੍ਹਾਂ ਦਸਿਆ ਕਿ 'ਲਿਟਲ ਚੈਂਪੀਅਨਜ਼ ਕੰਪੇਨ' ਨਾਮੀ ਇਸ ਪਹਿਲਕਦਮੀ ਤਹਿਤ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਸਕੂਲ ਦੀ ਚਾਰਦੀਵਾਰੀ ਅੰਦਰ ਕਿਸੇ ਵੀ ਥਾਂ ਪਾਣੀ ਇਕੱਠਾ ਨਾ ਹੋਣ, ਸਕੂਲਾਂ ਅਤੇ ਘਰਾਂ ਅੰਦਰ ਸਾਫ਼-ਸਫ਼ਾਈ ਅਤੇ ਮੱਛਰ ਦਾ ਲਾਰਵਾ ਪੈਦਾ ਨਾ ਹੋਣ ਦੇ ਤਰੀਕਿਆਂ ਬਾਰੇ ਸਮਝਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਡੇਂਗੂ ਦੇ ਸੀਜ਼ਨ ਦੌਰਾਨ ਜਿਹੜੇ ਸਕੂਲ ਵਿਚ ਡੇਂਗੂ ਬੁਖ਼ਾਰ ਦਾ ਕੋਈ ਵੀ ਮਾਮਲਾ ਸਾਹਮਣੇ ਨਹੀਂ ਆਇਆ, ਉਸ ਸਕੂਲ ਦੇ ਮੁਖੀ ਤੇ ਹੋਰਨਾਂ ਨੂੰ ਸਨਮਾਨਤ ਵੀ ਕੀਤਾ ਜਾਵੇਗਾ। ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਅਨਾਮਿਕਾ ਸੋਨੀ ਦੀ ਅਗਵਾਈ ਹੇਠ ਸਿਹਤ ਟੀਮਾਂ ਵਲੋਂ ਜ਼ਿਲ੍ਹੇ ਦੇ ਵੱਖ-ਵੱਖ ਨਰਸਿੰਗ ਕਾਲਜਾਂ ਦੇ ਵਿਦਿਆਰਥੀਆਂ ਨੂੰ ਇਨ੍ਹਾਂ ਬਿਮਾਰੀਆਂ ਬਾਰੇ ਪਹਿਲਾਂ ਹੀ ਸਿਖਲਾਈ ਦਿਤੀ ਜਾ ਰਹੀ ਹੈ। ਸਿਹਤ ਟੀਮਾਂ ਹੁਣ ਤਕ ਜ਼ਿਲ੍ਹੇ ਦੇ ਕਈ ਕਾਲਜਾਂ ਨੂੰ ਕਵਰ ਕਰ ਚੁੱਕੀਆਂ ਹਨ।ਵਿਦਿਆਰਥੀਆਂ ਨੂੰ ਦਸਿਆ ਜਾ ਰਿਹਾ ਹੈ ਕਿ ਡੇਂਗੂ ਦੇ ਆਮ ਲੱਛਣਾਂ ਵਿਚ ਤੇਜ਼ ਸਿਰਦਰਦ, ਤੇਜ਼ ਬੁਖ਼ਾਰ, ਮਾਸਪੇਸ਼ੀਆਂ ਅਤੇ ਜੋੜਾਂ ਵਿਚ ਦਰਦ, ਅੱਖ ਦੇ ਪਿਛਲੇ ਹਿੱਸੇ ਵਿਚ ਦਰਦ, ਹਾਲਤ ਖ਼ਰਾਬ ਹੋਣ'ਤੇ ਨੱਕ, ਮੂੰਹ ਅਤੇ ਮਸੂੜਿਆਂ ਵਿਚੋਂ ਖ਼ੂਨ ਵਗਣਾ, ਜੀਅ ਕੱਚਾ ਹੋਣਾ ਅਤੇ ਉਲਟੀਆਂ ਆਉਣਾ ਆਦਿ ਸ਼ਾਮਲ ਹਨ। ਡੇਂਗੂ ਫੈਲਾਉਣ ਵਾਲੇ ਮੱਛਰ ਖੜੇ ਸਾਫ਼ ਪਾਣੀ ਵਿਚ ਪਲਦੇ ਹਨ ਜਿਵੇਂ ਕੂਲਰਾਂ, ਪਾਣੀ ਦੀਆਂ ਟੈਂਕੀਆਂ, ਖ਼ਾਲੀ ਪਏ ਟਾਇਰਾਂ/ਬਕਸਿਆਂ,ਪਾਣੀ ਵਾਲੇ ਢੋਲਾਂ ਆਦਿ ਵਿਚ। ਡੇਂਗੂ ਬੁਖ਼ਾਰ ਤੋਂ ਬਚਾਅ ਦਾ ਇਕੋ ਇਕ ਤਰੀਕਾ ਹੈ ਕਿ ਕਿਤੇ ਵੀ ਪਾਣੀ ਜਮ੍ਹਾਂ ਨਾ ਹੋਣ ਦਿਤਾ ਜਾਵੇ ਕਿਉਂਕਿ ਡੇਂਗੂ ਬੁਖ਼ਾਰ ਫੈਲਾਉਣ ਵਾਲਾ ਮੱਛਰ ਸਾਫ਼ ਖੜ੍ਹੇ ਪਾਣੀ ਵਿਚ ਪੈਦਾ ਹੁੰਦਾ ਹੈ। ਸਰਕਾਰੀ ਸਿਹਤ ਸੰਸਥਾਵਾਂ ਵਿਚ ਡੇਂਗੂ ਦੀ ਜਾਂਚ ਅਤੇ ਇਲਾਜ ਬਿਲਕੁਲ ਮੁਫ਼ਤ ਹੁੰਦਾ ਹੈ।

# ਸਰਕਾਰ ਅੱਗਾਂ ਲੱਗਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਠੋਸ ਪੇਸ਼ਬੰਦੀਆਂ ਕਰੇ : ਸਿੱਧੂ

ਐਸ.ਏ.ਐਸ. ਨਗਰ: (ਗੁਰਜੀਤ ਬਿੱਲਾ)- ਸੀਨੀਅਰ ਕਾਂਗਰਸੀ ਆਗੂ ਤੇ ਪੰਜਾਬ ਦੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਸੂਬੇ ਵਿਚ ਪੱਕੀ ਕਣਕ ਨੂੰ ਅੱਗ ਲੱਗਣ ਦੀਆਂ ਵਾਪਰ ਰਹੀਆਂ ਦੁਖਦਾਈ ਘਟਨਾਵਾਂ ਨੂੰ ਸਰਕਾਰ ਦੀ ਅਣਗਹਿਲੀ ਕਰਾਰ ਦਿੰਦਿਆਂ ਮੰਗ ਕੀਤੀ ਹੈ ਕਿ ਸਰਕਾਰ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਠੋਸ ਪੇਸ਼ਬੰਦੀਆਂ ਕਰਨ ਦੇ ਨਾਲ ਨਾਲ ਪੀੜਤ ਕਿਸਾਨਾਂ ਨੂੰ ਤੁਰੰਤ ਢੁਕਵਾਂ ਮੁਆਵਜ਼ਾ ਦੇਵੇ। ਸਿੱਧੂ ਨੇ ਕਿਹਾ ਕਿ ਪੱਕੀ ਕਣਕ ਨੂੰ ਅੱਗ ਲੱਗਣ ਦੀਆਂ ਬਹੁਤੀਆਂ ਘਟਨਾਵਾਂ ਬਿਜਲੀ ਦੀਆਂ ਤਾਰਾਂ ਤੋਂ ਪੈਦਾ ਹੁੰਦੀਆਂ ਚੰਗਿਆੜੀਆਂ ਕਾਰਨ ਇਸ ਵਾਪਰ ਰਹੀਆਂ ਹਨ ਕਿਉਂਕਿ ਨਾ ਤਾਂ ਸਮੇਂ-ਸਮੇਂ ਸਿਰ ਇਹਨਾਂ ਤਾਰਾਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਨਾ ਹੀ ਲੋੜੀਂਦੇ ਰੱਖ-ਰਖਾਉ ਵੱਲ ਧਿਆਨ ਦਿੱਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਪੰਜਾਬ ਰਾਜ ਬਿਜਲੀ ਨਿਗਮ ਦੇ ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ ਅਤੇ ਕਈ ਡਾਇਰੈਕਰਾਂ ਦੀਆਂ ਅਸਾਮੀਆਂ ਲੰਬੇ ਸਮੇਂ ਤੋਂ ਖ਼ਾਲੀ ਹੋਣ ਕਾਰਨ ਬਿਜਲੀ ਨਿਗਮ ਦਾ ਸਮੁੱਚਾ ਕੰਮ-ਕਾਜ ਲੜਖੜਾਇਆ ਪਿਆ ਹੈ। ਉਹਨਾਂ ਕਿਹਾ ਕਿ ਬਿਜਲੀ ਨਿਗਮ ਦਾ ਕੋਈ ਵਾਲੀ-ਵਾਰਸ ਨਾ ਹੋਣਾ ਵੀ ਅੱਗ ਲੱਗਣ ਦੀਆਂ ਘਟਨਾਵਾਂ ਦਾ ਇੱਕ ਕਾਰਨ ਹੈ ਕਿਉਂਕਿ ਕੋਈ ਫੀਲਡ ਮੁਲਾਜ਼ਮਾਂ ਦੀ ਜਵਾਬਦੇਹੀ ਕਰਨ ਵਾਲਾ ਹੀ ਨਹੀਂ ਹੈ।ਕਾਂਗਰਸੀ ਆਗੂ ਨੇ ਕਿਹਾ ਕਿ ਜੇ ਸਰਕਾਰ ਦੇ ਸਬੰਧਤ ਵਿਭਾਗ ਮੌਸਮ ਵਿਭਾਗ ਵਲੋਂ ਦਿੱਤੀ ਜਾਂਦੀ ਹਨੇਰੀ-ਝੱਖੜ ਦੀ ਅਗਾਊਂ ਚਿਤਾਵਨੀ ਨੂੰ ਧਿਆਨ ਵਿਚ ਰੱਖਦਿਆਂ ਸਮੇਂ ਸਿਰ ਢੁਕਵੇਂ ਕਦਮ ਚੁੱਕਦੇ ਤਾਂ ਅੱਗ ਲੱਗਣ ਦੀਆਂ ਘਟਨਾਵਾਂ ਤੋਂ ਬਚਿਆ ਜਾ ਸਕਦਾ ਸੀ। ਉਹਨਾਂ ਕਿਹਾ ਕਿ ਸਰਕਾਰ ਦੇ ਵੱਖ-ਵੱਖ ਵਿਭਾਗਾਂ ਵਿਚ ਕੋਈ ਆਪਸੀ ਤਾਲਮੇਲ ਹੀ ਨਹੀਂ ਹੈ ਜਿਸ ਦਾ ਖ਼ਮਿਆਜ਼ਾ ਆਮ ਲੋਕ ਭੁਗਤ ਰਹੇ ਹਨ। ਉਹਨਾਂ ਕਿਹਾ ਕਿ ਮੁੱਖ ਮੰਤਰੀ ਆਪਣੇ ਪਹਿਲੇ ਵਾਅਦੇ ਅਨੁਸਾਰ ਬਿਨਾਂ ਗਿਰਦਾਵਰੀ ਕਰਾਏ ਤੁਰੰਤ ਢੁਕਵਾਂ ਮੁਆਵਜ਼ਾ ਦੇਣ। ਸਿੱਧੂ ਨੇ ਕਿਹਾ ਕਿ ਪੰਜਾਬ ਦਾ ਕੋਈ ਮੰਤਰੀ ਵੀ ਪੀੜਤ ਕਿਸਾਨਾਂ ਦੀ ਸਾਰ ਲੈਣ ਨਹੀਂ ਗਿਆ।

# ਕਰ ਭਲਾ ਹੋ ਭਲਾ ਸੁਸਾਇਟੀ ਵੱਲੋਂ ਗੁਰਕੀਰਤ ਸਿੰਘ ਦਾ ਸਨਮਾਨ

ਜਗਰਾਓਂ (ਅਮਿਤ ਖੰਨਾ)- ਸਥਾਨਕ ਅਗਵਾੜ ਲੋਪੋ ਵਿਖੇ ਬਾਬਾ ਰਣਜੀਤ ਸਿੰਘ ਵੱਲੋਂ ਚਲਾਈ ਜਾ ਰਹੀ ਸੰਤ ਬਾਬਾ ਈਸ਼ਰ ਸਿੰਘ ਸਪੋਰਟਸ ਕਲੱਬ ਦੇ ਖਿਡਾਰੀ ਗੁਰਕੀਰਤ ਸਿੰਘ ਨੇ ਨੈਸ਼ਨਲ ਸਕੂਲ ਵੇਟ ਲਿਫਟਿੰਗ ਚੈਂਪੀਅਨਸ਼ਿਪ 'ਚ ਪੰਜਾਬ ਦੀ ਨੁਮਾਇੰਦਗੀ ਕਰਦਿਆਂ ਜਗਰਾਓਂ ਦਾ ਨਾਮ ਰੋਸ਼ਨ ਕੀਤਾ। ਮਿਜ਼ੋਰਮ 'ਚ ਹੋਈ 68ਵੀਂ ਨੈਸ਼ਨਲ ਸਕੂਲ ਵੇਟ ਲਿਫਟਿੰਗ ਚੈਂਪੀਅਨਸ਼ਿਪ 'ਚ ਪੰਜਾਬ ਦੀ ਨੁਮਾਇੰਦਗੀ ਕਰਦੇ ਹੋਏ ਸਿੱਖ ਨੌਜਵਾਨ ਗੁਰਕੀਰਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕਰ ਕੇ ਸੂਬੇ ਤੇ ਜਗਰਾਓਂ ਦਾ ਨਾਮ ਰੋਸ਼ਨ ਕੀਤਾ।ਸਥਾਨਕ ਅਰੋੜਾ ਪ੍ਰਾਪਰਟੀ ਐਡਵਾਈਜ਼ਰ ਵਿਖੇ ਸਮਾਜ ਸੇਵੀ ਸੰਸਥਾ ਕਰ ਭਲਾ ਹੋ ਭਲਾ ਸੁਸਾਇਟੀ ਚੇਅਰਮੈਨ ਅਮਿਤ ਅਰੋੜਾ, ਵਾਈਸ ਪ੍ਰਧਾਨ ਰਾਜਿੰਦਰ ਜੈਨ ਕਾਕਾ, ਪ੍ਰਧਾਨ ਮਦਨ ਲਾਲ ਅਰੋੜਾ, ਏ ਪੀ ਰਿਫਾਇਨਰੀ ਦੇ ਡਾਇਰੈਕਟਰ ਭੁਵਨ ਗੋਇਲ ਤੇ ਲੋਕ ਸੇਵਾ ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ ਨੇ ਗੁਰਕੀਰਤ ਸਿੰਘ ਦਾ ਸਨਮਾਨ



ਕਰਦਿਆਂ ਜਿੱਥੇ ਵਧਾਈ ਦਿੱਤੀ, ਉੱਥੇ ਭਵਿੱਖ 'ਚ ਹੋਰ ਤਮਗੇ ਜਿੱਤਣ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।ਉਨ੍ਹਾਂ ਕਿਹਾ ਕਿ ਇਹ ਜਗਰਾਓਂ ਤੇ ਪੰਜਾਬ ਲਈ ਮਾਣ ਵਾਲੀ ਗੱਲ ਹੈ ਕਿ ਗੁਰਕੀਰਤ ਨੇ ਰਾਸ਼ਟਰੀ ਪੱਧਰ 'ਤੇ ਆਪਣੀ ਯੋਗਤਾ ਸਾਬਿਤ ਕੀਤੀ ਹੈ।ਇਸ ਮੌਕੇ ਸੰਤ ਬਾਬਾ ਈਸ਼ਰ ਸਿੰਘ ਸਪੋਰਟਸ ਕਲੱਬ ਦੇ ਸੰਚਾਲਕ ਬਾਬਾ ਰਣਜੀਤ ਸਿੰਘ ਨੇ ਕਿਹਾ ਕਰ ਭਲਾ ਹੋ ਭਲਾ ਸੁਸਾਇਟੀ ਵੱਲੋਂ ਨੌਜਵਾਨਾਂ ਨੂੰ ਵੇਟ ਲਿਫਟਿੰਗ ਵਾਸਤੇ ਜਿਹੜੀ ਡੇਢ ਲੱਖ ਦੀ ਲਾਗਤ ਵਾਲੀ ਨੀਲਕੰਟ ਵੇਟ ਕਿੱਟ ਸਪੁਰਦ ਕੀਤੀ ਗਈ, ਉਸ ਕਾਰਨ ਹੀ ਕਲੱਬ ਦੇ ਖਿਡਾਰੀ ਨਾਮ ਰੌਸ਼ਨ ਕਰ ਰਹੇ ਹਨ।ਇਸ ਮੌਕੇ ਕੈਪਟਨ ਨਰੇਸ਼ ਵਰਮਾ, ਬਾਬਾ ਕੁਲਵਿੰਦਰ ਸਿੰਘ ਕਾਉਂਕੇ, ਨਰੇਸ਼ ਗਾਂਧੀ, ਵਿਸ਼ਾਲ ਸ਼ਰਮਾ, ਬਲਜੀਤ ਜੱਸਲ, ਕਮਲ ਗੁਪਤਾ, ਸਹਿਲ ਗੁਪਤਾ, ਸੁਨੀਲ ਬਜਾਜ, ਦਿਵਿਆ, ਬਲਜੀਤ ਸਿੰਘ ਵਿੱਕੀ, ਜਸਪ੍ਰੀਤ ਸਿੰਘ ਰਾਮ ਸਿੰਘ, ਗੁਰਦੀਪ ਸਿੰਘ, ਕੁਲਵਿੰਦਰ ਸਿੰਘ, ਰਾਹੁਲ ਮੁਖੀਜਾ, ਮਨਦੀਪ ਸਿੰਘ ਬੱਧਾਵਾਰੇ, ਪ੍ਰਭਜੋਤ ਸਿੰਘ, ਵਿਸ਼ਾਲ ਗਿੱਲ, ਸੁਰਜਨ ਕੁਮਾਰ ਆਦਿ ਹਾਜ਼ਰ ਸਨ।

# ਬੇਰੁਜ਼ਗਾਰ ਅਧਿਆਪਕਾਂ 'ਤੇ ਪੁਲਸ ਤਸ਼ੱਦਦ ਦੀ ਗੌਰਮਿੰਟ ਟੀਚਰ ਯੂਨੀਅਨ ਪੰਜਾਬ ਨੇ ਕੀਤੀ ਨਿਖੇਧੀ



ਤਲਵਾੜਾ, ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਲੰਘੇ ਕੱਲ੍ਹ ਸਿੱਖਿਆ ਮੰਤਰੀ ਹਰਜੋਤ ਬੈਂਸ ਦੇ ਪਿੰਡ ਗੰਭੀਰਪੁਰ ਵਿੱਚ ਰੁਜ਼ਗਾਰ ਦੀ ਮੰਗ ਨੂੰ ਲੈ ਕੇ ਸ਼ਾਂਤਮਈ ਰੋਸ ਪ੍ਰਦਰਸ਼ਨ ਕਰ ਰਹੇ ਬੇਰੁਜ਼ਗਾਰ ਈ ਟੀ ਟੀ ਅਧਿਆਪਕਾਂ 'ਤੇ ਪੁਲਸ ਵੱਲੋਂ ਕੀਤੇ ਤਸ਼ੱਦਦ ਦੀ ਗੌਰਮਿੰਟ ਟੀਚਰਜ਼ ਯੂਨੀਅਨ (ਜੀ ਟੀ ਯੂ) ਪੰਜਾਬ ਨੇ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਨਰਲ ਸਕੱਤਰ ਗੁਰਵਿੰਦਰ ਸਿੰਘ ਸਸਕੌਰ, ਵਿੱਤ ਸਕੱਤਰ ਅਮਨਦੀਪ ਸ਼ਰਮਾ ਅਤੇ ਪ੍ਰੈਸ ਸਕਤਰ ਕਰਨੈਲ ਫਿਲੌਰ ਨੇ ਸੰਯੁਕਤ ਰੂਪ ਵਿੱਚ ਸੰਘਰਸ਼ ਕਰ ਰਹੇ 5994 ਈ ਟੀ ਟੀ (ਬੈਕਲਾਗ) ਭਰਤੀ ਵਿੱਚ ਚੁਣੇ ਬੇਰੁਜ਼ਗਾਰ ਅਧਿਆਪਕਾਂ ਦੇ ਸੰਘਰਸ਼ ਦਾ ਸਮਰਥਨ ਕੀਤਾ ਹੈ। ਇਹ ਅਧਿਆਪਕ ਰੁਜ਼ਗਾਰ ਦੀ ਮੰਗ ਨੂੰ ਲੈ ਕੇ ਸਿੱਖਿਆ ਮੰਤਰੀ ਹਰਜੋਤ ਬੈਂਸ ਦੇ ਪਿੰਡ ਗੰਭੀਰਪੁਰ ਵਿੱਚ ਸ਼ਾਂਤਮਈ ਰੋਸ ਪ੍ਰਦਰਸ਼ਨ ਕਰ ਰਹੇ ਸਨ। ਸਰਕਾਰ ਦੀ ਸ਼ਹਿ 'ਤੇ ਪੁਲਸ ਪ੍ਰਸ਼ਾਸਨ ਨੇ ਇਹਨਾਂ ਅੰਦੋਲਨਕਾਰੀ ਅਧਿਆਪਕਾਂ ਨਾਲ ਭਾਰੀ ਮਾਰਕੁੱਟ ਕੀਤੀ ਹੈ। ਜੀ ਟੀ ਯੂ ਨੇ ਪੁਲਸੀਆ ਕਾਰਵਾਈ ਦੀ ਨਿੰਦਾ ਕੀਤੀ ਅਤੇ ਸਰਕਾਰ ਨੂੰ ਹਿਟਲਰਸ਼ਾਹੀ ਵਾਲਾ ਰਵੱਈਆ ਤਿਆਗ ਕੇ ਇਹਨਾਂ ਅਧਿਆਪਕਾਂ ਨਾਲ ਬੈਠ ਕੇ ਮਸਲੇ ਹੱਲ ਕਰਨ ਦੀ ਸਲਾਹ ਦਿੱਤੀ ਹੈ। ਜਥੇਬੰਦੀ ਦੇ ਸੂਬਾ ਵਿੱਤ ਸਕੱਤਰ ਪ੍ਰਿੰਸੀਪਲ ਅਮਨਦੀਪ ਸ਼ਰਮਾ ਤੇ ਸੁਨੀਲ ਕੁਮਾਰ ਗੁਰਦਾਸਪੁਰ ਤੋਂ, ਨਵਾਂਸ਼ਹਿਰ ਤੋਂ ਕੁਲਦੀਪ ਸਿੰਘ ਦੌੜਕਾ, ਮੋਗਾ ਤੋਂ ਜੱਜਪਾਲ ਸਿੰਘ ਬਾਜੇ ਕੇ ਅਤੇ ਗੁਰਪ੍ਰੀਤ ਸਿੰਘ ਅਮੀਵਾਲ ਨੇ ਕਿਹਾ ਕਿ ਮੌਜੂਦਾ ਸਰਕਾਰ ਸਿੱਖਿਆ ਕ੍ਰਾਂਤੀ ਦੇ ਨਾਂ 'ਤੇ ਇਸ਼ਤਿਹਾਰਬਾਜ਼ੀ ਉਤੇ ਕਰੋੜਾਂ ਰੁਪਏ ਪਾਣੀ ਵਾਂਗ ਵਹਾ ਰਹੀ ਹੈ । ਜਦਕਿ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਹਜ਼ਾਰਾਂ ਪੋਸਟਾਂ ਖਾਲੀ ਪਈਆਂ ਹਨ, ਸਕੂਲ ਪ੍ਰਿੰਸੀਪਲ ਤੋਂ ਸੱਖਣੇ ਹਨ। ਹੈਡਮਾਸਟਰਾਂ ਅਤੇ ਬੀ ਪੀ ਈ ਓਜ਼ ਦੀਆਂ ਲੰਮੇ ਸਮੇਂ ਤੋਂ ਅਸਾਮੀਆਂ ਖਾਲੀ ਹਨ। ਪੜ੍ਹੇ ਲਿਖੇ ਨੌਜਵਾਨ ਰੁਜ਼ਗਾਰ ਦੀ ਮੰਗ ਕਰ ਰਹੇ ਹਨ। ਸਰਕਾਰ ਰੁਜ਼ਗਾਰ ਦੇਣ ਦੀ ਬਜਾਏ ਉਹਨਾਂ ਦੀ ਪੁਲਸ ਦੇ ਡੰਡੇ ਨਾਲ ਆਵਾਜ਼ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਆਗੂਆਂ ਨੇ ਬੀਤੇ ਕੱਲ ਵਾਪਰੀ ਘਟਨਾ ਦਾ ਦੋਸ਼ੀ ਸਿੱਖਿਆ ਮੰਤਰੀ ਹਰਜੋਤ ਬੈਂਸ ਨੂੰ ਦੱਸਿਆ ਹੈ । ਉਨ੍ਹਾਂ ਮਾਰਕੁੱਟ ਵਿਚ ਸ਼ਾਮਲ ਪੁਲਸ ਅਧਿਕਾਰੀ ਨੂੰ ਤੁਰੰਤ ਪ੍ਰਭਾਵ ਤੋਂ ਮੁਅੱਤਲ ਕਰਨ ਦੀ ਮੰਗ ਕੀਤੀ ਹੈ।

# ਸਾਂਝਾ ਅਧਿਆਪਕ ਮੋਰਚਾ ਵੱਲੋਂ ਬੇਰੁਜ਼ਗਾਰ ਅਧਿਆਪਕਾਂ 'ਤੇ ਅਣਮਨੁੱਖੀ ਤਸ਼ੱਦਦ ਖਿਲਾਫ ਕੀਤਾ ਰੋਸ ਪ੍ਰਦਰਸ਼ਨ



ਨੰਗਲ -ਸਾਂਝਾ ਅਧਿਆਪਕ ਮੋਰਚਾ ਵੱਲੋਂ ਅੱਜ ਗੰਭੀਰਪੁਰ ਟੀ ਪੁਆਇੰਟ ਉੱਤੇ ਬੀਤੇ ਦਿਨ ਬੇਰੁਜ਼ਗਾਰ 5994 ਈ ਟੀ ਟੀ ਅਧਿਆਪਕਾਂ 'ਤੇ ਪੁਲਸ ਵੱਲੋਂ ਕੀਤੇ ਤਸ਼ੱਦਦ ਦੇ ਵਿਰੋਧ ਵਿੱਚ ਮੁੱਖ ਮੰਤਰੀ, ਸਿੱਖਿਆ ਮੰਤਰੀ ਅਤੇ ਐਸ ਐਚ ਓ ਅਨੰਦਪੁਰ ਸਾਹਿਬ ਦਾ ਪੁਤਲਾ ਫੂਕ ਕੇ ਪੁਲਸ ਅਧਿਕਾਰੀਆਂ ਦੇ ਖਿਲਾਫ ਕਾਰਵਾਈ ਦੀ ਮੰਗ ਕੀਤੀ। ਇਸ ਪ੍ਰਦਰਸ਼ਨ 'ਚ ਕਿਸਾਨ ਯੂਨੀਅਨ, ਟਰੇਡ ਯੂਨੀਅਨ ਆਦਿ ਨੇ ਵੀ ਭਾਗ ਲਿਆ। ਇਸ ਮੌਕੇ ਸਾਂਝਾ ਅਧਿਆਪਕ ਮੋਰਚੇ ਦੇ ਜ਼ਿਲ੍ਹਾ ਕਨਵੀਨਰ ਗੁਰਵਿੰਦਰ ਸਿੰਘ ਸਸਕੌਰ, ਗੁਰਿੰਦਰ ਪਾਲ ਸਿੰਘ ਖੇੜੀ, ਜਗਮੋਹਣ ਸਿੰਘ ਚੌਂਤਾ, ਪਰਮਿੰਦਰ ਭਾਰਤੀ ਨੇ ਕਿਹਾ ਕਿ ਐੱਸ.ਐਚ.ਓ., ਹੋਰ ਅਧਿਕਾਰੀ ਤੇ ਮੁਲਾਜ਼ਮਾਂ ਵੱਲੋਂ ਸ਼ਾਂਤੀਪੂਰਵਕ ਮੁਜ਼ਾਹਰਾ ਕਰ ਰਹੇ ਬੇਰੁਜ਼ਗਾਰ ਅਧਿਆਪਕਾਂ ਉੱਪਰ ਅਣਮਨੁੱਖੀ ਤਸ਼ੱਦਦ ਕਰਦੇ ਹੋਏ ਆਗੂਆਂ ਨੂੰ ਥੱਪੜਾਂ ਅਤੇ ਲਾਠੀਆਂ ਨਾਲ ਕੁੱਟਿਆ ਗਿਆ।ਸ਼ਾਂਤੀਪੂਰਵਕ ਮੁਜ਼ਾਹਰਾ ਕਰ ਰਹੇ ਸੜਕਾਂ 'ਤੇ ਬੈਠੇ ਬੇਰੁਜ਼ਗਾਰ ਅਧਿਆਪਕਾਂ / ਮਹਿਲਾ ਅਧਿਆਪਿਕਾ ਨੂੰ ਸੜਕ ਦੇ ਉੱਪਰ ਡੰਗਰਾਂ ਦੇ ਵਾਂਗ ਧੂਹ ਕੇ ਖਿੱਚਿਆ ਗਿਆ। ਸੜਕ 'ਤੇ ਲੰਮੇ ਪਏ ਹੋਏ ਅਧਿਆਪਕਾਂ ਦੀ ਛਾਤੀ ਦੇ ਉੱਪਰ ਗਰਦਨ ਦੇ ਉੱਪਰ ਮੁਲਾਜ਼ਮਾਂ ਵੱਲੋਂ ਗੋਡੇ ਨਾਲ ਤੇ ਮੁੱਕਿਆਂ ਨਾਲ ਦਬਾਇਆ ਗਿਆ। ਲਾਠੀਚਾਰਜ ਨਾਲ ਕੁੱਟ-ਕੁੱਟ ਕੇ ਗ੍ਰਿਫਤਾਰ ਕੀਤੇ ਗਏ । ਇਸ ਮੌਕੇ ਉਹਨਾਂ ਨੇ ਕਿਹਾ ਕਿ ਕੱਲ ਦੀਆਂ ਸੋਸ਼ਲ ਮੀਡੀਆ ਤੇ ਵਾਇਰਲ ਹੋ ਰਹੀਆਂ ਵੀਡੀਓ ਨੂੰ ਦੇਖ ਸਮੁੱਚੇ ਇਨਸਾਫ ਪਸੰਦ ਲੋਕਾਂ ਦੇ ਮਨ ਵਿੱਚ ਬੇਚੈਨੀ ਸੀ, ਇਸ ਲਈ ਅੱਜ ਅਸੀਂ ਇਹ ਸੰਕੇਤਕ ਪ੍ਰਦਰਸ਼ਨ ਕੀਤਾ ਹੈ ਅਤੇ 10 ਤਰੀਕ ਨੂੰ ਸਾਂਝਾ ਅਧਿਆਪਕ ਮੋਰਚਾ ਵੱਲੋਂ ਵੱਡੇ ਪੱਧਰ 'ਤੇ ਝੰਡਾ ਮਾਰਚ ਕੀਤਾ ਜਾਵੇਗਾ।ਇਸ ਮੌਕੇ ਉਪਰੋਕਤ ਤੋਂ ਇਲਾਵਾ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਕੁਲਦੀਪ ਗਿੱਲ, ਅਸ਼ੋਕ ਕੁਮਾਰ ਰਾਮਪੁਰ, ਸੰਜੀਵ ਕੁਮਾਰ ਮੋਠਾਂਪੁਰ, ਅਵਨੀਤ ਚੱਢਾ, ਰਕੇਸ਼ ਗੋਨੂੰ, ਮਨਦੀਪ ਸਰਥਲੀ, ਕੁਲਵਿੰਦਰ ਸਿੰਘ ਰੋਪੜ, ਬਲਵਿੰਦਰ ਰੈਲੋ , ਧਰਮਪਾਲ ਸੈਣੀ, ਕਿਰਪਾਲ ਸਿੰਘ ਭੱਟੋਂ , ਦਰਸ਼ਣ ਸਿੰਘ ਬੜਵਾ, ਵਿਕਾਸ ਸੋਨੀ, ਕਮਲ ਸਹਿਗਲ ਆਦਿ ਹਾਜ਼ਰ ਸਨ।

# ਗੁਰਪੁਰਬ ਮੌਕੇ ਸਾਂਝ ਕਲੱਬ ਵੱਲੋਂ ਦਸਤਾਰ ਮੁਕਾਬਲੇ



ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)- ਸਮਾਜ ਸੇਵੀ ਸੰਸਥਾ ਸਾਂਝ ਕਲੱਬ ਵੱਲੋਂ ਗੁਰੂ ਅਰਜਨ ਦੇਵ ਜੀ ਦੇ ਗੁਰਪੁਰਬ ਮੌਕੇ ਗੁਰਦੁਆਰਾ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤੜਾਂ ਵਿਖੇ ਦਸਤਾਰ ਮੁਕਾਬਲੇ ਕਰਵਾਏ ਗਏ।ਇਸ ਦਸਤਾਰ ਮੁਕਾਬਲੇ ਵਿੱਚ ਇਲਾਕੇ ਦੇ ਵੱਡੀ ਗਿਣਤੀ ਵਿੱਚ ਨੌਜਵਾਨਾਂ ਤੇ ਬੱਚਿਆਂ ਨੇ ਦਸਤਾਰਾਂ ਸਜਾ ਕੇ ਮੁਕਾਬਲੇ ਵਿੱਚ ਭਾਗ ਲਿਆ।ਇਸ ਮੌਕੇ ਭਾਜਪਾ ਦੇ ਹਲਕਾ ਇੰਚਾਰਜ ਨਰਾਇਣ ਸਿੰਘ ਨਰਸੋਤ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।ਇਸ ਦੌਰਾਨ ਕਲੱਬ ਪ੍ਰਧਾਨ ਕਰਨ ਵੜੈਚ, ਮੰਨਾ ਯੂਐੱਸਏ, ਗੁਰਵਿੰਦਰ ਸਿੰਘ ਕਿੰਗ, ਇਕਬਾਲ ਸਿੰਘ ਸਿੱਧੂ, ਮਨਦੀਪ ਸਿੰਘ, ਸ਼ਮਸ਼ੇਰ ਸਿੰਘ, ਜਸਕਰਨ ਸਿੰਘ, ਕਰਮਪਾਲ ਸਿੰਘ ਮਾਨ, ਗੁਰਪਿਆਰ ਸਿੰਘ, ਇੰਦਰਜੀਤ ਸਿੰਘ ਤੇ ਸਮੁੱਚੇ ਕਲੱਬ ਵੱਲੋਂ ਜੇਤੂਆਂ ਨੂੰ ਸਨਮਾਨ ਚਿੰਨ੍ਹ ਭੇਟ ਕਰਨ ਦੇ ਨਾਲ ਨਾਲ ਆਏ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦਿੱਤੇ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਗੀਚਾ ਸਿੰਘ ਦੁਤਾਲ ਜ਼ਿਲ੍ਹਾ ਪ੍ਰਧਾਨ ਕਿਸਾਨ ਮੋਰਚਾ ਭਾਜਪਾ, ਜਸਕਰਨ ਸਿੰਘ ਵਿਰਕ ਸਾਬਕਾ ਜ਼ਿਲ੍ਹਾ ਸਕੱਤਰ ਭਾਜਪਾ, ਡਾ. ਰਾਜ ਕੁਮਾਰ ਤੇ ਮਦਨ ਜੇ ਈ ਹਾਜ਼ਰ ਸਨ।

# ਮਜ਼ਦੂਰ ਦਿਵਸ ਮੌਕੇ ਬਰਨਾਲਾ ਰੈਲੀ ਹੋਵੇਗੀ ਇਤਿਹਾਸਕ : ਸਹਿਜੜਾ



ਮਹਿਲ ਕਲਾਂ, (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਭਾਈ ਲਾਲੋ ਪੰਜਾਬੀ ਮੰਚ ਪੰਜਾਬ ਵੱਲੋਂ ਬਰਨਾਲਾ ਵਿਖੇ ਇੱਕ ਮਈ ਕੌਮਾਂਤਰੀ ਮਜ਼ਦੂਰ ਦਿਵਸ ਨੂੰ ਸਮਰਪਤ ਕੀਤੀ ਜਾ ਰਹੀ ਮਜ਼ਦੂਰ ਰੈਲੀ ਵਿੱਚ ਵੱਖ ਵੱਖ ਇਲਾਕਿਆਂ ਤੋਂ ਵੱਡੀ ਗਿਣਤੀ ਵਿੱਚ ਮਜ਼ਦੂਰ ਪਰਵਾਰਾਂ ਸਮੇਤ ਕਾਫਲੇ ਬੰਨ੍ਹ ਕੇ ਸ਼ਾਮਲ ਹੋਣਗੇ।ਇਹ ਜਾਣਕਾਰੀ ਜਥੇਬੰਦੀ ਦੇ ਬਲਾਕ ਪ੍ਰਧਾਨ ਬਲਦੇਵ ਸਿੰਘ ਸਹਿਜੜਾ ਨੇ ਗੱਲਬਾਤ ਦੌਰਾਨ ਦਿੱਤੀ।ਉਨ੍ਹਾਂ ਦੱਸਿਆ ਕਿ ਸਮਾਗਮ ਦੀਆਂ ਤਿਆਰੀਆਂ ਨੂੰ ਲੈ ਕੇ ਜਥੇਬੰਦੀ ਦੇ ਆਗੂਆਂ ਦੀ ਅਗਵਾਈ ਹੇਠ ਪਿੰਡ ਕਲਾਲ ਮਾਜਰਾ, ਕਿਰਪਾਲ ਸਿੰਘ ਵਾਲਾ, ਰਾਇਸਰ ਪੰਜਾਬ, ਰਾਇਸਰ ਪਟਿਆਲਾ ਤੇ ਚੁਹਾਨਕੇ ਖੁਰਦ ਆਦਿ ਦਰਜਨ ਕਰੀਬ ਪਿੰਡਾਂ ਵਿਖੇ ਮਜ਼ਦੂਰ ਮੀਟਿੰਗਾਂ ਕੀਤੀਆਂ ਗਈਆਂ। ਇਸ ਮੌਕੇ ਵੱਖ ਵੱਖ ਆਗੂਆਂ ਕਿਰਤੀ ਲੋਕਾਂ ਨੂੰ 1 ਮਈ ਨੂੰ ਬਰਨਾਲਾ ਵਿਖੇ ਹੋਣ ਵਾਲੀ ਰੈਲੀ 'ਚ ਕਾਫਲਿਆਂ ਦੇ ਰੂਪ 'ਚ ਸ਼ਾਮਲ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ ਅੱਜ ਵੀ ਬੇਰੁਜ਼ਗਾਰੀ, ਮਹਿੰਗਾਈ, ਭ੍ਰਿਸ਼ਟਾਚਾਰ ਤੇ ਸਿਹਤ ਸਹੂਲਤਾਂ ਦੀ ਘਾਟ ਕਾਰਨ ਮਜ਼ਦੂਰ ਵਰਗ ਗੁਰਬਤ ਦੀ ਜ਼ਿੰਦਗੀ ਜਿਊਣ ਲਈ ਮਜਬੂਰ ਹੈ। ਆਪਣੇ ਹੱਕਾਂ ਦੀ ਪ੍ਰਾਪਤੀ ਲਈ ਲਾਮਬੰਦ ਹੋਣਾ ਸਮੇਂ ਦੀ ਮੁੱਖ ਲੋੜ ਹੈ।ਉਨ੍ਹਾਂ ਕਿਹਾ ਕਿ 1 ਮਈ ਨੂੰ ਦੁਨੀਆ ਭਰ ਵਿੱਚ ਕੌਮਾਂਤਰੀ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ, ਜਿਸ ਦਾ ਮਕਸਦ ਮਜ਼ਦੂਰਾਂ ਦੇ ਸੰਘਰਸ਼, ਉਨ੍ਹਾਂ ਦੀਆਂ ਪ੍ਰਾਪਤੀਆਂ ਤੇ ਸਮੱਸਿਆਵਾਂ ਨੂੰ ਉਜਾਗਰ ਕਰਨਾ ਹੈ।ਇਸ ਮੌਕੇ ਮੱਖਣ ਸਿੰਘ ਕ੍ਰਿਪਾਲ ਸਿੰਘ ਵਾਲਾ, ਨਿਰਮਲ ਸਿੰਘ, ਲਖਵੀਰ ਸਿੰਘ, ਵੀਰਪਾਲ ਕੌਰ, ਤਾਰਾ ਸਿੰਘ ਖ਼ਾਲਸਾ, ਰੌਸ਼ਨ ਸਿੰਘ, ਕੁਲਦੀਪ ਕੌਰ ਰਾਇਸਰ ਪੰਜਾਬ, ਜਸਵੀਰ ਕੌਰ, ਜਗਸੀਰ ਸਿੰਘ ਜੱਗਾ ਰਾਇਸਰ ਪਟਿਆਲਾ ਆਦਿ ਆਗੂ ਹਾਜ਼ਰ ਸਨ।

# ਪ੍ਰੀਗਬਾਲਿਨ ਕੈਪਸੂਲ ਬਰਾਮਦ, ਮੁਲਜ਼ਮ ਕਾਬੂ



ਬਠਿੰਡਾ (ਪਰਵਿੰਦਰ ਜੀਤ ਸਿੰਘ)- ਮਾਨਸਾ ਰੋਡ 'ਤੇ ਪਿਛਲੇ ਕਾਫੀ ਦਿਨਾਂ ਤੋਂ ਚਰਚਾ ਵਿੱਚ ਚੱਲ ਰਹੇ ਮੈਡੀਕਲ ਸਟੋਰ (ਹੰਨੂ ਮੈਡੀਕਲ ਸਟੋਰ) ਕਾਫੀ ਸਮੇਂ ਤੋਂ ਕੈਪਸੂਲ ਵੇਚ ਰਿਹਾ ਹੈ, ਪਰ ਡਰੱਗ ਵਿਭਾਗ ਦੀ ਸੱਤਰ ਛਾਇਆ ਹੋਣ ਕਰਕੇ ਬਚ ਜਾਂਦਾ ਸੀ, ਅੱਜ ਜਦੋਂ ਮੁੱਖ ਮੰਤਰੀ ਵੱਲੋਂ ਜਾਰੀ ਕੀਤੇ ਨੰਬਰ 'ਤੇ ਇਤਲਾਹ ਦਿੱਤੀ ਗਈ ਤਾਂ ਡਰੱਗ ਤੇ ਪੁਲਸ ਵਿਭਾਗ ਵੱਲੋਂ ਸਾਂਝੇ ਆਪ੍ਰੇਸ਼ਨ ਕੀਤੀ ਕਾਰਵਾਈ ਦੌਰਾਨ 4700 ਕੈਪਸੂਲ ਪ੍ਰੀਗਬਾਲਿਨ ਬਰਾਮਦ ਕਰਕੇ ਪਵਨ ਕੁਮਾਰ ਨੂੰ ਮੌਕੇ ਤੇ ਫੜ ਲਿਆ ਗਿਆ ਤੇ ਵੱਖ ਵੱਖ-ਵੱਖ ਧਰਾਵਾਂ ਤਹਿਤ ਮੁਕੱਦਮਾ ਦਰਜ ਕਰ ਲਿਆ ਡਰੱਗ ਇੰਸਪੈਕਟਰ ਨੇ ਦੱਸਿਆ ਕਿ ਇਸ ਤਰ੍ਹਾਂ ਦੀ ਕੋਈ ਵੀ ਮੈਡੀਕਲ ਸਟੋਰ ਵਾਲਾ ਨਸ਼ੀਲੀਆਂ ਗੋਲੀਆਂ ਵੇਚਦਾ ਹੈ ਤਾਂ ਬੰਦ ਕਰ ਦਿਓ ਨਹੀਂ ਤਾਂ ਸਖ਼ਤ ਕਾਰਵਾਈ ਹੋਵੇਗੀ।

# ਕਣਕ ਦੀ ਵੱਧ ਤੁਲਾਈ ਕਰਨ ਦੇ ਮਾਮਲੇ 'ਚ ਦੋ ਫਰਮਾਂ ਨੂੰ ਜੁਰਮਾਨਾ

ਸੰਗਰੂਰ, (ਪ੍ਰਵੀਨ ਸਿੰਘ)-ਬੀਤੇ ਦਿਨੀਂ ਪੰਜਾਬ ਮੰਡੀ ਬੋਰਡ ਦੇ ਸਕੱਤਰ ਸ੍ਰੀ ਰਾਮਵੀਰ ਵੱਲੋਂ ਜ਼ਿਲ੍ਹਾ ਸੰਗਰੂਰ ਦੀਆਂ ਵੱਖ-ਵੱਖ ਅਨਾਜ ਮੰਡੀਆਂ ਵਿੱਚ ਕਣਕ ਦੇ ਖਰੀਦ ਪ੍ਰਬੰਧਾਂ ਦਾ ਨਿਰੀਖਣ ਕਰਨ ਤੋਂ ਤੁਰੰਤ ਅਗਲੇ ਦਿਨ ਪੰਜਾਬ ਮੰਡੀ ਬੋਰਡ ਦੇ ਡਿਪਟੀ ਜਨਰਲ ਮੈਨੇਜਰ (ਡੀ.ਜੀ.ਐੱਮ) ਸ੍ਰੀਮਤੀ ਭਜਨ ਕੌਰ ਨੇ ਭਵਾਨੀਗੜ੍ਹ ਤੇ ਸੰਗਰੂਰ ਦੀਆਂ ਅਨਾਜ ਮੰਡੀਆਂ ਵਿੱਚ ਨਿਰੀਖਣ ਕੀਤਾ।ਇਸ ਦੌਰਾਨ ਜਿੱਥੇ ਮੰਡੀਆਂ ਵਿੱਚ ਪ੍ਰਸ਼ਾਸਨਕ ਪ੍ਰਬੰਧਾਂ ਦਾ ਜਾਇਜ਼ਾ ਲਿਆ ਤੇ ਕਿਸਾਨਾਂ ਨਾਲ ਗੱਲਬਾਤ ਕੀਤੀ।ਡੀਜੀਐੱਮ ਨੇ ਭਰੀਆਂ ਬੋਰੀਆਂ ਦੀ ਜਾਂਚ ਪੜਤਾਲ ਦੌਰਾਨ ਪਾਇਆ ਕਿ ਭਵਾਨੀਗੜ੍ਹ ਤੇ ਸੰਗਰੂਰ ਦੀ ਇੱਕ-ਇੱਕ ਫਰਮ ਵੱਲੋਂ ਕਿਸਾਨਾਂ ਦੀ ਢੇਰੀ ਉੱਤੋਂ ਨਿਰਧਾਰਤ ਮਾਪਦੰਡ ਤੋਂ 100 ਗ੍ਰਾਮ ਜ਼ਿਆਦਾ ਕਣਕ ਦੀ ਤੁਲਾਈ ਗੱਟਿਆਂ ਵਿੱਚ ਕੀਤੀ ਜਾ ਰਹੀ ਹੈ।ਡੀ.ਜੀ.ਐੱਮ. ਨੇ ਇਸ ਹੇਰਾਫੇਰੀ ਦਾ ਗੰਭੀਰ ਨੋਟਿਸ ਲੈਂਦਿਆਂ ਸਬੰਧਤ ਦੋਵੇਂ ਫਰਮਾਂ ਨੂੰ ਜੁਰਮਾਨੇ ਲਗਾਉਣ ਦੇ ਹੁਕਮ ਦਿੱਤੇ। ਜ਼ਿਲ੍ਹਾ ਮੰਡੀ ਅਫਸਰ ਕੁਲਜੀਤ ਸਿੰਘ ਨੇ ਦੱਸਿਆ ਕਿ ਅੱਜ ਅਨਾਜ ਮੰਡੀ ਸੰਗਰੂਰ ਵਿੱਚ ਡੀ.ਜੀ.ਐੱਮ. ਸ੍ਰੀਮਤੀ ਭਜਨ ਕੌਰ ਵੱਲੋਂ ਕੀਤੀ ਚੈਕਿੰਗ ਦੌਰਾਨ ਮੈਸਰਜ਼ ਨਰੇਸ਼ ਕੁਮਾਰ ਐਂਡ ਸੰਨਜ਼ ਫਰਮ ਵੱਲੋਂ ਕਿਸਾਨ ਗੁਰਚਰਨ ਸਿੰਘ ਵਾਸੀ ਭਲਵਾਨ ਦੀ ਢੇਰੀ ਉੱਤੇ 100 ਗ੍ਰਾਮ ਜ਼ਿਆਦਾ ਤੁਲਾਈ ਸਾਹਮਣੇ ਆਉਣ ਤੋਂ ਤੁਰੰਤ ਬਾਅਦ ਸਕੱਤਰ ਮਾਰਕੀਟ ਕਮੇਟੀ ਨੂੰ ਹਦਾਇਤ ਕੀਤੀ ਗਈ ਕਿ ਸੰਬੰਧਤ ਫਰਮ ਨੂੰ ਪੰਜਾਬ ਮੰਡੀ ਬੋਰਡ ਦੇ ਨਿਯਮਾਂ ਮੁਤਾਬਕ ਬਣਦਾ ਜੁਰਮਾਨਾ ਲਗਾਇਆ ਜਾਵੇ ਤੇ ਇਸ ਫਰਮ ਨੂੰ 99 ਗੱਟਿਆਂ ਵਿੱਚ ਵੱਧ ਤੁਲਾਈ ਪਾਏ ਜਾਣ 'ਤੇ ਜੁਰਮਾਨਾ ਲਗਾ ਦਿੱਤਾ ਗਿਆ ਹੈ।ਜ਼ਿਲ੍ਹਾ ਮੰਡੀ ਅਫਸਰ ਨੇ ਦੱਸਿਆ ਕਿ ਇਸੇ ਤਰ੍ਹਾਂ ਜਾਂਚ ਪੜਤਾਲ ਦੌਰਾਨ ਭਵਾਨੀਗੜ੍ਹ ਦੀ ਰਾਮਪੁਰਾ ਅਨਾਜ ਮੰਡੀ ਵਿੱਚ ਮੈਸਰਜ਼ ਆਤਮਾ ਰਾਮ ਰਾਜ ਕੁਮਾਰ ਨਾਂਅ ਦੀ ਫਰਮ ਵੱਲੋਂ ਕਿਸਾਨ ਮਨਦੀਪ ਸਿੰਘ ਵਾਸੀ ਫਤਿਹਗੜ੍ਹ ਭਾਦਸੋਂ ਦੀ ਢੇਰੀ ਉੱਤੇ ਤੁਲਾਈ 100 ਗ੍ਰਾਮ ਤੋਂ ਜ਼ਿਆਦਾ ਭਰੀ ਪਾਈ ਗਈ।ਉਨ੍ਹਾਂ ਦੱਸਿਆ ਕਿ 72 ਗੱਟੇ ਭਰੇ ਹੋਏ ਪਾਏ ਗਏ ਤੇ ਮੰਡੀ ਸੁਪਰਵਾਈਜ਼ਰ ਵੱਲੋਂ ਮੌਕੇ ਹੀ ਸੰਬੰਧਤ ਫ਼ਰਮ ਨੂੰ ਜੁਰਮਾਨਾ ਲਗਾਇਆ ਗਿਆ ਹੈ। ਦੋਵੇਂ ਫਰਮਾਂ ਨੂੰ ਨੋਟਿਸ ਵੀ ਜਾਰੀ ਕੀਤੇ ਗਏ ਹਨ।ਜ਼ਿਲ੍ਹਾ ਮੰਡੀ ਅਫਸਰ ਨੇ ਦੱਸਿਆ ਕਿ ਜਿਹੜੇ ਕਿਸਾਨਾਂ ਦੀ ਕਣਕ ਘੱਟ ਤੁਲੀ ਪਾਈ ਗਈ ਸੀ। ਅੱਜ ਡੀ.ਜੀ.ਐੱਮ. ਨੇ ਇਨ੍ਹਾਂ ਮੰਡੀਆਂ ਵਿੱਚ ਕਿਸਾਨਾਂ ਦੀ ਸੁਵਿਧਾ ਲਈ ਉਪਲਬਧ ਕਰਵਾਏ ਗਏ ਪੀਣ ਵਾਲੇ ਪਾਣੀ, ਸਾਫ ਸਫਾਈ ਦੇ ਪ੍ਰਬੰਧਾਂ, ਪੱਖਿਆਂ, ਬੈਠਣ ਦੇ ਪ੍ਰਬੰਧਾਂ, ਤਿਰਪਾਲਾਂ ਆਦਿ ਦਾ ਜਾਇਜ਼ਾ ਵੀ ਲਿਆ ਤੇ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ।



# ਸ਼ਹੀਦ ਭਗਤ ਸਿੰਘ ਬਲੱਡ ਸੇਵਾ ਸੁਸਾਇਟੀ ਵੱਲੋਂ ਖ਼ੂਨਦਾਨ ਕੈਂਪ



ਮੋਗਾ, (ਇਕਬਾਲ ਸਿੰਘ ਖਹਿਰਾ)-ਸ਼ਹਿਰ ਦੀ ਉੱਘੀ ਸਮਾਜ ਸੇਵੀ ਸੰਸਥਾ ਸ਼ਹੀਦ ਭਗਤ ਸਿੰਘ ਬਲੱਡ ਸੇਵਾ ਸੁਸਾਇਟੀ ਮੋਗਾ ਵੱਲੋਂ ਗੁਰਦੁਆਰਾ ਬੀਬੀ ਕਾਹਨ ਕੌਰ ਵਿਖੇ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਖ਼ੂਨਦਾਨ ਕੈਂਪ ਲਗਾਇਆ ਗਿਆ।ਇਸ ਖ਼ੂਨਦਾਨ ਕੈਂਪ ਵਿੱਚ 222 ਵਿਅਕਤੀਆਂ ਨੇ ਖ਼ੂਨਦਾਨ ਕੀਤਾ।ਇਸ ਕੈਂਪ ਵਿੱਚ ਗੁਰਦਿਆਲ ਸਿੰਘ ਬੁੱਟਰ ਪ੍ਰਧਾਨ ਨਰਸਿੰਗ ਕਾਲਜ ਐਸੋਸੀਏਸ਼ਨ ਪੰਜਾਬ, ਸੰਜੀਤ ਸਿੰਘ ਸਨੀ ਗਿੱਲ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ, ਮੇਅਰ ਬਲਜੀਤ ਸਿੰਘ ਚਾਨੀ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਕੁਮਾਰ ਸ਼ਰਮਾ, ਮਾਲਵਿਕਾ ਸੂਦ ਸੱਚਰ ਹਲਕਾ ਇੰਚਾਰਜ ਕਾਂਗਰਸ, ਅਮਰਜੀਤ ਸਿੰਘ ਲੰਢੇਕੇ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ, ਰਜਿੰਦਰ ਸਿੰਘ ਡੱਲਾ ਸੀਨੀਅਰ ਅਕਾਲੀ ਆਗੂ, ਰਾਜਵੰਤ ਸਿੰਘ ਮਾਹਲਾ ਸਾਬਕਾ ਡਾਇਰੈਕਟਰ ਖਾਦੀ ਬੋਰਡ, ਬਲਤੇਜ ਸਿੰਘ ਮਹਿਰੋ ਅਕਾਲੀ ਆਗੂ, ਸਪੀਕਰ ਸਿੰਘ ਐੱਮ.ਡੀ. ਯੂ.ਐੱਲ.ਓ., ਗੁਰਜੰਟ ਸਿੰਘ ਰਾਮੂੰਵਾਲਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਬੁਲਾਰਿਆਂ ਨੇ ਕਿਹਾ ਕਿ ਖ਼ੂਨਦਾਨ ਸਭ ਤੋਂ ਉੱਤਮ ਦਾਨ ਹੈ ਜਿਸ ਦਾ ਕੋਈ ਬਦਲ ਨਹੀਂ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਬਲੱਡ ਸੇਵਾ ਸੁਸਾਇਟੀ ਮੋਗਾ ਵਧਾਈ ਦੀ ਪਾਤਰ ਹੈ, ਜੋ ਸਾਲ ਵਿਚ ਮੋਗਾ ਸ਼ਹਿਰ ਵਿੱਚ ਦੋ ਖ਼ੂਨਦਾਨ ਕੈਂਪ ਲਗਾ ਕੇ ਮਨੁੱਖਤਾ ਦੀ ਸੱਚੀ ਸੁੱਚੀ ਸੇਵਾ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਖ਼ੂਨਦਾਨ ਕੈਂਪ ਵਿੱਚ, ਜਿਨ੍ਹਾਂ ਵਿਅਕਤੀਆਂ ਨੇ ਖ਼ੂਨਦਾਨ ਕੀਤਾ ਹੈ, ਉਨ੍ਹਾਂ ਵੱਲੋਂ ਦਾਨ ਕੀਤੇ ਗਏ ਖ਼ੂਨ ਨਾਲ ਅਜਾਈਂ ਜਾ ਰਹੀਆਂ ਇਹ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕਦਾ ਹੈ।ਕੈਂਪ ਦੌਰਾਨ ਸਟੇਜ ਦਾ ਸੰਚਾਲਨ ਹਰਪ੍ਰੀਤ ਸਿੰਘ ਖੀਵਾ ਤੇ ਗੁਰਜੰਟ ਸਿੰਘ ਜੰਟਾ ਨੇ ਬਾਖ਼ੂਬੀ ਨਿਭਾਇਆ।ਇਸ ਮੌਕੇ ਖ਼ੂਨਦਾਨੀਆਂ ਨੂੰ ਸੰਸਥਾ ਵੱਲੋਂ ਸ਼ਾਨਦਾਰ ਰਿਫਰੈਸ਼ਮੈਂਟ ਵੀ ਦਿੱਤੀ ਗਈ ਤੇ ਸੰਸਥਾ ਵੱਲੋਂ ਸਰਟੀਫਿਕੇਟ ਤੇ ਮੋਮੈਂਟੋ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਮੌਕੇ ਪ੍ਰਧਾਨ ਗੁਰਜੋਤ ਸਿੰਘ ਨੇ ਕਿਹਾ ਕਿ ਸ਼ਹਿਰ ਤੇ ਇਲਾਕੇ ਦੀਆਂ ਧਾਰਮਿਕ, ਸਮਾਜ ਸੇਵੀ, ਰਾਜਸੀ ਸੰਸਥਾਵਾਂ ਤੇ ਸੰਗਤਾਂ ਨੂੰ ਖ਼ੂਨਦਾਨ ਕੈਂਪ ਲਗਾਉਣ ਲਈ ਵਿਸ਼ੇਸ਼ ਤੌਰ 'ਤੇ ਸਹਿਯੋਗ ਦਿੱਤਾ ਜਾਂਦਾ ਹੈ।ਉਨ੍ਹਾਂ ਸੰਸਥਾ ਵੱਲੋਂ ਸਮੁੱਚੀਆਂ ਸੰਸਥਾਵਾਂ ਤੇ ਸੰਗਤਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਧਾਨ ਗੁਰਜੋਤ ਸਿੰਘ, ਸਰਪ੍ਰਸਤ ਗੁਰਪ੍ਰੀਤ ਸਿੰਘ ਗਿੱਲ, ਚੇਅਰਮੈਨ ਰਾਘਵ, ਮਨਿੰਦਰ ਸਿੰਘ, ਲਵਪ੍ਰੀਤ ਸਿੰਘ, ਜਗਰੂਪ ਸਿੰਘ, ਗੁਰਸੇਵਕ ਸਿੰਘ ਸੰਨਿਆਸੀ, ਗੁਰਪ੍ਰੀਤਮ ਸਿੰਘ ਚੀਮਾ, ਜਸਪ੍ਰੀਤ ਸਿੰਘ ਵਿੱਕੀ ਸਾਬਕਾ ਸਰਪੰਚ ਤੇ ਕੌਂਸਲਰ, ਕੁਲਜੀਤ ਸਿੰਘ, ਕੁਲਵੰਤ ਸਿੰਘ, ਪ੍ਰਗਟ ਸਿੰਘ, ਨਵਕਰਨ ਸਿੰਘ, ਅਮਨਪ੍ਰੀਤ ਸਿੰਘ, ਗੁਰਜੋਤ ਸੰਧੂ, ਇਸਮੀਤ, ਪਰਮਜੋਤ ਸਿੰਘ, ਕੁਲਦੀਪ ਕਲਸੀ, ਹਰਦਿਆਲ ਸਿੰਘ, ਕੁਲਦੀਪ ਦੌਧਰ, ਚਰਨ ਸਿੰਘ, ਮਹਿੰਦਰ ਸਿੰਘ, ਪਰਮਿੰਦਰ ਸਿੰਘ, ਹਰਪਾਲ ਸਿੰਘ, ਤ੍ਰਿਸ਼ਨ, ਮਾਨਵ, ਕੁਲਵਿੰਦਰ ਸਿੰਘ, ਪਲਵਿੰਦਰ ਸਿੰਘ, ਗੁਰਤੇਜ ਸਿੰਘ, ਜਸਵੰਤ ਸਿੰਘ, ਪਰਮਿੰਦਰ ਸੰਘਾ, ਹਰਪ੍ਰੀਤ ਸਿੰਘ, ਪਰਮਪਾਲ ਸਿੰਘ ਤਖ਼ਤੂਪੁਰਾ, ਸੁਰਿੰਦਰ ਗੋਗੀ ਆਦਿ ਹਾਜ਼ਰ ਸਨ।

# ਮਾਤਾ ਗੁਰਦੇਵ ਕੌਰ ਨਮਿਤ ਅੰਤਿਮ ਅਰਦਾਸ ਭਲਕੇ



ਲੌਂਗੋਵਾਲ, (ਪ੍ਰਦੀਪ ਸਿੰਘ ਸੱਪਲ)-ਸੀਪੀਆਈ ਐੱਮ ਐੱਲ ਲਿਬਰੇਸ਼ਨ ਨੇ ਇਨਕਲਾਬੀ ਗਾਇਕ ਅਜਮੇਰ ਅਕਲੀਆ ਤੇ ਮੇਹਰ ਸਿੰਘ ਅਕਲੀਆ ਦੇ ਮਾਤਾ ਗੁਰਦੇਵ ਕੌਰ ਸਦੀਵੀ ਵਿਛੋੜਾ ਦੇ ਜਾਣ 'ਤੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।ਪਾਰਟੀ ਦੇ ਸੀਨੀਅਰ ਆਗੂ ਕਾਮਰੇਡ ਸੁਖਦਰਸ਼ਨ ਸਿੰਘ ਨੱਤ ਨੇ ਦੱਸਿਆ ਕਿ ਮਾਤਾ ਜੀ ਦੀ ਉਮਰ ਕਰੀਬ 85 ਸਾਲ ਸੀ।ਇੱਕ ਸੜਕ ਹਾਦਸੇ ਵਿੱਚ ਫੱਟੜ ਹੋ ਜਾਣ ਕਾਰਨ 13 ਅਪ੍ਰੈਲ ਨੂੰ ਉਨ੍ਹਾਂ ਦੀ ਮੌਤ ਹੋ ਗਈ ਸੀ।ਮਾਤਾ ਗੁਰਦੇਵ ਕੌਰ ਨਮਿਤ ਅੰਤਿਮ ਅਰਦਾਸ 22 ਅਪ੍ਰੈਲ ਨੂੰ ਗੁਰਦੁਆਰਾ ਕੇਰਵਾਲਾ ਸਾਹਿਬ ਪਿੰਡ ਅਕਲੀਆ ਵਿਖੇ ਦੁਪਹਿਰ 12 ਵਜੇ ਹੋਵੇਗੀ। ਪਿੰਡ ਅਕਲੀਆ ਮਾਨਸਾ ਬਰਨਾਲਾ ਸੜਕ 'ਤੇ ਕਸਬਾ ਜੋਗਾ ਦੇ ਨੇੜੇ ਹੈ।ਇਨਕਲਾਬੀ ਲਹਿਰ ਤੇ ਜਨਤਕ ਜਥੇਬੰਦੀਆਂ ਦੇ ਆਗੂਆਂ ਤੇ ਵਰਕਰਾਂ ਨੂੰ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਗਈ ਹੈ।

# ਟੈਕਸੇਸ਼ਨ ਬਾਰ ਐਸੋਸੀਏਸ਼ਨ ਵੱਲੋਂ ਜੀ ਐੱਸ ਟੀ ਵਿਵਾਦ 'ਤੇ ਸੈਮੀਨਾਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਟੈਕਸੇਸ਼ਨ ਬਾਰ ਐਸੋਸੀਏਸ਼ਨ ਫਿਰੋਜ਼ਪੁਰ ਨੇ ਜੀ ਐੱਸ ਟੀ ਵਿਵਾਦ ਦੇ ਵਿਸ਼ੇ 'ਤੇ ਇੱਕ ਬਹੁਤ ਹੀ ਸਫਲ ਸੈਮੀਨਾਰ ਦਾ ਆਯੋਜਨ ਕੀਤਾ।ਇਸ ਸਮਾਗਮ ਵਿੱਚ ਅੰਮ੍ਰਿਤਸਰ ਦੇ ਪ੍ਰਸਿੱਧ ਵਕਤਾ ਸੀਏ ਰਿਤੇਸ਼ ਅਰੋੜਾ ਨੇ ਜੀਐੱਸਟੀ ਵਿਵਾਦ ਵਿੱਚ ਮੌਜੂਦਾ ਚੁਣੌਤੀਆਂ ਤੇ ਕਰਦਾਤਾਵਾਂ ਲਈ ਉਪਲਬੱਧ ਹੱਲਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ।ਉਨ੍ਹਾਂ ਦੀ ਵਿਆਪਕ ਪੇਸ਼ਕਾਰੀ ਨੂੰ ਹਾਜ਼ਰ ਲੋਕਾਂ ਨੇ ਬਹੁਤ ਸਰਾਹਿਆ, ਜਿਸ ਨੇ ਜੀਐੱਸਟੀ ਕਾਨੂੰਨਾਂ ਦੀਆਂ ਜਟਿਲਤਾਵਾਂ ਨੂੰ ਸਮਝਣ ਵਿੱਚ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕੀਤੀ।ਸੈਮੀਨਾਰ ਵਿੱਚ ਐਸੋਸੀਏਸ਼ਨ ਦੇ ਪ੍ਰਮੁੱਖ ਮੈਂਬਰਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚ ਡਾ. ਸੁਨੀਲ ਗਖੜ (ਪ੍ਰਧਾਨ), ਐਡਵੋਕੇਟ ਅਨੁਜ ਅਸ਼ਵਨੀ (ਉਪ-ਪ੍ਰਧਾਨ), ਸੀਏ ਤਰੁਣ ਅਗਰਵਾਲ (ਸਕੱਤਰ), ਐਡਵੋਕੇਟ ਕੀਰਤੀ ਨਰੂਲਾ (ਖਜ਼ਾਨਚੀ), ਸੀਏ ਸੁਸ਼ੀਲ ਅਗਰਵਾਲ, ਸੀਏ ਰਾਜੇਸ਼ ਅਗਰਵਾਲ, ਸੀਏ ਸੁਨੀਲ ਨਰੂਲਾ, ਐਡਵੋਕੇਟ ਅਸ਼ਵਨੀ ਬਜਾਜ, ਐਡਵੋਕੇਟ ਵਿਨੈ ਨਰੂਲਾ, ਸੀਏ ਵਿਜੇਸ਼ ਭੋਲਾ, ਐਡਵੋਕੇਟ ਸੰਦੀਪ ਅਗਰਵਾਲ, ਐਡਵੋਕੇਟ ਵਿਕਾਸ ਕੱਕੜ, ਐਡਵੋਕੇਟ ਕ੍ਰਿਸ਼ਨ ਅਵਸਥੀ, ਸੀਏ ਕਮਲ ਗਰਗ, ਸੀਏ ਤੁਸ਼ਾਰ ਮਿੱਤਲ, ਸੀਏ ਹਿਮਾਂਸ਼ੂ ਗੁਪਤਾ ਤੇ ਐਡਵੋਕੇਟ ਬਲਰਾਮ ਸਮੇਤ ਹੋਰ ਮੈਂਬਰ ਸ਼ਾਮਲ ਸਨ।ਉਨ੍ਹਾਂ ਦੀ ਸਰਗਰਮ ਸ਼ਮੂਲੀਅਤ ਨੇ ਇਸ ਸਮਾਗਮ ਦੀ ਸਫਲਤਾ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ।ਆਪਣੇ ਸੰਬੋਧਨ ਵਿੱਚ ਟੈਕਸੇਸ਼ਨ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਡਾ. ਸੁਨੀਲ ਗੱਖੜ ਨੇ ਅੱਜ ਦੇ ਤੇਜ਼ੀ ਨਾਲ ਬਦਲਦੇ ਕਰ ਸਥਿਤੀ ਵਿੱਚ ਅਜਿਹੇ ਸੈਮੀਨਾਰਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ, ਇਹ ਸੈਮੀਨਾਰ ਕਰ ਪੇਸ਼ੇਵਰਾਂ ਲਈ ਮਾਹਰਾਂ ਤੋਂ ਸਿੱਖਣ ਤੇ ਫਿਰੋਜ਼ਪੁਰ ਸ਼ਹਿਰ ਦੀ ਸੇਵਾ ਨੂੰ ਹੋਰ ਵਧੇਰੇ ਕੁਸ਼ਲਤਾ ਨਾਲ ਕਰਨ ਦੀ ਉਨ੍ਹਾਂ ਦੀ ਸਮਰੱਥਾ ਨੂੰ ਵਧਾਉਣ ਲਈ ਬਹੁਤ ਮਹੱਤਵਪੂਰਨ ਹਨ। ਅਸੀਂ ਭਵਿੱਖ ਵਿੱਚ ਵੀ ਅਜਿਹੇ ਸਮਾਗਮਾਂ ਦਾ ਆਯੋਜਨ ਕਰਨ ਲਈ ਵਚਨਬੱਧ ਹਾਂ ਤਾਂ ਜੋ ਸਾਡੇ ਮੈਂਬਰਾਂ ਨੂੰ ਨਵੀਨਤਮ ਜਾਣਕਾਰੀ ਤੇ ਸਰੋਤਾਂ ਨਾਲ ਲੈਸ ਰੱਖਿਆ ਜਾ ਸਕੇ। ਸੈਮੀਨਾਰ ਦਾ ਸਮਾਪਨ ਧੰਨਵਾਦ ਪ੍ਰਸਤਾਵ ਨਾਲ ਹੋਇਆ ਤੇ ਟੈਕਸੇਸ਼ਨ ਬਾਰ ਐਸੋਸੀਏਸ਼ਨ ਨੇ ਆਪਣੇ ਮੈਂਬਰਾਂ ਵਿਚਕਾਰ ਪੇਸ਼ੇਵਰ ਵਿਕਾਸ ਅਤੇ ਗਿਆਨ-ਸਾਂਝੇਦਾਰੀ ਨੂੰ ਉਤਸ਼ਾਹਤ ਕਰਨ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ।

# ਸਰਬੱਤ ਦਾ ਭਲਾ ਟਰੱਸਟ ਨੇ ਲੋੜਵੰਦਾਂ ਨੂੰ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ



ਫਿਰੋਜ਼ਪੁਰ (ਅਸ਼ੋਕ ਸ਼ਰਮਾ, ਗਰਬਚਨ ਸਿੰਘ) : ਸਮਾਜ ਸੇਵੀ ਤੇ ਦੁਬੱਈ ਦੇ ਉਘੇ ਕਾਰੋਬਾਰੀ ਡਾ. ਸੁਰਿੰਦਰਪਾਲ ਸਿੰਘ ਓਬਰਾਏ ਵੱਲੋਂ ਅਤੇ ਕੌਮੀ ਪ੍ਰਧਾਨ ਜੱਸਾ ਸਿੰਘ ਸੰਧੂ ਦੀ ਯੋਗ ਅਗਵਾਈ ਵਿੱਚ ਚਲਾਈ ਜਾ ਰਹੀ ਸਮਾਜ ਸੇਵੀ ਸੰਸਥਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਤਲਵੰਡੀ ਭਾਈ ਵਿੱਚ ਕਰਵਾਏ ਗਏ ਸਮਾਗਮ ਦੌਰਾਨ ਤਲਵੰਡੀ ਭਾਈ ਤੇ ਮੁੱਦਕੀ ਇਲਾਕਿਆਂ ਨਾਲ ਸਬੰਧਤ 15 ਜ਼ਰੂਰਤਮੰਦ, ਵਿਧਵਾਵਾਂ ਤੇ ਅੰਗਹੀਣ ਪਰਵਾਰਾਂ ਨੂੰ ਆਰਥਿਕ ਸਹਾਇਤਾ ਰਾਸ਼ੀ ਦੇ ਚੈੱਕ ਵੰਡੇ ਗਏ।ਇਹ ਚੈੱਕ ਸੰਸਥਾ ਦੇ ਜ਼ਿਲ੍ਹਾ ਪ੍ਰਧਾਨ ਅਮਰਜੀਤ ਕੌਰ ਛਾਬੜਾ ਤੇ ਜ਼ਿਲ੍ਹਾ ਜਨਰਲ ਸਕੱਤਰ ਪਾਲ ਸਿੰਘ ਅਤੇ ਇੰਚਾਰਜ ਤਲਵੰਡੀ ਭਾਈ ਜਸਪ੍ਰੀਤ ਕੌਰ ਵੱਲੋਂ ਵੰਡੇ ਗਏ।ਸੰਸਥਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਦਵਿੰਦਰ ਸਿੰਘ ਛਾਬੜਾ, ਜ਼ਿਲ੍ਹਾ ਜਰਨਲ ਸਕੱਤਰ ਪਾਲ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੰਸਥਾ ਦੇ ਬਾਨੀ ਡਾ. ਓਬਰਾਏ ਵੱਲੋਂ ਲੋਕ ਭਲਾਈ ਦੇ ਕਈ ਹੋਰ ਕਾਰਜ ਸ਼ੁਰੂ ਕੀਤੇ ਹੋਏ ਹਨ, ਜਿਨ੍ਹਾਂ ਵਿੱਚ ਫਿਰੋਜ਼ਪੁਰ ਜ਼ਿਲ੍ਹੇ ਅੰਦਰ ਲੋੜਵੰਦਾਂ, ਅੰਗਹੀਣਾਂ ਤੇ ਵਿਧਵਾਵਾਂ ਨੂੰ 1 ਲੱਖ 34 ਹਜ਼ਾਰ ਰੁਪਏ ਦੇ ਮਹੀਨਾਵਾਰ ਪੈਨਸ਼ਨਾਂ ਦੇ ਚੈੱਕ, ਅੱਖਾਂ ਦੇ ਫਰੀ ਕੈਂਪ, ਹੁਸ਼ਿਆਰ ਤੇ ਲੋੜਵੰਦ ਵਿਦਿਆਰਥੀਆਂ ਦੀਆਂ ਫੀਸਾਂ, ਮੈਡੀਕਲ ਸਹਾਇਤਾ, ਕਈ ਤਰ੍ਹਾਂ ਦੇ ਹੱਥੀਂ ਹੁਨਰ ਵਾਲੇ ਸਿਖਲਾਈ ਕੋਰਸ ਸਕੂਲਾਂ ਤੇ ਜਨਤਕ ਸਥਾਨਾਂ 'ਤੇ ਸਾਫ਼ ਪਾਣੀ ਵਾਲੇ ਆਰ ਓ ਲਗਾਏ ਜਾਂਦੇ ਹਨ।ਇਸ ਮੌਕੇ ਜ਼ਿਲ੍ਹਾ ਜਰਨਲ ਸਕੱਤਰ ਪਾਲ ਸਿੰਘ, ਇੰਚਾਰਜ ਤਲਵੰਡੀ ਭਾਈ ਜਸਪ੍ਰੀਤ ਕੌਰ, ਮੈਂਬਰ ਮਹਾਂਵੀਰ ਸਿੰਘ (ਕਿਰਨ ਪੇਂਟਰ), ਪ੍ਰੇਮ ਮਨਚੰਦਾ ਹਾਜ਼ਰ ਸਨ।


ਫਾਰਮ ਨੰ. 3
[ਵੇਖੋ ਨਿਯਮ-13 (1) (ਏ)]

**ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ 1)**
ਦੂਜੀ ਮੰਜ਼ਲ, ਐੱਸ ਸੀ ਓ 33-34-35, ਸੈਕਟਰ 17-ਏ, ਚੰਡੀਗੜ੍ਹ

**ਕੇਸ ਨੰ. ਓ ਏ/1839/2024**
ਕਰਜ਼ਾ ਵਸੂਲੀ ਟ੍ਰਿਬਿਊਨਲ (ਵਿਧੀ) ਰੂਲਜ਼, 1993 ਦੇ ਰੂਲ 5 ਦੇ ਸਬ-ਰੂਲ (2 ਏ) ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਤਹਿਤ ਸੰਮਨ
ਈ ਐੱਕਸ ਐੱਚ ਨੰ. 26588

**ਯੈੱਸ ਬੈਂਕ**
**ਬਨਾਮ**
**ਮੈਸ: ਐਕਸਪਰਟ ਟ੍ਰੈਵਲ ਐਂਡ ਫਾਇਨੈਂਸ਼ੀਅਲ ਸਰਵਿਸ**

ਸੇਵਾ 'ਚ,
(1) ਮੈਸ: ਐਕਸਪਰਟ ਟ੍ਰੈਵਲ ਐਂਡ ਫਾਇਨੈਂਸ਼ੀਅਲ ਸਰਵਿਸ ਮਾਰਫਤ ਤਰਲੋਕ ਸਿੰਘ ਟੇਲਰ ਮਾਸਟਰ, ਪਠਾਨਕੋਟ ਰੋਡ, ਜਲੰਧਰ, ਪੰਜਾਬ-144001
(2) ਅਖਿਲ ਵਰਮਾ, ਪੁੱਤਰ ਅਨਿਲ ਵਰਮਾ, ਵਾਸੀ 269 ਰਮਣੀਕ ਐਵੇਨਿਊ, ਪਠਾਨਕੋਟ ਰੋਡ, ਜਲੰਧਰ, ਪੰਜਾਬ-144002
ਨਾਲ ਹੀ :
ਦੂਜੀ ਮੰਜ਼ਲ, ਐੱਸ ਸੀ ਓ-44, ਦੁਕਾਨ ਨੰ. 2, ਸਾਹਮਣੇ ਕਾਸਟਲ ਟੋਇਟਾ ਕੰਪਲੈਕਸ, ਪਠਾਨਕੋਟ ਰੋਡ, ਜਲੰਧਰ, ਪੰਜਾਬ-144001
ਨਾਲ ਹੀ :
88-ਏ, ਪਠਾਨਕੋਟ ਰੋਡ, ਮਨ ਇਨਕਲੇਵ, ਜਲੰਧਰ-I, ਜਲੰਧਰ ਪੰਜਾਬ-144012

**ਸੰਮਨ**

ਜਦੋਂ ਕਿ ਓ ਏ/1839/2024 ਮਾਣਯੋਗ ਪ੍ਰੀਜ਼ਾਇਡਿੰਗ ਅਫਸਰ/ਰਜਿਸਟਰਾਰ ਸਨਮੁੱਖ 28.01.2025 ਨੂੰ ਸੂਚੀਬੱਧ ਕੀਤਾ ਗਿਆ ਸੀ। ਜਦੋਂ ਕਿ ਇਸ ਮਾਣਯੋਗ ਟ੍ਰਿਬਿਊਨਲ ਨੂੰ ਤੁਹਾਡੇ ਵਿਰੁੱਧ ਰੁ. 31,38,378.90/- (ਅਰਜ਼ੀ ਸਮੇਤ ਦਸਤਾਵੇਜ਼ਾਂ ਆਦਿ ਦੀਆਂ ਨਕਲਾਂ ਨਾਲ ਨੱਥੀ) ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਦੇ ਅਨੁਸਾਰ ਤੁਹਾਨੂੰ ਜਵਾਬਦੇਹਾਂ ਨੂੰ ਹੇਠਾਂ ਦਰਸਾਏ ਨਿਰਦੇਸ਼ ਦਿੱਤੇ ਜਾਂਦੇ ਹਨ :-
(1) ਸੰਮਨਾਂ ਦੀ ਤਾਮੀਲ ਤੋਂ 30 ਦਿਨਾਂ ਦੇ ਅੰਦਰ ਕਾਰਨ ਦੱਸਿਆ ਜਾਵੇ ਕਿ ਮੰਗੀ ਗਈ ਰਾਹਤ ਕਿਉਂ ਮਨਜ਼ੂਰ ਨਾ ਕੀਤੀ ਜਾਵੇ।
(2) ਬਿਨੈਕਾਰ ਵੱਲੋਂ ਅਸਲ ਅਰਜ਼ੀਆਂ ਦੇ ਨਾਲ ਲੜੀ ਨੰ. 3 ਏ ਤਹਿਤ ਦਰਸਾਈਆਂ ਜਾਇਦਾਦਾਂ ਅਤੇ ਐੱਸਟਸ ਤੋਂ ਇਲਾਵਾ ਹੋਰ ਜਾਇਦਾਦਾਂ ਅਤੇ ਐੱਸਟਸ ਦੇ ਵੇਰਵੇ ਦਾ ਖੁਲਾਸਾ ਕਰਨਾ।
(3) ਅਸਲ ਅਰਜ਼ੀ ਦੀ ਲੜੀ ਨੰ. 3 ਏ ਤਹਿਤ ਦਰਸਾਈਆਂ ਜਾਇਦਾਦਾਂ ਅਤੇ ਐੱਸਟਸ ਜਾਂ ਸਕਿਉਰਡ ਐੱਸਟਸ ਜਿਨ੍ਹਾਂ ਵਿਰੁੱਧ ਸੁਣਵਾਈ ਲੰਬਿਤ ਹੈ ਅਤੇ ਜਾਇਦਾਦਾਂ ਦੀ ਅਟੈਚਮੈਂਟ ਵਾਸਤੇ ਅਰਜ਼ੀ ਦੇ ਨਿਪਟਾਰੇ ਸੰਬੰਧੀ ਸੌਦੇਬਾਜ਼ੀ ਜਾਂ ਨਿਪਟਾਰੇ ਲਈ ਤੁਹਾਡੇ 'ਤੇ ਪਾਬੰਦੀ ਹੈ।
(4) ਕਿਸੇ ਵੀ ਐੱਸਟਸ ਜਿਸ 'ਤੇ ਸੁਰੱਖਿਆ ਹਿੱਤ ਰੱਖਿਆ ਹੈ ਅਤੇ/ਜਾਂ ਅਸਲ ਅਰਜ਼ੀ ਦੀ ਲੜੀ ਨੰ. 3 ਏ ਅਧੀਨ ਦਰਸਾਈਆਂ ਵਿਸ਼ੇਸ਼ ਜਾਇਦਾਦਾਂ ਅਤੇ ਐੱਸਟਸ ਕਾਰੋਬਾਰ ਦੇ ਆਮ ਸਰੋਤ ਤੋਂ ਇਲਾਵਾ ਟ੍ਰਿਬਿਊਨਲ ਦੀ ਪਹਿਲਾਂ ਮਨਜ਼ੂਰੀ ਲੈਣ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਹੋਰ ਤਰੀਕੇ ਨਾਲ ਤਬਦੀਲ ਨਹੀਂ ਕਰ ਸਕੋਗੇ।
(5) ਸਕਿਉਰਡ ਐੱਸਟਸ ਜਾਂ ਹੋਰ ਐੱਸਟਸ ਅਤੇ ਜਾਇਦਾਦਾਂ ਦੀ ਬਿਜ਼ਨੈੱਸ ਦੇ ਆਮ ਸਰੋਤਾਂ ਲਈ ਵਿਕਰੀ ਅਮਲ ਲਈ ਤੁਸੀਂ ਉੱਤਰਦਾਈ ਹੋਵੋਗੇ ਅਤੇ ਇਸ ਵਿਕਰੀ ਅਮਲ ਦਾ ਡਿਪਾਜ਼ਟ ਅਜਿਹੇ ਐੱਸਟਸ 'ਤੇ ਸੁਰੱਖਿਆ ਹਿੱਤ ਰੱਖਣ ਵਾਲੇ ਬੈਂਕ ਖਾਤੇ ਜਾਂ ਵਿੱਤੀ ਸੰਸਥਾਵਾਂ 'ਚ ਜਮ੍ਹਾਂ ਕਰਵਾਉਣਾ ਹੋਵੇਗਾ।
ਤੁਹਾਨੂੰ ਲਿਖਤੀ ਬਿਆਨ ਦਾਇਰ ਕਰਨ ਅਤੇ ਇਸ ਦੀ ਨਕਲ ਬਿਨੈਕਾਰ ਨੂੰ ਦੇਣ ਅਤੇ ਰਜਿਸਟਰਾਰ ਸਨਮੁੱਖ 13.05.2025 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਦੇ ਵੀ ਆਦੇਸ਼ ਹਨ, ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਕੀਤੀ ਜਾਵੇਗੀ ਅਤੇ ਤੁਹਾਡੀ ਗੈਰ-ਹਾਜ਼ਰੀ 'ਚ ਫੈਸਲਾ ਕਰ ਦਿੱਤਾ ਜਾਵੇਗਾ।
ਮੇਰੇ ਦਸਤਖਤਾਂ ਅਤੇ ਟ੍ਰਿਬਿਊਨਲ ਦੀ ਮੋਹਰ ਨਾਲ ਮਿਤੀ 13.02.2025 ਨੂੰ ਜਾਰੀ ਕੀਤਾ ਗਿਆ।

ਸੰਮਨ ਜਾਰੀ ਕਰਨ ਵਾਲੇ
ਅਧਿਕਾਰਤ ਅਫਸਰ ਦੇ ਦਸਤਖਤ



**COURT NOTICE**
(U/o 5 Rule 20 CPC)
In the Court of
Sh. Varinder Kumar
Addl. Civil Judge, Senior Division Nabha
CNR No. PBPTB0-000960-2023
Next Date :- 18-07-2025
Paramjit Singh
Vs.
General Public
The Plaintiff Prays for declaration that
Publication Issued to : General Public
:- General Public
In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 18.07.2025 at 10:00 A.M.
For details logon to https://highcourtchd.gov.in/?mod=district_notice&district=Patiala
Additional Civil Judge, Senior Division Nabha
Dated this day of 17-04-2025

**COURT NOTICE**
(U/o 5 Rule 20 CPC)
In The Court of
Ms. Indu Bala
Additional Civil Judge (Senior Division) Khadoor Sahib
Next Date, Purpose of Case, Orders and Judgments as well as other case, information is available on http://districts.ecourts.gov.in
CNR No. PBTTB0-000311-2019
Next Date : 01.05.2025
Jasbir Singh
Vs
Pritam Singh
Publication Issued To:
Pritam Singh S/o Sadha Singh Since deceased through Lrs. 1 (B) Gurwinder Kaur W/o Tajinder Singh D/o Pritam Singh R/o Village Thothian, Tehsil Baba Bakala.
In above titled case, the defendant(s)/ respondent (s) could not be served. It is ordered that defendant(s)/ respondant (s) should appear in person or through counsel on 01.05.2025 at 10:00 A.M.
For details logon to https://highcourtchd.gov.in/?trs=district_notice&district=Tarn Taran
Additional Civil Judge (Senior Division) Khadoor Sahib
Dated this day of 19-04-2025

**COURT NOTICE**
(U/o 5 Rule 20 CPC)
In the Court of
Sh. Rajinder Singh Nagpal
Addl. Civil Judge, Senior Division Samana, Samana
CNR No. PBPTC0-001423-2024
Next Date :- 06-05-2025
Pinky Mahant
Vs.
General Public
Publication Issued to : General Public
:- Samana
In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 06.05.2025 at 10:00 A.M.
For details logon to https://highcourtchd.gov.in/?mod=district_notice&district=Patiala
Additional Civil Judge, Senior Division Samana, Samana
Dated this day of 16-04-2025

**COURT NOTICE**
(U/o 5 Rule 20 CPC)
In The Court of
Ms. Deepika Singh
Addl. Principal Judge, Family Court Samana
CNR No. PBPTF4-000106-2025
Next Date: 29-05-2025
Baljit Singh
Vs.
Harpreet Kaur
Publication Issued To:
1. Harpreet Kaur W/O Baljit Singh D/O Joginder Singh S/O Kartar Singh R/O Vill. Gajewas Teh. Samana
In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 29.05.2025 at 10:00 a.m.
For details logon to https://highcourtchd.gov.in/?trs=district_notice&district=Patiala
Addl. Principal Judge, Family Court Samana
Dated this day of 18-04-2025



## ਕਲਾਸੀਫਾਈਡ ਇਸ਼ਤਿਹਾਰ

**Change of Name**

I, Sandeep Kaur Gill D/o Amrik Singh R/o Patti Rao Ki, Pamal Road, VPO. Baddowal, Jagraon, Distt. Ludhiana have changed my name from Sandeep Kaur Gill to Sandeep Kaur Deol.

I, Baby M Kaul , W/O Satish Kumar Koul R/o Flat No-1102, M3M Latitude Golf Course Extension Road, Sec-65, Badshahpur, Farrukhanagar, Gurgaon, Haryana-122101 . have changed my name and shall hereafter be Known as Baby Mohini Koul.

I, Ajay Kumar S/O Zile Singh ,R/o H No. 5018/31, Rajendra Park, Opposite, P.N.B Bank, Gurgaon, Haryana- 122001 I have changed the name of my minor Son Pratyush Gahlot aged about 2 Years Years and He shall hereafter be known as Praansh Gahlot.

I, Neeta alias Sunita Rani W/O Jatinder Kumar , D/O Chandan Lal , R/o House No 47, Daula Nangal, Inside Nehru Gate, Batala, Gurdaspur, Punjab- 143505. have changed my name and shall hereafter be Known as Neeta Sodhi.

I, Ved Prakash Yadav S/O Bhoop Singh , R/o 64, Village Salimpur, Bocharia, Mandi, Ateli, Mahendragarh, Haryana- 123021. Declare that Name of Mine has been wrongly written as Ved Prakash in my Service Record . The actual name of Mine is Ved Prakash Yadav , which may be amended accordingly.

I, Himanshu Tewari S/O Ramesh Chandra Tewari , R/o D 602- Corona Optus, Sector 37 C, Gurgaon, Haryana-122001 I have changed the name of my minor daughter Jhanak Tewari aged around 2 Years and she shall hereafter be known as Diksha Tewari.

I, Neeru D/O Sukhvir, R/o Mastapur, Mustafapur (256), Rewari, Haryana- 123401. Declare that Name of My Mother has been wrongly written as Kiran Devi in my 12th Class Certificate . The actual name of My Mother is Kiran Kumari , which may be amended accordingly.

I Navneet Kumari W/o Rajnish Bhagat R/o H.No.785, Urban Estate, Phase-2, Jalandhar have changed my name from Navneet Kumari to Navneet Bhagat, After Marriage. All Please Note.

**Change of Name**

I, Jasleen Kaur D/O Manjeet Singh , R/o B1-1041, Gali Number-8, Kabir Nagar, Jalandhar-I, Grain Market, Punjab-144008 . Declare that Name of Mine has been wrongly written as Jasleen in my 10th Class Certificate . The actual name of Mine is Jasleen Kaur , which may be amended accordingly.

I, Ravi Parkash S/O Sabir Singh, R/o Bhoot, Birohar (145), Jhajjar, Haryana- 124106, have changed my name and shall hereafter be Known as Ravi Serawat.

I, Himanshu Tewari S/O Ramesh Chandra Tewari ,R/o D602- Corona Optus, Sector 37C,Gurgaon, Haryana- 122001 I have changed the name of my minor Son Jhanav Tewari aged around 2 Years and he shall hereafter be known as Daksh Tewari.

I, Pawan Deep Kaur W/O Satinder Singh Vpo. Malsian Patti, Sala Nagar, Teh. Shahkot, Distt. Jalandhar-144701, Punjab Have Changed My Name From Pawan Deep Kaur To Kaur Pawan Deep. (Kaur As Surname).

I, Kamaljeet Kaur Malook Singh Johal w/o Malook Singh Johal r/o VPO. Johal, Po. Johal, Distt. Hoshiarpur, Punjab-144305 have changed my name as Kamaljeet Kaur. All Please Note.

I, Nirupama Bajaj W/o Late Moti Lal Alias Narinder Bajaj R/o H.No. 228-L, Model Town, Jalandhar- 144003, Punjab have changed my name from Nirupama Sethi to Nirupama Bajaj, after marriage. All Please Note.

I, Monider Chadha Alias Maninder Chadha S/o Sat Paul Chadha R/o H.No.14, New Vikaspuri, Jalandhar, Punjab have changed my name to Maninder Chadha. All Please Note.

I, Shalini W/o Sumir Puri R/o H.No.147, Green Avenue, Jalandhar, Punjab have changed my name from Shalini to Shalini Puri (Puri as surname). All Please Note.

I, Dharam Pal S/o Hans Raj R/o H.No. 103, Near Luxmi General Store, Deep Nagar, Jalandhar Cantt., Jalandhar have changed my name from Dharam Pal to Dharam Pal Behal. All Please Note.

I, Amit S/o Lali R/o VPO. Bhanoki, Teh. Phagwara, Distt. Kapurthala have changed my name from Amit to Amit Mattu. All Please Note.

**ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ**

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਭਾਜਪਾ ਵਫ਼ਦ ਨੇ ਰੇਤ ਮਾਫੀਆ, ਹਿੰਸਾ ਤੇ ਗੈਰ-ਕਾਨੂੰਨੀ ਮਾਈਨਿੰਗ ਬਾਰੇ ਰਾਜਪਾਲ ਨੂੰ ਸੌਂਪਿਆ ਮੰਗ ਪੱਤਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਭਾਜਪਾ ਪੰਜਾਬ ਮਹਿਲਾ ਮੋਰਚਾ ਦੀ ਪ੍ਰਧਾਨ ਜੈ ਇੰਦਰ ਕੌਰ ਦੀ ਅਗਵਾਈ ਹੇਠ ਭਾਜਪਾ ਦਾ ਇੱਕ ਵਫ਼ਦ ਸ਼ੁੱਕਰਵਾਰ ਨੂੰ ਪੰਜਾਬ ਦੇ ਮਾਣਯੋਗ ਰਾਜਪਾਲ ਨੂੰ ਮਿਲਿਆ ਤੇ ਜ਼ਿਲ੍ਹਾ ਲੁਧਿਆਣਾ ਦੇ ਸਾਹਨੇਵਾਲ ਹਲਕੇ ਵਿੱਚ ਗੈਰ-ਕਾਨੂੰਨੀ ਰੇਤ ਮਾਈਨਿੰਗ ਤੇ ਪਿੰਡ ਵਾਸੀਆਂ ਵਿਰੁੱਧ ਬੇਰਹਿਮੀ ਨਾਲ ਕੀਤੀ ਜਾ ਰਹੀ ਹਿੰਸਾ ਦੀ ਚਿੰਤਾਜਨਕ ਸਥਿਤੀ ਬਾਰੇ ਇੱਕ ਵਿਸਤ੍ਰਿਤ ਮੰਗ ਪੱਤਰ ਸੌਂਪਿਆ।ਵਫ਼ਦ ਵਿੱਚ ਗੌਂਸਗੜ੍ਹ, ਗੜ੍ਹਪੁਰ, ਖਵਾਜਕੇ, ਮਾਂਗਟ, ਬੂਥਗੜ੍ਹ, ਰਾਵਤ, ਹਵਾਸ ਤੇ ਮੰਗਲੀ ਪਿੰਡਾਂ ਦੀਆਂ ਪੰਚਾਇਤਾਂ ਸ਼ਾਮਲ ਸਨ।ਸਾਰਿਆਂ ਨੇ ਸਥਾਨਕ ਪ੍ਰਸ਼ਾਸਨ ਤੇ ਸੂਬਾ ਸਰਕਾਰ ਦੀ ਸੁਰੱਖਿਆ ਹੇਠ ਰੇਤ ਮਾਫੀਆ ਵੱਲੋਂ ਕੀਤੇ ਜਾ ਰਹੇ ਅੱਤਿਆਚਾਰਾਂ ਬਾਰੇ ਵਿਸਥਾਰ ਨਾਲ ਦੱਸਿਆ।ਭਾਜਪਾ ਬੁਲਾਰੇ ਪ੍ਰੀਤਪਾਲ ਸਿੰਘ ਬਲੀਆਵਾਲ ਨੇ ਪੁਲਸ, ਮਾਈਨਿੰਗ ਵਿਭਾਗ ਤੇ ਲੋਕ ਨਿਰਮਾਣ ਵਿਭਾਗ 'ਤੇ ਮਾਫੀਆ ਨੂੰ ਸਮਰੱਥ ਬਣਾਉਣ ਵਿੱਚ ਖੁੱਲ੍ਹੀ ਮਿਲੀਭੁਗਤ ਦਾ ਦੋਸ਼ ਲਗਾਇਆ ਅਤੇ ਉਨ੍ਹਾਂ ਵਿਰੁੱਧ ਤੁਰੰਤ ਕਾਰਵਾਈ ਦੀ ਮੰਗ ਕੀਤੀ।ਉਨ੍ਹਾਂ ਨੇ ਮੌਜੂਦਾ ਵਿਧਾਇਕ ਤੇ ਮੰਤਰੀ ਹਰਦੀਪ ਮੁੰਡੀਆਂ ਦੀ ਭੂਮਿਕਾ 'ਤੇ ਵੀ ਗੰਭੀਰ ਸਵਾਲ ਉਠਾਏ, ਜਿਨ੍ਹਾਂ 'ਤੇ ਇਲਾਕੇ ਵਿੱਚ ਗੈਰ-ਕਾਨੂੰਨੀ ਮਾਈਨਿੰਗ ਕਾਰਜਾਂ ਨੂੰ ਪਨਾਹ ਦੇਣ ਦਾ ਦੋਸ਼ ਹੈ।ਵਫ਼ਦ ਵਿੱਚ ਭਾਜਪਾ ਪੰਜਾਬ ਦੇ ਬੁਲਾਰੇ ਪ੍ਰੀਤਪਾਲ ਸਿੰਘ ਬਾਲੀਵਾਲ, ਸੀਨੀਅਰ ਭਾਜਪਾ ਆਗੂ ਵਿਨੀਤ ਜੋਸ਼ੀ ਤੇ ਗੇਜਾ ਰਾਮ ਵਾਲਮੀਕੀ ਵੀ ਸ਼ਾਮਲ ਸਨ, ਜਿਨ੍ਹਾਂ ਨੇ ਪਿੰਡ ਵਾਸੀਆਂ ਦੀਆਂ ਸ਼ਿਕਾਇਤਾਂ ਨੂੰ ਦੁਹਰਾਇਆ ਤੇ ਸਰਕਾਰੀ ਮਸ਼ੀਨਰੀ ਦੀ ਕਾਰਵਾਈ ਕਰਨ ਵਿੱਚ ਅਸਫਲਤਾ ਦੀ ਸਖ਼ਤ ਨਿੰਦਾ ਕੀਤੀ।ਵਫ਼ਦ ਦੀ ਗੱਲ ਸੁਣਨ ਤੋਂ ਬਾਅਦ, ਪੰਜਾਬ ਦੇ ਮਾਣਯੋਗ ਰਾਜਪਾਲ ਨੇ ਪੰਜਾਬ ਦੇ ਡੀਜੀਪੀ ਨੂੰ ਸਪੱਸ਼ਟ ਨਿਰਦੇਸ਼ ਦਿੱਤੇ ਕਿ ਪਿੰਡ ਵਾਸੀਆਂ 'ਤੇ ਹਮਲੇ ਲਈ ਜ਼ਿੰਮੇਵਾਰ ਲੋਕਾਂ ਵਿਰੁੱਧ ਤੁਰੰਤ ਐੱਫਆਈਆਰ ਦਰਜ ਕੀਤੀ ਜਾਵੇ ਤੇ ਰਾਜ ਭਰ ਵਿੱਚ ਸਾਰੇ ਕਾਨੂੰਨੀ ਅਤੇ ਗੈਰ-ਕਾਨੂੰਨੀ ਮਾਈਨਿੰਗ ਕਾਰਜਾਂ ਦੀ ਇੱਕ ਵਿਸਤ੍ਰਿਤ ਸੂਚੀ ਪੇਸ਼ ਕੀਤੀ ਜਾਵੇ।ਰਾਜਪਾਲ ਨੇ ਵਫ਼ਦ ਨੂੰ ਭਰੋਸਾ ਦਿੱਤਾ ਕਿ ਸਖ਼ਤ ਕਾਰਵਾਈ ਕੀਤੀ ਜਾਵੇਗੀ ਤੇ ਨਿਆਂ ਯਕੀਨੀ ਬਣਾਇਆ ਜਾਵੇਗਾ।

# ਚੌਂਤਾ 'ਚ 18 ਏਕੜ ਕਣਕ ਅੱਗ ਲੱਗਣ ਨਾਲ ਸੜ ਕੇ ਸੁਆਹ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬੇਟ ਇਲਾਕੇ ਦੇ ਪਿੰਡ ਚੌਂਤਾ ਵਿਖੇ ਕਣਕ ਦੀ ਪੱਕੀ ਫਸਲ ਨੂੰ ਅੱਗ ਲੱਗਣ ਕਾਰਨ ਕਰੀਬ 18 ਏਕੜ ਫਸਲ ਜਲ ਕੇ ਰਾਖ਼ ਹੋ ਗਈ, ਜਿਸ ਨਾਲ ਕਿਸਾਨਾਂ ਦਾ ਲੱਖਾਂ ਰੁਪਏ ਨੁਕਸਾਨ ਹੋਇਆ ਹੈ। ਘਟਨਾ ਸਥਾਨ 'ਤੇ ਹਾਜ਼ਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਸਾਨ ਗੁਰਦੀਪ ਸਿੰਘ ਨੇ ਦੱਸਿਆ ਕਿ ਬਿਜਲੀ ਤਾਰਾਂ ਤੋਂ ਸ਼ਾਰਟ ਸਰਕਟ ਕਾਰਨ ਖੇਤਾਂ ਵਿੱਚ ਖੜੀ ਫਸਲ ਨੂੰ ਅੱਗ ਲੱਗ ਗਈ, ਜਿਸ ਨੂੰ ਕਿਸਾਨਾਂ ਨੇ ਬੜੀ ਮੁਸ਼ੱਕਤ ਨਾਲ ਕਾਬੂ ਪਾਇਆ ਪਰ ਉਦੋਂ ਤੱਕ 18 ਏਕੜ ਫਸਲ ਸੜ ਕੇ ਸੁਆਹ ਹੋ ਗਈ ਸੀ। ਜਾਣਕਾਰੀ ਅਨੁਸਾਰ ਇਸ ਅੱਗ ਨਾਲ ਕਿਸਾਨ ਸਾਬਕਾ ਸਰਪੰਚ ਜਸਵੰਤ ਸਿੰਘ, ਰਮੇਸ਼ ਲਾਲ ਸਤਿਆਣਾ, ਦਵਿੰਦਰ ਸਿੰਘ ਚੌਂਤਾ, ਕੁਲਵੰਤ ਸਿੰਘ, ਬਲਵੀਰ ਸਿੰਘ ਢੋਲਣਵਾਲ, ਰਜਿੰਦਰ ਸਿੰਘ ਢੋਲਣਵਾਲ, ਪ੍ਰੀਤਮ ਸਿੰਘ, ਕੁਲਦੀਪ ਸਿੰਘ, ਡੀ.ਸੀ. ਸਿੰਘ ਢੋਲਣਵਾਲ ਸਮੇਤ ਹੋਰ ਕਿਸਾਨਾਂ ਦੀ ਫਸਲ ਅੱਗ ਦੀ ਭੇਟ ਚੜ੍ਹ ਗਈ, ਜਿਸ ਕਾਰਨ ਉਨ੍ਹਾਂ ਦਾ ਕਾਫ਼ੀ ਆਰਥਿਕ ਨੁਕਸਾਨ ਹੋ ਗਿਆ। ਕਿਸਾਨ ਗੁਰਦੀਪ ਸਿੰਘ ਨੇ ਦੱਸਿਆ ਕਿ ਲੁਧਿਆਣਾ ਤੋਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਬਹੁਤ ਦੇਰੀ ਨਾਲ ਪਹੁੰਚੀਆਂ, ਪਰ ਉਦੋਂ ਤੱਕ ਉਨ੍ਹਾਂ ਦਾ ਕਾਫ਼ੀ ਨੁਕਸਾਨ ਹੋ ਚੁੱਕਾ ਸੀ। ਕਿਸਾਨਾਂ ਅਨੁਸਾਰ ਫਾਇਰ ਬ੍ਰਿਗੇਡ ਲੁਧਿਆਣਾ ਸ਼ਹਿਰ ਤੋਂ ਆਉਂਦੀ ਹੈ, ਇਸ ਲਈ ਕਣਕ ਦੇ ਸੀਜ਼ਨ ਵਿੱਚ ਪਿੰਡਾਂ ਦੇ ਨੇੜੇ ਫਾਇਰ ਬ੍ਰਿਗੇਡ ਖੜਾਈਆਂ ਜਾਣ ਤਾਂ ਜੋ ਅੱਗ ਲੱਗਣ 'ਤੇ ਉਹ ਤੁਰੰਤ ਪਹੁੰਚ ਸਕਣ। ਕਿਸਾਨਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਅੱਗ ਲੱਗਣ ਕਾਰਨ ਉਨ੍ਹਾਂ ਦਾ ਜੋ ਨੁਕਸਾਨ ਹੋਇਆ ਹੈ ਉਸ ਦਾ ਮੁਆਵਜ਼ਾ ਦਿੱਤਾ ਜਾਵੇ। ਦੂਜੇ ਪਾਸੇ ਫਾਇਰ ਬ੍ਰਿਗੇਡ ਦੇ ਕਰਮਚਾਰੀ ਨੇ ਕਿਹਾ ਕਿ ਜਦੋਂ ਉਨ੍ਹਾਂ ਨੂੰ ਅੱਗ ਲੱਗਣ ਦੀ ਸੂਚਨਾ ਮਿਲੀ ਤਾਂ ਉਹ ਤੁਰੰਤ ਉੱਥੋਂ ਰਵਾਨਾ ਹੋ ਗਏ। ਉਨ੍ਹਾਂ ਕਿਹਾ ਕਿ 20 ਕਿਲੋਮੀਟਰ ਦੀ ਦੂਰੀ, ਜਿਸ ਵਿੱਚ ਲੁਧਿਆਣਾ ਸ਼ਹਿਰ ਦੀ ਭਾਰੀ ਟ੍ਰੈਫਿਕ ਆਉਂਦੀ ਹੈ, ਉਸ ਨੂੰ ਪਾਰ ਕਰਨ ਲਈ ਸਮਾਂ ਲੱਗ ਜਾਂਦਾ ਹੈ। ਉਨ੍ਹਾਂ ਕਿਹਾ ਕਿ ਫਾਇਰ ਬ੍ਰਿਗੇਡ ਕਰਮਚਾਰੀ ਮੁਸ਼ਤੈਦੀ ਨਾਲ ਕੰਮ ਕਰਦੇ ਹਨ।

## ਕੁੱਟਮਾਰ ਦੇ ਦੋਸ਼ 'ਚ 4 ਔਰਤਾਂ ਵਿਰੁੱਧ ਕੇਸ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਦਸਮੇਸ਼ ਨਗਰੀ ਜਲਾਲਾਬਾਦ ਵਿਖੇ ਹੋਈ ਲੜਾਈ ਦੇ ਸਬੰਧ ਵਿੱਚ 4 ਲੋਕਾਂ ਵਿਰੁੱਧ ਪਰਚਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਮਲਕੀਤ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਕੁਲਵਿੰਦਰ ਕੌਰ ਪਤਨੀ ਰਕੇਸ਼ ਕੁਮਾਰ ਵਾਸੀ ਦਸਮੇਸ਼ ਨਗਰੀ ਜਲਾਲਾਬਾਦ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਹਨ ਕਿ 13 ਅਪ੍ਰੈਲ 2025 ਨੂੰ ਦੇਰ ਸ਼ਾਮ ਕਰੀਬ 6.30 ਵਜੇ ਉਸ ਦੀ ਜੇਠਾਣੀ ਗੁਰਮੀਤ ਕੌਰ ਤੇ ਸੱਸ ਹਾਕਮ ਦੇਵੀ ਨਾਲ ਘਰ ਵਿੱਚ ਗੱਲਾਂਬਾਤਾਂ ਕਰ ਰਹੀਆਂ ਸਨ ਤਾਂ ਸੁਮਨ ਰਾਣੀ ਲੜਕੀ ਪੁੱਤਰੀ ਰਾਜ ਕੁਮਾਰ, ਦਵਿੰਦਰ ਕੌਰ ਪਤਨੀ ਰਾਜ ਕੁਮਾਰ, ਦਵਿੰਦਰ ਕੌਰ ਦੀ ਮਾਤਾ, ਸੋਨੀਆ ਪਤਨੀ ਕਾਲਾ ਸਿੰਘ, ਉਸ ਦੇ ਘਰ ਆ ਕੇ ਗਲ ਪੈ ਗਈਆਂ ਅਤੇ ਉਸ ਦੀ ਕੁੱਟਮਾਰ ਕੀਤੀ ਅਤੇ ਉਸ ਦੇ ਕਪੜੇ ਪਾੜ ਦਿੱਤੇ ਅਤੇ ਜਾਣ ਵੇਲੇ ਉਸ ਦੇ ਕੰਨਾਂ ਵਿੱਚ ਪਾਏ ਹੋਏ ਸੋਨੇ ਦੇ ਟੌਪਸ ਵੀ ਖਿੱਚ ਕੇ ਲੈ ਗਈਆਂ। ਜਿਸ 'ਤੇ ਥਾਣਾ ਸਿਟੀ ਜਲਾਲਾਬਾਦ ਵਿਖੇ ਮੁਦੱਈ ਕੁਲਵਿੰਦਰ ਕੌਰ ਦੇ ਬਿਆਨਾਂ 'ਤੇ ਉਕਤ ਵਿਰੁੱਧ ਕੇਸ ਦਰਜ ਕਰਕੇ ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਮੁਸਲਿਮ ਬਲੱਡ ਬੈਂਕ ਐਂਡ ਵੈੱਲਫੇਅਰ ਸੋਸਾਇਟੀ ਨੇ ਸਿੱਖਿਆ ਕ੍ਰਾਂਤੀ 'ਚ ਯੋਗਦਾਨ ਪਾਉਣ ਲਈ ਵਿੱਢੀ ਮੁਹਿੰਮ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਸ਼ਹਿਰ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਮੁਸਲਿਮ ਬਲੱਡ ਬੈਂਕ ਐਂਡ ਵੈੱਲਫੇਅਰ ਸੋਸਾਇਟੀ (ਰਜਿ.), ਜਿਹੜੀ ਕਿ ਪਿਛਲੇ ਕਈ ਸਾਲਾਂ ਤੋਂ ਸਮਾਜ ਸੇਵਾ ਦੇ ਕੰਮਾਂ 'ਚ ਆਪਣਾ ਵੱਡਮੁੱਲਾ ਯੋਗਦਾਨ ਪਾਉਂਦੀ ਆ ਰਹੀ ਹੈ, ਵੱਲੋਂ ਚਲਾਏ ਜਾ ਰਹੇ ਬੁੱਕ ਬੈਂਕ ਦੀਆਂ ਟੀਮਾਂ ਨੇ ਸ਼ਹਿਰ ਦੇ ਸਕੂਲਾਂ ਦਾ ਦੌਰਾ ਕੀਤਾ।ਟੀਮ ਦੇ ਮੈਂਬਰਾਂ ਨੇ ਦੱਸਿਆ ਕਿ ਮੁਸਲਿਮ ਬਲੱਡ ਬੈਂਕ ਸੰਸਥਾ ਸਿੱਖਿਆ ਦੇ ਖੇਤਰ 'ਚ ਉਨ੍ਹਾਂ ਵਿਦਿਆਰਥੀਆਂ ਦੀ ਸਹਾਇਤਾ ਕਰਨ ਲਈ ਅੱਗੇ ਆਈ ਹੈ, ਜੋ ਆਰਥਿਕ ਸਥਿਤੀ ਕਮਜ਼ੋਰ ਹੋਣ ਕਾਰਨ ਆਪਣੀ ਪੜ੍ਹਾਈ ਵਿਚਕਾਰ ਛੱਡ ਦਿੰਦੇ ਹਨ।ਉਕਤ ਸੰਸਥਾ ਦੇ ਟੀਮ ਮੈਂਬਰਾਨ ਸਕੂਲਾਂ ਦੇ ਪ੍ਰਿੰਸੀਪਲ/ਹੈੱਡ ਮਾਸਟਰ ਸਾਹਿਬਾਨ ਨੂੰ ਮਿਲੇ ਤੇ ਉਨ੍ਹਾਂ ਨੂੰ ਮਿਲ ਕੇ ਇਹ ਗੁਜ਼ਾਰਿਸ਼ ਕੀਤੀ ਕਿ ਉਹ ਸਾਨੂੰ ਉਨ੍ਹਾਂ ਜ਼ਰੂਰਤਮੰਦ ਵਿਦਿਆਰਥੀਆਂ ਦੇ ਨਾਮ ਦੇਣ ਜੋ ਹਕੀਕਤ 'ਚ ਮਦਦ ਲੈਣ ਦੇ ਹੱਕਦਾਰ ਹਨ। ਮੁਸਲਿਮ ਬਲੱਡ ਬੈਂਕ ਐਂਡ ਵੈੱਲਫੇਅਰ ਸੋਸਾਇਟੀ ਅਜਿਹੇ ਵਿਦਿਆਰਥੀਆਂ ਦੀਆਂ ਪ੍ਰੀਖਿਆ ਫੀਸਾਂ ਉਨ੍ਹਾਂ ਦੀਆਂ ਕਿਤਾਬਾਂ ਤੇ ਕਾਪੀਆਂ/ਸਟੇਸ਼ਨਰੀ ਆਦਿ ਦਾ ਖਰਚ ਚੁੱਕਣ ਲਈ ਤਿਆਰ ਹਨ, ਜੇਕਰ ਕੁਝ ਵਿਦਿਆਰਥੀ ਅਜਿਹੇ ਹਨ, ਜਿਨ੍ਹਾਂ ਦੀ ਆਰਥਿਕ ਹਾਲਤ ਬਹੁਤ ਬਿਗੜੀ ਹੋਈ ਹੈ। ਉਨ੍ਹਾਂ ਲਈ ਸੰਸਥਾ ਦੇ ਨੁਮਾਇੰਦੇ ਸਰਕਾਰੀ ਸਹਾਇਤਾ ਦਿਵਾਉਣ ਲਈ ਵੀ ਚਾਰਾਜੋਈ ਕਰਨਗੇ ਤੇ ਜਿੱਥੋਂ ਤੱਕ ਮੁਮਕਿਨ ਹੋ ਸਕੇਗਾ, ਉਹ ਹਰ ਲਿਹਾਜ਼ ਨਾਲ ਅਜਿਹੇ ਜ਼ਰੂਰਤਮੰਦ ਵਿਦਿਆਰਥੀਆਂ ਦੀ ਸਹਾਇਤਾ ਕਰਨਗੇ ਤਾਂ ਜੋ ਪੈਸੇ ਕਰਕੇ ਕੋਈ ਬੱਚਾ ਆਪਣੀ ਪੜ੍ਹਾਈ ਨਾ ਛੱਡੇ।ਇਹ ਕਾਜ ਇੱਕ ਸੁਹਿਰਦ ਤੇ ਚੰਗਾ ਕਾਜ ਹੈ, ਸਾਨੂੰ ਸਭਨਾਂ ਨੂੰ ਅਜਿਹੇ ਸਮਾਜ ਸੇਵੀ ਕੰਮਾਂ 'ਚ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ, ਜਿਸ ਨਾਲ ਸਮਾਜ ਦੇ 'ਚ ਇੱਕ ਸਾਰਤਾ ਬਣੀ ਰਹੇ ਅਤੇ ਆਪਸੀ ਭਾਈਚਾਰਾ ਕਾਇਮ ੳ ਦਾਇਮ ਰਹੇ।ਸੰਸਥਾ ਦੇ ਮੈਂਬਰਾਂ ਨੇ ਉਕਤ ਕੰਮਾਂ ਤੋਂ ਇਲਾਵਾ ਇਹ ਵੀ ਕਿਹਾ ਕਿ ਜੇਕਰ ਕਿਸੇ ਵਿਦਿਆਰਥੀ ਨੂੰ ਵਰਦੀ, ਬੈਗ ਜਾਂ ਸ਼ੂਜ਼ ਆਦਿ ਲੋੜੀਂਦੇ ਹਨ, ਵੈਰੀਫਿਕੇਸ਼ਨ ਕਰਨ ਤੋਂ ਬਾਅਦ ਉਨ੍ਹਾਂ ਦੀ ਇਸ ਤਰਾਂ ਦੀ ਜ਼ਰੂਰਤ ਵੀ ਪੂਰੀ ਕੀਤੀ ਜਾਵੇਗੀ।

## ਡੀ ਏ ਵੀ ਸਕੂਲ ਵਿਖੇ ਮਹਾਤਮਾ ਹੰਸਰਾਜ ਦਾ ਜਨਮ ਦਿਨ ਮਨਾਇਆ



**ਮਲੋਟ (ਗੁਰਮੀਤ ਸਿੰਘ ਮੱਕੜ)**-ਸਥਾਨਕ ਡੀ ਏ ਵੀ ਐਡਵਰਡਗੰਜ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਨੇ ਡੀ ਏ ਵੀ ਦੇ ਸੰਸਥਾਪਕ ਮਹਾਤਮਾ ਹੰਸਰਾਜ ਦਾ ਜਨਮ ਦਿਨ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਸੋਨਿਆ ਬਠਲਾ ਦੀ ਅਗਵਾਈ ਹੇਠ ਸ਼ਰਧਾ ਨਾਲ ਮਨਾਇਆ। ਮਹਾਤਮਾ ਹੰਸਰਾਜ ਜੀ ਦੇ ਜਨਮ ਦਿਵਸ ਮੌਕੇ ਵਿਦਿਆਰਥੀਆਂ ਵੱਲੋਂ ਭਜਨ, ਭਾਸ਼ਣ ਤੇ ਨ੍ਰਿਤ ਨਾਟਕ ਪੇਸ਼ ਕੀਤੇ ਗਏ। ਸਭ ਤੋਂ ਪਹਿਲਾਂ ਧਾਰਮਿਕ ਆਗੂ ਰਾਮ ਚੰਦਰ ਸ਼ਾਸਤਰੀ ਦੀ ਅਗਵਾਈ ਹੇਠ ਇੱਕ ਹਵਨ-ਯੱਗ ਕੀਤਾ ਗਿਆ। ਉਪਰੰਤ ਸਕੂਲ ਦੀਆਂ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਦੁਆਰਾ ਭਜਨ ਗਾਏ ਗਏ। ਇਸ ਮੌਕੇ ਸੰਦੀਪ ਕੁਮਾਰ ਤੇ ਹਰਪ੍ਰੀਤ ਸਿੰਘ ਵੱਲੋਂ ਹੈੱਡਬਾਲ ਮੁਕਾਬਲਾ ਕਰਵਾਇਆ ਗਿਆ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸੋਨਿਆ ਬਠਲਾ ਨੇ ਕਿਹਾ ਕਿ ਮਹਾਤਮਾ ਹੰਸਰਾਜ ਜੀ ਅਣਵੰਡੇ ਭਾਰਤ ਦੇ ਪੰਜਾਬ ਦੇ ਆਰੀਆ ਸਮਾਜ ਦੇ ਇੱਕ ਪ੍ਰਮੁੱਖ ਨੇਤਾ ਤੇ ਸਿੱਖਿਆ ਸ਼ਾਸਤਰੀ ਸਨ, ਜਿਨ੍ਹਾਂ ਨੇ ਆਪਣਾ ਪੂਰਾ ਜੀਵਨ ਸਿੱਖਿਆ ਦੇ ਪ੍ਰਚਾਰ ਤੇ ਪ੍ਰਸਾਰ ਲਈ ਬਿਨਾਂ ਕੋਈ ਤਨਖਾਹ ਲਏ ਸਮਰਪਤ ਕਰ ਦਿੱਤਾ। ਉਨ੍ਹਾਂ ਦੀ ਜਨਮ ਵਰ੍ਹੇਗੰਢ ਦਾ ਸਾਡਾ ਜਸ਼ਨ ਤਾਂ ਹੀ ਸਾਰਥਕ ਹੋਵੇਗਾ, ਜਦੋਂ ਅਸੀਂ ਉਨ੍ਹਾਂ ਦੁਆਰਾ ਕੀਤੇ ਗਏ ਕੰਮਾਂ ਨੂੰ ਜਨਤਾ ਤੱਕ ਪਹੁੰਚਾਵਾਂਗੇ ਤੇ ਸਮਾਜ ਸੇਵਾ ਵਿੱਚ ਆਪਣਾ ਅਨਮੋਲ ਯੋਗਦਾਨ ਪਾ ਕੇ ਦੁਖੀਆਂ ਤੇ ਬੇਸਹਾਰਾ ਲੋਕਾਂ ਦੀ ਸੇਵਾ ਕਰਾਂਗੇ। ਇਸ ਮੌਕੇ ਸਕੂਲ ਦੇ ਚੇਅਰਮੈਨ ਰਵੀ ਛਾਬੜਾ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਮਹਾਤਮਾ ਹੰਸਰਾਜ ਨੇ ਆਪਣਾ ਪੂਰਾ ਜੀਵਨ ਸਮਾਜਿਕ ਸੁਧਾਰ ਤੇ ਵਿੱਦਿਅਕ ਤਰੱਕੀ ਲਈ ਸਮਰਪਤ ਕਰ ਦਿੱਤਾ ਤਾਂ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਉਨ੍ਹਾਂ ਦੁਆਰਾ ਸਥਾਪਤ ਸੰਸਥਾ ਨੂੰ ਅੱਗੇ ਵਧਾਉਂਦੇ ਰਹੀਏ ਤਾਂ ਜੋ ਸਿੱਖਿਆ ਦਾ ਪ੍ਰਚਾਰ ਤੇ ਪ੍ਰਸਾਰ ਵਧਦਾ ਰਹੇ। ਇਸ ਮੌਕੇ ਸਕੂਲ ਦੇ ਅਧਿਆਪਕ ਤੇ ਵਿਦਿਆਰਥੀ ਹਾਜ਼ਰ ਸਨ।

## ਵਿਧਾਇਕ ਵੱਲੋਂ ਸਵਾਲ-ਜਵਾਬ ਕਰਨ ਦੀ ਥਾਂ ਕਿਸਾਨਾਂ ਨੂੰ ਫੜਾਉਣਾ ਜਮੂਹਰੀ ਹੱਕਾਂ 'ਤੇ ਡਾਕਾ : ਉਗਰਾਹਾਂ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਿੰਡ ਕੱਲ੍ਹੋ ਮਾਜਰਾ ਵਿਖੇ ਸਿੱਖਿਆ ਕ੍ਰਾਂਤੀ ਸਮਾਗਮ ਤਹਿਤ ਪਹੁੰਚੇ ਨਾਭਾ ਹਲਕੇ ਦੇ ਵਿਧਾਇਕ ਦੇਵ ਮਾਨ ਨੂੰ ਕਿਸਾਨ ਜਥੇਬੰਦੀਆਂ ਦੇ ਕਾਰਕੁਨਾਂ ਤੇ ਹੋਰ ਪਿੰਡ ਵਾਸੀਆਂ ਵੱਲੋਂ ਸਵਾਲ-ਜਵਾਬ ਕਰਨ ਲਈ ਕਿਹਾ ਗਿਆ ਤਾਂ ਵਿਧਾਇਕ ਵੱਲੋਂ ਕਿਸਾਨਾਂ ਦੇ ਸਵਾਲਾਂ ਦੇ ਜਵਾਬ ਦੇਣ ਦੀ ਥਾਂ, ਪੁਲਸ ਪ੍ਰਸ਼ਾਸਨ ਦੀ ਮਦਦ ਨਾਲ ਕਿਸਾਨ ਜਥੇਬੰਦੀ ਏਕਤਾ ਆਜ਼ਾਦ ਦੇ ਆਗੂ ਗਮਦੂਰ ਸਿੰਘ ਤੇ ਹੋਰਾਂ ਨੂੰ ਹਿਰਾਸਤ ਵਿੱਚ ਲਿਆ ਗਿਆ। ਇਸ ਦੀ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਸਖ਼ਤ ਨਿਖੇਧੀ ਕੀਤੀ ਗਈ ਹੈ। ਜ਼ਿਲ੍ਹਾ ਪ੍ਰਧਾਨ ਜਸਵਿੰਦਰ ਸਿੰਘ ਬਰਾਸ ਤੇ ਜ਼ਿਲ੍ਹਾ ਸਕੱਤਰ ਸੁਖਮਿੰਦਰ ਸਿੰਘ ਬਾਰਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੰਘਰਸ਼ ਕਰਨ ਵਾਲੇ ਲੋਕਾਂ ਨੂੰ ਪੁਲਸ ਹਿਰਾਸਤ ਵਿੱਚ ਲੈਣਾ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਸਰਕਾਰ ਲੋਕਾਂ ਨੂੰ ਡਰਾ ਧਮਕਾ ਕੇ ਜਮੂਹਰੀਅਤ ਦਾ ਹੱਕ ਖੋਹਣਾ ਚਾਹੁੰਦੀ ਹੈ।ਆਗੂਆਂ ਨੇ ਕਿਹਾ ਕਿ ਸਰਕਾਰ ਕਿਸਾਨਾਂ ਤੇ ਸਮਾਜ ਦੇ ਬਾਕੀ ਤਬਕਿਆਂ ਨਾਲ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਪੂਰੇ ਕਰਨ ਵਿੱਚ ਪੂਰੀ ਤਰ੍ਹਾਂ ਅਸਫ਼ਲ ਸਾਬਿਤ ਹੋਈ ਹੈ।ਆਗੂਆਂ ਵੱਲੋਂ ਚਿਤਾਵਨੀ ਦਿੱਤੀ ਗਈ ਕਿ ਜੇਕਰ ਸਰਕਾਰ ਵੱਲੋਂ ਹਿਰਾਸਤ ਵਿੱਚ ਲਏ ਆਗੂਆਂ ਨਾਲ ਕੋਈ ਵਧੀਕੀ ਕੀਤੀ ਗਈ ਤਾਂ ਜਥੇਬੰਦੀ ਕੋਈ ਸਖ਼ਤ ਸੰਘਰਸ਼ ਦਾ ਐਲਾਨ ਕਰੇਗੀ।

## ਨਵੀਂ ਲਲੌਛੀ ਦੀ ਪੰਚਾਇਤ ਨੇ ਫਿਰਨੀ ਬਣਵਾਉਣ ਲਈ ਬਰਸਟ ਦਾ ਕੀਤਾ ਧੰਨਵਾਦ

### ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਵਿਕਾਸ ਨੂੰ ਦਿੱਤੀ ਜਾ ਰਹੀ ਤਰਜੀਹ : ਚੇਅਰਮੈਨ ਬਰਸਟ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪ੍ਰੀਤ ਸਿੰਘ ਬੱਲ)**-ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਦੀ ਅਗਵਾਈ ਵਿੱਚ ਪੰਜਾਬ ਦੀਆਂ ਮੰਡੀਆਂ ਤੇ ਪਿੰਡਾਂ ਦੀਆਂ ਲਿੰਕ ਸੜਕਾਂ ਦੇ ਵਿਕਾਸ ਦਾ ਕਾਰਜ ਜ਼ੋਰਾਂ ਨਾਲ ਹੋ ਰਿਹਾ ਹੈ। ਇਸ ਲੜੀ ਤਹਿਤ ਸ. ਬਰਸਟ ਵੱਲੋਂ ਪਿੰਡ ਨਵੀਂ ਲਲੌਛੀ ਦੀ ਫਿਰਨੀ ਬਣਵਾਉਣ ਤੇ ਪਿੰਡ ਦੀ ਪੰਚਾਇਤ ਤੇ ਪਿੰਡ ਵਾਸੀਆਂ ਵੱਲੋਂ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ। ਅੱਜ ਪਟਿਆਲਾ ਸਥਿਤ ਦਫ਼ਤਰ ਵਿਖੇ ਪਿੰਡ ਨਵੀਂ ਲਲੌਛੀ ਦੀ ਪੰਚਾਇਤ ਨੇ ਸ. ਹਰਚੰਦ ਸਿੰਘ ਬਰਸਟ ਨਾਲ ਮੁਲਾਕਾਤ ਕੀਤੀ ਤੇ ਪਿੰਡ ਦੇ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ।ਇਸ ਮੌਕੇ ਪਿੰਡ ਨਵੀਂ ਲਲੌਛੀ ਦੇ ਸਰਪੰਚ ਕੁਲਵੀਰ ਸਿੰਘ ਨੇ ਦੱਸਿਆ ਕਿ ਪਿੰਡ ਦੀ ਫਿਰਨੀ ਦੀ ਹਾਲਤ ਕਾਫੀ ਖਸਤਾ ਸੀ, ਜਿਸ ਕਰਕੇ ਪਿੰਡ ਵਾਸੀਆਂ ਨੂੰ ਬਹੁਤ ਸਾਰੀ ਸਮੱਸਿਆਵਾਂ ਪੇਸ਼ ਆਉਂਦੀਆਂ ਸੀ।ਇਸ ਸਮੱਸਿਆ ਦਾ ਸ੍ਰ. ਬਰਸਟ ਵੱਲੋਂ ਹੱਲ ਕਰਵਾ ਦਿੱਤਾ ਗਿਆ ਹੈ, ਜਿਸ ਦੇ ਲਈ ਸਮੂਹ ਪਿੰਡ ਵਾਸੀ ਉਨ੍ਹਾਂ ਦੇ ਬਹੁਤ ਧੰਨਵਾਦੀ ਹਨ। ਇਸ ਮੌਕੇ ਚੇਅਰਮੈਨ ਨੇ ਕਿਹਾ ਕਿ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ। ਸੂਬੇ ਦੇ ਲੋਕਾਂ ਨੂੰ ਬਿਹਤਰ ਸਹੂਲਤਾਂ ਉਪਲਬਧ ਕਰਵਾਉਣ ਤੇ ਪਿੰਡਾਂ ਦੀ ਨੁਹਾਰ ਬਦਲਣ ਲਈ 'ਆਪ' ਸਰਕਾਰ ਵੱਲੋਂ ਲਗਾਤਾਰ ਕਾਰਜ ਕੀਤੇ ਜਾ ਰਹੇ ਹਨ। 4000 ਕਰੋੜ ਰੁਪਏ ਦੀ ਲਾਗਤ ਨਾਲ ਲਿੰਕ ਸੜਕਾਂ ਦੀ ਮੁਰੰਮਤ ਦਾ ਕਾਰਜ ਸ਼ੁਰੂ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਿਹਤ, ਸਿੱਖਿਆ ਤੇ ਸੂਬੇ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਵਿਸ਼ੇਸ਼ ਤਰਜੀਹ ਦਿੰਦਿਆਂ ਹੋਇਆ ਪੰਜਾਬ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਵਿਕਾਸ ਕਾਰਜਾਂ ਨੂੰ ਅਮਲੀ ਜਾਮਾ ਪਹਿਨਾਇਆ ਜਾ ਰਿਹਾ ਹੈ। ਇਸ ਮੌਕੇ ਕੁਲਵੀਰ ਸਿੰਘ ਸਰਪੰਚ ਨਵੀਂ ਲਲੌਛੀ, ਹਰਿੰਦਰ ਸਿੰਘ ਧਬਲਾਨ, ਸ਼ਾਮ ਲਾਲ ਦੱਤ, ਜਸਪਾਲ ਸਿੰਘ ਪੰਚ, ਗੁਰਦਿਆਲ ਸਿੰਘ ਪੰਚ, ਗੁਰਤੇਜ਼ ਸਿੰਘ ਹੈਪੀ ਪੰਚ, ਰਜਿੰਦਰ ਸਿੰਘ, ਪ੍ਰੇਮ ਸਿੰਘ, ਅੰਬਰਪਾਲ, ਗੁਰਮੇਲ ਸਿੰਘ, ਯਸ਼ ਕੌੜਾ ਸਮੇਤ ਹੋਰ ਵੀ ਮੌਜੂਦ ਸਨ।

## ਦੋਦਾ ਵਾਸੀਆਂ ਨੇ ਚੇਅਰਮੈਨ ਜੱਸੀ ਨੂੰ ਦਿੱਤਾ ਮੰਗ ਪੱਤਰ



**ਨਾਭਾ (ਵਰਿੰਦਰ ਵਰਮਾ)**-ਪਿੰਡ ਤੇ ਸ਼ਹਿਰਾਂ ਦੇ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਪਲੈਨਿੰਗ ਬੋਰਡ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਨਾਭਾ ਹਲਕੇ ਦੇ ਪਿੰਡ ਦੋਦਾ ਵਿਖੇ ਕਰਵਾਏ ਗਏ ਧਾਰਮਿਕ ਸਮਾਗਮ ਵਿੱਚ ਸ਼ਮੂਲੀਅਤ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹਰ ਵਰਗ ਦੇ ਲੋਕਾਂ ਨੂੰ ਬਣਦੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਤੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਸਖਤ ਫੈਸਲੇ ਲੈ ਕੇ ਨਸ਼ਾ ਤਸਕਰਾਂ ਨੂੰ ਕਾਬੂ ਕੀਤਾ ਜਾ ਰਿਹਾ ਹੈ।ਇਸ ਮੌਕੇ ਪਿੰਡ ਦੇ ਸਰਪੰਚ ਗੁਰਪ੍ਰੀਤ ਸਿੰਘ, ਸਾਬਕਾ ਸਰਪੰਚ ਭੁਪਿੰਦਰ ਸਿੰਘ, ਸਾਬਕਾ ਸਰਪੰਚ ਬਲਵਿੰਦਰ ਸਿੰਘ ਬਿੰਦੀ ਤੇ ਆਪ ਆਗੂ ਸਵਰਨਜੀਤ ਸਿੰਘ ਨੇ ਪਿੰਡ ਦੇ ਵਿਕਾਸ ਕਾਰਜ ਕਰਵਾਉਣ ਲਈ ਸਾਂਝੇ ਤੌਰ 'ਤੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੂੰ ਪਿੰਡ ਦੇ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਲੈਣ ਸਬੰਧੀ ਮੰਗ ਪੱਤਰ ਸੌਂਪਿਆ ਤੇ ਪਿੰਡ ਵਿੱਚ ਉਨ੍ਹਾਂ ਵੱਲੋਂ ਆਪਣੇ ਅਖਤਿਆਰੀ ਕੋਟੇ ਵਿੱਚੋਂ ਭੇਜੀ 3 ਲੱਖ ਰੁਪਏ ਦੀ ਗਰਾਂਟ ਦੇ ਨਾਲ ਬਣ ਰਹੇ ਵਾਲੀਬਾਲ ਦੇ ਨਵੇਂ ਖੇਡ ਦਾ ਨਿਰੀਖਣ ਵੀ ਕਰਵਾਇਆ।ਇਸ ਮੌਕੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਪਿੰਡ ਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਪਿੰਡ ਦੇ ਵਿਕਾਸ ਕੰਮਾਂ ਲਈ ਗ੍ਰਾਂਟਾਂ ਦੀ ਕੋਈ ਕਮੀ ਨਹੀਂ ਆਉਣ ਦੇਣਗੇ।

## ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਪੁਰਬ ਮਨਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਸਥਾਨ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਪੁਰਬ ਪ੍ਰਬੰਧਕਾਂ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਥਾਪੇ ਗਏ ਧਰਮ ਪ੍ਰਚਾਰਕ ਭਾਈ ਬਚਿੱਤਰ ਸਿੰਘ ਉਟਾਲਾਂ ਵੱਲੋਂ ਕਥਾ ਪ੍ਰਵਾਹ ਚਲਾਇਆ ਗਿਆ। ਗੁਰਦੁਆਰਾ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ ਮੰਗਲੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਸਵੇਰੇ ਗੁਰਪੁਰਬ ਦੇ ਸਬੰਧ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਉਪਰੰਤ ਕਈ ਦਿਨਾਂ ਤੋਂ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੀਆਂ ਬੀਬੀਆਂ ਵੱਲੋਂ ਪ੍ਰਕਾਸ਼ ਪੁਰਬ ਨੂੰ ਸਮਰਪਤ ਰੱਖੀ ਸ੍ਰੀ ਸੁਖਮਨੀ ਸਾਹਿਬ ਪਾਠਾਂ ਦੀ ਲੜੀ ਦੇ ਭੋਗ ਵੀ ਪਾਏ ਗਏ। ਸਾਰਾ ਦਿਨ ਵੱਖ ਵੱਖ ਢਾਡੀ ਜਥਿਆਂ ਵੱਲੋਂ ਗੁਰੂ ਸਾਹਿਬਾਨ ਦਾ ਜਸ ਗਾਇਆ ਗਿਆ। ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਸਦੇਵ ਸਿੰਘ, ਭਾਈ ਸੁਖਵੀਰ ਸਿੰਘ ਤੇ ਭਾਈ ਗੁਰਵਿੰਦਰ ਸਿੰਘ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਰਸਭਿੰਨਾ ਕੀਰਤਨ ਕੀਤਾ ਗਿਆ। ਸ਼ਾਮ ਨੂੰ ਰਹਿਰਾਸ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭੇਜੇ ਗਏ ਪ੍ਰਚਾਰਕ ਭਾਈ ਬਚਿੱਤਰ ਸਿੰਘ ਵੱਲੋਂ ਕਥਾ ਪ੍ਰਵਾਹ ਚਲਾਇਆ ਗਿਆ। ਇਸ ਮੌਕੇ ਹਰਜਤਿੰਦਰ ਸਿੰਘ ਬਾਜਵਾ, ਚਿੱਤਰਕਾਰ ਜਗਦੀਸ਼ ਸਿੰਘ ਬਰਾੜ, ਗੁਰੂ ਘਰ ਦੇ ਨਿਸ਼ਕਾਮ ਸੇਵਕ ਬਾਬਾ ਮੋਹਣ ਸਿੰਘ, ਹੈੱਡ ਗ੍ਰੰਥੀ ਹਰਪਾਲ ਸਿੰਘ ਗੁਰਮੁਖ, ਹਜ਼ੂਰੀ ਕਥਾਵਾਚਕ ਇਕਨਾਮ ਸਿੰਘ, ਹਰਜਿੰਦਰ ਸਿੰਘ ਗਿੱਲ, ਪ੍ਰਧਾਨ ਜਸਵੀਰ ਸਿੰਘ ਗਿੱਲ, ਗੁਰਨਾਮ ਸਿੰਘ ਖਾਲਸਾ, ਠੇਕੇਦਾਰ ਸਤਨਾਮ ਸਿੰਘ, ਚਰਨਜੀਤ ਸਿੰਘ, ਜੋਗਿੰਦਰ ਸਿੰਘ ਪੱਪੀ, ਨਿਰਮਲ ਸਿੰਘ ਜੇਈ, ਸੁਖਵਿੰਦਰ ਸਿੰਘ ਸੁੱਖੀ, ਡਾ. ਅਮਰਜੀਤ ਸਿੰਘ, ਬਿੰਦਰ ਸਿੰਘ ਲਾਂਗਰੀ, ਰਮੇਸ਼ ਸਿੰਘ ਉਟਾਲਾਂ, ਸਿਮਰਨਜੀਤ ਸਿੰਘ ਗੋਗੀਆ ਮੌਜੂਦ ਸਨ।

## ਸਿਵਲ ਸਰਜਨ ਵੱਲੋਂ ਕੁੱਪ ਕਲਾਂ ਤੇ ਅਹਿਮਦਗੜ੍ਹ ਸਿਹਤ ਕੇਂਦਰਾਂ ਦਾ ਨਿਰੀਖਣ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਸਿਹਤ ਮੰਤਰੀ ਪੰਜਾਬ ਡਾਕਟਰ ਬਲਵੀਰ ਸਿੰਘ ਤੇ ਡਾਇਰੈਕਟਰ ਸਿਹਤ ਅਤੇ ਪਰਵਾਰ ਭਲਾਈ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਹੇਠ ਸਿਵਲ ਸਰਜਨ ਮਲੇਰਕੋਟਲਾ ਡਾਕਟਰ ਸੰਜੇ ਗੋਇਲ ਵੱਲੋਂ ਸੀ.ਐੱਚ.ਸੀ. ਅਹਿਮਦਗੜ੍ਹ ਤੇ ਰੂਰਲ ਹਸਪਤਾਲ ਕੁੱਪ ਕਲਾਂ ਦਾ ਅਚਨਚੇਤ ਨਿਰੀਖਣ ਕੀਤਾ ਗਿਆ।ਇਸ ਮੌਕੇ ਉਨ੍ਹਾਂ ਵੱਲੋਂ ਮਰੀਜ਼ਾਂ ਦੇ ਨਾਲ ਸਰਕਾਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਮੁਫ਼ਤ ਸਿਹਤ ਸਹੂਲਤਾਂ ਤੇ ਹਸਪਤਾਲ ਦੇ ਸਟਾਫ਼ ਵੱਲੋਂ ਕੀਤੇ ਜਾ ਰਹੇ ਇਲਾਜ ਬਾਰੇ ਗੱਲਬਾਤ ਕੀਤੀ ਗਈ ਅਤੇ ਹਸਪਤਾਲ ਵੱਲੋਂ ਮਰੀਜ਼ਾਂ ਦੇ ਇਲਾਜ ਲਈ ਕੀਤੇ ਗਏ ਸਾਰੇ ਪ੍ਰਬੰਧਾਂ ਦੀ ਜਾਂਚ ਕੀਤੀ ਗਈ।ਇਸ ਮੌਕੇ ਗੱਲਬਾਤ ਕਰਦਿਆਂ ਸਿਵਲ ਸਰਜਨ ਡਾ. ਸੰਜੇ ਗੋਇਲ ਨੇ ਦੱਸਿਆ ਕਿ ਹਸਪਤਾਲ ਦਾ ਸਮੂਹ ਸਟਾਫ ਹਾਜ਼ਰ ਸੀ ਅਤੇ ਹਸਪਤਾਲ ਵੱਲੋਂ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਵੱਲੋਂ ਇਸ ਮੌਕੇ ਹੋਰ ਜ਼ਿਆਦਾ ਵਧੀਆ ਸਿਹਤ ਸਹੂਲਤਾਂ ਦੇਣ ਬਾਰੇ ਜ਼ਰੂਰੀ ਨੁਕਤੇ ਵੀ ਸਾਂਝੇ ਕੀਤੇ ਗਏ ਤਾਂ ਜੋ ਵੱਧ ਤੋਂ ਵੱਧ ਲੋਕ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸਿਹਤ ਸਹੂਲਤਾਂ ਦਾ ਲਾਭ ਉਠਾ ਸਕਣ।ਉਨ੍ਹਾਂ ਕਿਹਾ ਕਿ ਸਾਡਾ ਇੱਕੋ ਇੱਕ ਮੰਤਵ ਹੈ ਕਿ ਜ਼ਿਲ੍ਹੇ ਦੇ ਲੋਕਾਂ ਤੱਕ ਸੂਬਾ ਸਰਕਾਰ ਵੱਲੋਂ ਦਿੱਤੀ ਜਾਂਦੀ ਹਰ ਸਿਹਤ ਸਹੂਲਤ ਪੁੱਜਦੀ ਕੀਤੀ ਜਾ ਸਕੇ ਅਤੇ ਜ਼ਿਲ੍ਹੇ ਦੇ ਲੋਕਾਂ ਦੀ ਸਿਹਤ ਦੇ ਪੱਧਰ ਨੂੰ ਹੋਰ ਉੱਚਾ ਚੁੱਕਿਆ ਜਾ ਸਕੇ ਤਾਂ ਜੋ ਇੱਕ ਸਿਹਤਮੰਦ ਸਮਾਜ ਦੀ ਸਿਰਜਣਾ ਹੋ ਸਕੇ।ਇਸ ਮੌਕੇ ਉਨ੍ਹਾਂ ਨਾਲ ਸੀਨੀਅਰ ਮੈਡੀਕਲ ਅਫਸਰ ਡਾਕਟਰ ਜੋਤੀ ਕਪੂਰ, ਮਾਸ ਮੀਡੀ ਵਿੰਗ ਤੋਂ ਰਣਵੀਰ ਸਿੰਘ ਢੰਡੇ, ਐੱਨ.ਵੀ.ਬੀ.ਡੀ.ਸੀ.ਪੀ. ਮੀਡੀਆ ਵਿੰਗ ਦੇ ਰਾਜੇਸ਼ ਰਿਖੀ ਤੇ ਡੀ.ਆਈ.ਓ. ਸਹਾਇਕ ਮੁਹੰਮਦ ਅਕਮਲ ਸਮੇਤ ਹਸਪਤਾਲ ਦਾ ਸਟਾਫ ਹਾਜ਼ਰ ਸੀ।

## ਬਿਜਲੀ ਨਿਗਮ ਨੂੰ ਨਿੱਜੀ ਹੱਥਾਂ 'ਚ ਦੇਣ ਦੇ ਇਰਾਦੇ ਸਫਲ ਨਹੀਂ ਹੋਣ ਦਿੱਤੇ ਜਾਣਗੇ : ਪੈਨਸ਼ਨਰ ਆਗੂ

**ਮਲੋਟ (ਓਮ ਪ੍ਰਕਾਸ਼ ਸ਼ੇਖੂ)**-ਪੈਨਸ਼ਨਰ ਐਸੋਸੀਏਸ਼ਨ ਪਾਵਰਕਾਮ ਤੇ ਟਰਾਂਸਮਿਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਅਵਿਨਾਸ਼ ਚੰਦਰ, ਸੂਬਾ ਜਨਰਲ ਸਕੱਤਰ ਧਨਵੰਤ ਸਿੰਘ ਭੱਠਲ ਤੇ ਪ੍ਰੈੱਸ ਸਕੱਤਰ ਜੋਗਿੰਦਰ ਸਿੰਘ ਮੱਲਣ ਨੇ ਇੱਕ ਸਾਂਝੇ ਬਿਆਨ ਰਾਹੀਂ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੇਂਦਰ ਸਰਕਾਰ ਦੀ ਤਰ੍ਹਾਂ ਪੰਜਾਬ ਸਰਕਾਰ ਵੀ ਬਿਜਲੀ ਨਿਗਮ ਨੂੰ ਪ੍ਰਾਈਵੇਟ ਹੱਥਾਂ ਵਿੱਚ ਦੇ ਕੇ ਕਾਰਪੋਰੇਟ ਘਰਾਣਿਆਂ ਨੂੰ ਲਾਭ ਦੇਣ ਦੀ ਤਿਆਰੀ ਵਿੱਚ ਹੈ। ਚੰਡੀਗੜ੍ਹ ਬਿਜਲੀ ਨਿਗਮ ਤੇ ਯੂ ਪੀ ਬਿਜਲੀ ਨਿਗਮ ਨੂੰ ਤੋੜ ਕੇ ਪ੍ਰਾਈਵੇਟ ਕੰਪਨੀਆਂ ਦੇ ਹੱਥਾਂ ਵਿੱਚ ਦੇ ਦਿੱਤਾ ਗਿਆ ਹੈ, ਜਿਸ ਦਾ ਖਮਿਆਜ਼ਾ ਉਥੋਂ ਦੇ ਮੁਲਾਜ਼ਮ ਤੇ ਲੋਕ ਭੁਗਤ ਰਹੇ ਹਨ ਅਤੇ ਹੁਣ ਕੇਂਦਰ ਸਰਕਾਰ ਦੇ ਮਗਰ ਲੱਗ ਕੇ ਪੰਜਾਬ ਸਰਕਾਰ ਵੱਲੋਂ ਵੀ ਦੋ ਡਵੀਜ਼ਨਾਂ ਖਰੜ ਤੇ ਲਾਲੜੂ ਨੂੰ ਪ੍ਰਾਈਵੇਟ ਹੱਥਾਂ ਵਿੱਚ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ, ਜਿਸ ਦੀ ਉਪਰੋਕਤ ਆਗੂਆਂ ਨੇ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹੋਏ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਲਾਲੜੂ ਤੇ ਖਰੜ ਦੋਵਾਂ ਡਵੀਜ਼ਨਾਂ ਦਾ ਨਿੱਜੀਕਰਨ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਪੰਜਾਬ ਦੇ ਮੁਲਾਜ਼ਮ ਤੇ ਪੈਨਸ਼ਨਰ ਇਸ ਦਾ ਸਖਤ ਵਿਰੋਧ ਕਰਨਗੇ।ਇੱਕ ਪਾਸੇ ਸਰਕਾਰ ਲਾਈਨਮੈਨਾਂ ਦੀ ਭਰਤੀ ਕਰ ਰਹੀ ਹੈ ਦੂਜੇ ਪਾਸੇ ਬਿਜਲੀ ਨਿਗਮ ਵਿੱਚ ਨਿੱਜੀਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ, ਜਿਸ ਦਾ ਖਰੜਾ ਤਿਆਰ ਕਰ ਲਿਆ ਗਿਆ ਹੈ। ਜਾਣਕਾਰੀ ਅਨੁਸਾਰ ਬਿਜਲੀ ਨਿਗਮ ਲੰਮੇ ਸਮੇਂ ਤੋਂ ਲੋਕਾਂ ਨੂੰ ਸਹੂਲਤਾਂ ਦੇਣ ਲਈ ਕਰਮਚਾਰੀਆਂ ਤੇ ਅਧਿਕਾਰੀਆਂ ਦੀ ਘਾਟ ਮਹਿਸੂਸ ਕਰ ਰਿਹਾ ਹੈ। ਇਹ ਵੀ ਜਾਣਕਾਰੀ ਮਿਲੀ ਹੈ ਕਿ 25 ਹਜ਼ਾਰ ਤੋਂ ਉੱਪਰ ਅਸਾਮੀਆਂ ਖਾਲੀ ਪਈਆਂ ਹਨ।ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੱਤਾ ਤੋਂ ਪਹਿਲਾਂ ਪੱਕੀ ਭਰਤੀ ਮੁਲਾਜ਼ਮਾਂ ਤੇ ਪੈਨਸ਼ਨਰਾਂ, ਕਿਸਾਨਾਂ-ਮਜ਼ਦੂਰਾਂ ਦੀਆਂ ਮੰਗਾਂ ਮੰਨਣ ਦੀ ਤੇ ਲਾਗੂ ਕਰਨ ਦੀ ਗਰੰਟੀ ਦਿੱਤੀ ਸੀ, ਪ੍ਰੰਤੂ ਅੱਜ ਤਿੰਨ ਸਾਲ ਬੀਤ ਜਾਣ 'ਤੇ ਵੱਡੀ ਪੱਧਰ 'ਤੇ ਨਿੱਜੀਕਰਨ ਵਾਲੇ ਪਾਸੇ ਵਧਿਆ ਜਾ ਰਿਹਾ ਹੈ ਤੇ ਖਰੜੇ ਤਿਆਰ ਕੀਤੇ ਜਾ ਰਹੇ ਹਨ।ਉਪਰੋਕਤ ਆਗੂਆਂ ਨੇ ਇਹ ਵੀ ਦੱਸਿਆ ਕਿ ਪੰਜਾਬ ਸਰਕਾਰ ਮੁਲਾਜ਼ਮ ਤੇ ਪੈਨਸ਼ਨਰ ਸਾਂਝੇ ਫਰੰਟ ਨੂੰ 15 ਅਪ੍ਰੈਲ ਦੀ ਮੀਟਿੰਗ ਦੇ ਕੇ ਮੁੱਕਰ ਗਈ ਹੈ, ਜੋ ਕਿ ਪਹਿਲਾਂ ਦੀ ਤਰ੍ਹਾਂ ਪੰਜਾਬ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਧੋਖਾ ਕਰ ਰਹੀ ਹੈ ਤੇ ਉਨ੍ਹਾਂ ਦੀ ਗੱਲ ਨਹੀਂ ਸੁਣੀ ਜਾ ਰਹੀ।ਉਪਰੋਕਤ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਨਿੱਜੀਕਰਨ ਦਾ ਰਾਹ ਤਿਆਗ ਕੇ ਪੱਕੀ ਭਰਤੀ ਕੀਤੀ ਜਾਵੇ, ਮੁਲਾਜ਼ਮ ਤੇ ਪੈਨਸ਼ਨਰ ਸਾਂਝੇ ਫਰੰਟ ਨੂੰ ਮੀਟਿੰਗ ਦਾ ਸਮਾਂ ਦੇ ਕੇ ਮਸਲੇ ਹੱਲ ਕੀਤੇ ਜਾਣ।

ਅਜਿਹਾ ਨਾ ਹੋਣ 'ਤੇ ਮੁਲਾਜ਼ਮ ਤੇ ਪੈਨਸ਼ਨਰ ਨੂੰ ਤਿੱਖੇ ਸੰਘਰਸ਼ ਕਰਨ ਲਈ ਮਜਬੂਰ ਹੋਣਾ ਪਵੇਗਾ, ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵਗੀ।

## ਸਫਾਈ ਸੇਵਕਾਂ ਦੇ ਪ੍ਰਧਾਨ ਦੀ ਸਰਬਸੰਮਤੀ ਨਾਲ ਚੋਣ





**ਦੋਰਾਹਾ (ਹਰਮਿੰਦਰ ਸੇਠ)**-ਨਗਰ ਕੌਂਸਲ ਦੋਰਾਹਾ ਦੇ ਸਫਾਈ ਸੇਵਕਾਂ ਦੀ ਇੱਕ ਅਹਿਮ ਮੀਟਿੰਗ ਹੋਈ, ਜਿਸ ਵਿੱਚ ਨਗਰ ਕੌਂਸਲ ਸਫਾਈ ਸੇਵਕਾਂ ਦੇ ਪ੍ਰਧਾਨ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ। ਇਸ ਮੀਟਿੰਗ ਵਿੱਚ ਦੋਰਾਹਾ ਨਗਰ ਕੌਂਸਲ ਦੇ ਲਗਭਗ 70 ਦੇ ਕਰੀਬ ਸਫਾਈ ਕਰਮਚਾਰੀ ਸ਼ਾਮਲ ਹੋਏ ਅਤੇ ਸਾਰਿਆਂ ਨੇ ਇੱਕ ਸੁਰ ਨਾਲ ਰੌਕੀ ਸਹੋਤਾ ਨੂੰ ਨਗਰ ਪਾਲਿਕਾ ਸਫਾਈ ਸੇਵਕਾਂ ਦਾ ਸਰਬਸੰਮਤੀ ਨਾਲ ਪ੍ਰਧਾਨ ਚੁਣ ਲਿਆ। ਇਹ ਮੀਟਿੰਗ ਟਰੇਨ ਆਗੂ ਸਾਥੀ ਕਰਮ ਸਿੰਘ ਜਟਾਣਾ ਤੇ ਹਰਮਿੰਦਰ ਸਿੰਘ ਸੇਠ ਅਤੇ ਅਨਿਲ ਕੁਮਾਰ ਦੀ ਰਹਿਨੁਨਾਈ ਹੇਠ ਹੋਈ। ਇਸ ਮੀਟਿੰਗ ਵਿੱਚ ਦੀਪਕ ਕੁਮਾਰ, ਮੋਤੀ ਲਾਲ, ਅਸਵਨੀ ਕੁਮਾਰ, ਗੁਰਪ੍ਰੀਤ ਸਿੰਘ, ਮਨੀ, ਪੂਨਮ, ਵਿਜੇ ਕੁਮਾਰੀ, ਬਰਸਾ ਆਦਿ ਹਾਜ਼ਰ ਸਨ।

## ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਲੋੜਵੰਦ ਬੱਚਿਆਂ ਨੂੰ ਵਰਦੀਆਂ ਭੇਟ



**ਨਾਭਾ (ਵਰਿੰਦਰ ਵਰਮਾ)**-ਭਾਰਤ ਵਿਕਾਸ ਪ੍ਰੀਸ਼ਦ ਇਕਾਈ ਨਾਭਾ ਵੱਲੋਂ ਪ੍ਰਧਾਨ ਨਰਿੰਦਰ ਵਰਮਾ ਤੇ ਜਨਰਲ ਸਕੱਤਰ ਵਿਕਾਸ ਮਿੱਤਲ ਦੀ ਅਗਵਾਈ ਹੇਠ ਆਰੀਆ ਸੀਨੀਅਰ ਸੈਕੰਡਰੀ ਸਕੂਲ ਨਾਭਾ ਵਿੱਚ ਲੋੜਵੰਦ ਪਰਵਾਰਾਂ ਦੇ ਬੱਚਿਆਂ ਨੂੰ ਵਰਦੀਆਂ ਵੰਡੀਆਂ ਗਈਆਂ।ਇਸ ਮੌਕੇ ਗੱਲਬਾਤ ਦੌਰਾਨ ਪ੍ਰਧਾਨ ਨਰਿੰਦਰ ਵਰਮਾ ਤੇ ਜਨਰਲ ਸਕੱਤਰ ਵਿਕਾਸ ਮਿੱਤਲ ਨੇ ਕਿਹਾ ਕਿ ਇਹ ਵਰਦੀਆਂ ਸਮਾਜ ਸੇਵੀ ਸ਼ੀਤਲ ਜੈਨ ਜੀ ਦੇ ਸਹਿਯੋਗ ਨਾਲ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਮੁੱਖ ਲੋੜ ਬੱਚਿਆਂ ਨੂੰ ਸਿੱਖਿਆ ਤੇ ਲੋੜਵੰਦ ਪਰਵਾਰਾਂ ਨੂੰ ਮੈਡੀਕਲ ਸਹੂਲਤਾਂ ਦੇਣ ਦੀ ਹੈ।ਸੰਸਥਾਂ ਲਗਾਤਾਰ ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਸਕੂਲਾਂ ਵਿੱਚ ਵੀ ਬੱਚਿਆਂ ਨੂੰ ਸਟੇਸ਼ਨਰੀ ਤੇ ਲੋੜਵੰਦ ਪਰਵਾਰਾਂ ਨੂੰ ਪੜ੍ਹਾਈ ਲਈ ਸਹਾਇਤਾ ਦਿੰਦੀ ਆ ਰਹੀ ਹੈ।ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਸੇਵਾਵਾਂ ਜਾਰੀ ਰਹਿਣਗੀਆਂ।ਉਨ੍ਹਾਂ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਅਜਿਹੇ ਉਪਰਾਲੇ ਸਾਰਿਆਂ ਨੂੰ ਕਰਨੇ ਚਾਹੀਦੇ ਹਨ ਤਾਂ ਕਿ ਲੋੜਵੰਦ ਦੀ ਮਦਦ ਕੀਤੀ ਜਾ ਸਕੇ।ਇਸ ਮੌਕੇ ਆਰੀਆ ਸੀਨੀਅਰ ਸੈਕੰਡਰੀ ਸਕੂਲ ਦੇ ਮੁੱਖ ਅਧਿਆਪਕ ਅਸ਼ਵਨੀ ਮਦਾਨ ਨੇ ਸੰਸਥਾ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਤੇ ਆਸ ਪ੍ਰਗਟਾਈ ਕਿ ਇਸ ਤਰ੍ਹਾਂ ਦੀ ਮਦਦ ਭਾਰਤ ਵਿਕਾਸ ਪ੍ਰੀਸ਼ਦ ਇਕਾਈ ਨਾਭਾ ਹਮੇਸ਼ਾ ਹੀ ਕਰਦਾ ਰਹੇਗਾ।ਇਸ ਮੌਕੇ ਸੰਸਥਾ ਦੇ ਕੈਸ਼ੀਅਰ ਅਸ਼ਵਨੀ ਮਦਾਨ, ਓਮ ਪ੍ਰਕਾਸ਼ ਗਰਗ ਠੇਕੇਦਾਰ, ਲਲਿਤ ਸ਼ਰਮਾ, ਮੈਡਮ ਗੀਤਾ ਸਿੰਗਲਾ, ਵਿਨੋਦ ਕਾਲੜਾ, ਨਵਦੀਪ ਵਰਮਾ, ਹੇਮੰਤ ਧਵਨ, ਸਹਿਯੋਗ ਭਾਰਤੀ, ਸੰਜੇ ਢੀਂਗਰਾ, ਸੰਤ ਸਿੰਗਲਾ, ਵਿਕਾਸ ਚੋਪੜਾ, ਹੀਨਾ ਸਿੰਗਲਾ ਆਦਿ ਤੋਂ ਇਲਾਵਾ ਹੋਰ ਮੈਂਬਰ ਤੇ ਸਕੂਲ ਦਾ ਸਟਾਫ ਹਾਜ਼ਰ ਸੀ।

## ਦੇਸੀ ਪਿਸਤੌਲ ਸਮੇਤ 2 ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਅਮੀਰ ਖਾਸ ਦੀ ਪੁਲਸ ਵੱਲੋਂ 1 ਦੇਸੀ ਪਿਸਤੌਲ ਤੇ 4 ਜ਼ਿੰਦਾ ਰੌਂਦ ਸਮੇਤ 2 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਸਵਰਨ ਸਿੰਘ ਨੇ ਦੱਸਿਆ ਕਿ ਬੀਤੇ ਦਿਨ ਉਹ ਸਮੇਤ ਪੁਲਸ ਪਾਰਟੀ ਦੌਰਾਨ ਗਸ਼ਤ ਦੌਰਾਨ ਟੋਲ ਪਲਾਜਾ ਮਾਹਮੂ ਜੋਈਆ ਦੇ ਕੋਲ ਪੁੱਜੇ ਤਾਂ ਇਥੇ ਟੋਲ ਪਲਾਜਾ ਦੇ ਕਮਰੇ ਵਿੱਚ 2 ਨੌਜਵਾਨ ਸ਼ੱਕੀ ਹਾਲਤ ਵਿੱਚ ਬੈਠੇ ਸੀ, ਜੋ ਪੁਲਸ ਦੀ ਗੱਟੀ ਵੇਖ ਕੇ ਖਿਸਕਣ ਲੱਗੇ, ਪਰ ਪੁਲਸ ਪਾਰਟੀ ਨੇ ਇਨ੍ਹਾਂ ਵਿਅਕਤੀਆਂ ਨੂੰ ਸ਼ੱਕ ਦੇ ਅਧਾਰ 'ਤੇ ਗ੍ਰਿਫਤਾਰ ਕਰਕੇ ਪੁੱਛਗਿੱਛ ਕੀਤੀ ਗਈ ਤਾਂ ਇਨ੍ਹਾਂ ਨੇ ਆਪਣੇ ਨਾਮ ਲਖਵਿੰਦਰ ਸਿੰਘ ਉਰਫ ਰਮਨ ਪੁੱਤਰ ਮਲਕੀਤ ਸਿੰਘ ਵਾਸੀ ਜੋਧਪੁਰ ਥਾਣਾ ਮਮਦੋਟ ਜ਼ਿਲ੍ਹਾ ਫਿਰੋਜ਼ਪੁਰ ਤੇ ਗਗਨਦੀਪ ਸ਼ਰਮਾ ਉਰਫ ਸ਼ੁਭਮ ਪੁੱਤਰ ਮਹਿੰਦਰ ਪਾਲ ਸ਼ਰਮਾ ਵਾਲੀ ਪਿੰਡ ਮੰਨੇਵਾਲਾ ਥਾਣਾ ਸਿਟੀ ਜਲਾਲਾਬਾਦ ਦੱਸਿਆ। ਇਨ੍ਹਾਂ ਵਿਅਕਤੀਆਂ ਦੀ ਕੀਤੀ ਗਈ ਤਲਾਸ਼ੀ ਦੇ ਦੌਰਾਨ ਗਗਨਦੀਪ ਸ਼ਰਮਾ ਦੇ ਕੋਲੋਂ ਦੇਸੀ ਪਿਸਟਲ ਤੇ ਲਖਵਿੰਦਰ ਸਿੰਘ ਦੀ ਜੇਬ ਵਿੱਚੋਂ 4 ਜ਼ਿੰਦਾ ਕਾਰਤੂਸ ਬਰਮਾਦ ਹੋਏ। ਥਾਣਾ ਅਮੀਰ ਖਾਸ ਵਿਖੇ ਲਖਵਿੰਦਰ ਸਿੰਘ ਉਰਫ ਰਮਨ ਤੇ ਗਗਨਦੀਪ ਸ਼ਰਮਾ ਉਰਫ ਸ਼ੁਭਮ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ।

## ਪੀ ਐੱਸ ਯੂ ਦਾ ਸੂਬਾ ਅਜਲਾਸ, ਰਣਵੀਰ ਕੁਰੜ ਪ੍ਰਧਾਨ ਤੇ ਧੀਰਜ ਕੁਮਾਰ ਸਕੱਤਰ ਚੁਣੇ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬੇ ਦਾ ਦੋ ਰੋਜ਼ਾ ਅਜਲਾਸ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਕਰਵਾਇਆ ਗਿਆ। ਅਜਲਾਸ ਦੀ ਸ਼ੁਰੂਆਤ ਪੀਐੱਸਯੂ ਦੇ ਸੂਬਾ ਪ੍ਰਧਾਨ ਰਣਵੀਰ ਸਿੰਘ ਕੁਰੜ ਵੱਲੋਂ ਝੰਡਾ ਲਹਿਰਾਉਣ ਤੇ ਵਿਦਿਆਰਥੀ ਲਹਿਰ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਨਾਲ ਹੋਈ।ਯੂਨੀਅਨ ਦਾ ਸੂਬਾ ਅਜਲਾਸ ਗ਼ਦਰੀ ਗੁਲਾਬ ਕੌਰ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਤ ਕੀਤਾ ਗਿਆ।ਇਸ ਮੌਕੇ ਪੀਐੱਸਯੂ ਦੇ ਸੂਬਾ ਜਨਰਲ ਸਕੱਤਰ ਅਮਨਦੀਪ ਸਿੰਘ ਖਿਉਵਾਲੀ ਵੱਲੋਂ ਯੂਨੀਅਨ ਦੇ ਪਿਛਲੇ ਸਾਲਾਂ ਦੌਰਾਨ ਕੀਤੇ ਸੰਘਰਸ਼ਾਂ ਤੇ ਸਰਗਰਮੀਆਂ ਦੀ ਰੀਵਿਊ ਰੀਪੋਰਟ ਪੇਸ਼ ਕੀਤੀ ਗਈ।ਹਾਜ਼ਰ ਡੈਲੀਗੇਟਸ ਵੱਲੋਂ ਰੀਵਿਊ ਰੀਪੋਰਟ 'ਤੇ ਭਰਵੀਂ ਚਰਚਾ ਤੋਂ ਬਾਅਦ ਰਿਪੋਰਟ ਪਾਸ ਕੀਤੀ ਗਈ।ਆਗੂਆਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਪੀਐੱਸਯੂ ਦਾ ਮਜੂਦਾ ਅਜਲਾਸ ਅਜਿਹੇ ਸਮੇਂ ਹੋ ਰਿਹਾ ਹੈ, ਜਦੋਂ ਪੂਰੀ ਦੁਨੀਆ ਵਿੱਚ ਇੱਕ ਪਾਸੇ ਆਰਥਿਕ ਸੰਕਟ ਗਹਿਰਾ ਹੋਇਆ ਹੈ ਤੇ ਦੂਜੇ ਪਾਸੇ ਸਾਮਰਾਜੀ ਸ਼ਕਤੀਆਂ ਵਿੱਚ ਇਸ ਕਾਰਨ ਖਹਿ ਵੱਧ ਰਹੀ ਹੈ।ਇਹ ਖਹਿ ਵਿਸ਼ਵ ਨੂੰ ਜੰਗ ਦੀ ਭੱਠੀ ਵਿੱਚ ਝੋਕਣ ਵੱਲ ਵਧ ਰਹੀ ਹੈ।ਇਸੇ ਤਰ੍ਹਾਂ ਭਾਰਤ ਵਿੱਚ ਭਾਜਪਾ ਦੀ ਕੇਂਦਰ ਸਰਕਾਰ ਵੀ ਸਾਮਰਾਜੀ ਸ਼ਕਤੀਆਂ ਸਾਹਮਣੇ ਗੋਡੇ ਟੇਕਦੀ ਨਜ਼ਰ ਆ ਰਹੀ ਹੈ।ਕਾਰਪੋਰੇਟ ਘਰਾਣਿਆਂ ਨੂੰ ਵਪਾਰ ਕਰਨ ਦੀਆਂ ਖੁੱਲ੍ਹਾਂ ਦੇ ਰਹੀ ਹੈ ਤੇ ਉਨ੍ਹਾਂ ਦੇ ਕਰਜ਼ੇ ਮੁਆਫ਼ ਕੀਤੇ ਜਾ ਰਹੇ ਹਨ।ਦੂਸਰਾ ਭਾਜਪਾ ਦੇਸ਼ ਅੰਦਰ ਫਿਰਕੂ ਧਰੁਵੀਕਰਨ ਕਰਦੇ ਹੋਇਆਂ ਧਾਰਮਿਕ ਘੱਟ ਗਿਣਤੀਆਂ, ਆਦਿਵਾਸੀਆਂ ਤੇ ਦਲਿਤਾਂ ਉੱਪਰ ਜਬਰ ਢਾਹ ਰਹੀ ਹੈ। ਪ੍ਰੋਗਰਾਮ ਵਿੱਚ ਸਰਬਸੰਮਤੀ ਨਾਲ ਸੂਬਾਈ ਪੈਨਲ ਪਾਸ ਕੀਤਾ ਗਿਆ, ਜਿਸ ਵਿੱਚ ਰਣਬੀਰ ਸਿੰਘ ਕੁਰੜ ਨੂੰ ਮੁੜ ਸੂਬਾ ਪ੍ਰਧਾਨ ਚੁਣਿਆ ਗਿਆ।ਇਸੇ ਤਰ੍ਹਾਂ ਧੀਰਜ ਫ਼ਾਜ਼ਿਲਕਾ ਨੂੰ ਜਨਰਲ ਸਕੱਤਰ, ਅਮਨਦੀਪ ਸਿੰਘ ਖਿਉਵਾਲੀ ਨੂੰ ਕੌਮੀ ਕੁਆਰਡੀਨੇਟਰ, ਅਮਰ ਕ੍ਰਾਂਤੀ ਨੂੰ ਪ੍ਰੈੱਸ ਸਕੱਤਰ, ਬਲਜੀਤ ਧਰਮਕੋਟ ਨੂੰ ਵਿੱਤ ਸਕੱਤਰ ਤੇ ਗੁਰਦਾਸ, ਸੁਖਪ੍ਰੀਤ ਤੇ ਹਰਵੀਰ ਗੰਧੜ ਨੂੰ ਸੂਬਾਈ ਕਮੇਟੀ ਮੈਂਬਰਾਂ ਵਜੋਂ ਚੁਣਿਆ ਗਿਆ।ਇਸ ਅਜਲਾਸ ਵਿੱਚ ਲੰਬਾ ਸਮਾਂ ਜਥੇਬੰਦੀ ਵਿੱਚ ਕੰਮ ਕਰਨ ਵਾਲੇ ਮੰਗਲਜੀਤ ਪੰਡੋਰੀ, ਹਰਦੀਪ ਕੋਟਲਾ, ਗੁਰਸੇਵਕ ਸੇਬੀ ਤੇ ਰਵੀ ਰਸੂਲਪੁਰ ਨੂੰ ਸੂਬਾ ਕਮੇਟੀ ਵਿੱਚੋਂ ਵਿਦਾਇਗੀ ਦਿੰਦਿਆਂ ਸਨਮਾਨਤ ਕੀਤਾ ਗਿਆ।

## ਸੀ ਜੀ ਐੱਮ ਕਾਲਜ ਵਿਖੇ ਮੁਫਤ ਕਾਨੂੰਨੀ ਸਹਾਇਤਾ ਬਾਰੇ ਸੈਮੀਨਰ



**ਮਲੋਟ (ਗੁਰਮੀਤ ਸਿੰਘ ਮੱਕੜ)**-ਸੀ.ਜੀ.ਐੱਮ. ਕਾਲਜ ਮੋਹਲਾਂ ਵਿਖੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸਮਾਜ ਦੇ ਪੱਛੜੇ ਤੇ ਕਮਜ਼ੋਰ ਵਰਗਾਂ ਦੇ ਲੋਕਾਂ ਦੇ ਕਾਨੂੰਨੀ ਹੱਕਾਂ ਦੀ ਰਾਖੀ ਲਈ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਸਬੰਧੀ ਸੈਮੀਨਰ ਕਰਵਾਇਆ ਗਿਆ। ਇਸ ਸੈਮੀਨਾਰ ਵਿੱਚ ਸੈਂਕੜੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਸੈਮੀਨਾਰ ਵਿੱਚ ਐਡਵੋਕੇਟ ਅਨਿਲ ਟੁਟੇਜਾ, ਐਡਵੋਕੇਟ ਸ਼ਮਿੰਦਰ ਗੋਇਲ, ਐਡਵੋਟਕੇਟ ਵਿਨੋਟ ਪੁਰੀ, ਪੀ.ਐੱਲ.ਵੀ. ਪਰਮਪਾਲ ਸਿੰਘ ਤੇ ਮਨਜੀਤ ਸਿੰਘ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਟੀਮ ਵਜੋਂ ਹਾਜ਼ਰ ਹੋਏ। ਸੈਮੀਨਾਰ ਦੀ ਸ਼ੁਰੂਆਤ ਦੌਰਾਨ ਕਾਲਜ ਚੇਅਰਮੈਨ ਸਤਪਾਲ ਮੋਹਲਾਂ ਨੇ ਆਈ ਹੋਈ ਟੀਮ ਨੂੰ ਜੀ ਆਇਆਂ ਕਿਹਾ। ਇਸ ਤੋਂ ਬਾਅਦ ਐਡਵੋਕੇਟ ਅਨਿਲ ਟੁਟੇਜਾ ਤੇ ਆਈ ਹੋਈ ਟੀਮ ਨੇ ਵਿਦਿਆਰਥੀਆਂ ਨੂੰ ਲੋਕ ਅਦਾਲਤਾਂ ਬਾਰੇ, ਲੋਕ ਅਦਾਲਤ ਵਿੱਚ ਕੇਸ ਲਗਾਉਣ ਦੇ ਤਰੀਕੇ, ਲੋਕ ਅਦਾਲਤਾਂ ਦੇ ਲਾਭ, ਧਾਰਾ 357-ਏ.ਸੀ.ਆਰ.ਪੀ.ਸੀ. ਅਧੀਨ ਪੀੜਤ ਮੁਆਵਜ਼ੇ ਬਾਰੇ, ਮੁਆਵਜ਼ੇ ਦੇ ਹੱਕਦਾਰ ਲੋਕਾਂ ਬਾਰੇ, ਸਥਾਈ ਲੋਕ ਅਦਾਲਤਾਂ ਸਬੰਧੀ ਬਾਰੇ ਦੱਸਿਆ। ਉਨ੍ਹਾਂ ਦੱਸਿਆ ਕਿ ਕਾਨੂੰਨੀ ਸੇਵਾਵਾਂ ਅਥਾਰਟੀਜ਼ ਐਕਟ (ਅਮੈਂਡਮੈਂਟ ਐਕਟ) 2002 ਅਨੁਸਾਰ ਜ਼ਿਲ੍ਹਾ ਪੱਧਰ 'ਤੇ ਸਥਾਈ ਲੋਕ ਅਦਾਲਤਾਂ ਦਾ ਗਠਨ ਕੀਤਾ ਗਿਆ ਹੈ, ਜਿਸ ਵਿੱਚ ਮੌਤ, ਬਲਾਤਕਾਰ, ਬੱਚਿਆਂ ਦੇ ਸ਼ੋਸ਼ਣ, ਤੇਜ਼ਾਬੀ ਹਮਲੇ, ਸਥਾਈ ਅਪੰਗਤਾ ਦੇ ਸਬੰਧਤ ਕੇਸਾਂ ਦਾ ਹੱਲ ਕੀਤਾ ਜਾਂਦਾ ਹੈ ਤੇ ਇਨ੍ਹਾਂ ਨੂੰ ਮੁਆਵਜ਼ਾ ਵੀ ਦਿਵਾਇਆ ਜਾਂਦਾ ਹੈ। ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਛੇਤੀ 'ਤੇ ਸਸਤਾ ਨਿਆਂ ਦਿਵਾਉਂਦੀ ਹੈ। ਸੈਮੀਨਾਰ ਵਿੱਚ ਕਾਲਜ ਪ੍ਰਿੰਸੀਪਲ ਡਾ. ਬਲਜੀਤ ਸਿੰਘ ਨੇ ਕਿਹਾ ਕਿ ਇਸ ਸੈਮੀਨਾਰ ਦਾ ਉਦੇਸ਼ ਵਿਦਿਆਰਥੀਆਂ ਨੂੰ ਕਾਨੂੰਨੀ ਸਹਾਇਤਾ ਬਾਰੇ ਜਾਣੂੰ ਕਰਵਾਉਣਾ ਸੀ ਤਾਂ ਜੋ ਦਿਨੋਂ-ਦਿਨ ਵਧ ਰਹੇ ਕ੍ਰਾਇਮ ਨੂੰ ਨੱਥ ਪਾਈ ਜਾ ਸਕੇ। ਇਸ ਸੈਮੀਨਾਰ ਵਿੱਚ ਪ੍ਰੋ. ਨਿਰਮਲ ਕੌਰ, ਪ੍ਰੋ. ਮਨਦੀਪ ਕੌਰ, ਪ੍ਰੋ. ਜਗਮੀਤ ਸਿੰਘ, ਸਰਬਜੀਤ ਕੌਰ ਤੋਂ ਇਲਾਵਾ ਸਮੂਹ ਸੀ.ਜੀ.ਐੱਮ. ਇੰਟਰਨੈਸ਼ਨਲ ਸਕੂਲ ਦਾ ਸਟਾਫ ਹਾਜ਼ਰ ਸੀ।

## ਦੇਸ਼ ਭਗਤ ਗਰੁੱਪ ਦੇ ਨੁਮਾਇੰਦਿਆਂ ਨੂੰ ਕੀਤਾ ਸਨਮਾਨਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਰਾਸ਼ਟਰੀ ਕਾਨਫਰੰਸ 'ਇੰਡੀਅਨ ਫਾਰਮੇਸੀ ਗ੍ਰੈਜੂਏਟ' ਬ੍ਰਾਂਚ ਪੰਜਾਬ ਰਾਜ ਵੱਲੋਂ ਸ੍ਰੀ ਗੁਰੂ ਰਾਮ ਦਾਸ ਗਰੁੱਪ ਆਫ਼ ਕਾਲਜ ਬਠਿੰਡਾ ਰੋਡ ਮਲੋਟ ਵਿਖੇ ਚੇਅਰਮੈਨ ਮਨਪ੍ਰੀਤ ਸਿੰਘ ਮੱਕੜ ਦੀ ਸਰਪ੍ਰਸਤੀ ਅਤੇ ਡਾਕਟਰ ਬਲਜੀਤ ਸਿੰਘ ਖੁਰਾਣਾ ਡਾਇਰੈਕਟਰ ਗੁਰੂ ਰਾਮਦਾਸ ਗਰੁੱਪ ਆਫ਼ ਕਾਲਜਿਜ਼ ਦੀ ਯੋਗ ਅਗਵਾਈ ਵਿੱਚ ਕਰਵਾਈ ਗਈ, ਜਿਸ ਦਾ ਅਗਾਜ਼ ਸ੍ਰੀ ਗੁਰੂ ਰਾਮਦਾਸ ਜੀ ਦੀ ਉਸਤਤ ਵਿੱਚ ਸ਼ਬਦ ਗਾਇਨ 'ਧੰਨ ਧੰਨ ਗੁਰੂ ਰਾਮਦਾਸ ਜਿਨ ਸਿਰਿਆ ਤਿਨੈ ਸਵਾਰਿਆ' ਨਾਲ ਕੀਤਾ ਗਿਆ। ਕਾਨਫਰੰਸ ਵਿੱਚ ਸੁਸ਼ੀਲ ਬਾਂਸਲ ਪ੍ਰਧਾਨ, ਫਰਮੇਸੀ ਕੌਂਸਲ ਪੰਜਾਬ, ਅਨਿਲ ਨਾਸਾ, ਪ੍ਰੈਜ਼ੀਡੈਂਟ ਆਈ ਪੀ ਜੀ ਏ ਪੰਜਾਬ, ਡਾਕਟਰ ਸੁਰੇਸ਼ ਕੁਮਾਰ ਆਈ ਪੀ ਜੀ ਏ, ਪੰਜਾਬ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਕਾਨਫਰੰਸ ਵਿੱਚ ਮਾਤਾ ਜਰਨੈਲ ਕੌਰ ਮੈਮੋਰੀਅਲ ਕਾਲਜ ਆਫ਼ ਫਾਰਮੇਸੀ, ਸ਼੍ਰੀ ਮੁਕਤਸਰ ਸਾਹਿਬ ਦੇ ਵਿਦਿਆਰਥੀਆਂ ਨੇ ਵੱਖ ਵੱਖ ਤਰ੍ਹਾਂ ਦੇ ਵਿਸ਼ਿਆਂ 'ਤੇ ਆਪਣੇ ਆਪਣੇ ਤੌਰ 'ਤੇ ਆਪਣੀ ਕਲਾ ਨੂੰ ਪੇਸ਼ ਕੀਤਾ। ਅਖੀਰ ਵਿੱਚ ਪ੍ਰਬੰਧਕੀ ਕਮੇਟੀ ਵੱਲੋਂ ਮਾਤਾ ਜਰਨੈਲ ਕੌਰ ਮੈਮੋਰੀਅਲ ਕਾਲਜ ਆਫ਼ ਫਰਮੇਸੀ ਸ੍ਰੀ ਮੁਕਤਸਰ ਸਾਹਿਬ ਦੇ ਪ੍ਰਿੰਸੀਪਲ ਮੁਨੀਸ਼ ਜੋਸ਼ੀ, ਸ੍ਰੀ ਸੰਜੀਵ ਜਿੰਦਲ, ਪ੍ਰਿੰਸੀਪਲ ਦੇਸ਼ ਭਗਤ ਗਲੋਬਲ ਸਕੂਲ ਸ੍ਰੀ ਮੁਕਤਸਰ ਸਾਹਿਬ ਤੇ ਦੇਸ਼ ਭਗਤ ਕੈਂਪਸ ਸ੍ਰੀ ਮੁਕਤਸਰ ਸਾਹਿਬ ਦੇ ਸੁਪਰਡੈਂਟ, ਮੇਜਰ ਮਹਿਤਾ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ। ਦੇਸ਼ ਭਗਤ ਕੈਂਪਸ ਸ੍ਰੀ ਮੁਕਤਸਰ ਸਾਹਿਬ ਦੇ ਨੁਮਾਇੰਦਿਆਂ ਨੇ ਆਈਆਂ ਹਸਤੀਆਂ ਦਾ ਧੰਨਵਾਦ ਕੀਤਾ ਤੇ ਉਨ੍ਹਾਂ ਨੂੰ ਆਪਣੇ ਕੈਂਪਸ ਵਿਖੇ ਫੇਰੀ ਪਾਉਣ ਲਈ ਨਿੱਘਾ ਸੱਦਾ ਵੀ ਦਿੱਤਾ। ਸਾਰਿਆਂ ਮਹਿਮਾਨਾਂ ਵੱਲੋਂ ਡਾਕਟਰ ਬਲਜੀਤ ਸਿੰਘ ਖੁਰਾਣਾ ਡਾਇਰੈਕਟਰ ਸ੍ਰੀ ਗੁਰੂ ਰਾਮਦਾਸ ਗਰੁੱਪ ਵੱਲੋਂ ਕੀਤੇ ਗਏ ਪ੍ਰਬੰਧਾਂ ਦੀ ਖੂਬ ਸ਼ਲਾਘਾ ਕੀਤੀ ਗਈ।

# ਕਹਾਣੀਕਾਰ ਐਡਵੋਕੇਟ ਦਲਜੀਤ ਸ਼ਾਹੀ ਨਾਲ ਝਾੜ ਸਾਹਿਬ ਕਾਲਜ 'ਚ ਰੂਬਰੂ





**ਸਮਰਾਲਾ (ਸੁਰਜੀਤ ਸਿੰਘ)**-ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮਨ ਝਾੜ ਸਾਹਿਬ ਦੀ ਪ੍ਰਿੰਸੀਪਲ ਡਾ. ਰਾਜਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਕਾਲਜ ਦੇ ਪੰਜਾਬੀ ਵਿਭਾਗ ਦੀ ਪੋਸਟ ਗ੍ਰੈਜੂਏਟ ਵਿਦਿਆਰਥਣਾਂ ਨੇ ਵਿਭਾਗ ਮੁਖੀ ਡਾ. ਮਹੀਪਇੰਦਰ ਕੌਰ ਤੇ ਪੰਜਾਬੀ ਸਾਹਿਤ ਸਭਾ ਦੀ ਇੰਚਾਰਜ ਪ੍ਰੋ. ਜਸਬੀਰ ਕੌਰ ਦੀ ਅਗਵਾਈ ਵਿੱਚ ਸਮਰਾਲਾ ਦੇ ਪੰਜਾਬੀ ਕਹਾਣੀਕਾਰ ਐਡਵੋਕੇਟ ਦਲਜੀਤ ਸਿੰਘ ਸ਼ਾਹੀ ਨਾਲ ਰੂਬਰੂ ਕਰਵਾਇਆ ਗਿਆ।ਇਸ ਤੋਂ ਪਹਿਲਾਂ ਐਡਵੋਕੇਟ ਦਲਜੀਤ ਸ਼ਾਹੀ ਨੇ ਵਿਦਿਆਰਥਣਾਂ ਨੂੰ ਸਮਰਾਲਾ ਦੇ ਨਾਮੀ ਕਿੰਡਰਗਾਰਟਨ ਸਕੂਲ ਵਿੱਚ ਉਰਦੂ ਦੇ ਮਸ਼ਹੂਰ ਅਫਸਾਨਾ ਨਿਗਾਰ ਸਆਦਤ ਹਸਨ ਮੰਟੋ ਦੇ ਨਾਂ 'ਤੇ ਸਥਾਪਤ ਕੀਤੀ ਲਾਇਬ੍ਰੇਰੀ ਦਿਖਾਈ, ਜਿਸ ਵਿੱਚ ਮੰਟੋ ਦਾ ਸਾਰਾ ਸਾਹਿਤ ਰੱਖਿਆ ਹੋਇਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਐਡਵੋਕੇਟ ਸ਼ਾਹੀ ਨੇ ਦੱਸਿਆ ਕਿ ਸਆਦਤ ਹਸਨ ਮੰਟੋ ਉਰਦੂ ਜ਼ੁਬਾਨ ਦੇ ਵੱਡੇ ਅਫਸਾਨਾ ਨਿਗਾਰ ਹੋਏ ਹਨ, ਜਿਨ੍ਹਾਂ ਨੇ ਪੰਜਾਬੀ ਵਿੱਚ ਵਿਸ਼ਾਲ ਸਾਹਿਤ ਦੀ ਰਚਨਾ ਕੀਤੀ ਹੈ।ਉਨ੍ਹਾਂ ਦੱਸਿਆ ਕਿ ਮੰਟੋ ਨੇ ਆਪਣੀਆਂ ਲਿਖਤਾਂ ਵਿੱਚ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਦੇ ਪਾਜ ਉਧੇੜੇ, ਜਿਸ ਕਾਰਨ ਉਨ੍ਹਾਂ ਨੂੰ ਹਾਕਮ ਜਮਾਤ ਦੀ ਕਰੋਪੀ ਦਾ ਸ਼ਿਕਾਰ ਹੋਣਾ ਪਿਆ।ਇਸ ਮੌਕੇ ਸ਼ਾਹੀ ਨੇ ਵਿਦਿਆਰਥਣਾਂ ਦੇ ਰੂਬਰੂ ਹੁੰਦਿਆਂ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਅੰਦਰ ਕਿਤਾਬੀ ਸਾਹਿਤ ਪੜ੍ਹਨ ਦੀ ਰੁਚੀ ਨਾਂਹ ਦੇ ਬਰਾਬਰ ਰਹਿ ਗਈ ਹੈ, ਕਿਉਂਕਿ ਵਿਦਿਆਰਥੀ ਆਪਣਾ ਬਹੁਤ ਸਮਾਂ ਮੋਬਾਇਲ ਦੀ ਵਰਤੋਂ ਕਰਕੇ ਬਰਬਾਦ ਕਰਦੇ ਹਨ।ਉਨ੍ਹਾਂ ਆਪਣੇ ਸਾਹਿਤਕ ਸਫ਼ਰ ਬਾਰੇ ਗੱਲ ਕਰਦਿਆਂ ਪੰਜਾਬੀ ਕਹਾਣੀ ਕਲਾ ਦੇ ਵੱਖ ਵੱਖ ਪਹਿਲੂਆਂ 'ਤੇ ਚਾਨਣਾ ਪਾਇਆ।ਉਨ੍ਹਾਂ ਕਿਹਾ ਕਿ ਹਰ ਵਿਦਿਆਰਥੀ ਨੂੰ ਆਪਣੀ ਜਵਾਨੀ ਦਾ ਕੀਮਤੀ ਸਮਾਂ ਸੋਸ਼ਲ ਮੀਡੀਆ 'ਤੇ ਬਰਬਾਦ ਕਰਨ ਦੀ ਬਜਾਏ ਸਕਾਰਾਤਮਕ ਸੋਚ ਵਾਲੇ ਪਾਸੇ ਲਗਾਉਣਾ ਚਾਹੀਦਾ ਹੈ।ਹਰ ਵਿਦਿਆਰਥੀ ਨੂੰ ਸਫਲਤਾ ਪ੍ਰਾਪਤ ਕਰਨ ਲਈ ਆਪਣੀ ਜ਼ਿੰਦਗੀ ਦਾ ਟੀਚਾ ਮਿੱਥ ਲੈਣਾ ਚਾਹੀਦਾ ਹੈ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਸ਼ਲਾਘਾ ਕਰਦੇ ਹੋਏ ਕਿਹਾ ਕਿ ਵਿਦਿਆਰਥਣਾਂ ਅੰਦਰ ਆਪਣੀ ਮਾਂ ਬੋਲੀ ਨਾਲ ਜੁੜੇ ਰਹਿਣ ਤੇ ਸਾਹਿਤਕ ਰੁਚੀ ਪੈਦਾ ਕਰਨ ਹਿੱਤ ਅਜਿਹੇ ਪ੍ਰੋਗਰਾਮ ਸਾਹਿਤ ਦੇ ਵਿਦਿਆਰਥੀਆਂ ਲਈ ਲਾਹੇਵੰਦ ਸਾਬਿਤ ਹੁੰਦੇ ਹਨ। ਉਨ੍ਹਾਂ ਦੱਸਿਆ ਕਿ ਕਾਲਜ ਵਿੱਚ ਸੁਖਮਿੰਦਰ ਸਿੰਘ (ਸਕੱਤਰ ਵਿੱਦਿਆ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਸਾਹਿਬ ਦੇ ਅਣਥੱਕ ਯਤਨਾਂ ਨਾਲ ਵਿਦਿਆਰਥਣਾਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੁੜਨ ਲਈ ਵਿਸ਼ੇਸ਼ ਤੌਰ 'ਤੇ ਵਿਰਸਾ ਘਰ ਬਣਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ।

## ਹੋਲੀ ਹਾਰਟ ਸਕੂਲ ਵਿਖੇ ਗੁੱਡ ਫਰਾਈਡੇ ਮਨਾਇਆ



**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਗੁੱਡ ਫਰਾਈਡੇ ਮਨਾਇਆ ਗਿਆ।ਗੁੱਡ ਫਰਾਈਡੇ ਪਿਆਰ, ਕੁਰਬਾਨੀ ਤੇ ਮੁਕਤੀ ਦਾ ਪ੍ਰਤੀਕ ਹੈ।ਇਹ ਦਿਨ ਸਾਨੂੰ ਸਿਖਾਉਂਦਾ ਹੈ ਕਿ ਪ੍ਰਮਾਤਮਾ ਦਾ ਪਿਆਰ ਇੰਨਾ ਮਹਾਨ ਹੈ ਕਿ ਉਹ ਮਨੁੱਖਤਾ ਦੀ ਮੁਕਤੀ ਲਈ ਆਪਣੀ ਜਾਨ ਵੀ ਕੁਰਬਾਨ ਕਰ ਦਿੰਦਾ ਹੈ। ਇਹ ਦਿਨ ਯਿਸੂ ਮਸੀਹ ਦੇ ਬਲੀਦਾਨ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ।ਇਸ ਦਿਨ ਦੁਨੀਆ ਭਰ ਦੇ ਗਿਰਜਾ ਘਰਾਂ ਵਿੱਚ ਵਿਸ਼ੇਸ਼ ਪ੍ਰਾਰਥਨਾ ਸਭਾਵਾਂ ਦਾ ਆਯੋਜਨ ਕੀਤਾ ਜਾਂਦਾ ਹੈ, ਵਰਤ ਰੱਖੇ ਜਾਂਦੇ ਹਨ, ਯਿਸੂ ਮਸੀਹ ਦੇ ਤਸੀਹੇ ਤੇ ਕੁਰਬਾਨੀਆਂ ਨੂੰ ਯਾਦ ਕੀਤਾ ਜਾਂਦਾ ਹੈ।ਇਹ ਦਿਨ ਸਿਰਫ ਇੱਕ ਦੁੱਖਦਾਈ ਘਟਨਾ ਹੀ ਨਹੀਂ ਹੈ, ਸਗੋਂ ਇਸਾਈਆਂ ਲਈ ਉਮੀਦ ਮੁਕਤੀ ਤੇ ਪੁਨਰ ਉਥਾਨ ਦੀ ਸ਼ੁਰੂਆਤ ਵੀ ਹੈ।ਗੁੱਡ ਫਰਾਈਡੇ ਇਸਾਈ ਧਰਮ ਵਿੱਚ ਉਸ ਦਿਨ ਨੂੰ ਦਰਸਾਉਂਦਾ ਹੈ, ਜਦੋਂ ਪ੍ਰਭੂ ਯਿਸੂ ਮਸੀਹ ਨੂੰ ਮਨੁੱਖਤਾ ਦੇ ਪਾਪਾਂ ਲਈ ਸਲੀਬ 'ਤੇ ਚੜ੍ਹਾਇਆ ਸੀ।ਇਹ ਦਿਨ ਯਿਸੂ ਦੇ ਬਲੀਦਾਨ, ਪਿਆਰ ਤੇ ਆਤਮ ਬਲੀਦਾਨ ਦੀ ਯਾਦ ਦਿਵਾਉਂਦਾ ਹੈ।

21 Apr Page-8.qxd 4/20/2025 9:04 PM Page 1



## ਦੀ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਪੰਜਾਬ ਇੰਡੀਆ ਯੂਨਿਟ ਮੇਹਟੀਆਣਾ ਦੀ ਚੋਣ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)** ਦੀ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਰਜਿ. ਪੰਜਾਬ ਇੰਡੀਆ ਦੇ ਯੂਨਿਟ ਦੀ ਇੱਕ ਮੀਟਿੰਗ ਸੂਬਾ ਪ੍ਰਧਾਨ ਪ੍ਰਿੰ.ਬਲਵੀਰ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਸ਼ਰਮਾ ਸਵੀਟ ਸ਼ਾਪ ਮੇਹਟੀਆਣਾ ਵਿਖੇ ਹੋਈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸੂਬਾ ਪ੍ਰਧਾਨ ਪ੍ਰਿੰਸੀਪਲ ਬਲਬੀਰ ਸੈਣੀ ਨੇ ਦੱਸਿਆ ਕਿ ਮੇਹਟੀਆਣਾ ਯੂਨਿਟ ਦੇ ਕੁਝ ਖਾਲੀ ਪਏ ਅਹੁਦਿਆਂ ਨੂੰ ਪੂਰਾ ਕਰਨ ਸੰਬੰਧੀ ਮੀਟਿੰਗ ਰੱਖੀ ਗਈ ਜਿਸ ਵਿੱਚ ਹਰਵਿੰਦਰ ਸਿੰਘ ਭੁੰਗਰਨੀ, ਜੋ ਕਿ ਹੁਸ਼ਿਆਰਪੁਰ ਤੋਂ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤੇ ਗਏ ਸਨ। ਉਨ੍ਹਾਂ ਦੇ ਸਥਾਨ 'ਤੇ ਪੱਤਰਕਾਰ ਜਸਵੀਰ ਸਿੰਘ ਮੁੱਖਲਿਆਣਾ ਨੂੰ ਮੇਹਟੀਆਣਾ ਯੂਨਿਟ ਤੋਂ ਪ੍ਰਧਾਨ ਲਗਾਇਆ ਗਿਆ।ਇਸ ਮੀਟਿੰਗ ਦੌਰਾਨ ਜਨਰਲ ਸਕੱਤਰ ਪਰਮਜੀਤ ਸਿੰਘ, ਜਸਵਿੰਦਰ ਸਿੰਘ ਹੀਰ ਪ੍ਰੈਸ ਸਕੱਤਰ, ਡਾਕਟਰ ਗੋਪੀ ਚੰਦ ਸਹਿ ਜਨਰਲ ਸਕੱਤਰ, ਗੁਰਪਾਲ ਸਿੰਘ ਪਰਮਾਰ ਸਹਾਇਕ ਪ੍ਰੈਸ ਸਕੱਤਰ ਨੂੰ ਸਰਬ ਸੰਮਤੀ ਨਾਲ ਅਹੁਦੇ ਸੰਭਾਲੇ ਗਏ। ਸੂਬਾ ਚੇਅਰਮੈਨ ਜਸਵਿੰਦਰ ਸਿੰਘ ਆਜ਼ਾਦ, ਸੂਬਾ ਪ੍ਰਧਾਨ ਬਲਵੀਰ ਸਿੰਘ ਸੈਣੀ, ਜਨਰਲ ਸਕੱਤਰ ਅਮਰਜੀਤ ਸਿੰਘ, ਵਾਈਸ ਚੇਅਰਮੈਨ ਗੁਰਬਿੰਦਰ ਸਿੰਘ ਪਲਾਹਾ, ਵਧੀਕ ਜਨਰਲ ਸਕੱਤਰ ਕਮ ਖਜ਼ਾਨਚੀ ਤਰਸੇਮ ਦੀਵਾਨਾ ਨੇ ਸਾਂਝੇ ਤੌਰ 'ਤੇ ਨਵੇਂ ਚੁਣੇ ਹੋਏ ਅਹੁਦੇਦਾਰਾਂ ਨੂੰ ਵਧਾਈ ਦਿੰਦੇ ਹੋਏ ਆਸ ਪ੍ਰਗਟਾਈ ਕਿ ਸਾਰੇ ਨਵੇਂ ਚੁਣੇ ਗਏ ਅਹੁਦੇਦਾਰ ਇਮਾਨਦਾਰੀ ਅਤੇ ਵਫਾਦਾਰੀ ਨਾਲ ਆਪਣੇ ਫਰਜ਼ਾਂ ਨੂੰ ਨਿਭਾਉਣਗੇ। ਆਪਣੇ ਸੰਬੋਧਨ ਵਿੱਚ ਸਟੇਟ ਬਾਡੀ ਮੈਂਬਰ ਜਗਤਾਰ ਸਿੰਘ ਭੁੰਗਰਨੀ ਨੇ ਆਖਿਆ ਕਿ ਮੀਡੀਆ ਭਾਰਤ ਦਾ ਚੌਥਾ ਥੰਮ੍ਹ ਹੈ ਅਤੇ ਸਾਨੂੰ ਸਾਰਿਆਂ ਨੂੰ ਇਸ ਥੰਮ੍ਹ ਪ੍ਰਤੀ ਵਫਾਦਾਰ ਰਹਿ ਕੇ ਕੰਮ ਕਰਨ ਦੀ ਲੋੜ ਹੈ। ਮੀਟਿੰਗ ਵਿੱਚ ਪੱਤਰਕਾਰਾਂ ਨੇ ਹਾਈ ਕਮਾਂਡ ਨੂੰ ਆਪਣੀਆਂ ਮੁਸ਼ਕਿਲਾਂ ਤੋਂ ਵੀ ਜਾਣੂ ਕਰਵਾਇਆ। ਇਸ ਦੇ ਸਬੰਧ ਵਿੱਚ ਹਾਈ ਕਮਾਂਡ ਨੇ ਵੀ ਇਹਨਾਂ ਨੂੰ ਜਲਦ ਹੱਲ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਸੂਬਾ ਪ੍ਰਧਾਨ ਪ੍ਰਿੰਸੀਪਲ ਬਲਵੀਰ ਸਿੰਘ ਸੈਣੀ, ਵਧੀਕ ਜਨਰਲ ਸਕੱਤਰ ਤਰਸੇਮ ਦੀਵਾਨਾ, ਸੂਬਾਈ ਚੇਅਰਮੈਨ ਜਸਵਿੰਦਰ ਸਿੰਘ ਆਜ਼ਾਦ, ਵਾਈਸ ਚੇਅਰਮੈਨ ਗੁਰਬਿੰਦਰ ਸਿੰਘ ਪਲਾਹਾ, ਜਨਰਲ ਸਕੱਤਰ ਅਮਰਜੀਤ ਸਿੰਘ ਅਤੇ ਨਵੇਂ ਚੁਣੇ ਹੋਏ ਅਹੁਦੇਦਾਰਾਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ।



## ਦੋ ਕਾਰਾਂ ਦੀ ਟੱਕਰ 'ਚ ਇੱਕ ਔਰਤ ਜ਼ਖਮੀ, ਜਾਨੀ ਨੁਕਸਾਨ ਤੋਂ ਬਚਾਅ

**ਬਲਾਚੌਰ (ਜਸਵਿੰਦਰ ਬੈਂਸ)**- ਸ਼ਹੀਦ ਭਗਤ ਸਿੰਘ ਨਗਰ ਦੀ ਸਬ ਡਵੀਜ਼ਨ ਬਲਾਚੌਰ ਦੇ ਕੰਗਣਾ ਪੁਲ 'ਤੇ ਦੋ ਕਾਰਾਂ ਹਾਦਸਾਗ੍ਰਸਤ ਹੋਣ ਦੀ ਖਬਰ ਪ੍ਰਾਪਤ ਹੋਈ। ਰਾਹਗੀਰਾਂ ਨੇ ਇਸ ਦੀ ਜਾਣਕਾਰੀ ਐਸ ਐਸ ਐਫ ਟੀਮ ਦੇ ਇੰਚਾਰਜ ਕੁਲਦੀਪ ਕੁਮਾਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇੱਕ ਮਰੂਤੀ ਸਵਿਫਟ ਡਿਜ਼ਾਇਰ ਗੱਡੀ ਨੰਬਰ ਪੀ ਬੀ 12 ਏ ਐਚ 2659 ਜਿਸ ਨੂੰ ਜੋਗਿੰਦਰ ਪਾਲ ਪੁੱਤਰ ਦਾਤਾ ਰਾਮ ਵਾਸੀ ਪਿੰਡ ਰੱਤੇਵਾਲ ਚਲਾ ਰਿਹਾ ਸੀ ਜੋ ਕਿ ਬਲਾਚੌਰ ਸਾਈਡ ਤੋਂ ਨਵਾਂਸ਼ਹਿਰ ਨੂੰ ਜਾ ਰਿਹਾ ਸੀ। ਜਦੋਂ ਕੰਗਣਾ ਪੁਲ ਬਲਾਚੌਰ ਵਿਖੇ ਪਹੁੰਚਿਆ ਤਾਂ ਪਿੱਛੋਂ ਆ ਰਹੀ ਹੁੰਡਈ ਵੈਨਿਊ ਗੱਡੀ ਨੰਬਰ ਪੀ ਬੀ 12 ਏ ਜੀ 5553 ਜਿਸ ਨੂੰ ਭਾਰਤ ਭੂਸ਼ਣ ਪੁੱਤਰ ਪਰਮਜੀਤ ਵਾਸੀ ਰੋਪੜ ਚਲਾ ਰਿਹਾ ਸੀ ਕਿ ਅਚਾਨਕ ਸਵਿਫਟ ਡਿਜ਼ਾਇਰ ਕਾਰ ਨਾਲ ਜਾ ਟਕਰਾਇਆ। ਜਿਸ ਦੇ ਫਲਸਰੂਪ ਜਿੱਥੇ ਗੱਡੀਆਂ ਨੁਕਸਾਨੀਆਂ ਗਈਆਂ ਉੱਥੇ ਕ੍ਰਿਸ਼ਨਾ ਦੇਵੀ ਪਤਨੀ ਦਾਤਾ ਰਾਮ ਵਾਸੀ ਪਿੰਡ ਰੱਤੇਵਾਲ ਤਹਿਸੀਲ ਬਲਾਚੌਰ ਦੇ ਗੰਭੀਰ ਸੱਟਾਂ ਲੱਗੀਆਂ। ਜ਼ਖਮੀ ਨੂੰ ਸਥਾਨਕ ਲੋਕਾਂ ਦੀ ਮਦਦ ਨਾਲ ਬਲਾਚੌਰ ਦੇ ਨਿੱਜੀ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ। ਪੁਲਿਸ ਨੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ।



## ਨੂਰਪੁਰ ਜੱਟਾਂ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਦੀ ਧਾਮੀ ਵੱਲੋਂ ਸਖਤ ਨਿੰਦਾ

**ਮੇਹਟੀਆਣਾ (ਜਗਤਾਰ ਭੁੰਗਰਨੀ)**- ਗੜ੍ਹਸ਼ੰਕਰ ਨੇੜੇ ਪਿੰਡ ਨੂਰਪੁਰ ਜੱਟਾਂ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਦੀ ਘਟਨਾ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਨਾਕਾਮੀ ਕਾਰਨ ਗੈਰ ਸਮਾਜਿਕ ਅਨਸਰਾਂ ਦੇ ਹੌਸਲੇ ਵਧੇ ਹੋਏ ਹਨ ਅਤੇ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ। ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਨੂੰ ਜੀਵਨ ਦੀ ਅਗਵਾਈ ਦਿੰਦੇ ਹਨ, ਜਿਨ੍ਹਾਂ ਦੇ ਸਤਿਕਾਰ ਅਤੇ ਮਰਯਾਦਾ ਨੂੰ ਕਾਇਮ ਰੱਖਣਾ ਅਤੇ ਗੁਰੂ ਘਰਾਂ ਦੀ ਚੇਤੰਨ ਹੋ ਕੇ ਸੇਵਾ ਸੰਭਾਲ ਪ੍ਰਬੰਧਕਾਂ ਤੇ ਸੰਗਤਾਂ ਦੀ ਜ਼ੁੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਕੁੱਝ ਗੁਰਦੁਆਰਾ ਕਮੇਟੀਆਂ ਦੀ ਲਾਪਰਵਾਹੀ ਨਾਲ ਅਜਿਹੀਆਂ ਦੁਖਦਾਈ ਘਟਨਾਵਾਂ ਵਾਪਰਦੀਆਂ ਹਨ, ਜਿਸ ਨਾਲ ਸਮੁੱਚੇ ਸਿੱਖ ਜਗਤ ਦੀਆਂ ਭਾਵਨਾਵਾਂ ਨੂੰ ਠੇਸ ਪੁੱਜਦੀ ਹੈ।ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਅੱਜ ਪਿੰਡਾਂ/ ਸ਼ਹਿਰਾਂ ਦੇ ਹਰ ਮਹੱਲੇ ਵਿੱਚ ਕਈ ਗੁਰਦੁਆਰਾ ਸਾਹਿਬ ਬਣੇ ਹਨ, ਪਰੰਤੂ ਸਾਂਭ ਸੰਭਾਲ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਚਾਹੀਦਾ ਤਾਂ ਇਹ ਹੈ ਕਿ ਹਰ ਪਿੰਡ ਵਿੱਚ ਕੇਵਲ ਇੱਕ ਗੁਰਦੁਆਰਾ ਸਾਹਿਬ ਹੋਏ ਅਤੇ ਸਾਰੀ ਸੰਗਤ ਰਲ ਕੇ ਪ੍ਰਬੰਧ ਵਿਚ ਸਹਿਯੋਗੀ ਬਣੇ। ਉਨ੍ਹਾਂ ਕਿਹਾ ਕਿ ਜੇਕਰ ਇੱਕ ਪਿੰਡ ਵਿੱਚ ਇੱਕ ਹੀ ਗੁਰਦੁਆਰਾ ਸਾਹਿਬ ਹੋਵੇਗਾ ਤਾਂ ਸਾਰਾ ਪਿੰਡ ਰਲ ਕੇ ਪ੍ਰਬੰਧ ਨੂੰ ਬੇਹਤਰ ਅਤੇ ਪਹਿਰੇਦਾਰੀ ਲਾਜ਼ਮੀ ਬਣਾ ਸਕਦਾ ਹੈ। ਉਨ੍ਹਾਂ ਸੰਗਤ ਨੂੰ ਗੁਰੂ ਘਰਾਂ ਲਈ ਪਹਿਰੇਦਾਰੀ ਵਾਸਤੇ ਸੁਹਿਰਦ ਪਹੁੰਚ ਅਪਣਾਉਣ ਦੀ ਅਪੀਲ ਕਰਦਿਆਂ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਪਿੰਡਾਂ ਅੰਦਰ ਸੇਵਾ ਭਾਵਨਾ ਵਾਲੇ ਗੁਰਸਿੱਖਾਂ ਦੀਆਂ ਕਮੇਟੀਆਂ ਸਥਾਪਿਤ ਕਰਨ ਦੀ ਪਹਿਲਕਦਮੀ ਕੀਤੀ ਜਾਵੇ ਤਾਂ ਜੋ ਅਜਿਹੀਆਂ ਘਟਨਾਵਾਂ ਦਾ ਦੁੱਖ ਨਾ ਸਹਿਣਾ ਪਵੇ। ਧਾਮੀ ਨੇ ਸਰਕਾਰ ਨੂੰ ਕਿਹਾ ਕਿ ਉਹ ਆਪਣੀ ਡੰਗ ਟਪਾਊ ਨੀਤੀ ਛੱਡ ਕੇ ਧਾਰਮਿਕ ਭਾਵਨਾਵਾਂ ਤਾਰ ਤਾਰ ਕਰਨ ਵਾਲੇ ਲੋਕਾਂ ਦਾ ਪਰਦਾਫਾਸ਼ ਕਰਦੇ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦੇਵੇ।



## ਮਾਰੂਤੀ ਕਾਰ ਤੇ ਮੋਟਰਸਾਈਕਲ ਦੀ ਟੱਕਰ 'ਚ ਇਕ ਜ਼ਖ਼ਮੀ



**ਬਲਾਚੌਰ ( ਜਸਵਿੰਦਰ ਬੈਂਸ)**— ਨੈਸ਼ਨਲ ਹਾਈਵੇ 'ਤੇ ਨੇੜੇ ਕਮਾਲਪੁਰ ਦੇ ਕੱਟ ਕੋਲ ਇਕ ਕਾਰ ਅਤੇ ਮੋਟਰਸਾਈਕਲ ਦੀ ਟੱਕਰ ਹੋ ਗਈ। ਐਸ ਐਸ ਐਫ ਟੀਮ ਦੇ ਇੰਚਾਰਜ ਏ ਐਸ ਆਈ ਕੁਲਵੀਰ ਸਿੰਘ ਨੇ ਦੱਸਿਆ ਕਿ ਇੱਕ ਮਾਰੂਤੀ ਕਾਰ ਨੰਬਰ ਪੀਬੀ 10 ਬੀ ਜੀ 1079 ਜਿਸ ਨੂੰ ਅਸਮਾਨ ਪੁੱਤਰ ਹਲੀਲ ਖਾਨ ਚਲਾ ਰਿਹਾ ਸੀ, ਬਲਾਚੌਰ ਸਾਈਡ ਤੋਂ ਰੋਪੜ ਸਾਈਡ ਜਾ ਰਹੀ ਸੀ ਜਦੋਂ ਇਹ ਕਮਾਲਪੁਰ ਦੇ ਕੱਟ ਕੋਲ ਪਹੁੰਚੀ ਤਾਂ ਕਾਠਗੜ੍ਹ ਸਾਈਡ ਤੋਂ ਸਰਵਿਸ ਰੋਡ 'ਤੇ ਇੱਕ ਮੋਟਰਸਾਈਕਲ ਨੰਬਰ ਪੀ ਬੀ 20 ਸੀ 1657 ਕੱਟ ਤੋਂ ਮੁੜਨ ਲੱਗਾ ਤਾਂ ਕਾਰ ਅਤੇ ਮੋਟਰਸਾਈਕਲ ਦੀ ਟੱਕਰ ਹੋ ਗਈ ਜਿਸ ਵਿੱਚ ਮੋਟਰਸਾਈਕਲ ਚਾਲਕ ਗੰਭੀਰ ਰੂਪ ਵਿੱਚ ਜਖਮੀ ਹੋ ਗਿਆ ਜਿਸ ਨੂੰ ਨੈਸ਼ਨਲ ਹਾਈਵੇ ਅਥਾਰਟੀ ਦੀ ਐਬੂਲੈਂਸ ਰਾਹੀਂ ਇਲਾਜ ਲਈ ਰੋਪੜ ਦੇ ਸਰਕਾਰੀ ਹਸਪਤਾਲ ਵਿਖੇ ਦਾਖਲ ਕਰਵਾਇਆ।

## ਕਣਕ ਦੀ ਫਸਲ ਸੜ ਕੇ ਸਵਾਹ



**ਭਲਾਣ (ਹਰਭਜਨ ਸਿੰਘ)**- ਨੇੜਲੇ ਪਿੰਡ ਭਲਾਣ ਵਿਖੇ ਅਚਾਨਕ ਅੱਗ ਲੱਗਣ ਕਾਰਨ ਕਰੀਬ ਅੱਧੀ ਦਰਜਨ ਕਿਸਾਨਾਂ ਦੀ ਕਈ ਏਕੜ ਕਣਕ ਦੀ ਪੱਕੀ ਹੋਈ ਫਸਲ ਸੜ ਕੇ ਸਵਾਹ ਹੋ ਗਈ।ਪੀੜਤ ਕਿਸਾਨ ਰਣਜੀਤ ਸਿੰਘ, ਮਧੂ ਸੂਦਨ, ਸੰਜੀਵ ਕੁਮਾਰ, ਸ਼ਿਵ ਕੁਮਾਰ ਰਾਣਾ, ਸਾਈਂ ਪ੍ਰਤਾਪ ਆਦਿ ਨੇ ਦਸਿਆ ਕਿ ਦੁਪਿਹਰ ਕਰੀਬ 12 ਸਾਨੂੰ ਪਤਾ ਲੱਗਿਆ ਕਿ ਕਣਕ ਨੂੰ ਸਰਕਾਰੀ ਸਿਵਲ ਹਸਪਤਾਲ ਭਲਾਣ ਵੱਲੋਂ ਅਚਾਨਕ ਲੱਗੀ ਅੱਗ ਨੇ ਸਾਡੀ ਬਿਲਕੁੱਲ ਪੱਕ ਕੇ ਤਿਆਰ ਖੜੀ ਕਣਕ ਨੂੰ ਆਪਣੀ ਚਪੇਟ ਵਿਚ ਲੈ ਲਿਆ। ਉਨ੍ਹਾਂ ਦੱਸਿਆ ਕਿ ਇਸ ਅੱਗ ਦੀ ਲਪੇਟ ਵਿੱਚ ਕਈ ਏਕੜ ਪਾਪੂਲਰ ਦੀ ਫ਼ਸਲ ਵੀ ਆ ਗਈ।

## ਸ਼ਹੀਦ ਭਗਤ ਸਿੰਘ ਪ੍ਰੈੱਸ ਐਂਡ ਵੈੱਲਫੇਅਰ ਕਲੱਬ ਦੀ ਮੀਟਿੰਗ



**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)**— ਸ਼ਹੀਦ ਭਗਤ ਸਿੰਘ ਪ੍ਰੈਸ ਐਂਡ ਵੈਲਫੇਅਰ ਕਲੱਬ ਦੀ ਮੀਟਿੰਗ ਐਕਟਿੰਗ ਪ੍ਰਧਾਨ ਆਸ਼ੂ ਦਿਗਵਾ ਦੀ ਪ੍ਰਧਾਨਗੀ ਵਿੱਚ ਹੋਈ। ਖਜ਼ਾਨਚੀ ਰੋਹਿਤ ਜੈਨ ਨੇ ਦੱਸਿਆ ਕਿ ਕਲੱਬ ਦੇ ਮੌਜੂਦਾ ਪ੍ਰਧਾਨ ਬਲਵੀਰ ਸਿੰਘ ਰੁਬੀ ਵੱਲੋਂ ਵਿਦੇਸ਼ ਯਾਤਰਾ ਦੇ ਜਾਣ ਦੇ ਦੌਰਾਨ ਕਲੱਬ ਦੀ ਜਿੰਮੇਵਾਰੀ ਚੁਣੇ ਗਏ ਨਵੇਂ ਪ੍ਰਧਾਨ ਆਸ਼ੂ ਨੂੰ ਦਿੱਤੀ ਗਈ ਹੈ ਤਾਂ ਜੋ ਕਲੱਬ ਦੇ ਕੰਮ ਪਹਿਲਾਂ ਦੀ ਤਰ੍ਹਾਂ ਹੀ ਚੱਲ ਸਕਣ। ਆਸ਼ੂ ਦਿਗਵਾ ਨੇ ਕਿਹਾ ਕਿ ਹਰ ਇੱਕ ਪ੍ਰਤੀਨਿਧੀ ਨੂੰ ਅਤੇ ਸਹਿਯੋਗੀ ਨੂੰ ਆਪਣੇ ਨਾਲ ਲੈ ਕੇ ਚੱਲਣਗੇ ਅਤੇ ਪੱਤਰਕਾਰਾਂ ਨੂੰ ਆਉਣ ਵਾਲੀਆਂ ਮੁਸ਼ਕਲਾਂ ਦਾ ਹੱਲ ਪਹਿਲ ਦੇ ਆਧਾਰ 'ਤੇ ਕਰਵਾਉਣਗੇ। ਨਵੇਂ ਬਣੇ ਪੱਤਰਕਾਰ ਓਂਕਾਰ ਸਿੰਘ ਰਠੌਰ, ਅਤੇ ਜਤਿੰਦਰ ਕੁਮਾਰ ਬੰਟੀ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ 'ਤੇ ਦੁਕਾਨਦਾਰ ਯੂਨੀਅਨ ਦੇ ਪ੍ਰਧਾਨ ਗੌਰਵ ਗਾਭਾ, ਪ੍ਰੈਸ ਕਲੱਬ ਦੇ ਵਾਈਸ ਪ੍ਰਧਾਨ ਸੰਜੀਵ ਕੁਮਾਰ ਬੋਬੀ, ਮੁੱਖ ਸਲਾਹਕਾਰ ਸੰਦੀਪ ਮਝੂਰ, ਕੁਲਵਿੰਦਰ ਸਿੰਘ ਰਾਹੋ ਐਗਜੈਕਟਿਵ ਮੈਂਬਰ, ਐਗਜੀਕਿਊਟਿਵ ਮੈਂਬਰ ਓਕਾਰ ਸਿੰਘ ਰਠੌਰ, ਐਗਜੀਕਿਊਟਿਵ ਮੈਂਬਰ ਸਰਬਜੀਤ ਸਿੰਘ, ਜਤਿੰਦਰ ਸਿੰਘ ਰਾਹੋਂ, ਅਵਤਾਰ ਸਿੰਘ ਮਹੇ, ਮੀਡੀਆ ਸਲਾਹਕਾਰ ਬਲਵਿੰਦਰ ਸਿੰਘ ਰਾਹੋਂ ਆਦਿ ਹਾਜ਼ਰ ਸਨ।

## ਸਰਬ ਨੌਜਵਾਨ ਸਭਾ ਵੱਲੋਂ ਬਲਵਿੰਦਰ ਸਿੰਘ ਧਾਲੀਵਾਲ ਨਾਲ ਮੀਟਿੰਗ

**ਫਗਵਾੜਾ (ਜਸਵਿੰਦਰ ਢੱਡਾ)** ਸਰਬ ਨੌਜਵਾਨ ਸਭਾ (ਰਜਿ.) ਫਗਵਾੜਾ ਦੀ ਸਮੁੱਚੀ ਟੀਮ ਵੱਲੋਂ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਵਿੱਚ ਸਭਾ ਦੇ ਸਰਪ੍ਰਸਤ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ।ਜਿਸ ਵਿੱਚ ਸਭਾ ਵੱਲੋਂ ਕਰਵਾਏ ਜਾਣ ਵਾਲੇ ਅਗਲੇਰੇ ਪ੍ਰੋਗਰਾਮਾਂ ਤੇ ਸਭਾ ਦੇ ਬਣ ਰਹੇ ਸਰਬ ਸੇਵਾ ਸਦਨ ਜੋ ਕਿ ਬਸੰਤ ਨਗਰ ਵਿਖੇ ਬਣ ਰਿਹਾ ਹੈ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ।ਇਸ ਮੌਕੇ ਹਲਕਾ ਵਿਧਾਇਕ ਵੱਲੋਂ ਵਫ਼ਦ ਨੂੰ ਭਰੋਸਾ ਦਿੱਤਾ ਕਿ ਉਹ ਸਭਾ ਨਾਲ ਹਰ ਤਰ੍ਹਾਂ ਦਾ ਬਣਦਾ ਸਹਿਯੋਗ ਕਰਨਗੇ।ਇਸ ਮੌਕੇ ਰਾਕੇਸ਼ ਕੋਛੜ, ਜਨਰਲ ਸਕੱਤਰ ਡਾ. ਵਿਜੈ ਕੁਮਾਰ, ਉਪ ਪ੍ਰਧਾਨ ਰਾਜ ਕੁਮਾਰ ਕਨੋਜੀਆ, ਉਪ ਪ੍ਰਧਾਨ ਰਵਿੰਦਰ ਸਿੰਘ ਰਾਏ, ਨਰਿੰਦਰ ਸੈਣੀ, ਪਰਮਜੀਤ ਰਾਏ, ਗੁਰਸ਼ਰਨ ਬਾਸੀ, ਮੈਡਮ ਤਨੂ, ਮੈਡਮ ਨਵਜੋਤ ਕੌਰ ਤੇ ਸੈਂਟਰ ਦੀਆਂ ਸਿੱਖਿਆਰਥਣਾਂ ਆਦਿ ਹਾਜ਼ਰ ਸਨ।



## 1 ਮਈ ਨੂੰ ਪੰਜਾਬ ਦੇ ਐਨ ਪੀ ਐਸ ਕਰਮਚਾਰੀ ਕਰਨਗੇ ਦਿੱਲੀ ਕੂਚ

### ● ਪੁਰਾਣੀ ਪੈਨਸ਼ਨ ਬਹਾਲੀ ਦੀ ਕੇਂਦਰ ਸਰਕਾਰ ਤੋਂ ਕੀਤੀ ਮੰਗ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਸੂਬਾ ਕਨਵੀਨਰ ਜਸਵੀਰ ਸਿੰਘ ਤਲਵਾੜਾ, ਜਰਨੈਲ ਸਿੰਘ ਪੱਟੀ, ਅਜੀਤਪਾਲ ਸਿੰਘ ਜਸੋਵਾਲ, ਲਖਵਿੰਦਰ ਸਿੰਘ ਭੌਰ, ਕਰਮਜੀਤ ਸਿੰਘ ਤਾਮਕੋਟ, ਰਣਬੀਰ ਸਿੰਘ ਉੱਪਲ, ਜਸਵਿੰਦਰ ਸਿੰਘ ਜੱਸਾ, ਜਗਸੀਰ ਸਿੰਘ ਸਹੋਤਾ, ਵਰਿੰਦਰ ਵਿੱਕੀ, ਬਿਕਰਮਜੀਤ ਸਿੰਘ ਕੱਦੋਂ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ 1 ਮਈ ਦੀ ਪੁਰਾਣੀ ਪੈਨਸ਼ਨ ਬਹਾਲੀ ਲਈ ਐਨ ਐਮ ਓ ਪੀ ਐਸ ਵਲੋਂ ਜੰਤਰ-ਮੰਤਰ 'ਤੇ ਕੀਤੀ ਜਾ ਰਹੀ ਰਾਸ਼ਟਰ ਵਿਆਪੀ ਰੋਸ ਰੈਲੀ ਵਿੱਚ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਡੱਟਵਾ ਸਮਰਥਨ ਵੀ ਕਰੇਗੀ ਤੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਵੀ ਕਰੇਗੀ।ਉਹਨਾਂ ਕਿਹਾ ਕਿ ਯੂ ਪੀ ਐਸ ਕੇਂਦਰ ਸਰਕਾਰ ਵੱਲੋਂ ਮੁਲਾਜ਼ਮਾਂ ਦੇ ਖੂਨ ਪਸੀਨੇ ਦੀ ਕਮਾਈ ਹੜੱਪਣ ਦੀ ਸਕੀਮ ਹੈ।ਇਸ ਸਕੀਮ ਨਾਲ ਮੁਲਾਜ਼ਮ ਦੀ ਸਮਾਜਿਕ ਸੁਰੱਖਿਆ ਯਕੀਨੀ ਨਹੀਂ ਹੁੰਦੀ ਸਗੋਂ ਉਸ ਦੇ ਪੈਸੇ ਰੱਖ ਕੇ ਉਸ ਦੀ ਜਮ੍ਹਾਂ ਰਕਮ 'ਤੇ ਹੀ ਵਿਆਜ ਨੂੰ ਪੈਨਸ਼ਨ ਦੇ ਰੂਪ ਵਿੱਚ ਪਰੋਸ ਰਹੀ ਹੈ।ਵੱਡਾ ਸਵਾਲ ਇਹ ਹੈ ਕਿ ਜੇਕਰ ਇਹ ਸਕੀਮ ਬਹੁਤ ਵਧੀਆ ਹੈ ਤਾਂ ਵਿਧਾਇਕ ਅਤੇ ਸੰਸਦ ਇਸ ਨੂੰ ਆਪਣੇ 'ਤੇ ਕਿਉਂ ਨਹੀਂ ਲਾਗੂ ਕਰ ਰਹੇ ਇਹ ਸਿਰਫ ਸਰਕਾਰੀ ਕਰਮਚਾਰੀਆਂ ਲਈ ਹੀ ਕਿਉਂ ? ਉਹਨਾਂ ਕਿਹਾ ਕਿ ਯੂ ਪੀ ਐਸ ਦੇ ਮਾਰੂ ਪ੍ਰਭਾਵਾਂ ਨੂੰ ਦੇਖਦਿਆਂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਨੇ ਦੇਸ਼ ਦੇ ਸਾਰੇ ਰਾਜਾਂ ਦੀ ਐਨ ਐਮ ਓ ਪੀ ਐਸ ਦੇ ਬੈਨਰ ਹੇਠ ਹੋਣ ਵਾਲੀ ਰਾਸ਼ਟਰੀ ਪੱਧਰ ਦੀ ਰੈਲੀ ਵਿੱਚ ਭਰਵੀਂ ਸ਼ਮੂਲੀਅਤ ਤੇ ਡੱਟਵੀ ਹਮਾਇਤ ਕਰਨ ਦਾ ਫੈਸਲਾ ਕੀਤਾ ਹੈ। ਇਸ ਲਈ ਇਸ ਰੈਲੀ ਵਿੱਚ ਪੰਜਾਬ ਤੋਂ ਵੱਡੀ ਗਿਣਤੀ ਵਿੱਚ ਐਨਪੀਐਸ ਕਰਮਚਾਰੀ ਸ਼ਾਮਲ ਹੋ ਕੇ ਪੁਰਾਣੀ ਪੈਨਸ਼ਨ ਬਹਾਲੀ ਦੀ ਮੰਗ ਅਤੇ ਯੂਪੀਐਸ ਪੈਨਸ਼ਨ ਵਿਰੁੱਧ ਵਿਰੋਧ ਦਰਜ ਕਰਵਾਉਣਗੇ।ਇਸ ਮੌਕੇ ਤੇ ਵੱਡੀ ਗਿਣਤੀ ਵਿੱਚ ਸੂਬਾ ਕਮੇਟੀ ਦੇ ਮੈਂਬਰ ਹਾਜ਼ਰ ਸਨ।

## ਈਸਟਰ ਦੇ ਸੰਬੰਧ 'ਚ ਕੈਂਡਲ ਮਾਰਚ ਤੇ ਪ੍ਰਾਰਥਨਾ ਸਭਾਵਾਂ

**ਜਲੰਧਰ (ਸ਼ੈਲੀ ਐਲਬਰਟ)** ਪ੍ਰਭੂ ਯਿਸੂ ਮਸੀਹ ਦੇ ਪੁਨਰੁਸਥਾਨ ਦੇ ਦਿਨ ਈਸਟਰ ਦੇ ਪਵਿੱਤਰ ਦਿਹਾੜੇ ਨੂੰ ਲੈ ਕੇ ਐਤਵਾਰ ਨੂੰ ਵੱਖ-ਵੱਖ ਚਰਚਾਂ ਵਿੱਚ ਕੈਂਡਲ ਮਾਰਚ ਅਤੇ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ, ਜਿਸ ਦੇ ਸੰਬੰਧ ਦੇ ਤਹਿਤ ਸੁਰਾਨੁਸੀ ਦੇ ਗੁਡ ਸ਼ੈਫਰਡ ਚਰਚ ਵਿੱਚ ਵੀ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਵੱਡੀ ਗਿਣਤੀ ਵਿੱਚ ਮਸੀਹੀ ਭਾਈਚਾਰੇ ਦੇ ਲੋਕ ਮੋਮਬੱਤੀ ਜਲਾ ਕੇ ਸ਼ਾਮਲ ਹੋਏ।ਇਸ ਮੌਕੇ ਚਰਚ ਦੀ ਵੂਮੇਨ ਫੇਲੋਸ਼ਿਪ ਦੀ ਪ੍ਰਧਾਨ ਪੂਨਮ ਭੱਟੀ ਨੇ ਈਸਟਰ ਦੇ ਪਵਿੱਤਰ ਦਿਹਾੜੇ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਪਵਿੱਤਰ ਦਿਨ 'ਤੇ ਪ੍ਰਭੂ ਮਸੀਹ ਨੇ ਮੌਤ 'ਤੇ ਫ਼ਤਾਹ ਪਾ ਕੇ 40 ਦਿਨ ਧਰਤੀ 'ਤੇ ਬਹੁਤ ਸਾਰੇ ਲੋਕਾਂ ਨੂੰ ਦਿਖਾਈ ਵੀ ਦਿੱਤੇ। ਮੌਤ ਅਤੇ ਪੁਨਰੁਤਥਾਨ ਸਾਨੂੰ ਯਾਦ ਦਿਵਾਉਂਦਾ ਹੈ ਕਿ ਸਾਡੀ ਪੂਰੀ ਦੁਨੀਆ 'ਚ ਕੁਝ ਵੀ ਹੋ ਰਿਹਾ ਹੈ, ਪਰ ਪਰਮਾਤਮਾ ਦੀ ਯੋਜਨਾ ਹੀ ਸਫਲ ਹੋਵੇਗੀ। ਇਸ ਮੌਕੇ ਦੇ ਸਬੰਧਤ ਨਾਟਕ ਦਾ ਵੀ ਮੰਚਨ ਕੀਤਾ ਗਿਆ, ਅਤੇ ਭਜਨ ਮੰਡਲੀਆਂ ਨੇ ਮਸੀਹ ਦੇ ਭਜਨ ਪੇਸ਼ ਕਰ ਕੇ ਪ੍ਰਭੂ ਮਸੀਹ ਦੀ ਮਹਿਮਾ ਕੀਤੀ ਗਈ।ਇਸ ਮੌਕੇ ਚਰਚ ਪਾਸਟਰ ਅਨੀਕੇਤ ਅਤੇ ਵੂਮੇਨ ਫੈਲੋਸ਼ਿਪ ਦੀ ਸਾਰੇ ਮੈਂਬਰ ਅਤੇ ਸਮੂਹ ਕਲੀਸੀਆ ਹਾਜ਼ਰ ਸਨ।



## ਸਿੱਖਿਆ ਦੇ ਖੇਤਰ 'ਚ ਕ੍ਰਾਂਤੀਕਾਰੀ ਬਦਲਾਅ ਦਾ ਪ੍ਰਤੀਕ ਬਣੀ 'ਪੰਜਾਬ ਸਿੱਖਿਆ ਕ੍ਰਾਂਤੀ' : ਡਾ. ਰਵਜੋਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਰਾਜ ਦੀ ਸਿੱਖਿਆ ਵਿਵਸਥਾ ਵਿਚ ਕ੍ਰਾਂਤੀਕਾਰੀ ਬਦਲਾਅ ਲਿਆਉਣ ਦੇ ਉਦੇਸ਼ ਨਾਲ ਰਾਜ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ 'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਤਹਿਤ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਵੱਲੋਂ ਅੱਜ ਵਿਧਾਨ ਸਭਾ ਹਲਕਾ ਸ਼ਾਮਚੁਰਾਸੀ ਦੇ 4 ਸਕੂਲਾਂ ਵਿਚ 37.65 ਲੱਖ ਰੁਪਏ ਦੀ ਲਾਗਤ ਨਾਲ ਵਿਕਾਸ ਪ੍ਰੋਜੈਕਟ ਸਮਰਪਿਤ ਕੀਤੇ ਗਏ।ਸਥਾਨਕ ਸਰਕਾਰਾਂ ਮੰਤਰੀ ਨੇ ਅੱਜ ਸਰਕਾਰੀ ਹਾਈ ਸਕੂਲ ਮੇਘੋਵਾਲ ਗੰਜੀਆਂ ਵਿਚ 9.36 ਲੱਖ ਦੀ ਲਾਗਤ ਨਾਲ ਕਲਾਸ ਰੂਮ ਅਤੇ ਚਾਰਦੀਵਾਰੀ, ਸਰਕਾਰੀ ਐਲੀਮੈਂਟਰੀ ਸਕੂਲ ਰਾਜੋਵਾਲ ਵਿਚ 7.51 ਲੱਖ ਰੁਪਏ ਦੀ ਲਾਗਤ ਨਾਲ ਬਣੇ ਕਲਾਸ ਰੂਮ, ਸਰਕਾਰੀ ਐਲੀਮੈਂਟਰੀ ਸਕੂਲ ਬਡੋਵਾਲ ਵਿਚ 9.18 ਲੱਖ ਰੁਪਏ ਦੀ ਲਾਗਤ ਨਾਲ ਬਣੀ ਚਾਰਦੀਵਾਰੀ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਰਾਮਨਗਰ ਢੇਹਾ ਵਿਚ 11.60 ਲੱਖ ਰੁਪਏ ਦੀ ਲਾਗਤ ਨਾਲ ਬਣੀ ਚਾਰਦੀਵਾਰੀ ਅਤੇ ਸਪੋਰਟਸ ਟਰੈਕ ਦਾ ਉਦਘਾਟਨ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਪਹਿਲਕਦਮੀ ਕਾਰਨ ਅੱਜ ਜਿਥੇ ਸਰਕਾਰੀ ਸਕੂਲਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਵਧੀ ਹੈ, ਉਥੇ ਸਰਕਾਰੀ ਸਕੂਲਾਂ ਵਿਚ ਨਿੱਜੀ ਸਕੂਲਾਂ ਦੇ ਬਰਾਬਰ ਸੁਵਿਧਾਵਾਂ ਵੀ ਉਪਲਬੱਧ ਕਰਵਾਈਆਂ ਜਾ ਰਹੀਆਂ ਹਨ।ਡਾ. ਰਵਜੋਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸਰਕਾਰੀ ਸਕੂਲਾਂ ਵਿਚ ਸਿੱਖਿਆ ਦੇ ਮਿਆਰ ਨੂੰ ਉਚਾ ਚੁੱਕਣ ਲਈ ਸਕੂਲ ਆਫ਼ ਐਮੀਨੈਂਸ ਦੀ ਸਥਾਪਨਾ, ਅਧਿਆਪਕਾਂ ਨੂੰ ਸਿਖਲਾਈ ਲਈ ਵਿਦੇਸ਼ ਭੇਜਣਾ, ਬੱਸ ਸੇਵਾ ਸ਼ੁਰੂ ਕਰਨਾ, ਕੈਂਪਸ ਮੈਨੇਜਰ ਅਤੇ ਸੁਰੱਖਿਆ ਗਾਰਡ ਨਿਯੁਕਤ ਕਰਨਾ ਅਤੇ ਡਿਜੀਟਲ ਰਾਹੀਂ ਸਿੱਖਿਆ ਪ੍ਰਦਾਨ ਕਰਨ ਦੀ ਪਹਿਲਕਦਮੀ ਕੀਤੀ ਹੈ। ਇਸ ਮੌਕੇ ਕੈਬਨਿਟ ਮੰਤਰੀ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਪੜ੍ਹਾਉਣ ਅਤੇ ਇਥੇ ਦਿੱਤੀਆਂ ਜਾ ਰਹੀਆਂ ਸੁਵਿਧਾਵਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ। ਇਸ ਮੌਕੇ ਸਕੂਲੀ ਬੱਚਿਆਂ ਨੇ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ।ਇਸ ਮੌਕੇ ਰਵਿੰਦਰ ਕੌਰ, ਅਮਰਜੀਤ ਵਿਰਦੀ, ਡਾ.ਜਰਨੈਲ ਸਿੰਘ, ਮਨਜੀਤ ਸਿੰਘ ਜੰਡਾ, ਪ੍ਰਿੰਸੀਪਲ ਧਰਮਿੰਦਰ ਸਿੰਘ, ਸਰਪੰਚ ਜਸਵਿੰਦਰ ਕੌਰ, ਜਗਰੂਪ, ਮਨਿੰਦਰ ਸਿੰਘ, ਸੰਜੀਵ ਕੁਮਾਰ, ਜਗਤਾਰ ਸਿੰਘ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।



## ਸਰਕਾਰ ਨੇ ਗਊਸ਼ਾਲਾਵਾਂ ਦਾ ਬਜਟ 500 ਕਰੋੜ ਕੀਤਾ : ਡਾ. ਅਰਵਿੰਦ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਸਹਿਕਾਰਤਾ, ਜੇਲ੍ਹ ਅਤੇ ਸੈਰ-ਸਪਾਟਾ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਕਿਹਾ ਕਿ ਸੂਬੇ ਵਿੱਚ ਕਿਸੇ ਸਮੇਂ ਵਿੱਚ ਗਾਂਸ਼ਾਲਾਵਾਂ ਲਈ ਸਿਰਫ ਦੋ ਕਰੋੜ ਰੁਪਏ ਦਾ ਹੀ ਬਜਟ ਸੀ, ਪਰ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਮੌਜੂਦਾ ਸਰਕਾਰ ਨੇ ਇਸ ਬਜਟ ਨੂੰ ਵਧਾ ਕੇ 500 ਕਰੋੜ ਰੁਪਏ ਕਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਪਿੰਡਾਂ ਦੀ ਸੁਰੱਖਿਆ ਲਈ ਸਰਕਾਰ ਪੂਰੀ ਤਰ੍ਹਾ ਪ੍ਰਤੀਬੱਧ ਹੈ।ਡਾ. ਅਰਵਿੰਦ ਸ਼ਰਮਾ ਨੇ ਐਤਵਾਰ ਨੂੰ ਜ਼ਿਲ੍ਹਾ ਰੋਹਤਕ ਦੇ ਪਿੰਡ ਪਹਿਰਾਵਰ ਵਿੱਚ ਪ੍ਰਬੰਧਿਤ ਗਾਂਸ਼ਾਲਾ ਨੰਦਿਨੀ ਧਾਮ ਦੇ 36ਵੇਂ ਸਥਾਪਨਾ ਦਿਵਸ ਅਤੇ ਸਨਮਾਨ ਸਮਾਰੋਹ ਵਿੱਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਸਾਡੀ ਜਨਨੀ ਮਾਂ ਦਾ ਤਰ੍ਹਾ ਗਾਂ ਮਾਤਾ ਦੀ ਵੀ ਸੇਵਾ ਕਰਨੀ ਚਾਹੀਦੀ ਹੈ। ਗਾਂ ਵਿੱਚ 33 ਕਰੋੜ ਦੇਵੀ-ਦੇਵਤਾਵਾਂ ਦਾ ਵਾਸ ਮੰਨਿਆ ਜਾਂਦਾ ਹੈ ਅਤੇ ਗਾਂ ਮਾਤਾ, ਮਾਤਰਤਵ ਅਤੇ ਖੁਸ਼ਹਾਲੀ ਦਾ ਪ੍ਰਤੀਕ ਹੈ।

## ਜਲਬੇ 'ਚ ਦਸਵੰਧ ਗਰੀਬਾਂ ਲਈ ਐਨ ਜੀ ਓ ਨੇ ਬੱਚਿਆਂ ਨੂੰ ਸਟੇਸ਼ਨਰੀ ਵੰਡੀ



**ਆਦਮਪੁਰ (ਪਰਮਜੀਤ ਸਿੰਘ)**- ਬੀਤੇ ਕੱਲ੍ਹ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਪ੍ਰਿੰਸੀਪਲ ਮੈਡਮ ਵਿਜੇ ਲਕਸ਼ਮੀ ਅਤੇ ਸਮੂਹ ਸਕੂਲ ਸਟਾਫ ਮੈਂਬਰ ਸਹਿਬਾਨ, ਵਿਦਿਆਰਥੀਆਂ, ਇਲਾਕੇ ਦੀਆਂ ਨਗਰ ਪੰਚਾਇਤਾਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਦੇ ਵੱਡੇ ਸਹਿਯੋਗ ਨਾਲ ਨਵੇਂ ਦੋ ਕਮਰਿਆਂ ਦਾ ਉਦਘਾਟਨੀ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਬਤੌਰ ਮੁੱਖ ਮਹਿਮਾਨ ਵਜੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਜੀਤ ਲਾਲ ਭੱਟੀ ਆਪਣੇ ਸਮੂਹ ਸਾਥੀਆਂ ਅਤੇ ਆਪ ਵਰਕਰਾਂ ਨਾਲ ਪੁੱਜੇ। ਇਸ ਮੌਕੇ ਉਚੇਚੇ ਤੌਰ 'ਤੇ ਯੁਵਾ ਸਰਪੰਚ ਅਤੇ ਇਸੇ ਸਕੂਲ ਦੇ ਵਿਦਿਆਰਥੀ ਰਹਿ ਚੁੱਕੇ ਸਰਪੰਚ ਸੁਖਜੀਤ ਸਿੰਘ ਸੁੱਖੀ ਦਾਊਦਪੁਰੀਆ ਦੀ ਚੰਗੀ ਸੋਚ ਸਦਕਾ ਹੀ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਦੀ ਸ਼ਾਨ ਦਸਵੰਧ ਗਰੀਬਾਂ ਲਈ ਰਜਿ. ਐਨ ਜੀ ਓ ਪੰਜਾਬ ਦੇ ਸਹਿਯੋਗ ਸਦਕਾ ਸਕੂਲ ਦੇ ਸਾਰੇ ਬੱਚਿਆਂ ਨੂੰ ਵਿਦਿਅਕ ਸਟੇਸ਼ਨਰੀ ਦਾ ਸਮਾਨ ਪ੍ਰਿੰਸੀਪਲ ਵਿਜੇ ਲਕਸ਼ਮੀ ਅਤੇ ਸਮੂਹ ਟੀਚਰ ਸਹਿਬਾਨ ਅਤੇ ਮਾਪਿਆਂ ਦੀ ਹਾਜ਼ਰੀ ਵਿੱਚ ਵੰਡਿਆ ਗਿਆ। ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਨ ਜੀ ਓ ਦੇ ਮੁੱਖ ਸੇਵਾਦਾਰ ਭਾਈ ਸੁਖਜੀਤ ਸਿੰਘ ਮਿਨਹਾਸ ਅਤੇ ਯੁਵਾ ਸਰਪੰਚ ਸੁੱਖੀ ਦਾਊਦਪੁਰੀਆ ਨੇ ਕਿਹਾ ਕਿ ਸਾਡਾ ਰੋਮ ਰੋਮ ਹਮੇਸ਼ਾ ਹੀ ਉਨ੍ਹਾਂ ਰੱਬ ਰੂਪੀ ਐਨ ਆਰ ਆਈ ਵੀਰਾਂ ਭੈਣਾਂ ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਹੈ ਜੋ ਹਮੇਸ਼ਾ ਹੀ ਸਾਡੇ 'ਤੇ ਅਥਾਹ ਭਰੋਸਾ ਅਤੇ ਵਿਸ਼ਵਾਸ ਕਰਕੇ ਵਿਸ਼ੇਸ਼ ਕਰਕੇ ਦਸਵੰਧ ਗਰੀਬਾਂ ਲਈ ਐਨ ਜੀ ਓ ਪੰਜਾਬ ਨੂੰ ਭੇਜ ਕਰਕੇ ਇਹੋ ਜਿਹੇ ਨੇਕ ਕਾਰਜ ਕਰਵਾ ਰਹੇ ਹਨ।

## ਸੂਬੇ ਨੂੰ ਸਿੱਖਿਆ ਦੇ ਖੇਤਰ 'ਚ ਬੁਲੰਦੀਆਂ 'ਤੇ ਪਹੁੰਚਾਉਣ ਲਈ ਜੀਅ-ਤੋੜ ਯਤਨ ਜਾਰੀ : ਡਾ. ਸੁੱਖੀ

**ਬੰਗਾ (ਅਵਤਾਰ ਕਲੇਰ)** ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਸਿੱਖਿਆ ਦੇ ਖੇਤਰ ਵਿਚ ਬੁਲੰਦੀਆਂ 'ਤੇ ਪਹੁੰਚਾਉਣ ਲਈ ਜੀਅ ਤੋੜ ਯਤਨ ਜਾਰੀ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੰਜਾਬ ਕੰਟੇਨਰ ਅਤੇ ਵੇਅਰਹਾਊਸ ਕਾਰਪੋਰੇਸ਼ਨ ਦੇ ਚੇਅਰਮੈਨ ਅਤੇ ਵਿਧਾਇਕ ਬੰਗਾ ਡਾ. ਸੁਖਵਿੰਦਰ ਕੁਮਾਰ ਸੁੱਖੀ ਵੱਲੋਂ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਹਲਕਾ ਬੰਗਾ ਦੇ ਪਿੰਡ ਖਟਕੜ ਖੁਰਦ, ਸੋਤਰਾ, ਢੱਕ ਕਲਾਲ, ਪੂਨੀਆਂ, ਭਰੋਮਜਾਰਾ ਅਤੇ ਬੰਗਾ ਦੇ ਸਰਕਾਰੀ ਸਕੂਲਾਂ ਵਿਚ ਬੁਨਿਆਦੀ ਢਾਂਚੇ ਦੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦੇ ਉਦਘਾਟਨ ਕਰਨ ਮੌਕੇ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬੁਨਿਆਦੀ ਢਾਂਚੇ ਦੇ ਨਾਲ-ਨਾਲ ਬਿਨਾਂ ਕਿਸੇ ਸਿਫ਼ਾਰਸ਼ ਜਾਂ ਰਿਸ਼ਵਤ ਤੋਂ ਅਧਿਆਪਕਾਂ ਦੀ ਪੱਕੀ ਭਰਤੀ ਕਰਨੀ ਯਕੀਨੀ ਬਣਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੇ ਯਤਨਾਂ ਸਦਕਾ ਹੀ ਅੱਜ ਦੇ ਸਰਕਾਰੀ ਸਕੂਲਾਂ ਵਿਚ ਪ੍ਰਾਈਵੇਟ ਸਕੂਲਾਂ ਦੇ ਮੁਕਾਬਲੇ ਵਧੀਆ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।ਇਸ ਮੌਕੇ ਸਕੂਲਾਂ ਦੇ ਵਿਦਿਆਰਥੀਆਂ ਅਤੇ ਸਟਾਫ ਤੋਂ ਇਲਾਵਾ ਪਿੰਡਾਂ ਦੀਆਂ ਪੰਚਾਇਤਾਂ ਦੇ ਨੁਮਾਇੰਦੇ ਤੇ ਹੋਰ ਪਤਵੰਤੇ ਵੱਡੀ ਗਿਣਤੀ ਵਿਚ ਹਾਜ਼ਰ ਸਨ।



## ਘਰ ਮੂਹਰੇ ਖੜ੍ਹਾ ਟਰੈਕਟਰ ਚੋਰੀ

**ਫਿਲੌਰ (ਨਿਰਮਲ)** ਥਾਣਾ ਫਿਲੌਰ ਦੀ ਪੁਲਸ ਚੌਕੀ ਲਸਾੜਾ ਅਧੀਨ ਪੈਂਦੇ ਪਿੰਡ ਸੈਡੋ ਵਿਖੇ ਇੱਕ ਕਿਸਾਨ ਦਾ ਘਰ ਮੂਹਰੇ ਖੜ੍ਹਾ ਮਹਿੰਦਰਾ ਟਰੈਕਟਰ 275 ਚੋਰੀ ਹੋ ਗਿਆ ਇਸ ਸੰਬੰਧ ਵਿੱਚ ਟਰੈਕਟਰ ਦੇ ਮਾਲਿਕ ਕਿਸਾਨ ਦਾਰਾ ਰਾਮ ਨੇ ਦੱਸਿਆ ਕਿ ਉਸ ਨੇ ਰਾਤ ਵੇਲੇ ਘਰ ਮੂਹਰੇ ਰੋਜ਼ ਵਾਂਗ ਆਪਣਾ ਮਹਿੰਦਰਾ ਟਰੈਕਟਰ ਖੜ੍ਹਾ ਕੀਤਾ ਸੀ ਜਦੋਂ ਸਵੇਰ ਹੋਣ 'ਤੇ ਦੇਖਿਆ ਤਾਂ ਟਰੈਕਟਰ ਗਾਇਬ ਸੀ ਬਹੁਤ ਭੱਜ ਦੌੜ ਕੀਤੀ ਪਰ ਟਰੈਕਟਰ ਨਹੀਂ ਮਿਲਿਆ ਟਰੈਕਟਰ ਪਿੱਛੇ ਹਲ ਵੀ ਸਨ ਚੋਰ ਹਲ ਛੱਡ ਗਏ ਟਰੈਕਟਰ ਲੈ ਗਏ ਇਸ ਸੰਬੰਧ ਵਿੱਚ ਪੁਲਸ ਚੌਕੀ ਲਸਾੜਾ (ਫਿਲੌਰ) ਵਿਖੇ ਇਤਲਾਹ ਦਿੱਤੀ ਪੁਲਸ ਨੇ ਮੌਕਾ ਦੇਖਿਆ ਤੇ ਕਿਹਾ ਕਿ ਅਸੀਂ ਭਾਲ ਕਰਦੇ ਹਾਂ ਤੁਸੀਂ ਵੀ ਭਾਲ ਕਰੋ।

## ਜਲੰਧਰ ਹਾਈਟਸ 2 'ਚ ਆਧੁਨਿਕ ਸਰੀਰਕ ਤੰਦਰੁਸਤੀ ਕੇਂਦਰ ਖੋਲ੍ਹਿਆ

**ਜਲੰਧਰ (ਰਾਜੇਸ਼ ਥਾਪਾ)**- ਏ ਜੀ ਆਈ ਸਪੋਰਟਸ ਇੰਸਟੀਚਿਊਟ ਆਫ਼ ਇੰਡੀਆ (ਰਜਿਸਟਰਡ) ਖੇਤਰ ਦੀ ਇੱਕ ਚੋਟੀ ਦੀ ਰੀਅਲ ਅਸਟੇਟ ਅਤੇ ਨਿਰਮਾਣ ਕੰਪਨੀ, ਏ ਜੀ ਆਈ ਇੰਫਰਾ ਲਿਮਟਿਡ ਦੀ ਸਹਾਇਕ ਕੰਪਨੀ, ਆਪਣੇ ਰਿਹਾਇਸ਼ੀ ਪ੍ਰੋਜੈਕਟਾਂ ਵਿੱਚ ਖੇਡ ਸੱਭਿਆਚਾਰ ਨੂੰ ਵਿਕਸਤ ਕਰਨ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੇ ਪ੍ਰੋਜੈਕਟਾਂ ਵਿੱਚ ਖੇਡ ਬੁਨਿਆਦੀ ਢਾਂਚਾ ਵਿਕਸਤ ਕਰਨ ਲਈ ਵਧੀਆ ਪਹਿਲ ਕਰ ਰਹੀ ਹੈ।ਸੁਮਿਤ ਸ਼ਰਮਾ ਅਤੇ ਵਿਕਰਮ ਧੀਮਾਨ ਦੀ ਅਗਵਾਈ ਹੇਠ ਰਿਹਾਇਸ਼ੀ ਪ੍ਰੋਜੈਕਟ ਜਲੰਧਰ ਹਾਈਟਸ 2 ਵਿੱਚ ਇੱਕ ਆਧੁਨਿਕ ਜਿਮ ਦਾ ਉਦਘਾਟਨ ਕਰਦੇ ਹੋਏ ਸੁਖਦੇਵ ਸਿੰਘ, ਏ ਜੀ ਆਈ ਇੰਫਰਾ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਸੁਖਦੇਵ ਸਿੰਘ ਨੇ ਸਰੀਰਕ ਤੰਦਰੁਸਤੀ ਦੀਆਂ ਆਧੁਨਿਕ ਤਕਨੀਕਾਂ ਅਤੇ ਉਪਕਰਣਾਂ ਨੂੰ ਜਾਣਨ ਵਿੱਚ ਬਹੁਤ ਦਿਲਚਸਪੀ ਦਿਖਾਈ।ਮੈਗਨਮ ਦੇ ਨਾਮ ਹੇਠ ਜਿਮ ਸਥਾਪਤ ਕਰਨ ਵਾਲੇ ਸੁਮਿਤ ਸ਼ਰਮਾ ਅਤੇ ਵਿਕਰਮ ਧੀਮਾਨ ਨੇ ਦੱਸਿਆ ਕਿ ਜਿਮ ਵਿੱਚ ਹਰ ਉਮਰ ਸਮੂਹ ਦੀ ਵਰਤੋਂ ਲਈ ਸਭ ਤੋਂ ਆਧੁਨਿਕ ਉਪਕਰਣ ਲਗਾਏ ਗਏ ਹਨ।ਸਰੀਰਕ ਤੰਦਰੁਸਤੀ ਬਾਰੇ ਗੱਲ ਕਰਦੇ ਹੋਏ ਸੁਖਦੇਵ ਸਿੰਘ ਨੇ ਕਿਹਾ ਕਿ ਇੱਕ ਵੱਡੀ ਰਿਹਾਇਸ਼ੀ ਸੁਸਾਇਟੀ ਦੇ ਦਰਵਾਜ਼ੇ 'ਤੇ ਅਜਿਹਾ ਆਧੁਨਿਕ ਖੇਡ ਬੁਨਿਆਦੀ ਢਾਂਚਾ ਹਰ ਉਮਰ ਸਮੂਹ ਦੇ ਨਿਵਾਸੀਆਂ ਲਈ ਬਹੁਤ ਲਾਭਦਾਇਕ ਸਾਬਤ ਹੋਵੇਗਾ, ਜਿਸ ਨਾਲ ਅਜਿਹੀ ਸਰੀਰਕ ਗਤੀਵਿਧੀ ਲਈ ਦੂਰ ਜਾਣ ਦਾ ਬਹੁਤ ਸਮਾਂ ਬਚੇਗਾ। ਉਨ੍ਹਾਂ ਉਮੀਦ ਪ੍ਰਗਟਾਈ ਕਿ ਇਸ ਜਿਮ ਨਾਲ ਵੱਡੀ ਗਿਣਤੀ ਵਿੱਚ ਵਸਨੀਕਾਂ ਖਾਸ ਕਰਕੇ ਨੌਜਵਾਨਾਂ ਨੂੰ ਲਾਭ ਹੋਵੇਗਾ, ਉਹ ਨਕਾਰਾਤਮਕ ਸਮਾਜਿਕ ਗਤੀਵਿਧੀਆਂ ਤੋਂ ਵੀ ਦੂਰ ਰਹਿਣਗੇ।ਇਸ ਮੌਕੇ ਖੇਡ ਭਾਈਚਾਰੇ ਅਤੇ ਪ੍ਰਬੰਧਨ ਦੇ ਲੋਕ ਵੱਡੀ ਗਿਣਤੀ ਵਿੱਚ ਮੌਜੂਦ ਸਨ ਜਿਵੇਂ ਕਿ ਵਰਿੰਦਰ ਸਿੰਘ ਪ੍ਰੋਜੈਕਟ ਡਾਇਰੈਕਟਰ, ਅਭਿਜੀਤ ਸਿੰਘ, ਡਾਇਰੈਕਟਰ, ਰਿਟਾਇਰਡ ਮੇਜਰ ਜਨਰਲ ਅਰੁਣ ਖੰਨਾ, ਕੰਵਰਜੀਤ ਸਿੰਘ ਧੀਮਾਨ ਅਤੇ ਏ ਜੀ ਆਈ ਸਪੋਰਟਸ ਇੰਸਟੀਚਿਊਟ ਆਫ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਸੁਰਿੰਦਰ ਭਾਂਬਰੀ । ਭਾਂਬਰੀ ਨੇ ਦੱਸਿਆ ਕਿ ਜਲਦੀ ਹੀ ਏ ਜੀ ਆਈ ਇੰਫਰਾ ਲਿਮਟਿਡ ਦੇ ਸਕਾਈ ਗਾਰਡਨ ਪ੍ਰੋਜੈਕਟ ਵਿੱਚ ਅਜਿਹਾ ਹੀ ਇੱਕ ਆਧੁਨਿਕ ਜਿਮ ਵੀ ਖੋਲ੍ਹਿਆ ਜਾਵੇਗਾ।



## ਰਿਆਤ ਬਾਹਰਾ ਯੂਨੀਵਰਸਿਟੀ ਨੇ ਐਮ ਐਸ ਸੀ ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ



**ਮੋਹਾਲੀ (ਗੁਰਜੀਤ ਬਿੱਲਾ)**- ਰਿਆਤ ਬਾਹਰਾ ਯੂਨੀਵਰਸਿਟੀ ਸਕੂਲ ਆਫ਼ ਅਲਾਈਡ ਹੈਲਥ ਸਾਇੰਸਿਜ਼ ਦੇ ਕਲੀਨਿਕਲ ਭਰੂਣ ਵਿਗਿਆਨ ਅਤੇ ਪ੍ਰਜਨਨ ਜੈਨੇਟਿਕਸ ਵਿਭਾਗ (ਕਲੀਨਿਕਲ ਐਮਬ੍ਰਾਇਲੋਜੀ ਅਤੇ ਰੀਪ੍ਰੋਡਕਟਿਵ ਜੈਨੇਟਿਕਸ ਵਿਭਾਗ ) ਦੇ ਐਮ ਐਸ ਸੀ ਬੈਚ 2022-24 ਦਾ ਪਹਿਲਾ ਕਨਵੋਕੇਸ਼ਨ ਸਮਾਰੋਹ ਆਯੋਜਿਤ ਕੀਤਾ ਗਿਆ।ਡਾ. ਜਸਪ੍ਰੀਤ ਕੌਰ ਡਾਇਰੈਕਟਰ ਸਿਹਤ ਸੇਵਾਵਾਂ (ਈ ਐਸ ਆਈ) ਪੰਜਾਬ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਉਨ੍ਹਾਂ ਨੇ ਵਿਦਿਆਰਥੀ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ। ਕਲੀਨਿਕਲ ਭਰੂਣ ਵਿਗਿਆਨ ਅਤੇ ਪ੍ਰਜਨਨ ਜੈਨੇਟਿਕਸ ਵਿਭਾਗ ਦੀ ਮੁਖੀ ਦੀਪਨੀਤ ਕੌਰ ਨੇ ਦੱਸਿਆ ਕਿ ਮੁੱਖ ਮਹਿਮਾਨ ਨੇ ਬੈਚ ਦੇ ਟਾਪਰਾਂ ਨੂੰ ਮੈਡਲ ਅਤੇ ਸਰਟੀਫਿਕੇਟ ਵੀ ਪ੍ਰਦਾਨ ਕੀਤੇ। ਆਪਣੇ ਕਨਵੋਕੇਸ਼ਨ ਭਾਸ਼ਣ ਵਿੱਚ ਡਾ. ਜਸਪ੍ਰੀਤ ਕੌਰ ਨੇ ਨੌਜਵਾਨ ਗ੍ਰੈਜੂਏਟ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਸੰਸਥਾ ਦੇ ਗ੍ਰੈਜੂਏਟ ਹੋਣ ਦੇ ਨਾਤੇ, ਤੁਸੀਂ ਕੀਮਤੀ ਗਿਆਨ ਅਤੇ ਹੁਨਰ ਹਾਸਲ ਕੀਤੇ ਹਨ, ਪਰ ਤੁਹਾਡੇ ਕੋਲ ਉੱਤਮਤਾ ਦੀ ਵਿਰਾਸਤ ਅਤੇ ਭਵਿੱਖ ਨੂੰ ਆਕਾਰ ਦੇਣ ਦੀ ਜ਼ਿੰਮੇਵਾਰੀ ਵੀ ਹੈ। ਰਿਆਤ ਬਾਹਰਾ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਕਨਵੋਕੇਸ਼ਨ ਦੀ ਸ਼ੁਰੂਆਤ ਦੀ ਘੋਸ਼ਣਾ ਕੀਤੀ। ਉਹਨਾਂ ਇਸ ਮੌਕੇ ਉਨ੍ਹਾਂ ਪੋਸਟ ਗ੍ਰੈਜੂਏਟ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਜੀਵਨ ਵਿੱਚ ਸਫਲਤਾ ਦੀ ਕਾਮਨਾ ਕੀਤੀ। ਡਾ. ਅਸ਼ੋਕ ਕੇ ਅੱਤਰੀ, ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ -32 ਚੰਡੀਗੜ੍ਹ ਦੇ ਡਾਇਰੈਕਟਰ-ਪ੍ਰਿੰਸੀਪਲ, ਡਾ. ਰਜਨੀ ਕਾਂਤ, ਆਈ ਸੀ ਐਮ ਆਰ ਦੇ ਰਾਸ਼ਟਰੀ ਅਧਿਕਸ਼ ਅਤੇ ਡਾ. ਮੰਜੂ ਬਾਂਸਲ, ਸਹਾਇਕ ਡਾਇਰੈਕਟਰ, ਮਾਨਸਿਕ ਸਿਹਤ, ਪੰਜਾਬ, ਵਿਸ਼ੇਸ਼ ਮਹਿਮਾਨ ਸਨ।

## ਪੰਜਾਬ ਪੈਨਸ਼ਨ ਯੂਨੀਅਨ ਜ਼ਿਲ੍ਹਾ ਜਲੰਧਰ ਦੀ ਮਹੀਨਾਵਾਰ ਮੀਟਿੰਗ

**ਜਲੰਧਰ/ਮੇਹਟੀਆਣਾ (ਰਾਜੇਸ਼ ਥਾਪਾ/ਜਗਤਾਰ ਸਿੰਘ ਭੁੰਗਰਨੀ)** ਪੰਜਾਬ ਪੈਨਸ਼ਨ ਯੂਨੀਅਨ ਜ਼ਿਲ੍ਹਾ ਜਲੰਧਰ ਬ੍ਰਾਂਚ ਦੀ ਮਹੀਨਾਵਾਰ ਮੀਟਿੰਗ ਚੇਅਰਮੈਨ ਮਦਨ ਲਾਲ ਚੀਮਾ ਦੀ ਪ੍ਰਧਾਨੀ ਹੇਠ ਕੀਤੀ ਗਈ। ਇਸ ਮੌਕੇ ਪ੍ਰਧਾਨ ਜਗਤਾਰ ਸਿੰਘ ਭੁੰਗਰਨੀ ਅਤੇ ਸੀਨੀਅਰ ਮੀਤ ਪ੍ਰਧਾਨ ਦਵਿੰਦਰਪਾਲ ਸਿੰਘ ਅਤੇ ਹਰਿੰਦਰ ਸਿੰਘ ਚੀਮਾ ਵੱਲੋਂ ਕੇਂਦਰ ਅਤੇ ਸੂਬੇ ਦੀ ਸਰਕਾਰ ਵੱਲੋਂ ਮੁਲਾਜ਼ਮਾਂ, ਪੈਨਸ਼ਨਰਾਂ, ਮਜ਼ਦੂਰਾਂ ਅਤੇ ਕਿਸਾਨਾਂ ਵਿਰੋਧੀ ਜੋ ਮਾਰੂ ਨੀਤੀਆਂ ਅਤੇ ਦੇਸ਼ ਨੂੰ ਕਾਰਪੋਰੇਟ ਕੰਪਨੀਆਂ ਹਵਾਲੇ ਵਾਲੀਆਂ ਨੀਤੀਆਂ ਦੀ ਸਖ਼ਤ ਨਿਖੇਧੀ ਕੀਤੀ ਗਈ।ਇਸ ਮੀਟਿੰਗ ਵਿੱਚ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ 1-1-2016 ਤੋਂ ਰੀਵਾਈਜ਼ ਕੀਤੇ ਗਰੇਡ ਅਤੇ ਡੀ. ਏ ਦੀਆਂ ਕਿਸ਼ਤਾਂ ਦੇ ਬਕਾਏ ਦੇਣ ਕੀਤੇ ਐਲਾਨ ਨੂੰ ਪੰਜਾਬ ਸਰਕਾਰ ਦੀ ਡੰਗ ਟਪਾਊ ਪਾਲਿਸੀ ਅਤੇ ਕੋਝਾ ਮਜ਼ਾਕ ਕਿਹਾ।ਉਨ੍ਹਾਂ ਕਿਹਾ ਕਿ ਪੰਜਾਬ ਦੀ ਸਰਕਾਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦਾ ਵਿਸ਼ਵਾਸ ਗਵਾ ਚੁੱਕੀ ਹੈ।ਜਿਸਨੇ ਤਿੰਨ ਸਾਲਾਂ ਵਿੱਚ ਇੱਕ ਵਾਰ ਵੀ ਪੈਨਸ਼ਨਰਾਂ ਮੁਲਾਜ਼ਮਾਂ ਮਜ਼ਦੂਰਾਂ ਨਾਲ ਹਮਦਰਦੀ ਭਰਿਆ ਵਤੀਰਾ ਨਹੀ ਅਪਣਾਇਆ। ਉਲਟ ਮਾਨਤਾ ਪ੍ਰਾਪਤ ਜਥੇਬੰਦੀਆਂ ਜਥੇਬੰਦੀਆਂ ਨੂੰ ਮੀਟਿੰਗਾਂ ਦਾ ਸਮਾਂ ਦੇ ਕੇ ਫਿਰ ਮੀਟਿੰਗ ਤੋਂ ਭੱਜ ਜਾਣਾ ਇਹ ਇਕ ਮਤਰੇਈ ਮਾਂ ਵਾਲਾ ਸਲੂਕ ਰਿਹਾ।ਇਸ ਮੌਕੇ ਪੰਜਾਬ ਪੈਨਸ਼ਨ ਯੂਨੀਅਨ ਜਲੰਧਰ ਬ੍ਰਾਂਚ ਵਲੋਂ 60-70-75-80 ਸਾਲ ਦੀ ਉਮਰ ਪੂਰੀ ਕਰ ਚੁੱਕੇ ਪੈਨਸ਼ਨਰ 7 ਸਾਥੀਆਂ ਜੋ ਹਮੇਸ਼ਾ ਜਥੇਬੰਦੀ ਦਾ ਸਹਿਯੋਗ ਕਰਦੇ ਹਨ ਜਿਨ੍ਹਾਂ ਵਿੱਚ ਹਰਿੰਦਰ ਸਿੰਘ ਢਿਲਵਾਂ, ਪਰਮਿੰਦਰ ਸਿੰਘ ਡਰਾਈਵਰ, ਅੱਛਰ ਸਿੰਘ ਡਰਾਈਵਰ, ਹਰਜੀਤ ਸਿੰਘ ਕੰਡਕਟਰ, ਜਸਵੀਰ ਸਿੰਘ ਸਰਾਏ ਖਾਸ ਡਰਾਈਵਰ, ਜਗਦੀਸ਼ ਸਿੰਘ ਐਸ਼ ਆਈ, ਕਸਤੂਰੀ ਲਾਲ ਡਰਾਈਵਰ ਨੂੰ ਲੋਈ ਅਤੇ ਜਸਵੰਤ ਸਿੰਘ ਸਮਰਾ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਅਵਤਾਰ ਸਿੰਘ ਤਾਰੀ ਸੂਬਾ ਜਥੇਬੰਦਕ ਸਕੱਤਰ, ਜਨਰਲ ਸਕੱਤਰ ਵਿਜੇ ਕੁਮਾਰ ਸ਼ਰਮਾ, ਗੁਰਦਿਆਲ ਸਿੰਘ ਜਲਵੇਹੜਾ, ਗੁਰਮੁੱਖ ਸਿੰਘ,ਹਰਿੰਦਰ ਸਿੰਘ ਚੀਮਾ, ਗੁਰਮੁੱਖ ਸਿੰਘ, ਹਰਿੰਦਰ ਸਿੰਘ ਢਿਲਵਾਂ, ਸੁਬਾਸ਼ ਮੱਟੂ, ਮਦਨ ਲਾਲ ਗੀਟਾ. ਡੀ ਸੀ ਦਫ਼ਤਰ, ਅਮ੍ਰਿਤਪਾਲ ਸਿੰਘ, ਸਰਮੁੱਖ ਸਿੰਘ ਮੇਵਾ ਸਿੰਘ ਇੰਸਪੈਕਟਰ, ਜਗਦੇਵ ਸਿੰਘ ਕੁਕੋਵਾਲ, ਬਲਵਿੰਦਰ ਸਿੰਘ ਮੁਲਤਾਨੀ, ਰੇਸ਼ਮ ਸਿੰਘ ਕੰਗ ਸਾਬੂ, ਚੇਅਰਮੈਨ ਮਦਨ ਲਾਲ ਚੀਮਾ ਗਿਆਨ ਸਿੰਘ ਸ਼ਾਮ ਲਾਲ ਨਵਾਂਸ਼ਹਿਰ ਸਾਥੀ ਹਾਜ਼ਰ ਸਨ।ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਰਾਜਿੰਦਰ ਸਿੰਘ ਖੋਥੜਾਂ (ਯੂ ਐਸ਼ ਏ) ਨੇ ਵੀ ਹਾਜ਼ਰੀ ਭਰੀ ਅਤੇ ਉਨ੍ਹਾਂ ਸੀ ਪੀ ਆਈ ਦੀ ਚੰਡੀਗੜ੍ਹ ਪੰਜਾਬ ਵਿੱਚ ਆਲ ਇੰਡੀਆ ਦੇ ਡੈਲੀਗੇਟ ਕਾਨਫਰੰਸ ਲਈ ਪੰਜ ਹਜ਼ਾਰ ਰੁਪਏ ਦਾ ਯੋਗਦਾਨ ਵੀ ਦਿੱਤਾ।

## ਆਰ ਆਰ ਐਮ ਫਿਜ਼ੀਓਥਰੈਪੀ ਸੈਂਟਰ ਨੇ ਰੋਟਾਵੇਟਰ 'ਚ ਲਗਾਇਆ ਕੈਂਪ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਸੋਨਾਲੀਕਾ ਰੋਟਾਵੇਟਰ ਪਲਾਂਟ ਵਿੱਚ ਸ਼ਹਿਰ ਦੇ ਰਾਜ ਰਾਣੀ ਮਿੱਤਲ ਫੂਡ-ਸਟਰੀਟ ਮਾਰਗ ਸਥਿਤ ਰਾਜ ਰਾਣੀ ਮਿੱਤਲ (ਆਰ ਆਰ ਐਮ) ਹੋਲਸਟਿਕ ਫੀਜੀਉਥਰੈਪੀ ਸੈਂਟਰ ਵੱਲੋਂ ਕੰਪਨੀ ਵਰਕਰਾਂ ਤੇ ਕਰਮਚਾਰੀਆਂ ਦੇ ਲਈ ਮੁਫਤ ਫਿਜੋਥਰੈਪੀ-ਕਾਈਰੋਪਰੈਟਿਕਟ-ਅਸਿਟਓਥਪੀ ਇਲਾਜ ਲਈ ਕੈਂਪ ਲਗਾਇਆ ਗਿਆ। ਕੈਂਪ ਵਿੱਚ 100 ਤੋਂ ਜਿਆਦਾ ਵਰਕਰਾਂ ਨੇ ਆਪਣੀ ਫੀਜੀਉਥਰੈਪੀ ਕਰਵਾਈ। ਸੰਜੀਵਨੀ ਸ਼ਰਨਮ ਅਤੇ ਆਰ ਆਰ ਐਮ ਹੋਲਸਟਿਕ ਸੈਂਟਰ ਦੀ ਡਾਇਰੈਕਟਰ ਸ੍ਰੀਮਤੀ ਸੰਗੀਤਾ ਮਿੱਤਲ ਨੇ ਦੱਸਿਆ ਕਿ ਸੋਨਾਲੀਕਾ ਗਰੁੱਪ ਵੱਲੋਂ ਕਾਰਪੋਰੇਟ ਸੋਸ਼ਲ ਰਿਸਪਾਂਸੀਬਿਲਟੀ ਦੇ ਤਹਿਤ ਸ਼ਹਿਰ ਵਿੱਚ ਚਲਾਏ ਜਾ ਰਹੇ ਅਨੇਕਾਂ ਹੀ ਸਮਾਜਿਕ ਪ੍ਰੋਜੈਕਟਾਂ ਦੀ ਲਗਾਤਾਰਤਾ ਵਿੱਚ ਆਰ ਐਮ ਐਮ ਹੋਲਸਟਿਕ ਸੈਂਟਰ ਚਲਾਇਆ ਜਾ ਰਿਹਾ ਅਤੇ ਸਮੇਂ ਸਮੇਂ 'ਤੇ ਮੁਫਤ ਮੈਡੀਕਲ ਕੈਂਪਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਮੈਡੀਕਲ ਕੈਂਪ ਲਗਾਉਣ ਦਾ ਇਹੋ ਹੀ ਆਦੇਸ਼ ਹੈ ਕਿ ਹਰ ਇੱਕ ਜਰੂਰਤਮੰਦ ਨੂੰ ਇਲਾਜ ਦੀ ਸਹੂਲਤ ਮਿਲ ਸਕੇ। ਸੋਨਾਲੀਕਾ ਇੰਟਰਨੈਸ਼ਨਲ ਟਰੈਕਟਰਸ ਕੰਪਨੀ, ਸੋਨਾਲੀਕਾ ਐਗਰੋ ਇੰਡਸਟਰੀਜ ਅਤੇ ਸੋਨਾਲੀਕਾ ਰੋਟਾਵੇਟਰ ਪਲਾਂਟ ਵਿੱਚ ਰੋਟੇਸ਼ਨ ਵਾਈਜ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ। ਫੈਕਟਰੀ ਵਰਕਰ ਜਿਆਦਾਤਰ ਫਿਜੀਓ ਨਾਲ ਸੰਬੰਧਿਤ ਸਮੱਸਿਆਵਾਂ ਨਾਲ ਪੀੜਤ ਹਨ। ਇਸ ਲਈ ਫਿਜੀਓਥਰੈਪੀ ਕੈਂਪਸ ਦੀ ਜਰੂਰਤ ਅਜਿਹੇ ਸੰਸਥਾਨਾਂ ਵਿੱਚ ਕਾਫੀ ਸਮੇਂ ਤੋਂ ਮਹਿਸੂਸ ਕੀਤੀ ਜਾ ਰਹੀ ਹੈ।ਇਸ ਮੌਕੇ ਆਰ ਆਰ ਐਮ ਹੋਲਸਟਿਕ ਸੈਂਟਰ ਦੇ ਡਾਕਟਰ ਸਤੀਸ਼, ਡਾ. ਜੋਤੀਕਾ, ਡਾ. ਸਿਮਰਨ, ਡਾ. ਆਦਰਸ਼ ਸ਼ਰਮਾ ਦੇ ਨਾਲ ਫਿਜੀਓ ਹੈਲਪਰ ਸੁਧਾ ਅਤੇ ਯਸ਼ਪ੍ਰੀਤ ਦੇ ਨਾਲ ਆਈਟੀ ਐਕਸਪਰਟ ਅਮਿਤ ਗਿੱਲ ਅਤੇ ਨੀਰਜ ਮਨੋਚਾ ਨੇ ਇਲਾਜ ਅਤੇ ਪ੍ਰਬੰਧ ਦੀ ਜਿੰਮੇਦਾਰੀ ਨਿਭਾਈ।




## ਸ਼੍ਰੋਮਣੀ ਅਕਾਲੀ ਦਲ ਦੇ ਉਭਾਰ 'ਚ ਦਲਿਤ ਭੂਮਿਕਾ ਜ਼ਰੂਰੀ : ਪਰਵਿੰਦਰ ਸੋਹਾਣਾ

**ਮੋਹਾਲੀ (ਗੁਰਜੀਤ ਬਿੱਲਾ)**- ਮੁਹਾਲੀ ਵਿਧਾਨ ਸਭਾ ਹਲਕੇ ਦੇ ਚੋਣਵੇਂ ਦਲਿਤ ਆਗੂਆਂ ਦੀ ਇੱਕ ਵਿਸ਼ੇਸ਼ ਅਤੇ ਮਹੱਤਵਪੂਰਨ ਮੀਟਿੰਗ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਮੁੱਖ ਸੇਵਾਦਾਰ ਹਲਕਾ ਮੋਹਾਲੀ ਪਰਵਿੰਦਰ ਸਿੰਘ ਸੋਹਾਣਾ ਦੀ ਅਗਵਾਈ ਹੇਠ ਪਾਰਟੀ ਦਫ਼ਤਰ ਵਿਖੇ ਕੀਤੀ ਗਈ। ਇਸ ਮੀਟਿੰਗ ਵਿੱਚ ਪਾਰਟੀ ਦੇ ਵਧਦੇ ਉਭਾਰ ਅਤੇ ਆਉਣ ਵਾਲੇ ਚੋਣੀ ਪਰਦਰਸ਼ਨ ਲਈ ਦਲਿਤ ਆਗੂਆਂ ਦੀ ਭੂਮਿਕਾ ਅਤੇ ਉਨ੍ਹਾਂ ਦੀ ਭਾਗੀਦਾਰੀ ਬਾਰੇ ਚਰਚਾ ਕੀਤੀ ਗਈ।ਪਾਰਟੀ ਦੇ ਬੁਲਾਰੇ ਸ਼ਮਸ਼ੇਰ ਪੁਰਖਾਲਵੀ ਨੇ ਮੀਟਿੰਗ ਦੀ ਕਾਰਵਾਈ ਜਾਰੀ ਕਰਦਿਆਂ ਦੱਸਿਆ ਕਿ ਇਸ ਮੀਟਿੰਗ ਵਿੱਚ ਹਲਕੇ ਦੇ ਮੋਹਰੀ ਦਲਿਤ ਆਗੂਆਂ ਨੇ ਸ਼ਿਰਕਤ ਕੀਤੀ। ਮੀਟਿੰਗ ਵਿੱਚ ਪਰਵਿੰਦਰ ਸਿੰਘ ਸੋਹਾਣਾ ਨੇ ਕਿਹਾ ਕਿ ਪੰਜਾਬ ਸਰਕਾਰ ਸਮਾਜ ਦੇ ਪੱਛੜੇ ਅਤੇ ਦਲਿਤ ਵਰਗ ਦੀ ਭਲਾਈ ਅਤੇ ਉਨ੍ਹਾਂ ਦੇ ਅਧਿਕਾਰਾਂ ਦੀ ਰਾਖੀ ਕਰਨ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ।ਉਨ੍ਹਾਂ ਇਹ ਵੀ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦੌਰਾਨ ਗਰੀਬ ਪਰਵਾਰਾਂ ਲਈ ਜੋ ਵੱਖ-ਵੱਖ ਸੁੱਖ-ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਸਨ, ਮੌਜੂਦਾ ਹਕੂਮਤ ਨੇ ਉਨ੍ਹਾਂ ਨੀਤੀਆਂ ਤੋਂ ਪਿੱਛੇ ਹਟ ਕੇ ਲੋਕਾਂ ਹਾਲ ਬੇਹਾਲ ਕਰਕੇ ਰੱਖ ਦਿੱਤਾ ਹੈ। ਜਥੇਦਾਰ ਸੋਹਾਣਾ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਇੱਕ ਧਰਮਨਿਰਪੱਖ ਪਾਰਟੀ ਵਜੋਂ ਦਰਸਾਉਂਦਿਆਂ ਕਿਹਾ ਕਿ ਅਸੀਂ ਸਾਰੇ ਧਰਮਾਂ ਅਤੇ ਜਾਤਾਂ ਦਾ ਬਰਾਬਰ ਸਤਿਕਾਰ ਕਰਦੇ ਹਾਂ ਅਤੇ ਪਾਰਟੀ ਵਿੱਚ ਹਰ ਵਰਗ ਨੂੰ ਪਾਰਟੀ ਵਿੱਚ ਯੋਗ ਅਗਵਾਈ ਮਿਲਦੀ ਰਹੀ ਹੈ ਅਤੇ ਮਿਲਦੀ ਰਹੇਗੀ। ਇਸ ਮੌਕੇ ਪਾਰਟੀ ਨੇ ਆਪਣੇ ਭਵਿੱਖੀ ਚੋਣ ਯਤਨਾਂ ਲਈ ਇੱਕ ਵਿਆਪਕ ਰੂਪ-ਰੇਖਾ ਵੀ ਤਿਆਰ ਕੀਤੀ, ਜਿਸ ਰਾਹੀਂ ਸ਼੍ਰੋਮਣੀ ਅਕਾਲੀ ਦਲ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਇਆ ਜਾਵੇਗਾ। ਬੁਲਾਰਿਆਂ ਨੇ ਕਿਹਾ ਕਿ ਇਹ ਇਕੱਤਰਤਾ ਨਾ ਸਿਰਫ਼ ਦਲਿਤ ਆਗੂਆਂ ਪ੍ਰਤੀ ਪਾਰਟੀ ਦੀ ਸੰਵੇਦਨਸ਼ੀਲਤਾ ਨੂੰ ਦਰਸਾਉਂਦੀ ਹੈ, ਸਗੋਂ ਅਕਾਲੀ ਦਲ ਦੇ ਭਵਿੱਖੀ ਰਾਜਨੀਤਿਕ ਰੂਪ ਰੇਖਾ ਵਿੱਚ ਉਨ੍ਹਾਂ ਦੀ ਭੂਮਿਕਾ ਨੂੰ ਵੀ ਸਪਸ਼ਟ ਕਰਦੀ ਹੈ।ਇਸ ਵਿਸ਼ੇਸ਼ ਮੀਟਿੰਗ ਵਿੱਚ ਕਈ ਸੀਨੀਅਰ ਅਕਾਲੀ ਅਤੇ ਦਲਿਤ ਆਗੂ ਹਾਜ਼ਰ ਸਨ, ਜਿਨ੍ਹਾਂ ਵਿੱਚ ਸ਼ਮਸ਼ੇਰ ਪੁਰਖਾਲਵੀ, ਡਾ. ਹਰਪ੍ਰੀਤ ਸਿੰਘ ਮੌਜਪੁਰ, ਮਲਕੀਤ ਸਿੰਘ ਦਾਊਂ, ਬਲਜੀਤ ਸਿੰਘ ਮੌਲੀ ਬੈਦਵਾਨ, ਸੋਹਣ ਸਿੰਘ ਜੁਝਾਰ ਨਗਰ, ਮਲਕੀਤ ਸਿੰਘ ਸਿਆਊ, ਜਸਵਿੰਦਰ ਸਿੰਘ ਸੈਦਪੁਰ, ਮਨਿੰਦਰ ਸਿੰਘ ਕੰਬਾਲੀ, ਗੁਰਪ੍ਰੀਤ ਸਿੰਘ ਚੱਪੜਚਿੜੀ, ਦਿਲਪ੍ਰੀਤ ਸਿੰਘ ਸ਼ਾਹੀਮਾਜਰਾ, ਮੇਵਾ ਸਿੰਘ ਕੁੰਬੜਾ, ਸੁਖਵਿੰਦਰ ਸਿੰਘ ਬੈਂਸ ਮਦਨਪੁਰ, ਗੁਰਮੇਲ ਸਿੰਘ ਪੰਚ ਸੁਹਾਣਾ ਅਤੇ ਸੁਖਵਿੰਦਰ ਸਿੰਘ ਪੰਚ ਦਾਊਂ ਆਦਿ ਸ਼ਾਮਲ ਸਨ।



## ਤਨੂੰਲੀ ਦੇ ਵਿਕਾਸ ਕਾਰਜਾਂ ਲਈ 70 ਲੱਖ ਗ੍ਰਾਂਟ ਜਾਰੀ : ਡਾ . ਇਸ਼ਾਂਕ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)**- ਚੱਬੇਵਾਲ ਖੇਤਰ ਦੇ ਵਿਕਾਸ ਨੂੰ ਨਵੀਂ ਦਿਸ਼ਾ ਦੇਣ ਦੇ ਉਦੇਸ਼ ਨਾਲ ਵਿਧਾਇਕ ਡਾ. ਇਸ਼ਾਂਕ ਨੇ ਪਿੰਡ ਤਨੂੰਲੀ ਵਿੱਚ 70 ਲੱਖ ਰੁਪਏ ਦੀ ਲਾਗਤ ਦੇ ਪ੍ਰੋਜੇਜੈਕਟ ਦਾ ਉਦਘਾਟਨ ਕੀਤਾ। ਪਹਿਲੇ ਪ੍ਰਾਜੈਕਟ ਦੇ ਤਹਿਤ ਪਿੰਡ ਤਨੂੰਲੀ ਵਿਚ 54.50 ਲੱਖ ਰੁਪਏ ਦੀ ਲਾਗਤ ਨਾਲ ਸਿੰਜਾਈ ਟਿਊਬਵੈੱਲ ਨਾਲ ਹੁਣ ਤਕਰੀਬਨ 125 ਏਕੜ ਨੂੰ ਦੀ ਸੁਵਿਧਾ ਮਿਲੇਗਾ।ਇਸ ਨਾਲ ਕਿਸਾਨਾਂ ਨੂੰ ਬਹੁਤ ਲਾਭ ਮਿਲੇਗਾ ਅਤੇ ਖੇਤਰ ਦੀ ਖੇਤੀਬਾੜੀ ਉਤਪਾਦਕਤਾ ਵਿੱਚ ਮਹੱਤਵਪੂਰਨ ਵਾਧਾ ਹੋਵੇਗਾ। ਦੂਜੇ ਪ੍ਰਮੁੱਖ ਪ੍ਰਾਜੈਕਟ ਅਧੀਨ 0.53 ਕਿਲੋਮੀਟਰ ਦੀ ਲੰਬੀ ਨਵੀਂ ਲਿੰਕ ਰੋਡ ਦੀ ਉਸਾਰੀ ਸ਼ੁਰੂ ਕੀਤੀ ਗਈ, ਜਿਸ ਦੀ 16 ਲੱਖ ਰੁਪਏ ਦੀ ਲਾਗਤ ਹੈ। ਉਦਘਾਟਨ ਸਮਾਰੋਹ ਵਿਚ ਤਨੂੰਲੀ ਦੇ ਸਰਪੰਚ ਕਿਸ਼ਨ ਕੁਮਾਰ, ਸਾਬਕਾ ਸਰਪੰਚ ਕਰਮਜੀਤ ਕੌਰ, ਹਰਪ੍ਰੀਤ ਸਿੰਘ ਗਿੱਲ, ਪੰਚ ਬਲਵਿੰਦਰ ਕੌਰ, ਅਮਰਜੀਤ ਕੌਰ, ਤਰਨਜੀਤ ਕੌਰ, ਸਰਪੰਚ ਜਸਵਿੰਦਰ ਸਿੰਘ, ਫਦਮਾ ਸਰਪੰਚ ਕਮਲਦੀਪ, ਸਰਪੰਚ ਪਰਮਜੀਤ ਸਿੰਘ, ਆਦਿ ਹਾਜ਼ਰ ਸਨ।ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਡਾ ਇਸ਼ਾਂਕ ਨੇ ਕਿਹਾ ਕਿ ਚੱਬੇਵਾਲ ਹਲਕੇ ਦੇ ਪਿੰਡਾਂ ਦਾ ਸਰਵਪੱਖੀ ਵਿਕਾਸ ਮੇਰਾ ਮੁੱਖ ਟੀਚਾ ਹੈ।

ਵਿਧਾਇਕ ਨੇ ਕਿਹਾ ਕਿ ਇਨ੍ਹਾਂ ਵਿਕਾਸ ਪ੍ਰੋਜੈਕਟਾਂ ਨੂੰ ਲਿਆਉਣ ਵਿਚ ਹੁਸ਼ਿਆਰਪੁਰ ਤੋਂ ਸੰਸਦ ਮੈਂਬਰ ਡਾ ਰਾਜ ਕੁਮਾਰ ਚੱਬੇਵਾਲ, ਵੱਲੋਂ ਵਿਸ਼ੇਸ਼ ਸਹਾਇਤਾ ਦਿੱਤੀ ਗਈ ਹੈ।ਇਸ ਮੌਕੇ ਤਨੂੰਲੀ ਦੇ ਸਰਪੰਚ ਕਿਸ਼ਨ ਕੁਮਾਰ ਨੇ ਪਿੰਡ ਵਾਸੀਆਂ ਵੱਲੋਂ ਡਾ. ਇਸ਼ਾਕ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹਨਾਂ ਸਭ ਨੂੰ ਆਪਣੇ ਵਿਧਾਇਕ ਤੋਂ ਉਮੀਦ ਹੈ ਅਤੇ ਵਿਸ਼ਾਸ਼ ਹੈ ਕਿ ਭਵਿੱਖ ਵਿੱਚ ਵੀ ਅਜਿਹੇ ਪ੍ਰੋਜੈਕਟਾਂ ਨਾਲ ਪਿੰਡ ਦੀ ਤਸਵੀਰ ਬਦਲ ਜਾਵੇਗੀ।

21 Apr Page-9.qxd 4/20/2025 9:03 PM Page 1



# ਏ ਜੀ ਟੀ ਐਫ ਵੱਲੋਂ ਫਿਰੌਤੀ ਰੈਕੇਟ ਦਾ ਪਰਦਾਫ਼ਾਸ਼

**ਚੰਡੀਗੜ੍ਹ (ਗੁਰਜੀਤ ਬਿੱਲਾ)**— ਪੰਜਾਬ ਪੁਲਸ ਦੀ ਐਂਟੀ-ਗੈਂਗਸਟਰ ਟਾਸਕ ਫੋਰਸ (ਏ ਜੀ ਟੀ ਐਫ) ਨੇ ਇੱਕ 24 ਸਾਲਾ ਨੌਜਵਾਨ, ਜੋ ਖੁਦ ਨੂੰ ਵਿਦੇਸ਼ੀ ਗੈਂਗਸਟਰ ਗੋਲਡੀ ਬਰਾੜ ਦਾ ਭਰਾ ਦੱਸ ਕੇ ਇੱਕ ਸਥਾਨਕ ਆਟੋਮੋਬਾਈਲ ਸ਼ੋਅਰੂਮ ਮਾਲਕ ਤੋਂ ਜ਼ਬਰਨ ਪੈਸੇ ਵਸੂਲਣ ਦੀ ਕੋਸ਼ਿਸ਼, ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ।ਇਹ ਜਾਣਕਾਰੀ ਸ਼ਨੀਵਾਰ ਨੂੰ ਡੀਜੀਪੀ ਪੰਜਾਬ ਗੌਰਵ ਯਾਦਵ ਨੇ ਦਿੱਤੀ।ਦੋਸ਼ੀ, ਜਿਸਦੀ ਪਛਾਣ ਲਵਜੀਤ ਸਿੰਘ ਵਾਸੀ ਬਰਗਾੜੀ, ਫਰੀਦਕੋਟ ਵਜੋਂ ਹੋਈ ਹੈ, ਨੇ ਸ਼ਿਕਾਇਤਕਰਤਾ ਤੋਂ 1 ਕਰੋੜ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਸੀ ਅਤੇ ਰਕਮ ਨਾ ਦੇਣ ਦੀ ਸੂਰਤ ਵਿੱਚ ਸ਼ਿਕਾਇਤਕਰਤਾ ਅਤੇ ਉਸਦੇ ਪਰਵਾਰ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਸਨ।ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਸ਼ੀ ਨੇ ਪੁਲਸ ਤੋਂ ਬਚਣ ਲਈ ਆਪਣੀ ਪਛਾਣ ਛੁਪਾਉਣ ਅਤੇ ਫਿਰੌਤੀ ਕਾਲਾਂ ਕਰਨ ਲਈ ਵਰਚੁਅਲ ਨੰਬਰਾਂ ਅਤੇ ਸੋਸ਼ਲ ਮੀਡੀਆ ਐਪਲੀਕੇਸ਼ਨਾਂ ਦੀ ਵਰਤੋਂ ਕੀਤੀ।ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਸ (ਏ ਡੀ ਜੀ ਪੀ) ਏ ਜੀ ਟੀ ਐਫ ਪ੍ਰਮੋਦ ਬਾਨ ਨੇ ਕਿਹਾ ਕਿ ਏ ਜੀ ਟੀ ਐਫ ਨੂੰ ਫਿਰੌਤੀ ਬਾਰੇ ਸ਼ਿਕਾਇਤ ਮਿਲੀ ਸੀ ਅਤੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ, ਏ ਜੀ ਟੀ ਐਫ ਦੀਆਂ ਪੁਲਸ ਟੀਮਾਂ ਨੇ ਤਕਨੀਕੀ ਜਾਣਕਾਰੀ ਅਤੇ ਖੁਫੀਆ ਇਤਲਾਹ ਰਾਹੀਂ ਕਾਲਾਂ ਕਰਨ ਵਾਲੇ ਦੇ ਅਸਲ ਟਿਕਾਣੇ ਦਾ ਪਤਾ ਲਗਾਇਆ, ਜਿਸ ਨਾਲ ਦੋਸ਼ੀ ਲਵਜੀਤ ਦੀ ਪਛਾਣ ਹੋਈ ਅਤੇ ਉਸਨੂੰ ਮੋਹਾਲੀ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ।ਏ ਜੀ ਟੀ ਐਫ ਦੇ ਏ ਆਈ ਜੀ ਗੁਰਮੀਤ ਚੌਹਾਨ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਲਵਜੀਤ, ਸੋਸ਼ਲ ਮੀਡੀਆ ਦਾ ਸ਼ੌਕੀਨ ਸੀ ਅਤੇ ਇੱਕ ਸ਼ਾਨਦਾਰ ਜੀਵਨ ਸ਼ੈਲੀ ਦੀ ਹੋੜ ਨੇ , ਉਸਨੂੰ ਅਪਰਾਧ ਦੀ ਦੁਨੀਆਂ ਵਿੱਚ ਧਕੇਲ ਦਿੱਤਾ। ਉਨ੍ਹਾਂ ਕਿਹਾ," ਦੋਸ਼ੀ , ਪੁਲਸ ਹਿਰਾਸਤ ਤੋਂ ਬਚਣ ਲਈ ਫਿਰੌਤੀ ਕਾਲਾਂ ਕਰਦੇ ਹੋਏ ਆਪਣੀ ਪਛਾਣ ਛੁਪਾਉਣ ਲਈ ਵਰਚੁਅਲ ਨੰਬਰਾਂ ਅਤੇ ਐਨਕ੍ਰਿਪਟਡ ਐਪਸ ਦੀ ਵਰਤੋਂ ਕਰਦਾ ਸੀ," ।ਇਸ ਸਬੰਧੀ ,ਐਸ ਏ ਐਸ ਨਗਰ ਦੇ ਸੋਹਾਣਾ ਪੁਲਸ ਸਟੇਸ਼ਨ ਵਿਖੇ ਬੀ ਐਨ ਐਸ ਦੀ ਧਾਰਾ 308 (2) ਅਤੇ 351 (2) ਦੇ ਤਹਿਤ ਐਫ ਆਈ ਆਰ ਨੰਬਰ 94 ਮਿਤੀ 17/04/2025 ਨੂੰ ਕੇਸ ਦਰਜ ਕੀਤਾ ਗਿਆ ਹੈ।

# ਪੰਜਾਬ ਸਟੇਟ ਮਨਿਸਟੀਰੀਅਲ ਪੈਨਸ਼ਨਰ ਐਸੋਸੀਏਸ਼ਨ ਜ਼ਿਲ੍ਹਾ ਹੁਸ਼ਿਆਰਪੁਰ ਯੂਨਿਟ ਦੀ ਭਰਵੀਂ ਮੀਟਿੰਗ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- 17 ਅਪ੍ਰੈਲ ਨੂੰ ਪੰਜਾਬ ਸਟੇਟ ਮਨਿਸਟੀਰੀਅਲ ਪੈਨਸ਼ਨਰ ਐਸੋਸੀਏਸ਼ਨ ਜ਼ਿਲ੍ਹਾ ਹੁਸ਼ਿਆਰਪੁਰ ਯੂਨਿਟ ਦੀ ਇੱਕ ਭਰਵੀਂ ਮੀਟਿੰਗ ਪੀ ਡਬਲਿਊ ਡੀ ਰੈਸਟ ਹਾਊਸ ਹੁਸ਼ਿਆਰਪੁਰ ਵਿਖੇ ਵਰਿਆਮ ਸਿੰਘ ਮਿਨਿਹਾਸ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਰਾਮਮੂਰਤੀ ਭਾਰਦਵਾਜ ਚੇਅਰਮੈਨ, ਅਵਤਾਰ ਸਿੰਘ ਮੁੱਖ ਸਲਾਹਕਾਰ, ਰਵੀ ਦੱਤ ਸ਼ਰਮਾ, ਮੋਤੀ ਲਾਲ ਅਤੇ ਹੋਰ ਵੱਖ ਵੱਖ ਵਿਭਾਗਾਂ ਤੋਂ ਬਹੁਤ ਸਾਰੇ ਸਾਥੀਆਂ ਨੇ ਭਾਗ ਲਿਆ। ਮੀਟਿੰਗ ਵਿੱਚ ਸਾਰਿਆਂ ਨੇ ਸਰਕਾਰ ਵੱਲੋਂ ਪੈਨਸ਼ਨਰਾਂ ਦੇ ਪੇ ਕਮਿਸ਼ਨ ਦੇ ਬਕਾਏ ਅਤੇ ਡੀ ਏ ਦੀਆਂ ਕਿਸ਼ਤਾਂ ਜਾਰੀ ਨਾ ਕਰਨ ਅਤੇ ਇਸ ਨੂੰ ਕਿਸ਼ਤਾਂ ਵਿੱਚ ਦੇਣ ਦੀ ਪ੍ਰਪੋਜ਼ਲ ਦੀ ਪੁਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਵੱਖ ਵੱਖ ਬੁਲਾਰਿਆਂ ਵੱਲੋਂ ਦਿੱਤੇ ਗਏ ਸੁਝਾਵਾਂ ਉਪਰੰਤ ਮੀਟਿੰਗ ਵਿੱਚ ਲਿਖੇ ਫੈਸਲੇ ਲਏ ਗਏ ਕਿ ਮਿਤੀ 01.01 2016 ਤੋਂ ਪਹਿਲਾਂ ਸੇਵਾ ਮੁਕਤ ਹੋਏ ਕਰਮਚਾਰੀਆਂ ਪੇ ਕਮਿਸ਼ਨ ਦੇ 2. 59 ਫੈਕਟਰ ਨਾਲ ਗੁਣਾਕ ਕਰਕੇ 01.01.16 ਤੋਂ ਸੋਧੀ ਹੋਈ ਪੈਨਸ਼ਨ ਦਿੱਤੀ ਜਾਵੇ। ਪੈਨਸ਼ਨਰਜ਼ ਨੂੰ 01.01.2016 ਤੋਂ 30.06.2021 ਤੱਕ ਦਾ ਬਕਾਇਆ ਯਕਮੁਸ਼ਤ ਇਕ ਕਿਸਤ ਵਿੱਚ ਜਾਰੀ ਕੀਤਾ ਜਾਵੇ। ਕੇਂਦਰ ਸਰਕਾਰ ਦੇ ਪੈਟਰਨ ਤੇ 13 ਪ੍ਰਤੀਸ਼ਤ ਬਕਾਏ ਦੀਆਂ ਡੀ ਏ ਦੀਆਂ ਕਿਸ਼ਤਾਂ ਤੁਰੰਤ ਜਾਰੀ ਕੀਤੀਆਂ ਜਾਣ ਅਤੇ ਬਣਦਾ ਬਕਾਇਆ ਦਿੱਤਾ ਜਾਵੇ। ਮਿਤੀ 31/12/ 2024 ਤੱਕ ਜਿਹੜੇ ਪੈਨਸ਼ਨਰ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ ਉਹਨਾਂ ਦੇ ਵਾਰਸਾਂ ਨੂੰ ਬਣਦਾ ਬਕਾਇਆ ਇੱਕ ਕਿਸਤ ਵਿੱਚ ਤੁਰੰਤ ਜਾਰੀ ਕੀਤਾ ਜਾਵੇ। ਮੀਟਿੰਗ ਵਿੱਚ ਇਹ ਵੀ ਫੈਸਲਾ ਲਿਆ ਗਿਆ ਕਿ ਜੇਕਰ ਸਰਕਾਰ ਸਾਡੀਆਂ ਉਪਰੋਕਤ ਹੱਕੀ ਮੰਗਾਂ ਵੱਲ ਧਿਆਨ ਨਹੀਂ ਦਿੰਦੀ ਤਾਂ ਆਉਣ ਵਾਲੇ ਸਮੇਂ ਵਿੱਚ ਇਸ ਸਰਕਾਰ ਨੂੰ ਕਿਸੇ ਵੀ ਤਰ੍ਹਾਂ ਦਾ ਕੋਈ ਸਹਿਯੋਗ ਨਾ ਦਿੱਤਾ ਜਾਵੇ। ਸਾਥੀਆਂ ਨੇ ਸੁਝਾਅ ਦਿੱਤਾ ਕਿ ਐਸੋਸੀਏਸ਼ਨ ਦੀ ਮੀਟਿੰਗ ਹਰ ਮਹੀਨੇ ਵਿੱਚ ਇੱਕ ਵਾਰ ਜ਼ਰੂਰ ਕੀਤੀ ਜਾਵੇ। ਜਿਸ ਸਬੰਧੀ ਅਗਲੀ ਮੀਟਿੰਗ ਵਿੱਚ ਇੱਕ ਪੱਕੀ ਤਾਰੀਖ ਨਿਸ਼ਚਿਤ ਕੀਤੀ ਜਾਵੇਗੀ। ਵੱਖ-ਵੱਖ ਸਾਥੀਆਂ ਦੇ ਵਿਚਾਰ ਤੋਂ ਇਲਾਵਾ ਇਹ ਵੀ ਫੈਸਲਾ ਕੀਤਾ ਗਿਆ ਕਿ ਪੈਨਸ਼ਨਰ ਐਸੋਸੀਏਸ਼ਨ ਗਰੁੱਪ ਵਿੱਚ ਕੇਵਲ ਮੁਲਾਜ਼ਮਾਂ ਨਾਲ ਸੰਬੰਧਤ ਮੈਸੇਜ ਹੀ ਪਾਏ ਜਾਣ । ਚੇਅਰਮੈਨ ਵੱਲੋਂ ਦਿੱਤੇ ਗਏ ਸੁਝਾਅ ਕਿ ਜਿਹੜੇ ਸਾਥੀ ਹਾਲੇ ਤੱਕ ਗਰੁੱਪ ਵਿੱਚ ਸ਼ਾਮਿਲ ਨਹੀਂ ਹੋਏ ਉਹਨਾਂ ਨਾਲ ਨਿੱਜੀ ਤੌਰ 'ਤੇ ਸੰਪਰਕ ਕਰਕੇ ਉਹਨਾਂ ਨੂੰ ਵੀ ਅਗਲੀ ਮੀਟਿੰਗ ਵਿੱਚ ਹਾਜ਼ਰ ਹੋਣ ਲਈ ਬੇਨਤੀ ਕੀਤੀ ਜਾਵੇ। ਉਪਰੋਕਤ ਸਾਰੇ ਫੈਸਲੇ ਹਾਊਸ ਵੱਲੋਂ ਸਾਰਿਆਂ ਦੀ ਸਹਿਮਤੀ ਨਾਲ ਪਾਸ ਕੀਤੇ ਗਏ। ਮੋਤੀ ਲਾਲ ਸੁਪਰਡੈਂਟ ਪੀ ਡਬਲਿਊ ਡੀ ਤੇ ਰਵੀ ਦੱਤ ਸ਼ਰਮਾ ਦਾ ਚਾਹ ਪਾਣੀ ਦਾ ਪ੍ਰਬੰਧ ਕਰਨ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ।



# ਮੈਡੀਕਲ ਸਟੋਰ 'ਤੋਂ ਨਕਦੀ ਤੇ ਦਵਾਈਆਂ ਚੋਰੀ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ , ਬਲਵੰਤ ਕਾਹਲੋਂ)**- ਅੱਡਾ ਕਾਲਾ ਬੱਕਰਾ 'ਚ ਚੋਰਾਂ ਨੇ ਸ੍ਰੀ ਗੁਰੂ ਨਾਨਕ ਮੈਡੀਕਲ ਸਟੋਰ 'ਤੇ ਰਾਤ ਨੂੰ ਸ਼ਟਰ ਤੋੜ ਕੇ ਸ਼ਰ੍ਹੇਆਮ ਚੋਰੀ ਕਰ ਲਈ। ਚੋਰਾਂ ਵੱਲੋਂ ਪਹਿਲਾਂ ਕਿਸ਼ਨਗੜ੍ਹ ਵਿਖੇ ਦੋ ਦੁਕਾਨਾਂ ਨੂੰ ਆਪਣਾ ਨਿਸ਼ਾਨਾ ਬਣਾਉਣ ਉਪਰੰਤ ਕਾਲਾ ਬੱਕਰਾ ਵਿਖੇ ਮੈਡੀਕਲ ਸਟੋਰ ਨੂੰ ਸ਼ਟਰ ਤੋੜ ਕੇ ਲੁੱਟਿਆ। ਜਾਣਕਾਰੀ ਦਿੰਦੇ ਹੋਏ ਮਨਦੀਪ ਸਿੰਘ ਮੰਨਾ ਵਾਸੀ ਤਲਵੰਡੀ ਭੀਲਾ ਨੇ ਦੱਸਿਆ ਕਿ ਸਵੇਰੇ ਉਨ੍ਹਾਂ ਨੂੰ ਫੋਨ ਆਇਆ ਕਿ ਤੁਹਾਡੀ ਦੁਕਾਨ ਦੇ ਤਾਲੇ ਟੁੱਟੇ ਹੋਏ ਹਨ। ਉਨ੍ਹਾਂ ਦੁਕਾਨ 'ਤੇ ਜਾ ਕੇ ਦੇਖਿਆ ਤਾਂ ਉਨ੍ਹਾਂ ਦੇ ਗੱਲੇ 'ਚ ਪਈ 1000 ਰੁਪਏ ਦੀ ਭਾਨ ਤੇ ਕਰੀਬ 5000 ਰੁਪਏ ਦੀਆਂ ਦਵਾਈਆਂ ਚੋਰ ਚੋਰੀ ਕਰਕੇ ਲੈ ਗਏ। ਇਸ ਸਬੰਧੀ ਪੀੜਤ ਨੇ ਸਥਾਨਕ ਪਚਰੰਗਾ ਪੁਲਸ ਚੌਕੀ ਨੂੰ ਸੂਚਿਤ ਕਰ ਦਿੱਤਾ ਹੈ।

# ਵਾਟਰ ਸਪਲਾਈ ਸਕੀਮਾਂ ਨੂੰ ਪੰਚਾਇਤਾਂ ਹਵਾਲੇ ਕਰਨ ਵਿਰੁੱਧ ਰੈਲੀ 22 ਨੂੰ

**ਹੁਸ਼ਿਆਰਪੁਰ (ਬਲਵੀਰ ਸੈਣੀ)** ਪੀ.ਡਬਲਯੂ.ਡੀ. ਫੀਲਡ ਤੇ ਵਰਕਸ਼ਾਪ ਵਰਕਰਜ਼ ਯੂਨੀਅਨ ਬ੍ਰਾਂਚ ਹੁਸ਼ਿਆਰਪੁਰ ਦੀ ਮੀਟਿੰਗ ਪ੍ਰਧਾਨ ਬਲਵੰਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਬ੍ਰਾਂਚ ਜਨਰਲ ਸਕੱਤਰ ਰਕੇਸ਼ ਕੁਮਾਰ ਮਹਿਲਾਂਵਾਲੀ ਨੇ ਦੱਸਿਆ ਕਿ ਸਰਕਾਰ ਅਤੇ ਵਿਭਾਗ ਵਲੋਂ ਪੰਜਾਬ ਅੰਦਰ ਬਹੁਤ ਸਾਰੀਆਂ ਵਾਟਰ ਸਪਲਾਈ ਸਕੀਮਾਂ ਨੂੰ ਪੰਚਾਇਤਾਂ ਹਵਾਲੇ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਵਿੱਤੀ ਸੋਮਿਆਂ ਤੋਂ ਰਹਿਤ ਪੰਚਾਇਤਾਂ ਵਲੋਂ ਸਕੀਮਾਂ ਨੂੰ ਚਲਾਉਣਾ ਅਤੇ ਇਹਨਾਂ ਸਕੀਮਾਂ ਸਬੰਧੀ ਆਉਣ ਵਾਲੇ ਖਰਚਿਆਂ ਨੂੰ ਪੂਰਾ ਕਰਨਾ ਸੰਭਵ ਨਹੀਂ ਹੈ। ਇਸ ਲਈ ਪੰਜਾਬ ਵਾਸੀਆਂ ਨੂੰ ਪਾਣੀ ਦੀ ਸਪਲਾਈ ਕਰਦੀਆਂ ਇਹ ਸਕੀਮਾਂ ਬੰਦ ਹੋਣ ਦਾ ਖਦਸ਼ਾ ਹੈ ਅਤੇ ਮੁਲਾਜ਼ਮਾਂ ਦੀਆਂ ਸੇਵਾਵਾਂ ਵੀ ਖਤਰੇ ਵਿੱਚ ਹਨ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਸਬ ਡਵੀਜ਼ਨ ਨੰਬਰ 2 ਮਾਡਲ ਟਾਊਨ ਹੁਸ਼ਿਆਰਪੁਰ ਦੇ ਦਫਤਰ ਅੱਗੇ ਸੂਬਾ ਕਮੇਟੀ ਦੇ ਫੈਸਲੇ ਤਹਿਤ ਮਿਤੀ 22 ਅਪ੍ਰੈਲ ਨੂੰ ਰੋਸ ਰੈਲੀ ਕੀਤੀ ਜਾਵੇਗੀ। ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ ਇਸ ਰੈਲੀ ਵਿੱਚ ਬ੍ਰਾਂਚ ਟਾਂਡਾ ਅਤੇ ਦਸੂਹਾ ਦੇ ਸਾਥੀ ਵੀ ਸ਼ਮੂਲੀਅਤ ਕਰਨਗੇ। ਇਸ ਮੌਕੇ ਜਸਵੀਰ ਸਿੰਘ, ਅਸ਼ੋਕ ਕੁਮਾਰ, ਕਰਮਜੀਤ ਸਿੰਘ, ਰਿੰਕੂ, ਮਨਜੀਤ ਰਾਏ, ਦਵਿੰਦਰ ਸਿੰਘ, ਵਰਿੰਦਰ ਸਿੰਘ, ਹਰੀ ਸ਼ੰਕਰ, ਨਿਰਮਲ ਰਾਮ, ਰਜਿੰਦਰ ਸਿੰਘ, ਤਰਸੇਮ ਲਾਲ, ਤਜਿੰਦਰ ਪਾਲ, ਜਸਪਾਲ ਸਿੰਘ, ਕੁਲਜੀਤ ਸਿੰਘ ਆਦਿ ਆਗੂ ਵੀ ਹਾਜ਼ਰ ਸਨ।



# ਹਰਜੋਤ ਬੈਂਸ ਵੱਲੋਂ ਨੰਗਲ ਦੀ ਗੁਆਚੀ ਸ਼ਾਨ ਬਹਾਲ ਕਰਨ ਲਈ ਕੇਂਦਰੀ ਬਿਜਲੀ ਮੰਤਰੀ ਤੋਂ ਦਖ਼ਲ ਮੰਗਿਆ

**ਨੰਗਲ, ਭਲਾਣ (ਸੁਰਜੀਤ ਸਿੰਘ, ਹਰਭਜਨ ਢਿੱਲੋਂ)**- ਨੰਗਲ ਦੀ ਗੁਆਚੀ ਸ਼ਾਨ ਨੂੰ ਬਹਾਲ ਕਰਨ ਅਤੇ ਸ਼ਹਿਰ ਦੇ ਵਸਨੀਕਾਂ ਦੇ ਜੀਵਨ-ਪੱਧਰ ਨੂੰ ਹੋਰ ਬਿਹਤਰ ਬਣਾਉਣ ਲਈ ਪੰਜਾਬ ਦੇ ਸਿੱਖਿਆ ਮੰਤਰੀ ਅਤੇ ਸ੍ਰੀ ਅਨੰਦਪੁਰ ਸਾਹਿਬ ਤੋਂ ਵਿਧਾਇਕ ਹਰਜੋਤ ਸਿੰਘ ਬੈਂਸ ਨੇ ਅੱਜ ਚੰਡੀਗੜ੍ਹ ਵਿਖੇ ਕੇਂਦਰੀ ਬਿਜਲੀ ਮੰਤਰੀ ਮਨੋਹਰ ਲਾਲ ਖੱਟਰ ਨਾਲ ਮੁਲਾਕਾਤ ਕੀਤੀ ਅਤੇ ਭਾਖੜਾ ਨੰਗਲ ਡੈਮ ਦੇ ਆਲੇ-ਦੁਆਲੇ ਵਸੇ ਇਸ ਸ਼ਹਿਰ ਨੂੰ ਦੀ ਸ਼ਾਨ ਨੂੰ ਮੁੜ ਸੁਰਜੀਤ ਕਰਨ ਦੀ ਮੰਗ ਰੱਖੀ।ਨੰਗਲ ਨੂੰ ਇੱਕ ਮਾਡਲ ਸ਼ਹਿਰ ਅਤੇ ਵਿਸ਼ਵ ਪੱਧਰੀ ਸੈਰ-ਸਪਾਟਾ ਕੇਂਦਰ ਵਜੋਂ ਵਿਕਸਤ ਕਰਨ ਲਈ ਕੇਂਦਰੀ ਮੰਤਰੀ ਤੋਂ ਨਿੱਜੀ ਦਖ਼ਲ ਦੀ ਮੰਗ ਕਰਦਿਆਂ ਬੈਂਸ ਨੇ ਕੇਂਦਰੀ ਮੰਤਰੀ ਅੱਗੇ ਵੱਖ-ਵੱਖ ਪ੍ਰਾਜੈਕਟਾਂ ਦਾ ਪ੍ਰਸਤਾਵ ਰੱਖਿਆ, ਜਿਸ ਵਿੱਚ ਇੱਕ ਵਿਆਪਕ ਟਾਊਨਸ਼ਿਪ ਵਿਕਸਿਤ ਕਰਨ ਦੇ ਨਾਲ-ਨਾਲ ਸੈਲਾਨੀਆਂ ਨੂੰ ਆਕਰਸ਼ਿਤ ਕਰਨ ਲਈ ਨੰਗਲ ਲੇਕ ਰਿਵਰਫਰੰਟ ਦੇ ਆਲੇ-ਦੁਆਲੇ ਦੇ ਖੇਤਰ ਦਾ ਵਿਕਾਸ, ਮਨਮੋਹਕ ਦ੍ਰਿਸ਼ਾਂ ਨਾਲ ਲਬਰੇਜ਼ ਸੁੰਦਰ ਰੇਲਵੇ ਲਾਈਨ ਵਿਛਾਉਣਾ ਅਤੇ ਭਾਖੜਾ ਨੰਗਲ ਡੈਮ ਅਜਾਇਬ ਘਰ ਦੇ ਉਸਾਰੀ ਕਾਰਜ ਨੂੰ ਪੂਰਾ ਕਰਨਾ ਸ਼ਾਮਲ ਸੀ। ਉਨ੍ਹਾਂ 1960 ਅਤੇ 70 ਦੇ ਦਹਾਕੇ ਵਿੱਚ ਇਸ ਸ਼ਹਿਰ ਦੇ ਸੁਨਹਿਰੀ ਯੁੱਗ ਨੂੰ ਯਾਦ ਕੀਤਾ, ਜਦੋਂ ਇਸ ਨੂੰ ਭਾਰਤ ਦੇ ਸਭ ਤੋਂ ਸੁੰਦਰ, ਯੋਜਨਾਬੱਧ ਅਤੇ ਜੀਵੰਤ ਸ਼ਹਿਰਾਂ ਵਿੱਚੋਂ ਇੱਕ ਗਿਣਿਆ ਜਾਂਦਾ ਸੀ। ਇਸ ਸ਼ਹਿਰ ਦੇ ਸੁੰਦਰ ਰੁੱਖਾਂ ਨਾਲ ਲੱਦੇ ਰਾਹ, ਢਾਂਚਾਗਤ ਖਾਕਾ ਅਤੇ ਅਮੀਰ ਸੱਭਿਆਚਾਰਕ ਜੀਵਨ-ਸ਼ੈਲੀ ਪੰਜਾਬ ਅਤੇ ਪੂਰੇ ਦੇਸ਼ ਲਈ ਮਾਣ ਦਾ ਸਰੋਤ ਸੀ।ਬੈਂਸ ਨੇ ਦੱਸਿਆ ਕਿ ਨੰਗਲ ਵਿੱਚ ਬੁਨਿਆਦੀ ਸ਼ਹਿਰੀ ਸਹੂਲਤਾਂ ਦੀ ਵੀ ਘਾਟ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਢੁਕਵੀਂ ਖਾਲੀ ਜ਼ਮੀਨ ਹੋਣ ਦੇ ਬਾਵਜੂਦ ਇਥੇ ਸਿਨੇਮਾ ਹਾਲ, ਸ਼ਾਪਿੰਗ ਕੰਪਲੈਕਸ ਅਤੇ ਮਨੋਰੰਜਨ ਕੇਂਦਰ ਨਹੀਂ ਹਨ। ਬੈਂਸ ਨੇ ਸੁਝਾਅ ਦਿੱਤਾ ਕਿ ਪਾਰਦਰਸ਼ੀ ਪ੍ਰਕਿਰਿਆ ਤਹਿਤ ਜ਼ਮੀਨ ਦੇ ਇੱਕ ਹਿੱਸੇ ਨੂੰ ਲੀਜ਼ 'ਤੇ ਦੇਣ ਨਾਲ ਸ਼ਹਿਰ ਦਾ ਮੁਹਾਂਦਰਾ ਬਦਲ ਸਕਦਾ ਹੈ, ਜਿਥੇ ਮਨੋਰੰਜਕ ਗਤੀਵਿਧੀਆਂ ਲਈ ਜ਼ੋਨ, ਸ਼ਾਪਿੰਗ ਆਰਕੇਡ, ਅਰਬਨ ਪਾਰਕ ਅਤੇ ਰੋਜ਼ਗਾਰ ਕੇਂਦਰ ਬਣ ਸਕਦੇ ਹਨ। ਬੈਂਸ ਨੇ ਸੈਲਾਨੀਆਂ ਲਈ ਖਿੱਚ ਦੇ ਕੇਂਦਰ ਵਜੋਂ ਇੱਕ ਸੁੰਦਰ ਰੇਲਵੇ ਲਾਈਨ ਦੀ ਉਸਾਰੀ ਦਾ ਪ੍ਰਸਤਾਵ ਰੱਖਦਿਆਂ ਕਿਹਾ ਕਿ ਨੰਗਲ ਤੋਂ ਭਾਖੜਾ ਡੈਮ ਤੱਕ ਪੁਰਾਣੀ ਰੇਲਵੇ ਲਾਈਨ, ਜੋ ਕਿ ਮਨਮੋਹਕ ਕੁਦਰਤੀ ਦ੍ਰਿਸ਼ਾਂ ਨਾਲ ਭਰਪੂਰ ਹੈ, ਨੂੰ ਵਿਕਸਿਤ ਕਰਨ ਦਾ ਸੁਝਾਅ ਦਿੱਤਾ। ਉਨ੍ਹਾਂ ਕਿਹਾ ਕਿ ਇਸ ਰੂਟ 'ਤੇ ਇੱਕ ਨਵੀਂ ਸ਼ੀਸ਼ੇ ਦੀ ਛੱਤ ਵਾਲੀ ਵਿਰਾਸਤੀ ਰੇਲਗੱਡੀ ਜਾਂ ਲਾਈਟ ਰੇਲ ਸਰਵਿਸ ਸ਼ੁਰੂ ਕੀਤੀ ਜਾ ਸਕਦੀ ਹੈ, ਜੋ ਨੰਗਲ ਨੂੰ ਵਿਸ਼ਵ ਦੇ ਸੈਰ-ਸਪਾਟਾ ਨਕਸ਼ੇ 'ਤੇ ਮੁੜ-ਉਭਾਰੇਗੀ। ਭਾਖੜਾ ਨੰਗਲ ਡੈਮ ਮਿਊਜ਼ੀਅਮ ਦੇ ਕਾਰਜ ਨੂੰ ਜਲਦ ਤੋਂ ਜਲਦ ਮੁਕੰਮਲ ਕਰਨ ਦੀ ਮੰਗ ਰੱਖਦਿਆਂ ਬੈਂਸ ਨੇ ਕਿਹਾ ਕਿ ਇਸ ਕਾਰਜ ਲਈ ਕਈ ਸਾਲਾਂ ਤੋਂ ਨੀਂਹ ਪੱਥਰ ਤਾਂ ਰੱਖੇ ਜਾ ਰਹੇ ਹਨ ਪਰ ਕੰਮ ਅਜੇ ਤੱਕ ਮੁਕੰਮਲ ਨਹੀਂ ਹੋਇਆ। ਉਨ੍ਹਾਂ ਨੇ ਇਸ ਸਬੰਧੀ ਕੇਂਦਰੀ ਬਿਜਲੀ ਮੰਤਰੀ ਦੇ ਨਿੱਜੀ ਦਖਲ ਦੀ ਮੰਗ ਕਰਦਿਆਂ ਅਜਾਇਬ ਘਰ ਦੇ ਕਾਰਜ ਨੂੰ ਜਲਦ ਤੋਂ ਜਲਦ ਮੁਕੰਮਲ ਕਰਵਾਉਣ ਦੀ ਮੰਗ ਰੱਖੀ। ਉਨ੍ਹਾਂ ਨੇ ਭਾਰਤ ਦੇ ਸਭ ਤੋਂ ਵੱਡੇ ਬੁਨਿਆਦੀ ਢਾਂਚਿਆਂ ਵਿੱਚੋਂ ਇੱਕ ਭਾਖੜਾ ਨੰਗਲ ਡੈਮ ਦੇ ਸੁੰਦਰੀਕਰਨ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਨੇ ਇੱਕ ਪਾਰਦਰਸ਼ੀ, ਲੋਕ-ਪੱਖੀ ਅਤੇ ਮਾਲੀਆ ਪੈਦਾ ਕਰਨ 'ਤੇ ਕੇਂਦਰਤ ਲੀਜ਼ ਨੀਤੀ ਦੀ ਵਕਾਲਤ ਕੀਤੀ ਤਾਂ ਜੋ ਨੰਗਲ ਵਾਸੀਆਂ ਨੂੰ ਸੁਰੱਖਿਆ ਪ੍ਰਦਾਨ ਕਰਕੇ ਲੰਬੇ ਸਮੇਂ ਤੋਂ ਲਟਕ ਰਹੇ ਕਾਨੂੰਨੀ ਵਿਵਾਦਾਂ ਨੂੰ ਹੱਲ ਕਰੇਗੀ ਅਤੇ ਬੀਬੀਐਮਬੀ ਲਈ ਮਾਲੀਏ ਦਾ ਸਾਧਨ ਬਣੇਗੀ।




# ਸਰਕਾਰੀ ਪ੍ਰਾਇਮਰੀ ਸਕੂਲ ਬਹਿਰਾਮ ਸਰਿਸ਼ਤਾ ਵਿਖੇ ਕੀਤੇ ਗਏ ਵਿਕਾਸ ਕਾਰਜਾਂ ਦਾ ਉਦਘਾਟਨ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਪੰਜਾਬ ਸਿੱਖਿਆ ਕ੍ਰਾਂਤੀ ਪ੍ਰੋਗਰਾਮ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਬਹਿਰਾਮ ਸਰਿਸ਼ਤਾ ਜਲੰਧਰ ਵਿਖੇ ਮਾਨਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ, ਹਰਜੋਤ ਸਿੰਘ ਬੈਂਸ ਮਾਨਯੋਗ ਸਿੱਖਿਆ ਮੰਤਰੀ ਪੰਜਾਬ ਅਤੇ ਮਾਨਯੋਗ ਜੀਤ ਲਾਲ ਭੱਟੀ ਡਾਇਰੈਕਟਰ ਪਨਬਸ ਪੰਜਾਬ ਦੇ ਸਾਂਝੇ ਜਤਨਾ ਸਦਕਾ ਉਦਘਾਟਨੀ ਸਮਾਰੋਹ ਕਰਵਾਇਆ ਗਿਆ ਹੈ।ਇਸ ਵਿੱਚ ਜੀਤ ਲਾਲ ਭੱਟੀ ਡਾਇਰੈਕਟਰ ਪਨਬਸ ਪੰਜਾਬ ਮੁੱਖ ਮਹਿਮਾਨ ਦੇ ਤੌਰ 'ਤੇ ਹਾਜ਼ਰ ਹੋਏ।ਇਸ ਸਮਾਰੋਹ ਵਿੱਚ ਮੁੱਖ ਮਹਿਮਾਨ ਨੇ ਸਕੂਲ ਵਿੱਚ ਬਣੇ ਨਵੇਂ ਦਾ ਉਦਘਾਟਨ ਕੀਤਾ।ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਰਕਾਰ ਵੱਲੋਂ ਸਕੂਲ ਵਿਚ ਕਮਰਾ ਜਿਸ ਦੀ ਰਾਸ਼ੀ 166000/- (ਇਕ ਲੱਖ ਛਿਆਹਠ ਹਜ਼ਾਰ ਰੁਪਏ) ਦੀ ਗ੍ਰਾਂਟ ਸਕੂਲ ਨੂੰ ਪ੍ਰਾਪਤ ਹੋਈ ਸੀ।ਮੁੱਖ ਮਹਿਮਾਨ ਨੇ ਸਿੱਖਿਆ ਦੇ ਖੇਤਰ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦੁਆਰਾ ਕੀਤੇ ਵਿਸ਼ੇਸ਼ ਉਪਰਾਲਿਆਂ ਦੀ ਸ਼ਲਾਘਾ ਕੀਤੀ।ਇਸ ਮੌਕੇ ਸਕੂਲ ਦੀ ਮੁੱਖ ਅਧਿਆਪਕਾ ਸ੍ਰੀਮਤੀ ਇੰਦਰਪਾਲ ਕੌਰ ਅਤੇ ਅਧਿਆਪਕ ਸਰਦਾਰ ਰਮਨਦੀਪ ਸਿੰਘ ਵਾਰਿਸ ਦੁਆਰਾ ਮਾਨਯੋਗ ਮੁੱਖ ਮਹਿਮਾਨ ਡਾਇਰੈਕਟਰ ਪਨਬਸ ਜੀਤ ਲਾਲ ਭੱਟੀ, ਉਨ੍ਹਾਂ ਦੀ ਸਮੁੱਚੀ ਟੀਮ, ਬਲਾਕ ਪ੍ਰਧਾਨ ਭੁਪਿੰਦਰ ਦੇਵ, ਬਲਾਕ ਪ੍ਰਧਾਨ ਸਤਨਾਮ ਮਨਕੋਟੀਆ, ਸੁਖਦੇਵ ਹੰਸ ਰਾਜ ਕੋਆਰਡੀਨੇਟਰ ਬੁੱਧੀਜੀਵੀ ਵਿੰਗ, ਸੁਖਦੇਵ ਸਿੰਘ ਜ਼ਿਲ੍ਹਾ ਜੁਆਇੰਟ ਸਕੱਤਰ ਕਿਸਾਨ ਵਿੰਗ, ਮਨਦੀਪ ਕਰੀਰਾ, ਬੀਐਓ ਰਵੀ ਕਾਂਤ, ਪਿੰਡ ਬਹਿਰਾਮ ਸਰਿਸ਼ਤਾ ਦੇ ਸਰਪੰਚ ਸਰਦਾਰ ਬਲਵਿੰਦਰ ਸਿੰਘ ਤੇ ਉਨ੍ਹਾਂ ਦੇ ਪੰਚਾਇਤ ਮੈਂਬਰ, ਪਿੰਡ ਦੇ ਪਤਵੰਤੇ ਸੱਜਣਾਂ, ਐਸ ਐਮ ਸੀ ਕਮੇਟੀ ਮੈਂਬਰ ਤੇ ਚੇਅਰਪਰਸਨ ਸ਼੍ਰੀ ਮਤੀ ਮਨਪ੍ਰੀਤ ਕੌਰ, ਵਿਦਿਆਰਥੀਆਂ ਦੇ ਮਾਪੇ ਅਤੇ ਇਲਾਕੇ ਦੇ ਹੋਰ ਪਤਵੰਤੇ ਸੱਜਣਾਂ ਦਾ ਸਵਾਗਤ ਕੀਤਾ। ਇਸ ਮੌਕੇ ਸਕੂਲ ਦੀਆਂ ਅਧਿਆਪਕਾਂਵਾਂ ਸ੍ਰੀਮਤੀ ਅੰਮ੍ਰਿਤਪਾਲ ਕੌਰ, ਸ੍ਰੀਮਤੀ ਜਸਵਿੰਦਰ ਕੌਰ ਵੀ ਹਾਜ਼ਰ ਸਨ।

# ਫਾਲਕਨ ਇੰਟਰਨੈਸ਼ਨਲ ਸਕੂਲ 'ਚ ਨਸ਼ਿਆਂ ਵਿਰੁੱਧ ਪ੍ਰਤੀਯੋਗਤਾ

**ਸੁਲਤਾਨਪੁਰ ਲੋਧੀ (ਹਨੀ)** ਫਾਲਕਨ ਇੰਟਰਨੈਸ਼ਨਲ ਸਕੂਲ ਵਿਖੇ ਨਸ਼ਿਆਂ ਨੂੰ ਨਾ ਕਹੋ ਵਿਸ਼ੇ ਸਬੰਧੀ ਪ੍ਰਤੀਯੋਗਤਾ ਕਰਵਾਈ ਗਈ । ਜਿਸ ਵਿੱਚ ਸੱਤਵੀਂ ਤੋਂ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ ਅਤੇ ਸਬੰਧਤ ਵਿਸ਼ੇ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ । ਦੱਸਵੀਂ ਦੀ ਸ੍ਰਿਸ਼ਟੀ ਪਹਿਲੇ, ਮਾਨਵਜੋਤ ਜਮਾਤ ਦਸਵੀਂ ਅਤੇ ਜੈਸਮੀਨ ਕੌਰ ਜਮਾਤ ਸੱਤਵੀਂ ਦੂਜੇ ਸਥਾਨ 'ਤੇ ਰਹੇ, ਜਦਕਿ ਸੱਤਵੀਂ ਜਮਾਤ ਦੇ ਅਗਮਜੋਤ ਕੌਰ ਅਤੇ ਨਵਰੂਪ ਕੌਰ ਤੀਜੇ ਸਥਾਨ 'ਤੇ ਰਹੇ। ਸਕੂਲ ਦੇ ਚੇਅਰਮੈਨ ਕਰਨਲ ਅਜੀਤ ਸਿੰਘ ਢਿੱਲੋਂ ਨੇ ਜੇਤੂ ਰਹੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਅਤੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ । ਕਰਨਲ ਢਿੱਲੋਂ ਨੇ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਵੱਧ ਚੜ ਕੇ ਹਿੱਸਾ ਲੈਣ ਲਈ ਵੀ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਦੇ ਡਾਇਰੈਕਟਰ ਮੈਡਮ ਨਵਦੀਪ ਕੌਰ ਢਿੱਲੋਂ, ਕੋਆਰਡੀਨੇਟਰ ਮੈਡਮ ਰਵਿੰਦਰਜੀਤ ਕੌਰ, ਸਪੋਰਟਸ ਇੰਚਾਰਜ ਜਤਿੰਦਰ ਸਿੰਘ, ਐਕਟੀਵਿਟੀ ਇੰਚਾਰਜ ਚੰਚਲ, ਤਾਨੀਆ ਧੀਰ ਆਦਿ ਹਾਜ਼ਰ ਸਨ।



# ਲਾਇਲਪੁਰ ਖ਼ਾਲਸਾ ਕਾਲਜ ਦਾ ਨਤੀਜਾ ਸ਼ਾਨਦਾਰ

**ਜਲੰਧਰ (ਸ਼ੈਲੀ ਐਲਬਰਟ)**-ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਲਈ ਬਹੁਤ ਮਾਣ ਅਤੇ ਖੁਸ਼ੀ ਦੀ ਗੱਲ ਹੈ ਕਿ ਇਸ ਦੇ ਪੋਸਟ ਗਰੈਜੂਏਟ ਕਾਮਰਸ ਵਿਭਾਗ ਵਿਚ ਬੀ.ਕਾਮ ਸਮੈਸਟਰ ਪਹਿਲਾਂ ਦੇ ਵਿਦਿਆਰਥੀ [illegible] ਸ਼ਰਮਾ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਐਲਾਨੇ ਨਤੀਜੇ ਵਿਚ 350 ਵਿਚੋਂ 277 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਵਿਦਿਆਰਥਣ ਮਨਪ੍ਰੀਤ ਕੌਰ ਨੇ 273 ਅੰਕ ਪ੍ਰਾਪਤ ਕਰਕੇ ਚੌਥਾ ਸਥਾਨ ਹਾਸਲ ਕੀਤਾ। ।ਸਰਦਾਰਨੀ ਬਲਬੀਰ ਕੌਰ ਪ੍ਰਧਾਨ ਗਵਰਨਿੰਗ ਕੌਂਸਲ ਅਤੇ ਪ੍ਰਿੰਸੀਪਲ ਡਾ. ਸੁਮਨ ਚੋਪੜਾ ਨੇ ਵਿਸ਼ੇਸ਼ ਤੌਰ 'ਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਡਾ. ਸੁਮਨ ਚੋਪੜਾ ਨੇ ਇਸ ਮੌਕੇ ਵਧਾਈ ਦਿੰਦੇ ਹੋਏ ਵਿਦਿਆਰਥੀਆਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਪ੍ਰੋ. ਨਵਦੀਪ ਕੌਰ ਵਾਇਸ ਪ੍ਰਿੰਸੀਪਲ ਅਤੇ ਡਾ. ਰਸ਼ਪਾਲ ਸਿੰਘ ਸੰਧੂ ਮੁਖੀ ਕਾਮਰਸ ਵਿਭਾਗ ਵੀ ਹਾਜ਼ਰ ਸਨ।



# ਆਓ ਨਸ਼ਾ ਮੁਕਤ ਪੰਜਾਬ ਬਣਾਈਏ : ਸਰਬਜੀਤ ਰਾਏ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)** ਪੰਜਾਬ ਸਰਕਾਰ ਦੁਆਰਾ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੇ ਲਈ ਦਿਨ ਰਾਤ ਅਣਥੱਕ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।ਵੱਖ ਵੱਖ ਸਕੂਲਾਂ, ਕਾਲਜਾਂ, ਮੁਹੱਲਿਆਂ ਵਿੱਚ ਜਾ ਕੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਜਾ ਰਿਹਾ ਹੈ ਅਤੇ ਨਾਲ ਹੀ ਨਸ਼ੇ ਦੇ ਤਸਕਰਾਂ ਨੂੰ ਨਕੇਲ ਪਾਉਣ ਲਈ ਪੁਲਸ ਪ੍ਰਸ਼ਾਸਨ ਦਿਨ ਰਾਤ ਮਿਹਨਤ ਕਰ ਰਿਹਾ ਹੈ।ਇਸ ਲੜੀ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਭੋਗਪਰ (ਲੜਕੇ) ਵਿਖੇ ਯੁੱਧ ਨਸ਼ਿਆਂ ਵਿਰੁੱਧ ਸੈਮੀਨਾਰ ਅਤੇ ਜਾਗਰੂਕਤਾ ਰੈਲੀ ਦਾ ਸਫਲ ਆਯੋਜਨ ਕੀਤਾ ਗਿਆ।ਜਿਸ ਵਿੱਚ ਬਤੌਰ ਮੁੱਖ ਮਹਿਮਾਨ ਸਰਬਜੀਤ ਰਾਏ ਜੀ (ਪੀ.ਪੀ.ਐਸ.), ਐਸ. ਪੀ., ਇਨਵੈਸਟੀਗੇਸ਼ਨ ਜਲੰਧਰ ਦਿਹਾਤੀ ਨੇ ਸ਼ਿਰਕਤ ਕੀਤੀ ਅਤੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਕੋਈ ਵੀ ਜਾਗਰੂਕਤਾ ਮੁਹਿੰਮ ਸਫਲ ਨਹੀਂ ਹੋ ਸਕਦੀ ਜਦੋਂ ਤੱਕ ਨੌਜਵਾਨ ਪੀੜ੍ਹੀ ਅਤੇ ਸਮਾਜ ਸੇਵੀ ਸੰਸਥਾਵਾਂ ਇਕੱਠੀਆਂ ਮਿਲ ਕੇ ਹੰਭਲਾ ਨਾ ਮਾਰਨ।ਆਓ ਸਾਰੇ ਰਲ ਕੇ ਯੁੱਧ ਨਸ਼ਿਆਂ ਵਿਰੁੱਧ ਅਭਿਆਨ ਵਿੱਚ ਆਪਣਾ ਬਣਦਾ ਯੋਗਦਾਨ ਪਾ ਕੇ ਪੰਜਾਬ ਨੂੰ ਨਸ਼ਾ ਮੁਕਤ ਰੰਗਲਾ ਪੰਜਾਬ ਬਣਾਈਏ।ਇਸ ਸਮਾਗਮ ਵਿੱਚ ਡੀ.ਐਸ.ਪੀ. ਕੁਲਵੰਤ ਸਿੰਘ, ਐਸ.ਐਚ.ਓ. ਭੋਗਪੁਰ ਇਨਸਪੈਕਟਰ ਰਵਿੰਦਰ ਸਿੰਘ, ਪ੍ਰਿੰਸੀਪਲ ਮੈਡਮ ਸੁਨੀਤਾ ਜੀ, ਐਕਸ ਸਰਵਿਸਮੈਨ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਕੈਪਟਨ ਗੁਰਮੇਲ ਸਿੰਘ, ਸਮਾਜ ਸੇਵਕ ਸੁਰਿੰਦਰ ਸਿੰਘ ਕਾਹਲੋਂ, ਸਕੂਲ ਦਾ ਸਮੂਹ ਸਟਾਫ ਅਤੇ ਵਿਦਿਆਰਥੀ ਨੇ ਇਸ ਸਮਾਗਮ ਵਿੱਚ ਭਾਗ ਲਿਆ। ਮੰਚ ਦਾ ਸੰਚਾਲਨ ਡਾ. ਸੁਰਜੀਤ ਲਾਲ ਕੈਰੀਅਰ ਕੌਂਸਲਰ ਵੱਲੋਂ ਕੀਤਾ ਗਿਆ।

# ਡਾ. ਅੰਬੇਡਕਰ ਦੁਆਰਾ ਦਿੱਤੀ ਗਈ ਵਿਭਿੰਨਤਾ 'ਚ ਏਕਤਾ ਦੀ ਧਾਰਨਾ ਅੱਜ ਵੀ ਬਰਕਰਾਰ : ਬੈਂਸ

**ਨੰਗਲ (ਸੁਰਜੀਤ ਸਿੰਘ)**- ਪੰਜਾਬ ਦੇ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ, ਹਰਜੋਤ ਸਿੰਘ ਬੈਂਸ ਨੇ ਨੰਗਲ ਵਿਚ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਕੈਬਨਿਟ ਵਿੱਚ ਪਹਿਲੀ ਵਾਰ 6 ਐਸ.ਸੀ. ਮੰਤਰੀਆਂ ਦੀ ਸ਼ਮੂਲੀਅਤ, ਏ.ਜੀ. (ਐਡਵੋਕੇਟ ਜਨਰਲ) ਦਫ਼ਤਰ ਵਿੱਚ ਪਹਿਲੀ ਵਾਰ ਰਾਖਵਾਂਕਰਨ ਲਾਗੂ ਕਰਕੇ ਅਤੇ ਐਸ.ਸੀ. ਸਕਾਲਰਸ਼ਿਪ ਦੀ ਮੁਸ਼ਕਲ ਰਹਿਤ ਵੰਡ ਦੇ ਨਾਲ, 'ਆਪ' ਸਰਕਾਰ ਪੰਜਾਬ ਵਿੱਚ ਬਾਬਾ ਸਾਹਿਬ, ਡਾ. ਬੀ. ਆਰ. ਅੰਬੇਡਕਰ ਦੇ ਸੁਪਨੇ ਨੂੰ ਸਾਕਾਰ ਕਰ ਰਹੀ ਹੈ। ਬੈਂਸ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸਾਰੇ ਵਿਭਾਗ ਦੇ ਦਫਤਰਾਂ ਵਿੱਚ ਭਾਰਤ ਰਤਨ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਅਤੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀਆਂ ਤਸਵੀਰਾਂ ਲਗਾ ਕੇ ਆਪਣੀ ਭ੍ਰਿਸਟਾਚਾਰ ਮੁਕਤ ਸਮਾਨਤਾ ਵਾਲੀ ਸੋਚ ਤੇ ਪਹਿਰਾ ਦਿੱਤਾ ਹੈ। ਉਹਨਾਂ ਕਿਹਾ ਕਿ ਪਿਛਲੀ ਸਰਕਾਰ ਦੇ ਕਾਰਜਕਾਲ ਦੌਰਾਨ ਜਦੋਂ ਆਮ ਆਦਮੀ ਪਾਰਟੀ ਵਿਰੋਧੀ ਧਿਰ ਵਿੱਚ ਸੀ ਤਾਂ ਸਾਡੇ ਆਗੂ ਹਰਪਾਲ ਸਿੰਘ ਚੀਮਾ ਨੇ ਉਸ ਸਮੇਂ (ਐਡਵੋਕੇਟ ਜਨਰਲ) ਦਫਤਰ ਵਿੱਚ ਵਕੀਲ ਭਾਈਚਾਰੇ ਲਈ ਰਾਖਵਾਂ ਕਰਨ ਦੀ ਮੰਗ ਰੱਖੀ ਸੀ ਜਿਸ 'ਤੇ ਕਿਸੇ ਵੀ ਸਰਕਾਰ ਨੇ ਕਦੇ ਵੀ ਗੌਰ ਨਹੀਂ ਕੀਤਾ। ਜਦੋਂ 2022 ਵਿੱਚ ਅਰਵਿੰਦ ਕੇਜਰੀਵਾਲ ਕਨਵੀਨਰ ਆਮ ਆਦਮੀ ਪਾਰਟੀ ਦੀ ਸੋਚ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੱਤਾ ਸੰਭਾਲਣ ਵਾਲੀ ਪੰਜਾਬ ਸਰਕਾਰ ਨੇ ਇਸ ਮੰਗ ਨੂੰ ਅਮਲ ਵਿੱਚ ਲਿਆਉਣ ਦੀ ਚਾਰਾਜ਼ੋਈ ਸ਼ੁਰੂ ਕੀਤੀ ਅਤੇ ਬਾਬਾ ਸਾਹਿਬ ਦੇ ਜਨਮ ਦਿਹਾੜੇ ਮੌਕੇ ਅਸੀਂ ਇਹ ਸੁਪਨਾ ਸਾਕਾਰ ਕੀਤਾ। ਇਸਦੇ ਨਾਲ ਵੀ ਜਦੋਂ ਏ.ਜੀ ਦਫਤਰ ਵਿੱਚ ਰਾਖਵਾਕਰਨ ਦੇ ਕੋਟੇ ਦੀਆਂ ਕੁੱਝ ਅਸਾਮੀਆਂ ਸਖਤ ਨਿਯਮਾਂ ਕਾਰਨ ਖਾਲੀ ਰਹਿ ਗਈਆਂ ਸਨ ਤਾਂ ਆਪ ਸਰਕਾਰ ਨੇ ਨਿਯਮਾਂ ਵਿੱਚ ਨਰਮੀ ਲਿਆਂਦੀ ਜਿਸ ਨਾਲ ਸਾਰੇ ਵਕੀਲ ਭਾਈਚਾਰੇ ਨੂੰ ਰਾਖਵਾਂਕਰਨ ਦਾ ਲਾਭ ਮਿਲ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਇਸ ਨਾਲ ਸਾਡੀ ਸਰਕਾਰ ਦਾ ਅਦਾਲਤਾਂ ਵਿਚ ਪੱਖ ਹੋਰ ਮਜਬੂਤੀ ਨਾਲ ਰੱਖਿਆ ਜਾਵੇਗਾ। ਸਾਰੇ ਦੇਸ਼ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਪਹਿਲੀ ਅਜਿਹੀ ਸਰਕਾਰ ਹੈ, ਜਿਸ ਨੇ ਅਨੁਸੂਚਿਤ ਜਾਤੀ ਭਾਈਚਾਰੇ ਨੂੰ ਰਾਖਵੇਂਕਰਨ ਦਾ ਲਾਭ ਐਡਵੋਕੇਟ ਜਨਰਲ ਦਫਤਰ ਦੀਆਂ ਅਸਾਮੀਆਂ ਵਿੱਚ ਵੀ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਇਸ ਤੋਂ ਇਲਾਵਾ ਐਸ.ਸੀ ਸਕਾਲਰਸ਼ਿਪ ਨੂੰ ਵੀ ਪਾਰਦਰਸ਼ੀ ਬਣਾਇਆ ਗਿਆ ਹੈ। ਇਸ ਮੌਕੇ ਡਾ.ਸੰਜੀਵ ਗੌਤਮ ਚੇਅਰਮੈਨ ਗੁਰੂ ਰਵਿਦਾਸ ਆਯੁਰਵੈਦਿਕ ਯੂਨੀਵਰਸਿਟੀ, ਦੀਪਕ ਸੋਨੀ ਮੀਡੀਆ ਕੋਆਰਡੀਨੇਟਰ, ਜਸਪ੍ਰੀਤ ਜੇ.ਪੀ, ਪੱਮੂ ਢਿੱਲੋਂ, ਜਸਪਾਲ ਸਿੰਘ ਢਾਹੇ ਬਲਾਕ ਪ੍ਰਧਾਨ, ਸੁਮਿਤ ਕੁਮਾਰ, ਨਿਸ਼ਾਤ ਗੁਪਤਾ, ਮਨਜੋਤ ਸਿੰਘ, ਸਤੀਸ਼ ਚੋਪੜਾ, ਮੁਕੇਸ਼ ਵਰਮਾ, ਰਾਜਪਾਲ ਮੋਹੀਵਾਲ, ਮੁਕੇਸ਼ ਵਰਮਾ, ਜਸਵਿੰਦਰ ਸਿੰਘ, ਸੁਨੀਲ ਸੈਣੀ ਸਰਪੰਚ, ਅੰਕੁਸ਼ ਪਾਠਕ, ਦਲਜੀਤ ਸਿੰਘ, ਸੁਮਿਤ ਸ਼ਰਮਾ, ਸੁਮਿਤ ਤਲਵਾੜਾ, ਕੇਹਰ ਸਿੰਘ, ਨਰਾਇਣ ਸ਼ਰਮਾ, ਦੀਪੂ ਬਾਸ ਹਾਜ਼ਰ ਸਨ।

# ਪੀਣ ਵਾਲੇ ਪਾਣੀ ਦੀ ਵਰਤੋਂ ਤੇ ਸਾਂਭ ਸੰਭਾਲ ਸੰਬੰਧੀ ਜਾਗਰੂਕਤਾ ਕੈਂਪ ਲਗਾਇਆ



**ਬਲਾਚੌਰ (ਜਸਵਿੰਦਰ ਬੈਂਸ)** ਸ਼ਹੀਦ ਭਗਤ ਸਿੰਘ ਨਗਰ ਦੀ ਸਬ ਡਿਵੀਜ਼ਨ ਬਲਾਚੌਰ ਦੇ ਪਿੰਡ ਖੋਜਾ ਬੇਟ ਵਿਖੇ ਬਲਾਕ ਕੋਆਰਡੀਨੇਟਰ ਬਲਾਚੌਰ ਮਨੀਸ਼ਾ ਮੈਡਮ ਵੱਲੋਂ ਪੰਚਾਇਤ ਦੇ ਸਹਿਯੋਗ ਨਾਲ ਪੀਣ ਵਾਲੇ ਪਾਣੀ ਸੰਬੰਧੀ ਵਿਸ਼ੇਸ਼ ਜਾਗਰੂਕਤਾ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਉਨਾਂ ਵੱਲੋਂ ਇਕੱਤਰ ਪਿੰਡ ਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਵਰਤੋਂ ਅਤੇ ਸਾਂਭ ਸੰਭਾਲ ਸੰਬੰਧੀ ਜਾਣਕਾਰੀ ਦਿੱਤੀ ਗਈ।ਉਨ੍ਹਾਂ ਕਿਹਾ ਕਿ ਪੀਣ ਵਾਲਾ ਪਾਣੀ ਸਿਰਫ ਪੀਣ ਲਈ ਹੀ ਵਰਤਿਆ ਜਾਣਾ ਚਾਹੀਦਾ ਹੈ ਇਸ ਲਈ ਆਪਣੇ ਨਲਕਿਆਂ ਅਤੇ ਟੂਟੀਆਂ ਵਿੱਚੋਂ ਓਨਾ ਹੀ ਪਾਣੀ ਲੈਣਾ ਚਾਹੀਦਾ ਹੈ ਜਿੰਨੀ ਜਰੂਰਤ ਹੋਵੇ।ਸਰਪੰਚ ਸੰਤੋਖ ਸਿੰਘ ਨੇ ਕਿਹਾ ਕਿ 'ਜਲ ਹੀ ਜੀਵਨ ਹੈ' ਕਿਉਂਕਿ ਪੀਣ ਵਾਲੇ ਪਾਣੀ ਤੋਂ ਬਿਨਾਂ ਜ਼ਿੰਦਗੀ ਜਿਉਣ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।ਇਸ ਮੌਕੇ ਕੁਲਵਿੰਦਰ ਸਿੰਘ, ਭੁਪਿੰਦਰ ਸਿੰਘ, ਜੋਗਿੰਦਰ ਕੌਰ, ਅਮਨਦੀਪ ਕੌਰ, ਬਲਵੰਤ ਰਾਮ (ਸਾਰੇ ਪੰਚਾਇਤ ਮੈਂਬਰ), ਸਵਰਨ ਸਿੰਘ, ਸਤਪਾਲ ਸਿੰਘ, ਹਰਜਿੰਦਰ ਸਿੰਘ ਸਾਬੀ, ਰਤਨ ਸਿੰਘ, ਮਹਿੰਦਰ ਸਿੰਘ, ਮੁਖਤਿਆਰ ਸਿੰਘ, ਲਛਮਣ ਸਿੰਘ, ਗੁਰਮੇਲ ਸਿੰਘ, ਨਰਿੰਦਰ ਸਿੰਘ ਅਤੇ ਹੋਰ ਬਹੁ ਗਿਣਤੀ ਵੱਖ-ਵੱਖ ਸ਼ਖ਼ਸੀਅਤਾਂ ਹਾਜ਼ਰ ਸਨ।

# ਡਾ. ਅੰਬੇਡਕਰ ਦਾ 134ਵਾਂ ਜਨਮ ਦਿਹਾੜਾ ਮਨਾਇਆ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**— ਸਥਾਨਕ ਇਲਾਕੇ ਦੇ ਪਿੰਡ ਬੀਰਮਪੁਰ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ 134ਵਾਂ ਜਨਮ ਦਿਹਾੜਾ ਸੰਤ ਦਰਸ਼ਨ ਦਾਸ ਸਪੋਰਟਸ ਕਲੱਬ,ਨਗਰ ਨਿਵਾਸੀ ਅਤੇ ਐਨ ਆਰ ਆਈਜ ਨੌਜਵਾਨਾਂ ਦੇ ਸਹਿਯੋਗ ਨਾਲ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ ਅਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੂੰ ਫੁੱਲ ਮਲਾਵਾਂ ਵੀ ਭੇਟ ਕੀਤੀਆਂ ਗਈਆਂ । ਇਸ ਮੌਕੇ ਬੱਚਿਆਂ ਵੱਲੋਂ ਬਾਬਾ ਸਾਹਿਬ ਦੇ ਜੀਵਨ ਸਬੰਧੀ ਅਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ ਅਤੇ ਪਹਿਲੇ,ਦੂਜੇ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ। ਇਸ ਸਮਾਗਮ ਦੌਰਾਨ ਪ੍ਰਿੰ ਜਗਤਾਰ ਸਮੁੰਦੜਾ ਅਤੇ ਐਡਵੋਕੇਟ ਬਲਵਿੰਦਰ ਕੁਮਾਰ ਵਿਸ਼ੇਸ ਤੌਰ 'ਤੇ ਪਹੁੰਚੇ ਅਤੇ ਉਹਨਾਂ ਬਾਬਾ ਜੀ ਦੇ ਜੀਵਨੀ 'ਤੇ ਵਿਚਾਰ ਚਰਚਾ ਕੀਤੀ। ਇਸ ਮੌਕੇ ਰਵਿੰਦਰ ਸਿੰਘ,ਬੂਟਾ ਸਿੰਘ,,ਕਸ਼ਮੀਰ ਲਾਲ,ਅਸ਼ੋਕ ਕੁਮਾਰ, ਜੋਰਾ ਰਾਮ, ਬਲਵਿੰਦਰ ਕੁਮਾਰ, ਪੰਚ ਮਨਜੀਤ ਕੁਮਾਰ, ਪੰਚ ਰਾਜ ਰਾਣੀ, ਪੰਚ ਅਮਰੀਕ ਸਿੰਘ,ਲਵਪ੍ਰੀਤ ਸਿੰਘ,ਅਮਨਦੀਪ ਕੁਮਾਰ, ਸਮੇਤ ਹੋਰ ਪਿੰਡ ਵਾਸੀ ਹਾਜ਼ਰ ਸਨ।



# ਐੱਸ ਡੀ ਕਾਲਜ ਵੱਲੋਂ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਰੈਲੀ

**ਸੁਲਤਾਨਪੁਰ ਲੋਧੀ (ਹਨੀ)** ਸਥਾਨਕ ਐਸ. ਡੀ. ਕਾਲਜ ਫਾਰ ਵੂਮੈਨ ਦੇ ਐੱਨ ਐੱਸ ਐੱਸ ਵਿਭਾਗ ਵਲੋਂ ਵਿਕਸਿਤ ਭਾਰਤ ਦੇ ਤਹਿਤ 'ਨਸ਼ਾ ਮੁਕਤ ਭਾਰਤ ਅਭਿਆਨ' ਸੰਬਧੀ ਕਰਵਾਈਆਂ ਗਤੀਵਿਧੀਆਂ ਦੀ ਲਗਾਤਾਰਤਾ ਦੇ ਤਹਿਤ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਆਗਵਾਈ ਹੇਠ ਨਸ਼ਾ ਮੁਕਤ ਭਾਰਤ ਬਣਾਉਣ ਦਾ ਸੰਕਲਪ ਲੈਂਦੀ ਇੱਕ ਰੈਲੀ ਕੱਢੀ ਗਈ। ਇਸ ਮੌਕੇ ਵੱਡੀ ਗਿਣਤੀ ਵਿੱਚ ਵਿਦਿਆਰਥਣਾਂ ਤੇ ਸਟਾਫ਼ ਵਲੋਂ ਸੁਲਤਾਨਪੁਰ ਲੋਧੀ ਦੀਆਂ ਸੜਕਾਂ 'ਤੇ ਨਸ਼ਾਖੋਰੀ ਖਿਲਾਫ ਮੁਹਿੰਮ ਦੇ ਤਹਿਤ ਨਸ਼ਾ ਮੁਕਤ ਭਾਰਤ ਬਣਾਉਣ ਦਾ ਸੰਦੇਸ਼ ਦਿੰਦੀ ਰੈਲੀ ਵਿੱਚ ਭਾਗ ਲਿਆ। ਨਸ਼ਾ ਮੁਕਤ ਪੰਜਾਬ (ਭਾਰਤ) ਬਣਾਉਣਾ ਹੈ, ਇਹ ਦ੍ਰਿੜਤਾ ਨਾਲ ਆਲੇ ਦੁਆਲੇ, ਗਲੀਆਂ, ਸੜਕਾਂ ਤੇ ਸੰਦੇਸ਼ ਦਿੱਤਾ ਗਿਆ। ਵਿਦਿਆਰਥਣਾਂ ਨੇ ਨਸ਼ਿਆਂ ਖਿਲਾਫ ਚੱਲ ਰਹੀ ਮੁਹਿੰਮ ਦਾ ਹਿੱਸਾ ਬਣਦੇ ਹੋਏ ਸੰਕਲਪ ਲਿਆ ਕਿ, ਉਹ ਇਹ ਸੰਦੇਸ਼ ਅਪਣੇ ਆਲੇ ਦੁਆਲੇ, ਪਿੰਡਾਂ ਤੇ ਮੁਹੱਲਿਆ ਵਿੱਚ ਵੀ ਦੇਣਗੇ। ਪ੍ਰਿੰਸੀਪਲ ਡਾ ਸ਼ੁਕਲਾ ਨੇ ਰੈਲੀ ਦੀ ਰਵਾਨਗੀ ਵੇਲੇ ਵਿਦਿਆਰਥਣਾਂ ਨੂੰ ਨਸ਼ਿਆਂ ਤੋ ਦੂਰ ਰਹਿਣ ਸਬੰਧੀ ਪ੍ਰੇਰਿਤ ਕੀਤਾ । ਇਹ ਰੈਲੀ ਆਪਣੇ ਉਦੇਸ਼ ਦੀ ਪੂਰਤੀ ਕਰਨ ਵਿਚ ਸਫਲ ਰਹੀ।ਇਹ ਸਾਰਾ ਪ੍ਰੋਗਰਾਮ ਮੈਡਮ ਰਜਨੀ ਬਾਲਾ ਇੰਚਾਰਜ ਨਸ਼ਾ ਮੁਕਤ ਭਾਰਤ ਅਭਿਆਨ ਦੀ ਦੇਖ ਰੇਖ ਹੇਠ ਕਰਵਾਇਆ ਗਿਆ ।



# ਪੰਜਾਬ ਪੈਨਸ਼ਨ ਯੂਨੀਅਨ ਜ਼ਿਲ੍ਹਾ ਜਲੰਧਰ ਦੀ ਮਹੀਨਾਵਾਰ ਮੀਟਿੰਗ

**ਜਲੰਧਰ/ਮੇਹਟੀਆਣਾ (ਰਾਜੇਸ਼ ਥਾਪਾ/ਜਗਤਾਰ ਸਿੰਘ ਭੁੰਗਰਨੀ)**- ਪੰਜਾਬ ਪੈਨਸ਼ਨ ਯੂਨੀਅਨ ਜ਼ਿਲ੍ਹਾ ਜਲੰਧਰ ਬ੍ਰਾਂਚ ਦੀ ਮਹੀਨਾਵਾਰ ਮੀਟਿੰਗ ਚੇਅਰਮੈਨ ਮਦਨ ਲਾਲ ਚੀਮਾ ਦੀ ਪ੍ਰਧਾਨੀ ਹੇਠ ਕੀਤੀ ਗਈ। ਇਸ ਮੌਕੇ ਸਭ ਤੋਂ ਪਹਿਲਾਂ ਸਾਥੀ ਕੇਸ਼ਵ ਚੰਦ ਦੀ ਮਾਤਾ ਜੀ ਦੇ ਅਚਾਨਕ ਸਦੀਵੀ ਵਿਛੋੜਾ ਦੇਣ ਅਤੇ ਹੋਰ ਕਦਰਤੀ ਆਫ਼ਤਾਂ ਵਾਪਰਨ ਕਾਰਨ ਵਿਛੜੇ ਵਿਅਕਤੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਪ੍ਰਧਾਨ ਜਗਤਾਰ ਸਿੰਘ ਭੁੰਗਰਨੀ ਅਤੇ ਸੀਨੀ : ਮੀਤ ਪ੍ਰਧਾਨ ਦਵਿੰਦਰਪਾਲ ਸਿੰਘ ਅਤੇ ਹਰਿੰਦਰ ਸਿੰਘ ਚੀਮਾ ਵੱਲੋਂ ਕੇਂਦਰ ਅਤੇ ਸੂਬੇ ਦੀ ਸਰਕਾਰ ਵੱਲੋਂ ਮੁਲਾਜ਼ਮਾਂ, ਪੈਨਸ਼ਨਰਾਂ, ਮਜ਼ਦੂਰਾਂ ਅਤੇ ਕਿਸਾਨਾਂ ਵਿਰੋਧੀ ਜੋ ਮਾਰੂ ਨੀਤੀਆਂ ਅਤੇ ਦੇਸ਼ ਨੂੰ ਕਾਰਪੋਰੇਟ ਕੰਪਨੀਆਂ ਹਵਾਲੇ ਵਾਲੀਆਂ ਨੀਤੀਆਂ ਦੀ ਸਖ਼ਤ ਨਿਖੇਧੀ ਕੀਤੀ ਗਈ। ਅੱਜ ਦੀ ਇਸ ਮੀਟਿੰਗ ਵਿੱਚ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ 1-1-2016 ਤੋਂ ਰੀਵਾਈਜ਼ ਕੀਤੇ ਗਰੇਡ ਅਤੇ ਡੀ. ਏ ਦੀਆਂ ਕਿਸ਼ਤਾਂ ਦੇ ਬਕਾਏ ਦੇਣ ਕੀਤੇ ਐਲਾਨ ਨੂੰ ਪੰਜਾਬ ਸਰਕਾਰ ਦੀ ਡੰਗ ਟਪਾਊ ਪਾਲਸੀ ਅਤੇ ਕੋਝਾ ਮਜ਼ਾਕ ਕਿਹਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦਾ ਵਿਸ਼ਵਾਸ ਗਵਾ ਚੁੱਕੀ ਹੈ। ਜਿਸ ਨੇ ਤਿੰਨ ਸਾਲਾਂ ਵਿੱਚ ਇੱਕ ਵਾਰ ਵੀ ਪੈਨਸ਼ਨਰਾਂ ਮੁਲਾਜ਼ਮਾਂ ਮਜ਼ਦੂਰਾਂ ਨਾਲ ਹਮਦਰਦੀ ਭਰਿਆ ਵਤੀਰਾ ਨਹੀਂ ਅਪਣਾਇਆ। ਉਲਟ ਮਾਨਤਾ ਪ੍ਰਾਪਤ ਜਥੇਬੰਦੀਆਂ ਜਥੇਬੰਦੀਆਂ ਨੂੰ ਮੀਟਿੰਗਾਂ ਦਾ ਸਮਾਂ ਦੇ ਕੇ ਫਿਰ ਮੀਟਿੰਗ ਤੋਂ ਭੱਜ ਜਾਣਾ ਇਹ ਇਕ ਮਤਰੇਈ ਮਾਂ ਵਾਲਾ ਸਲੂਕ ਰਿਹਾ । ਇਸ ਮੌਕੇ ਪੰਜਾਬ ਪੈਨਸ਼ਨ ਯੂਨੀਅਨ ਜਲੰਧਰ ਬ੍ਰਾਂਚ ਵਲੋਂ 60-70-75-80 ਸਾਲ ਦੀ ਉਮਰ ਪੂਰੀ ਕਰ ਚੁੱਕੇ ਪੈਨਸ਼ਨਰ 7 ਸਾਥੀਆਂ ਜੋ ਹਮੇਸ਼ਾ ਜਥੇਬੰਦੀ ਦਾ ਸਹਿਯੋਗ ਕਰਦੇ ਹਨ ਜਿਨ੍ਹਾਂ ਵਿੱਚ ਹਰਿੰਦਰ ਸਿੰਘ ਢਿਲਵਾਂ, ਪਰਮਿੰਦਰ ਸਿੰਘ ਡਰਾਈਵਰ, ਅੱਛਰ ਸਿੰਘ ਡਰਾਈਵਰ, ਹਰਜੀਤ ਸਿੰਘ ਕੰਡਕਟਰ, ਜਸਵੀਰ ਸਿੰਘ ਸਰਾਏ ਖਾਸ ਡਰਾਈਵਰ, ਜਗਦੀਸ਼ ਸਿੰਘ ਐਸ਼ ਆਈ,ਕਸਤੂਰੀ ਲਾਲ ਡਰਾਈਵਰ ਨੂੰ ਲੋਈ ਅਤੇ ਕਾ. ਜਸਵੰਤ ਸਿੰਘ ਸਮਰਾ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਹੋਰਨਾਂ ਤੋਂ ਇਲਾਵਾ ਅਵਤਾਰ ਸਿੰਘ ਤਾਰੀ ਸੂਬਾ ਜਥੇਬੰਦਕ ਸਕੱਤਰ, ਜਨਰਲ ਸਕੱਤਰ ਵਿਜੇ ਕੁਮਾਰ ਸ਼ਰਮਾ, ਗੁਰਦਿਆਲ ਸਿੰਘ ਜਲਵੇਹੜਾ, ਗੁਰਮੁੱਖ ਸਿੰਘ, ਹਰਿੰਦਰ ਸਿੰਘ ਚੀਮਾ, ਗੁਰਮੁੱਖ ਸਿੰਘ, ਹਰਿੰਦਰ ਸਿੰਘ ਢਿਲਵਾਂ, ਸੁਭਾਸ਼ ਮੱਟੂ, ਮਦਨ ਲਾਲ ਰਿਟਾ. ਡੀ ਸੀ ਦਫ਼ਤਰ, ਅੰਮ੍ਰਿਤਪਾਲ ਸਿੰਘ, ਸਰਮੁੱਖ ਸਿੰਘ ਮੇਵਾ ਸਿੰਘ ਇੰਸਪੈਕਟਰ, ਜਗਦੇਵ ਸਿੰਘ ਕੁਕੋਵਾਲ ਅਤੇ ਹੋਰ ਵੱਡੀ ਗਿਣਤੀ ਵਿੱਚ ਸਾਥੀ ਹਾਜ਼ਰ ਸਨ ।ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਰਾਜਿੰਦਰ ਸਿੰਘ ਖੋਥੜਾਂ ( ਯੂ ਐਸ ਏ) ਨੇ ਵੀ ਹਾਜ਼ਰੀ ਭਰੀ ਅਤੇ ਉਨ੍ਹਾਂ ਸੀ ਪੀ ਆਈ ਦੀ ਚੰਡੀਗੜ੍ਹ ਪੰਜਾਬ ਵਿੱਚ ਆਲ ਇੰਡੀਆ ਦੇ ਡੈਲੀਗੇਟ ਕਾਨਫਰੰਸ ਲਈ ਪੰਜ ਹਜ਼ਾਰ ਰੁਪਏ ਦਾ ਯੋਗਦਾਨ ਵੀ ਦਿੱਤਾ ।ਹਾਊਸ ਵੱਲੋਂ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ।




# ਕਪੂਰਥਲਾ-ਸੁਲਤਾਨਪੁਰ ਬਣ ਰਹੀ ਡਬਲ ਸੜਕ ਤੇ ਡਿਵਾਈਡਰ 'ਚੋਂ ਰਸਤਾ ਦੇਣ ਦੀ ਕੀਤੀ ਮੰਗ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਕਪੂਰਥਲਾ ਤੋਂ ਸੁਲਤਾਨਪੁਰ ਲੋਧੀ ਵਾਇਆ ਪਾਜੀਆਂ ਸੜਕ ਨੂੰ ਡਬਲ਼ ਕਰਨ ਦਾ ਕੰਮ ਚੱਲ ਰਿਹਾ ਹੈ ਅਤੇ ਇਸ ਡਬਲ਼ ਸੜਕ ਦੇ ਵਿਚਕਾਰ ਡਵਾਈਡਰ ਬਣਾਇਆ ਜਾ ਰਿਹਾ ਹੈ ਪਰ ਪਾਜੀਆਂ ਦੇ ਨੇੜਿਉਂ ਜਿੱਥੋਂ ਸੜਕ ਮੈਰੀਪੁਰ, ਦੁਰਗਾਪੁਰ, ਜਾਰਜਪੁਰ ਨੂੰ ਮੁੜਦੀ ਹੈ ਓਥੋਂ ਇਹਨਾਂ ਪਿੰਡਾਂ ਨੂੰ ਜਾਣ ਵਾਸਤੇ ਰਸਤਾ ਨਹੀਂ ਦਿੱਤਾ ਜਾ ਰਿਹਾ।ਇਸ ਰਸਤੇ ਦੀ ਮੰਗ ਕਰਦੇ ਹੋਏ ਇਲਾਕਾ ਨਿਵਾਸੀਆਂ ਨੇ ਦੱਸਿਆ ਕਿ ਇਹ ਸੜਕ ਦੁਰਗਾਪੁਰ, ਮੈਰੀਪੁਰ, ਜਾਰਜਪੁਰ ਤੋਂ ਹੁੰਦੀ ਹੋਈ ਕਾਲਰੂ, ਬੂਲਪੁਰ, ਸੈਦਪੁਰ ਤੋਂ ਤਲਵੰਡੀ ਚੌਧਰੀਆਂ ਗੋਇੰਦਵਾਲ ਸਾਹਿਬ ਰੋਡ ਨਾਲ ਜੁੜਦੀ ਹੈ ਜਿਸ ਤੇ ਆਵਾਜਾਈ ਕਾਫੀ ਰਹਿੰਦੀ ਹੈ।ਉਨ੍ਹਾਂ ਕਿਹਾ ਕਿ ਮੈਰੀਪੁਰ ਦਾਣਾ ਮੰਡੀ ਅਤੇ ਸ਼ੈਲਰ ਵਾਸਤੇ ਟਰਾਲੇ ਵੀ ਇਸੇ ਰਸਤੇ ਜਾਂਦੇ ਹਨ।ਉਹਨਾਂ ਕਿਹਾ ਕਿ ਰਸਤਾ ਨਾ ਛੱਡਣ ਦੀ ਸੂਰਤ ਵਿੱਚ ਇਲਾਕੇ ਦੇ 20- 25 ਪਿੰਡਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ ਅਤੇ ਜੇਕਰ ਪਾਜੀਆਂ ਡਿਵਾਈਡਰ ਤੋਂ ਮੁੜਨਾ ਪਵੇ ਤਾਂ ਦੁਰਘਟਨਾਵਾਂ ਵਿੱਚ ਭਾਰੀ ਵਾਧਾ ਹੋਵੇਗਾ। ਵੱਡੀ ਗਿਣਤੀ ਵਿੱਚ ਇਕੱਤਰ ਦੁਰਗਾਪੁਰ, ਮੈਰੀਪੁਰ, ਜਾਰਜਪੁਰ ਅਤੇ ਕਾਲਰੂ ਦੇ ਵਸਨੀਕਾਂ ਵੱਲੋਂ ਪ੍ਰਸ਼ਾਸਨ ਕੋਲੋਂ ਇਹ ਮੰਗ ਕੀਤੀ ਗਈ ਕਿ ਇਸ ਸੜਕ ਤੋਂ ਮੁੜਨ ਵਾਸਤੇ ਰਸਤਾ ਜ਼ਰੂਰ ਦਿੱਤਾ ਜਾਵੇ ਤਾਂ ਜੋ ਰਾਹਗੀਰਾਂ ਨੂੰ ਕੋਈ ਮੁਸ਼ਕਲ ਪੇਸ਼ ਨਾ ਆਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਚੇਅਰਮੈਨ ਪਰਵਿੰਦਰ ਸਿੰਘ ਪੱਪਾ ਜਾਰਜਪੁਰ, ਸੁਰਿੰਦਰਪਾਲ ਸਿੰਘ ਸਾਬਕਾ ਸਰਪੰਚ ਮੈਰੀਪੁਰ, ਕੁਲਦੀਪ ਸਿੰਘ ਸਾਬਕਾ ਸਰਪੰਚ ਦੁਰਗਾਪੁਰ, ਹਰਪ੍ਰੀਤ ਸਿੰਘ ਸੈਕਟਰੀ ਮੈਰੀਪੁਰ, ਲਾਡੀ ਜਾਰਜਪੁਰ, ਮੋਹਨ ਸਿੰਘ ਦੁਰਗਾਪੁਰ, ਮੇਹਰ ਸਿੰਘ ਦੁਰਗਾਪੁਰ, ਬਲਦੇਵ ਸਿੰਘ ਮੈਰੀਪੁਰ, ਅਮਰਿੰਦਰ ਸਿੰਘ ਮੈਰੀਪੁਰ, ਅਮਰੀਕ ਸਿੰਘ ਮੈਰੀਪੁਰ, ਨਵਦੀਪ ਸਿੰਘ ਮੈਰੀਪੁਰ, ਗੁਰਮੇਲ ਸਿੰਘ ਦੁਰਗਾਪੁਰ, ਬਲਬੀਰ ਸਿੰਘ ਮੈਰੀਪੁਰ, ਗੁਲਜ਼ਾਰ ਸਿੰਘ, ਯੁੱਗਾਂ ਜਾਰਜਪੁਰ, ਜਗਦੀਪ ਮੈਰੀਪੁਰ, ਲਵਲੀ ਜਾਰਜਪੁਰ, ਸਾਬ ਜਾਰਜਪੁਰ , ਗੋਪੀ ਜਾਰਜਪੁਰ ਆਦਿ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

# ਐਲ ਪੀ ਯੂ ਦੇ ਸਾਲਾਨਾ ਮੀਡੀਆ ਫੈਸਟ ਐਕਸਪ੍ਰੈਸ਼ਨ ਦਾ ਉਦਘਾਟਨ

**ਜਲੰਧਰ (ਸ਼ੈਲੀ ਐਲਬਰਟ)**-ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਵਿਖੇ ਸਕੂਲ ਆਫ਼ ਲਿਬਰਲ ਐਂਡ ਕ੍ਰਿਏਟਿਵ ਆਰਟਸ (ਜਰਨਲਿਜ਼ਮ) ਦੁਆਰਾ ਆਯੋਜਿਤ ਸਾਲਾਨਾ ਮੀਡੀਆ ਫੈਸਟ ਐਕਸਪ੍ਰੈਸ਼ਨ 2025 ਦੇ ਉਦਘਾਟਨ ਦੇ ਨਾਲ ਰਚਨਾਤਮਕਤਾ ਅਤੇ ਸੰਚਾਰ ਦਾ ਇੱਕ ਸ਼ਾਨਦਾਰ ਪ੍ਰੋਗਰਾਮ ਸ਼ੁਰੂ ਹੋਇਆ । ਇਸ ਸ਼ਾਨਦਾਰ ਸਮਾਗਮ ਦਾ ਉਦਘਾਟਨ ਬਾਲੀਵੁੱਡ ਅਦਾਕਾਰ ਸੰਜੇ ਮਿਸ਼ਰਾ ਨੇ ਕੀਤਾ ਅਤੇ ਇਸ ਵਿੱਚ ਭਾਰਤ ਭਰ ਦੀਆਂ 40 ਤੋਂ ਵੱਧ ਯੂਨੀਵਰਸਿਟੀਆਂ ਦੇ 4,000 ਤੋਂ ਵੱਧ ਉਤਸ਼ਾਹੀ ਵਿਦਿਆਰਥੀਆਂ ਨੇ ਭਾਗ ਲਿਆ । 400 ਤੋਂ ਵੱਧ ਵਿਦਿਆਰਥੀਆਂ ਨੇ ਮੀਡੀਆ ਕੁਇਜ਼, ਫਿਲਮ ਸਕ੍ਰੀਨਿੰਗ, ਫੋਟੋਗ੍ਰਾਫੀ, ਸ਼ਾਰਟ ਫਿਲਮ, ਆਰਜੇ ਹੰਟ, ਐਂਕਰ ਹੰਟ, ਐਡ-ਮੈਡ ਸ਼ੋਅ ਅਤੇ ਰੀਲਜ਼ ਮੁਕਾਬਲੇ ਵਰਗੇ ਮੁਕਾਬਲਿਆਂ ਵਿੱਚ ਹਿੱਸਾ ਲਿਆ, ਜਿਸ ਨਾਲ ਇਹ ਫੈਸਟ ਦੇਸ਼ ਭਰ ਦੀਆਂ ਕੁਝ ਸਭ ਤੋਂ ਵਧੀਆ ਰਚਨਾਤਮਕ ਅਤੇ ਪੱਤਰਕਾਰੀ ਪ੍ਰਤਿਭਾਵਾਂ ਨੂੰ ਪ੍ਰਦਰਸ਼ਿਤ ਕਰਨ ਲਈ ਇੱਕ ਪਲੇਟਫਾਰਮ ਬਣ ਗਿਆ। ਭਾਰਤੀ ਸਿਨੇਮਾ ਵਿੱਚ ਆਪਣੀਆਂ ਵਿਲੱਖਣ ਅਤੇ ਪ੍ਰਭਾਵਸ਼ਾਲੀ ਭੂਮਿਕਾਵਾਂ ਲਈ ਜਾਣੇ ਜਾਂਦੇ, ਸੰਜੇ ਮਿਸ਼ਰਾ ਨੇ ਇੱਕ ਸਪੱਸ਼ਟ ਅਤੇ ਪ੍ਰੇਰਨਾਦਾਇਕ ਭਾਸ਼ਣ ਨਾਲ ਦਰਸ਼ਕਾਂ ਨੂੰ ਮੋਹਿਤ ਕਰ ਲਿਆ। ਉਨ੍ਹਾਂ ਵਿਦਿਆਰਥੀਆਂ ਦੇ ਸਵਾਲਾਂ ਦੇ ਨਿੱਘ ਅਤੇ ਸਿਆਣਪ ਨਾਲ ਜਵਾਬ ਦਿੱਤੇ, ਉੱਭਰ ਰਹੇ ਕਹਾਣੀਕਾਰਾਂ ਨੂੰ ਆਪਣੇ ਸਿਰਜਣਾਤਮਕ ਕੰਮਾਂ ਵਿੱਚ ਚੁਣੌਤੀਆਂ ਅਤੇ ਜਿੱਤਾਂ ਦੋਵਾਂ ਨੂੰ ਅਪਣਾਉਣ ਲਈ ਉਤਸ਼ਾਹਿਤ ਕੀਤਾ । ਅਜਿਹੀਆਂ ਪਹਿਲਕਦਮੀਆਂ ਦੇ ਸਿੱਖਿਆ ਸ਼ਾਸਤਰੀ ਮਹੱਤਵ ਨੂੰ ਸਾਂਝਾ ਕਰਦੇ ਹੋਏ, ਐਲਪੀਯੂ ਦੀ ਪ੍ਰੋ-ਚਾਂਸਲਰ ਕਰਨਲ ਡਾ. ਰਸ਼ਮੀ ਮਿੱਤਲ ਨੇ ਕਿਹਾ, 'ਐਕਸਪ੍ਰੈਸ਼ਨ ਵਰਗੇ ਪ੍ਰੋਗਰਾਮ ਸੰਪੂਰਨ ਸਿੱਖਿਆ ਲਈ ਅਨਿੱਖੜਵੇਂ ਹਨ।



# ਮੁੱਖਲਿਆਨਾ ਵਿਖੇ ਧਾਰਮਿਕ ਸਮਾਗਮ ਕਰਵਾਏ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਮੁੱਖਲਿਆਨਾ ਵਿਖੇ ਗੁਰਦੁਆਰਾ ਅੰਗੀਠਾ ਸਾਹਿਬ ਜੀ ਅਤੇ ਬ੍ਰਹਮ ਗਿਆਨੀ 108 ਸੰਤ ਬਾਬਾ ਉਦੈ ਸਿੰਘ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਖ਼ਾਲਸੇ ਦੇ ਪ੍ਰਗਟ ਦਿਵਸ ਵਿਸਾਖੀ ਦਿਹਾੜੇ ਨੂੰ ਸਮਰਪਤ ਧਾਰਮਿਕ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਇਸ ਮੌਕੇ ਪ੍ਰਧਾਨ ਜਸਵੰਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਵਿਚ ਭਾਈ ਯੁਗਰਾਜ ਸਿੰਘ ਹੈਡ ਗ੍ਰੰਥੀ ਮੁੱਖਲਿਆਨਾ, ਭਾਈ ਜਤਿੰਦਰ ਸਿੰਘ ਢੱਡਿਆਂ ਵਾਲੇ ਆਦਿ ਨੇ ਗੁਰਬਾਣੀ ਗੁਰ -ਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਬੰਧਕਾਂ ਵੱਲੋਂ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਜਸਵੰਤ ਸਿੰਘ, ਪ੍ਰਿਥੀਪਾਲ ਸਿੰਘ ਮੀਤ ਪ੍ਰਧਾਨ, ਲੰਬਰਦਾਰ ਸੁਖਵਿੰਦਰ ਸਿੰਘ ਪੰਡੋਰੀ ਕੱਦ, ਮਹਿੰਦਰ ਸਿੰਘ ਫੌਜੀ, ਜਸਵੀਰ ਸਿੰਘ ਲਾਡੀ, ਹਰਦੇਵ ਸਿੰਘ, ਸਤਨਾਮ ਸਿੰਘ, ਬਰਿੰਦਰ ਮਾਨ ਸਿੰਘ, ਲਵਪ੍ਰੀਤ ਸਿੰਘ, ਅਨਮੋਲ ਪ੍ਰੀਤ ਸਿੰਘ, ਸਹਿਜਪ੍ਰੀਤ ਸਿੰਘ, ਜਸਵਿੰਦਰ ਕੌਰ, ਕਮਲਜੀਤ ਕੌਰ, ਰਜਿੰਦਰ ਕੌਰ, ਪਰਮਜੀਤ ਕੌਰ, ਮਨਜੀਤ ਕੌਰ, ਸਤਵੀਰ ਕੌਰ, ਕਰਨੈਲ ਸਿੰਘ ਹਲਵਾਈ, ਰਾਜ ਰਾਣੀ ਪੰਡੋਰੀ ਕੱਦ, ਜੋਗਿੰਦਰ ਕੌਰ ਆਦਿ ਹਾਜ਼ਰ ਸਨ। ਇਸ ਮੌਕੇ ਲੰਗਰ ਅਤੁੱਟ ਵਰਤਾਏ ਗਏ।



# ਗੈਰ ਸਮਾਜੀ ਅਨਸਰਾਂ ਨੂੰ ਨਕੇਲ ਪਾਉਣ ਲਈ ਚਲਾਇਆ ਕਾਸੋ ਅਭਿਆਨ



**ਨੰਗਲ (ਸੁਰਜੀਤ ਸਿੰਘ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਵਿੱਚ ਆਮ ਲੋਕਾਂ ਨੂੰ ਨਸ਼ਿਆਂ ਵਿਰੁੱਧ ਲਾਮਬੰਦ ਹੋਣ ਦਾ ਸੱਦਾ ਦਿੱਤਾ ਹੈ। ਗੁਲਨੀਤ ਸਿੰਘ ਖੁਰਾਨਾ ਐਸ.ਐਸ.ਪੀ ਰੂਪਨਗਰ ਦੀ ਅਗਵਾਈ ਵਿੱਚ ਪੰਜਾਬ ਪੁਲਸ ਵੱਲੋਂ ਚਲਾਏ ਕਾਸੋ ਅਭਿਆਨ ਰਾਹੀ ਗੈਰ ਸਮਾਜੀ ਅਨਸਰਾਂ ਨੂੰ ਨਕੇਲ ਪਾਉਣ ਦਾ ਵਿਆਪਕ ਉਪਰਾਲਾ ਕੀਤਾ ਗਿਆ ਹੈ, ਇਸੇ ਅਧੀਨ ਨੰਗਲ ਦੀ ਬੀਬੀਐਮਬੀ ਦੀ ਡਬਲ ਐਫ ਕਲੋਨੀ, ਜੀ ਬਲਾਕ ਤੇ ਰੇਲਵੇ ਰੋਡ ਤੇ ਵਿਸ਼ੇਸ਼ ਅਭਿਆਨ ਚਲਾ ਕੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਦਾ ਉਪਰਾਲਾ ਕੀਤਾ ਗਿਆ। ਇਸ ਤੋ ਇਲਾਵਾ ਆਮ ਲੋਕਾਂ ਨੂੰ ਸੁਰੱਖਿਆਂ ਦੀ ਭਾਵਨਾ ਮਜਬੂਤ ਕਰਨ ਲਈ ਕਾਸੋ ਤਹਿਤ ਇਹ ਵਿਸੇਸ ਮੁਹਿੰਮ ਅੱਜ ਚਲਾਈ ਗਈ ਸੀ। ਕੁਲਵੀਰ ਸਿੰਘ ਡੀ.ਐਸ.ਪੀ ਨੰਗਲ ਨੇ ਦੱਸਿਆ ਕਿ ਗੁਰਦੀਪ ਸਿੰਘ ਐਸ.ਪੀ ਡੀ ਦੀ ਅਗਵਾਈ ਵਿੱਚ ਇਹ ਅਭਿਆਨ ਚਲਾਇਆ ਗਿਆ ਸੀ। ਉਨ੍ਹਾਂ ਦੱਸਿਆ ਕਿ ਨਸ਼ਿਆ ਵਿਰੁੱਧ ਜੋ ਮੁਹਿੰਮ ਚਲਾਈ ਹੈ, ਉਸ ਨੂੰ ਭਰਪੂਰ ਹੁੰਗਾਰਾ ਮਿਲ ਰਿਹਾ ਹੈ, ਨਸ਼ਿਆਂ ਅਤੇ ਗੈਰ ਸਮਾਜੀ ਗਤੀਵਿਧੀਆਂ ਕਰਨ ਵਾਲਿਆਂ ਨੂੰ ਬਖਸ਼ਿਆ ਨਹੀ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਸੀਨੀਅਰ ਪੁਲਸ ਅਧਿਕਾਰੀਆਂ ਵੱਲੋਂ ਵੱਖ ਵੱਖ ਖੇਤਰਾਂ ਵਿਚ ਜਾ ਕੇ ਆਮ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਮਜਬੂਤ ਕੀਤੀ ਗਈ ਹੈ।

# ਗੁੱਡ ਫਰਾਈਡੇ ਸੰਬੰਧੀ ਸਲੀਬੀ ਸ਼ੋਭਾ ਯਾਤਰਾ ਕੱਢੀ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)**- ਸੇਂਟ ਮੇਰੀ ਕੈਥੋਲਿਕ ਚਰਚ ਟਾਂਡਾ ਵਲੋਂ ਪ੍ਰਭੂ ਯਸੂ ਮਸੀਹ ਦੇ ਬਲਿਦਾਨ ਦਿਵਸ ਗੁੱਡ ਫਰਾਈਡੇ ਸਬੰਧੀ ਵਿਸ਼ਾਲ ਸਲੀਬੀ ਯਾਤਰਾ ਦਾ ਵਿਸ਼ੇਸ਼ ਤੌਰ 'ਤੇ ਆਯੋਜਨ ਕੀਤਾ ਗਿਆ। ਪ੍ਰਭੂ ਯਿਸ਼ੂ ਮਸੀਹ ਦੇ ਚਰਨਾਂ ਵਿੱਚ ਵਿਸ਼ਵ ਸ਼ਾਂਤੀ ਦੀ ਪ੍ਰਾਰਥਨਾ ਕਰਨ ਉਪਰੰਤ ਆਰੰਭ ਹੋਈ ਇਸ ਇਸ ਸਲੀਬੀ ਯਾਤਰਾ ਦੀ ਪ੍ਰਧਾਨਗੀ ਚਰਚ ਦੇ ਪ੍ਰਧਾਨ ਅਮਰਜੀਤ ਸਾਬੀ ਨੇ ਕੀਤੀ ਜਦ ਕਿ ਇਸ ਮੌਕੇ ਚਰਚ ਦੇ ਮੁੱਖ ਪਾਦਰੀ ਫਾਦਰ ਵਰਕੀ ਪੀ. ਡੀ. ਤੇ ਕ੍ਰਿਸਚੀਅਨ ਨੈਸ਼ਨਲ ਫਰੰਟ ਟਾਂਡਾ ਦੇ ਪ੍ਰਧਾਨ ਡਾ. ਅਯੂਬ ਮਸੀਹ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਫਾਦਰ ਵਰਕੀ ਪੀ.ਡੀ ਅਤੇ ਪ੍ਰਧਾਨ ਆਯੂਬ ਮਸੀਹ ਨੇ ਪ੍ਰਭੂ ਯਿਸੂ ਮਸੀਹ ਦੇ ਬਲੀਦਾਨ ਦੇ ਵਸਤੇ ਵਿਸਥਾਰਪੂਰਵਕ ਚਾਨਣਾ ਪਾਉਂਦੇ ਹੋਏ ਪ੍ਰਭੂ ਜੀ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਲਈ ਸਮੂਹ ਭਾਈਚਾਰੇ ਦੇ ਲੋਕਾਂ ਨੂੰ ਪ੍ਰੇਰਿਤ ਕੀਤਾ । ਵਿਸ਼ਾਲ ਸ਼ੋਭਾ ਯਾਤਰਾ ਸ਼ਹੀਦ ਚੌਂਕ ਟਾਂਡਾ ਤੋਂ ਆਰੰਭ ਹੋ ਕੇ ਤਹਿਸੀਲ ਰੋਡ ਹੁੰਦੀ ਹੋਈ ਸੇਂਟ ਮੇਰੀ ਕੈਥਲਿਕ ਚਰਚ ਵਿੱਚ ਜਾ ਕੇ ਸੰਪਨ ਹੋਈ । ਇਸ ਮੌਕੇ ਪ੍ਰਧਾਨ ਅਯੂਬ ਮਸੀਹ ਨੇ ਦੱਸਿਆ ਕਿ ਪ੍ਰਭੂ ਯਸੂ ਮਸੀਹ ਦੇ ਜੀ ਉੱਠਣ ਦਾ ਦਿਨ ਈਸਟਰ ਦਿਵਸ 20 ਅਪ੍ਰੈਲ ਨੂੰ ਸੈਂਟ ਮੈਰੀ ਕੈਥੋਲਿਕ ਚਰਚ ਟਾਂਡਾ ਵਿੱਚ ਵਿੱਚ ਸ਼ਰਧਾ ਪੂਰਵਕ ਮਨਾਇਆ ਜਾਵੇਗਾ। ਇਸ ਮੌਕੇ ਬਾਬੂ ਜੀ ਮੈਥੀਉ, ਸਿਸਟਰ ਲਿਆ, ਸਿਸਟਰ ਮੋਨਿਕਾ, ਸਿਸਟਰ ਮੋਨੀਆ, ਸਿਸਟਰ ਪ੍ਰਿੰਸੀ, ਰੋਜੀ ਮਸੀਹ, ਪਿੰਕੀ ਮਸੀਹ, ਸੀਮਾ, ਸਰਬਜੀਤ, ਜੀਨਤ, ਰਾਜ ਕੁਮਾਰ, ਸੁਚਾ ਮਸੀਹ, ਤਜਿੰਦਰ, ਰੂਪ ਲਾਲ, ਸਰੂਪ ਲਾਲ ਝਾਵਾ, ਦਲਵੀਰ ਸਿੰਘ, ਬਲਜੀਤ ਸਿੰਘ ਵਿਲੀਅਮ ਮਸੀਹ ਬਲਵੀਰ ਸਿੰਘ, ਸੀਲਾ ਆਂਟੀ, ਯਾਕੂਬ ਮਸੀਹ, ਸੁਖਰਾਜ ਸਿੱਧੂ, ਜੋਰਜ ਐਲਵੈਂਸ, ਭਰਤ ਝਾਵਾਂ, ਪ੍ਰਿੰਸ, ਪ੍ਰਿਅੰਕਾ, ਬਲਵਿੰਦਰ ਸਾਬੀ, ਜਤਿੰਦਰ, ਰਮਨ ਕੁਮਾਰ ਗਗਨ ਸਿੰਘ ਸਰਬਜੀਤ ਨੀਲਮ ਪਰਮਜੀਤ ਰੂਬੀ ਵਿਜੇ ਕੁਮਾਰ ਬੈਂਚਾਂ, ਵਿਜੇ ਪਾਲ, ਪੀਟਰਸਨ, ਗਰੇਸ, ਸਾਰਥਾਂ ਆਂਟੀ ਰੂਪ ਲਾਲ ਵੀ ਹਾਜ਼ਰ ਸਨ ।

# ਸਕੂਲਾਂ 'ਚ ਡੇਂਗੂ ਤੇ ਮਲੇਰੀਆ ਤੋਂ ਬਚਾਅ ਸੰਬੰਧੀ ਜਾਗਰੂਕਤਾ ਕੈਂਪ

**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)**- ਸਿਵਲ ਸਰਜਨ ਹੁਸ਼ਿਆਰਪੁਰ ਡਾ:ਪਵਨ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ:ਕਰਨ ਕੁਮਾਰ ਸੈਣੀ ਐਸ.ਐਮ.ਓ ਟਾਂਡਾ ਦੀ ਯੋਗ ਅਗਵਾਈ ਹੇਠ ਟਾਂਡਾ ਬਲਾਕ ਦੇ ਵੱਖ-ਵੱਖ ਸਕੂਲਾਂ ਵਿੱਚ ਆਉਣ ਵਾਲੇ ਬਰਸਾਤ ਦੇ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਡੇਂਗੂ ,ਮਲੇਰੀਆ ਤੇ ਚਿਕਨਗੁਣੀਆ ਤੇ ਬਚਾਅ ਸਬੰਧੀ ਸਕੂਲਾਂ ਵਿੱਚ ਜਾਗਰੂਕਤਾ ਕੈਂਪ ਲਗਾਏ ਗਏ।ਟੀਮਾਂ ਵੱਲੋਂ ਸਮੂਹ ਅਧਿਆਪਕਾਂ ਤੇ ਸਕੂਲੀ ਬੱਚਿਆਂ ਨੂੰ ਡੇਂਗੂ ਦੇ ਲਾਰਵੇ ਦੀ ਜਾਂਚ ਅਤੇ ਨਸ਼ਟ ਕਰਨ ਸੰਬੰਧੀ ਜਾਣਕਾਰੀ ਦਿੱਤੀ ਗਈ ।ਇਹ ਦੱਸਿਆ ਗਿਆ ਕਿ ਇਹ ਲਾਰਵਾ ਖੜੇ ਸਾਫ ਪਾਣੀ ਵਿੱਚ ਪੈਦਾ ਹੁੰਦਾ ਹੈ। ਇਸ ਲਈ ਸਾਨੂੰ ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਮੁਹਿੰਮ ਚਲਾਈ ਜਾਂਦੀ ਹੈ। ਇਸ ਲਈ ਸਾਨੂੰ ਕੂਲਰਾਂ ਗਮਲੇ ਟਾਇਰਾਂ ਫਰਿਜਾਂ ਦੀਆਂ ਟਰੇਆਂ ਆਦਿ ਵਿੱਚੋਂ ਪਾਣੀ ਖੜਾ ਨਹੀਂ ਹੋਣ ਦੇਣਾ ਚਾਹੀਦਾ, ਪੂਰੀਆਂ ਬਾਹਾਂ ਦੇ ਕੱਪੜੇ, ਮੱਛਰਦਾਨਨੀ ਦੀ ਵਰਤੋ, ਮੱਛਰ ਭਜਾਉਣ ਵਾਲੀਆਂ ਕਰੀਮਾਂ ਵਰਤਣੀਆਂ ਚਾਹੀਦੀਆਂ ਹਨ, ਤਾਂ ਜੋ ਇਹਨਾਂ ਬਿਮਾਰੀਆਂ ਤੋਂ ਬਚਿਆ ਜਾ ਸਕੇ।



## ਏ ਐੱਸ ਸੀਨੀ. ਸੈਕੰ. ਸਕੂਲ ਵਿਖੇ ਸਾਈਬਰ ਕ੍ਰਾਈਮ 'ਤੇ ਸੈਮੀਨਾਰ



**ਖੰਨਾ (ਸੁਖਵਿੰਦਰ ਸਿੰਘ ਭਾਦਲਾ)**-ਏ ਐੱਸ ਸੀਨੀਅਰ ਸੈਕੰਡਰੀ ਸਕੂਲ ਖੰਨਾ ਵਿਖੇ ਸਾਈਬਰ ਕ੍ਰਾਈਮ 'ਤੇ ਇੱਕ ਅਹਿਮ ਅਤੇ ਮਹੱਤਵਪੂਰਨ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿੱਚ ਮੁੱਖ ਮਹਿਮਾਨ ਡੀ ਐੱਸ ਪੀ ਕਰਨਵੀਰ ਸਿੰਘ ਤੂਰ, ਇੰਸਪੈਕਟਰ ਗੁਰਪ੍ਰਤਾਪ ਸਿੰਘ ਤੇ ਐੱਸ ਐੱਚ ਓ ਸਿਟੀ ਵਨ ਖੰਨਾ ਗੁਰਮੀਤ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।ਇਸ ਸੈਮੀਨਾਰ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਵੱਧ ਰਹੇ ਸਾਈਬਰ ਕਰਾਈਮ ਦੇ ਖਤਰੇ ਤੇ ਨਤੀਜਿਆਂ ਬਾਰੇ ਜਾਣੂ ਕਰਵਾਉਣਾ ਸੀ।ਇਸ ਸੈਮੀਨਾਰ ਦੌਰਾਨ ਸੋਸ਼ਲ ਮੀਡੀਆ ਤੇ ਕੇ ਵਿਦਿਆਰਥੀ ਕਿਵੇਂ ਸੁਰੱਖਿਅਤ ਆਨਲਾਈਨ ਵਾਤਾਵਰਣ ਤੇ ਜ਼ਿੰਮੇਵਾਰ ਡਿਜੀਟਲ ਨਾਗਰਿਕਤਾ ਨੂੰ ਉਤਸ਼ਾਹਤ ਕੀਤਾ ਜਾ ਸਕੇ।ਏ ਐੱਸ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਇਸ ਦੀ ਬਹੁਤ ਹੀ ਮਿਹਨਤੀ, ਨੌਜਵਾਨ ਪ੍ਰਿੰਸੀਪਲ ਇੰਦਰਜੀਤ ਸਿੰਘ ਨੇ ਆਏ ਸਾਰੇ ਮਹਿਮਾਨਾਂ ਦਾ ਸਵਾਗਤ ਕੀਤਾ।ਇਸ ਮੌਕੇ ਏ ਐੱਸ ਟਰਸਟ ਦੇ ਪ੍ਰਧਾਨ ਵਿਕਰ ਡਾਇਮੰਡ, ਜਨਰਲ ਸਕੱਤਰ ਰਾਜੇਸ਼ ਡਾਲੀ, ਇੰਟਰਨਲ ਆਡੀਟਰ ਸ੍ਰੀ ਸੰਜੀਵ ਧਮੀਜਾ, ਉਪ ਪ੍ਰਧਾਨ ਜਤਿੰਦਰ ਦੇਵਗਨ, ਸਕੂਲ ਮੈਨੇਜਰ ਮਹਿਤ ਗੋਇਲ ਨੇ ਪ੍ਰਸ਼ਾਸਨ ਦੀ ਇਸ ਪਹਿਲ ਤੇ ਉਪਰਾਲੇ ਦੀ ਸ਼ਲਾਘਾ ਕੀਤੀ।

## ਵਿਧਾਇਕ ਦੇਵ ਮਾਨ ਵੱਲੋਂ ਸਕੂਲਾਂ 'ਚ ਕਰਵਾਏ ਵਿਕਾਸ ਕਾਰਜ ਲੋਕ ਅਰਪਿਤ



**ਨਾਭਾ (ਵਰਿੰਦਰ ਵਰਮਾ)**-ਨਾਭਾ ਦੇ ਚਾਰ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲਾਂ ਵਿੱਚ ਸਿੱਖਿਆ ਕ੍ਰਾਂਤੀ ਨਾਲ ਬਦਲਦਾ ਪੰਜਾਬ ਤਹਿਤ ਵੱਖ ਵੱਖ ਸਕੂਲਾਂ ਵਿੱਚ ਉਦਘਾਟਨ ਕੀਤੇ, ਜਿਸ ਵਿੱਚ ਵਿਧਾਇਕ ਨਾਭਾ ਗੁਰਦੇਵ ਸਿੰਘ ਦੇਵ ਮਾਨ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਉਨ੍ਹਾਂ ਨਾਭਾ ਹਲਕੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੈਹਸ, ਪ੍ਰਾਇਮਰੀ ਸਕੂਲ ਬਨੇਰਾ ਕਲਾਂ, ਸੀਨੀਅਰ ਸੈਕੰਡਰੀ ਸਕੂਲ ਸੱਸਾ, ਪ੍ਰਾਇਮਰੀ ਸਕੂਲ ਕੱਲੇ ਮਾਜਰਾ ਦੇ ਵਿਕਾਸ ਕਾਰਜਾਂ 'ਤੇ 14 ਲੱਖ 20 ਹਜ਼ਾਰ ਰੁਪਏ ਦੀ ਲਾਗਤ ਨਾਲ ਵਿਕਾਸ ਕਾਰਜ ਲੋਕ ਅਰਪਿਤ ਕੀਤੇ।ਇਨ੍ਹਾਂ ਵਿਕਾਸ ਕਾਰਜ ਵਿੱਚ ਕਮਰਿਆਂ ਦੀ ਉਸਾਰੀ, ਸਕੂਲਾਂ ਦੀ ਚਾਰਦੀਵਾਰੀ, ਵਰਾਂਡਿਆਂ ਦੀ ਰਿਪੇਅਰ ਸ਼ਾਮਲ ਹਨ।ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ।ਐੱਮ ਐੱਲ ਏ ਗੁਰਦੇਵ ਸਿੰਘ ਦੇਵ ਮਾਨ ਨੇ ਸਕੂਲੀ ਬੱਚਿਆਂ ਦੀ ਸ਼ਲਾਘਾ ਕੀਤੀ।ਇਸ ਸਮਾਗਮ ਵਿੱਚ ਰਾਜਨੀਤਕ ਸ਼ਖ਼ਸੀਅਤਾਂ ਤੋਂ ਇਲਾਵਾ ਪ੍ਰਸ਼ਾਸਨਕ ਪੱਧਰ ਦੇ ਅਧਿਕਾਰੀਆਂ ਨੇ ਵੀ ਆਪਣੀ ਸ਼ਮੂਲੀਅਤ ਦਰਜ ਕਰਵਾਈ।ਇਨ੍ਹਾਂ ਵਿੱਚ ਪਟਿਆਲਾ ਦੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਸੰਜੀਵ ਸ਼ਰਮਾ, ਉਪ ਜ਼ਿਲ੍ਹਾ ਸਿੱਖਿਆ ਅਫਸਰ ਡਾ. ਰਵਿੰਦਰਪਾਲ ਸ਼ਰਮਾ, ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸਿੱਖਿਆ ਸ਼ਾਲੂ ਮਹਿਰਾ, ਉਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਸਿੱਖਿਆ ਪਟਿਆਲਾ ਦੀ ਮਨਵਿੰਦਰ ਕੌਰ ਭੁੱਲਰ, ਜ਼ਿਲ੍ਹਾ ਮੀਡੀਆ ਕੋਆਰਡੀਨੇਟਰ ਰਾਜਿੰਦਰ ਸਿੰਘ ਚਾਨੀ, ਹਲਕਾ ਕੋਆਰਡੀਨੇਟਰਾਂ, ਸਰਪੰਚਾਂ, ਪੰਚਾਂ, ਕੌਂਸਲਰਾਂ ਤੇ ਚੇਅਰਮੈਨਾਂ ਨੇ ਵੀ ਹਾਜ਼ਰੀ ਦਿੱਤੀ।

## ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਐੱਨ ਸੀ ਸੀ ਬੱਚਿਆਂ ਦੀ ਨਵੀਂ ਭਰਤੀ



**ਜਗਰਾਉਂ (ਅਮਿਤ ਖੰਨਾ)**-ਬਲੌਜ਼ਮਜ਼ ਕਾਨਵੈਂਟ ਸਕੂਲ ਵਿੱਚ 8 ਜਮਾਤ ਦੇ ਵਿਦਿਆਰਥੀਆਂ ਦੀ ਭਰਤੀ ਐੱਨ.ਸੀ.ਸੀ. ਅਫ਼ਸਰ ਸੂਬੇਦਾਰ ਮੇਜਰ ਵਿਕਰਮ ਸਿੰਘ ਵੱਲੋਂ ਵਿਦਿਆਰਥੀਆਂ ਦੀ ਫਿੱਟਨੈੱਸ ਨੂੰ ਦੇਖਦੇ ਹੋਏ ਏ.ਐੱਨ.ਓ., ਅਮਨਦੀਪ ਸਿੰਘ ਦੀ ਅਗਵਾਈ ਹੇਠ ਕੀਤੀ ਗਈ।ਚੋਣ ਪ੍ਰਕਿਰਿਆ ਦੌਰਾਨ ਵਿਦਿਆਰਥੀਆਂ ਦੀ 100 ਮੀਟਰ ਰੇਸ ਲਗਵਾਈ ਤੇ ਉਨ੍ਹਾਂ ਦੀ ਹਾਈਟ ਨੂੰ ਵੀ ਮਾਪਿਆ ਗਿਆ।ਇਨ੍ਹਾਂ ਸਾਰੇ ਵਿਦਿਆਰਥੀਆਂ ਵਿੱਚੋਂ ਯੋਗ ਵਿਦਿਆਰਥੀਆਂ ਦੀ ਚੋਣ ਕੀਤੀ ਗਈ।ਇਸ ਦੇ ਦੌਰਾਨ ਪ੍ਰਿੰਸੀਪਲ ਡਾ. ਨਵਨੀਤ ਕੌਰ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।ਇਸ ਮੌਕੇ ਸਕੂਲ ਦੀ ਮੈਨੇਜਿੰਗ ਕਮੇਟੀ ਦੇ ਪ੍ਰੈਜ਼ੀਡੈਂਟ ਸ੍ਰ: ਮਨਪ੍ਰੀਤ ਸਿੰਘ ਬਰਾੜ ਨੇ ਵੀ ਬੱਚਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਬੱਚੇ ਆਪਣੇ ਮਾਪਿਆਂ ਤੇ ਸਕੂਲ ਦਾ ਨਾਮ ਰੌਸ਼ਨ ਕਰ ਸਕਣ।

## ਸ਼ਰਨ ਫਾਊਂਡੇਸ਼ਨ ਵੱਲੋਂ ਮੁਫ਼ਤ ਮੈਡੀਕਲ ਚੈੱਕਅਪ ਕੈਂਪ




**ਮੋਗਾ (ਇਕਬਾਲ ਸਿੰਘ ਖਹਿਰਾ)**-ਸ਼ਰਨ ਫਾਊਂਡੇਸ਼ਨ ਵੱਲੋਂ ਫੋਰਟਿਸ ਹਸਪਤਾਲ ਚੰਡੀਗੜ੍ਹ ਰੋਡ ਲੁਧਿਆਣਾ ਦੇ ਸਹਿਯੋਗ ਨਾਲ ਮੋਗਾ ਵਿਖੇ ਫ੍ਰੀ ਸਿਹਤ ਚੈੱਕਅਪ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ 122 ਦੇ ਕਰੀਬ ਲੋਕਾਂ ਨੇ ਆਪਣੀ ਡਾਕਟਰੀ ਜਾਂਚ ਕਰਵਾਈ।ਇਸ ਕੈਂਪ ਵਿੱਚ ਵੱਖ ਵੱਖ ਲੋਕਾਂ ਦੀ ਸ਼ੂਗਰ, ਬੀ ਪੀ ਦਾ ਟੈਸਟ ਮੁਫ਼ਤ ਕੀਤਾ ਗਿਆ।ਇਸ ਕੈਂਪ ਵਿੱਚ ਦਿਮਾਗ ਦੀਆਂ ਬਿਮਾਰੀਆਂ ਦੇ ਮਾਹਰ ਡਾਕਟਰ ਦੀਪਕ ਟੰਡਨ, ਔਰਤਾਂ ਦੇ ਰੋਗਾਂ ਦੇ ਮਾਹਰ ਡਾਕਟਰ ਅਮਨਦੀਪ ਸਿੱਧੂ ਛੀਨਾ ਤੇ ਜਨਰਲ ਰੋਗਾਂ ਦੇ ਮਾਹਰ ਡਾਕਟਰ ਮਨਦੀਪ ਸਿੰਘ ਨੇ ਆਪਣੀਆਂ ਡਾਕਟਰੀ ਸਹੂਲਤਾਂ ਪ੍ਰਦਾਨ ਕੀਤੀਆਂ।ਗੱਲਬਾਤ ਕਰਦਿਆਂ ਸੰਸਥਾ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਤੇ ਸਕੱਤਰ ਨਵਜੀਤ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਸੰਸਥਾ ਵੱਲੋਂ ਸਮਾਜ ਸੇਵਾ ਦੇ ਖੇਤਰ ਵਿੱਚ ਪਿਛਲੇ ਲੰਮੇ ਸਮੇਂ ਤੋਂ ਆਪਣਾ ਯੋਗਦਾਨ ਪਾਇਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਅਜੋਕੇ ਸਮੇਂ ਵਿੱਚ ਵਧ ਰਹੀ ਮਹਿੰਗਾਈ ਕਾਰਨ ਡਾਕਟਰਾਂ ਕੋਲ ਜਾਂਚ ਨਾ ਹੋਣ ਕਰਕੇ ਗੰਭੀਰ ਬਿਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ।ਇਸ ਗੱਲ ਨੂੰ ਧਿਆਨ 'ਚ ਰੱਖਦਿਆਂ ਸੰਸਥਾ ਵੱਲੋਂ ਇਸ ਕੈਂਪ ਦਾ ਆਯੋਜਨ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਸੰਸਥਾ ਭਵਿੱਖ ਵਿੱਚ ਵੀ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦਾ ਯਤਨ ਕਰਦੀ ਰਹੇਗੀ।ਇਸ ਕੈਂਪ ਵਿੱਚ ਫੋਰਟਿਸ ਹਸਪਤਾਲ ਵੱਲੋਂ ਅਸਿਸਟੈਂਟ ਮੈਨੇਜਰ ਤੇ ਕੈਂਪ ਟੀਮ ਤੋਂ ਇਲਾਵਾ ਆਮਸੇਵੀ ਐੱਸ ਕੇ ਬਾਂਸਲ, ਸਮਨ ਗਰਗ, ਅਸ਼ਵਨੀ ਕੁਮਾਰ, ਕਾਕਾ ਰਾਜਪੂਤ, ਦਿਸ਼ੂ ਗਰਗ, ਹਿਮੇਸ਼ ਰਾਜਪੂਤ, ਹਰਪਾਲ ਸਿੰਘ, ਗੁਰਮੁਖ ਸਿੰਘ, ਮੰਗਤ ਸਿੰਘ, ਜਸਵੰਤ ਸਿੰਘ, ਜਸਵਿੰਦਰ ਸਿੰਘ ਆਦਿ ਲੋਕਾਂ ਨੇ ਆਪਣੀ ਹਾਜ਼ਰੀ ਲਗਵਾਈ।

## ਵਿਦਿਆਰਥੀਆਂ ਨੂੰ ਚੰਗੀ ਸਿੱਖਿਆ ਮੁਹੱਈਆ ਕਰਵਾਉਣਾ ਸਰਕਾਰ ਦੀ ਮੁੱਖ ਤਰਜੀਹ : ਬਲਜਿੰਦਰ ਕੌਰ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਸਕੂਲਾਂ ਵਿੱਚ ਆਧੁਨਿਕ ਸਿੱਖਿਆ ਦੇਣ ਲਈ ਸਕੂਲਾਂ ਦੇ ਅਧਿਆਪਕਾਂ ਨੂੰ ਵਿਦੇਸ਼ਾਂ ਵਿੱਚ ਸਿਖਲਾਈ ਲਈ ਭੇਜ ਰਹੀ ਹੈ ਤਾਂ ਜੋ ਉਹ ਚੰਗੀ ਮੁਹਾਰਤ ਹਾਸਲ ਕਰਕੇ ਵਿਦਿਆਰਥੀਆਂ ਨੂੰ ਵਧੀਆ ਸਿੱਖਿਆ ਮੁਹੱਈਆ ਕਰਵਾ ਸਕਣ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਿਧਾਇਕ ਤਲਵੰਡੀ ਸਾਬੋ ਤੇ ਚੀਫ਼ ਵ੍ਹਿਪ ਪ੍ਰੋ. ਬਲਜਿੰਦਰ ਕੌਰ ਨੇ ਪਿੰਡ ਤਤਰਗੜ੍ਹ ਕਣਕਵਾਲ ਵਿਖੇ ਸਰਕਾਰੀ ਮਿਡਲ ਸਕੂਲ ਵਿਖੇ ਸਿੱਖਿਆ ਕ੍ਰਾਂਤੀ ਦੇ ਮੱਦੇਨਜ਼ਰ ਕਰਵਾਏ ਗਏ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਕੀਤਾ।ਇਸ ਮੌਕੇ ਪ੍ਰੋ. ਬਲਜਿੰਦਰ ਕੌਰ ਨੇ ਕਿਹਾ ਕਿ 'ਪੰਜਾਬ ਸਿੱਖਿਆ ਕ੍ਰਾਂਤੀ ਨਾਲ ਬਦਲਦਾ ਪੰਜਾਬ' ਮੁਹਿੰਮ ਤਹਿਤ ਪੰਜਾਬ ਸਰਕਾਰ ਸੂਬੇ ਦੇ ਸਰਕਾਰੀ ਸਕੂਲਾਂ ਦੀ ਕਾਇਆ ਕਲਪ ਕਰਨ ਲਈ ਇਤਿਹਾਸਕ ਫੈਸਲੇ ਲੈਂਦਿਆਂ ਸਰਕਾਰੀ ਸਕੂਲਾਂ ਦੀ ਨੁਹਾਰ ਬਦਲੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਖੇਡਾਂ ਵਤਨ ਪੰਜਾਬ ਦੀਆਂ ਤਹਿਤ ਵਿਸ਼ੇਸ਼ ਉਪਰਾਲੇ ਕਰ ਰਹੀ ਹੈ, ਜਿਸ ਅਧੀਨ ਨੌਜਵਾਨਾਂ ਲਈ ਪਿੰਡਾਂ/ਸ਼ਹਿਰਾਂ ਅੰਦਰ ਖੇਡ ਗਰਾਊਂਡ ਬਣਾਏ ਜਾ ਰਹੇ ਹਨ ਤਾਂ ਜੋ ਪੰਜਾਬ ਦੀ ਜਵਾਨੀ ਨਸ਼ੇ ਦੀ ਬੁਰੀ ਅਲਾਮਤ ਤੋਂ ਦੂਰ ਰਹਿ ਸਕੇ।ਇਸ ਮੌਕੇ ਵਿਧਾਇਕਾ ਨੇ ਵਿਦਿਆਰਥੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸਖ਼ਤ ਮਿਹਨਤ ਕਰਨ ਤਾਂ ਜੋ ਮਿੱਥੇ ਟੀਚੇ ਨੂੰ ਸਰ ਕਰ ਸਕਣ ਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕਰ ਸਕਣ।ਇਸ ਮੌਕੇ ਉਨ੍ਹਾਂ ਜ਼ਿਲ੍ਹੇ ਦੇ ਪਿੰਡ ਸੰਗਤ ਖੁਰਦ, ਤਿਉਣਾ ਪੁਜਾਰੀਆਂ, ਗਿਆਨਾ ਤੇ ਜੋਗੇਵਾਲ ਵਿਖੇ ਸਰਕਾਰੀ ਸਕੂਲਾਂ 'ਚ ਮੁਕੰਮਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।ਇਸ ਮੌਕੇ ਸਕੂਲ ਦਾ ਸਮੂਹ ਸਟਾਫ, ਵਿਦਿਆਰਥੀ ਤੇ ਉਨ੍ਹਾਂ ਦੇ ਮਾਪੇ ਤੇ ਪਿੰਡ ਦੀ ਪੰਚਾਇਤ ਤੇ ਹੋਰ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ।

## ਵਿਦਿਆਰਥੀਆਂ ਦੇ ਅੰਤਰ ਹਾਊਸ ਖੇਡ ਮੁਕਾਬਲੇ ਕਰਵਾਏ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਇਲਾਕੇ ਦੀ ਵਿੱਦਿਅਕ ਸੰਸਥਾ ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਨਰਪਿੰਦਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਵਿਦਿਆਰਥੀਆਂ ਦੇ ਅੰਤਰ ਹਾਊਸ ਖੇਡ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਫੁੱਟਬਾਲ, ਵਾਲੀਬਾਲ, ਹੈਂਡਬਾਲ, ਰੱਸਾਕਸੀ, ਸ਼ਤਰੰਜ, ਬੈਡਮਿੰਟਨ ਆਦਿ ਦੇ ਮੁਕਾਬਲੇ ਸ਼ਾਮਲ ਸਨ।ਇਨਾਮਾਂ ਦੀ ਵੰਡ ਨਰਪਿੰਦਰ ਸਿੰਘ ਢਿੱਲੋਂ ਤੇ ਵਾਈਸ ਪ੍ਰਿੰਸੀਪਲ ਸੀਮਾ ਠਾਕੁਰ ਅਤੇ ਮੈਡਮ ਰਜਿੰਦਰ ਕੌਰ ਨੇ ਕੀਤੀ ਅਤੇ ਬੱਚਿਆਂ ਦੇ ਵਧੀਆ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ ਤੇ ਆਸ਼ੀਰਵਾਦ ਦਿੱਤਾ।ਇਨ੍ਹਾਂ ਮੁਕਾਬਲਿਆਂ ਵਿੱਚ ਓਵਰਆਲ ਟਰਾਫੀ 'ਤੇ ਕਬਜ਼ਾ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਹਾਊਸ ਨੇ ਕੀਤਾ।ਜੱਜਮੈਂਟ ਦੀ ਭੂਮਿਕਾ ਹਰਪ੍ਰੀਤ ਸਿੰਘ ਡੀ.ਪੀ.ਈ., ਮੈਡਮ ਕੁਲਵਿੰਦਰ ਕੌਰ, ਭੁਪਿੰਦਰ ਕੌਰ, ਜਗਜੀਤ ਸਿੰਘ, ਹਰਿੰਦਰ ਸਿੰਘ ਤੇ ਗੁਰਸੇਵਕ ਸਿੰਘ (ਸੇਬੀ) ਨੇ ਵਧੀਆ ਢੰਗ ਨਾਲ ਨਿਭਾਈ।ਇਸ ਮੌਕੇ ਸਮੂਹ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

# ਜਾਗੋ ਇੰਟਰਨੈਸ਼ਨਲ ਜੋਰਾ ਸਿੰਘ ਮੰਡੇਰ ਵਿਸ਼ੇਸ਼ ਅੰਕ ਲੋਕ ਅਰਪਣ

**ਸੰਗਰੂਰ (ਪ੍ਰਵੀਨ ਸਿੰਘ)**

ਪੰਜਾਬੀ ਸਾਹਿਤ ਸਭਾ ਸੰਗਰੂਰ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਜਾਗੋ ਇੰਟਰਨੈਸ਼ਨਲ ਅਪ੍ਰੈਲ 2025-ਮਾਰਚ 2026 ਜੋਰਾ ਸਿੰਘ ਮੰਡੇਰ ਵਿਸ਼ੇਸ਼ ਅੰਕ ਲੋਕ ਅਰਪਣ ਤੇ ਵਿਚਾਰ ਚਰਚਾ ਦਾ ਆਯੋਜਨ ਡਾ. ਸਵਰਾਜ ਸਿੰਘ ਵਿਸ਼ਵ ਚਿੰਤਕ ਦੀ ਪ੍ਰਧਾਨਗੀ ਹੇਠ ਰੈਸਟੋਰੈਂਟ ਪੰਜਾਬੀ ਵਿਰਸਾ ਵਿੱਚ ਕੀਤਾ ਗਿਆ।ਡਾ. ਤੇਜਵੰਤ ਮਾਨ ਮੁੱਖ ਮਹਿਮਾਨ, ਪਵਨ ਹਰਚੰਦਪੁਰੀ ਸਨਮਾਨਤ ਮਹਿਮਾਨ ਤੇ ਵਿਸ਼ੇਸ਼ ਮਹਿਮਾਨ ਡਾ. ਨਰਵਿੰਦਰ ਸਿੰਘ ਕੌਸ਼ਲ, ਜਗੀਰ ਸਿੰਘ ਰਤਨ ਤੇ ਅਨੋਖ ਸਿੰਘ ਵਿਰਕ ਸਨ।ਇਨ੍ਹਾਂ ਨਾਲ ਮੁੱਖ ਸੰਪਾਦਕ ਡਾ. ਭਗਵੰਤ ਸਿੰਘ ਮੰਚ 'ਤੇ ਸੁਭਾਇਮਾਨ ਹੋਏ।ਏ ਪੀ ਸਿੰਘ ਦੇ ਸ਼ਬਦ ਗਾਇਨ ਉਪਰੰਤ ਗੁਰਨਾਮ ਸਿੰਘ ਜਨਰਲ ਸਕੱਤਰ ਦੇ ਸਟੇਜ ਸੰਚਾਲਨ ਅਧੀਨ ਭੋਲਾ ਸਿੰਘ ਸੰਗਰਾਮੀ ਦੇ ਇਤਿਹਾਸਕ ਪ੍ਰਸੰਗ ਦੇ ਗੀਤ, ਨਾਹਰ ਸਿੰਘ ਮੁਬਾਰਕਪੁਰੀ, ਡਾ. ਰਾਕੇਸ਼ ਸ਼ਰਮਾ, ਧਰਮੀ ਤੁੰਗਾਂ ਦੇ ਸੁਹਜਾਤਮਕ ਗੀਤਾਂ ਉਪਰੰਤ ਡਾ. ਜਗਦੀਪ ਕੌਰ ਅਹੂਜਾ, ਜੋਗਿੰਦਰ ਕੌਰ ਅਗਨੀਹੋਤਰੀ ਤੇ ਸੁਖਦੇਵ ਸਿੰਘ ਔਲਖ ਨੇ ਪੇਪਰ ਪੇਸ਼ ਕਰਕੇ ਇਸ ਵਿਸ਼ੇਸ਼ ਅੰਕ ਤੇ ਜੋਰਾ ਸਿੰਘ ਮੰਡੇਰ ਦੀ ਸਿਰਜਣ ਪ੍ਰਕ੍ਰਿਆ ਦਾ ਯਥਾਰਥਕ ਵਿਵੇਚਨ ਕੀਤਾ।ਵਿਚਾਰ ਚਰਚਾ ਦਾ ਆਰੰਭ ਕਰਦੇ ਹੋਏ ਡਾ. ਤੇਜਾ ਸਿੰਘ ਤਿਲਕ ਨੇ ਜਾਗੋ ਇੰਟਰਨੈਸ਼ਨਲ ਦੇ ਇਤਿਹਾਸ ਤੇ ਸਮਕਾਲੀਨਤਾ ਬਾਰੇ ਬਹੁਤ ਸਾਰਥਕ ਟਿੱਪਣੀਆਂ ਕੀਤੀਆਂ।ਮੇਘ ਰਾਜ ਸ਼ਰਮਾ ਬਠਿੰਡਾ ਨੇ ਕਿਹਾ ਕਿ ਜੋਰਾ ਸਿੰਘ ਮੰਡੇਰ, ਡਾ. ਤੇਜਵੰਤ ਮਾਨ, ਡਾ. ਸਵਰਾਜ ਸਿੰਘ ਉੱਚ ਬੁਢਾਪੇ ਦਾ ਨਮੂਨਾ ਹਨ। ਇਹ ਸਮਾਜ ਨੂੰ ਸਹੀ ਸੇਧ ਦੇ ਰਹੇ ਹਨ।ਅਮਰ ਗਰਗ ਕਲਮਦਾਨ ਨੇ ਉੱਚ ਸਾਹਿਤ ਦੇ ਸਿਧਾਂਤਕ ਪਿਛੋਕੜ ਦੀ ਗੱਲ ਕਰਦੇ ਹੋਏ ਜਾਗੋ ਇੰਟਰਨੈਸ਼ਨਲ ਦੀ ਪ੍ਰਸ਼ੰਸਾ ਕੀਤੀ। ਵਿਚਾਰ ਚਰਚਾ ਵਿੱਚ ਡਾ. ਨਰਵਿੰਦਰ ਸਿੰਘ ਕੌਸ਼ਲ, ਜਗਦੀਪ ਸਿੰਘ ਗੰਧਾਰਾ, ਗੁਰਨਾਮ ਸਿੰਘ ਡੂੰਘੇ ਖੋਜੀ, ਬਾਬਾ ਪਿਆਰਾ ਸਿੰਘ, ਡਾ. ਗੁਰਮੀਤ ਸਿੰਘ, ਨਿਹਾਲ ਸਿੰਘ ਮਾਨ, ਦਲਬਾਰ ਸਿੰਘ ਚੱਠੇ ਸੇਖਵਾਂ, ਗੁਲਜ਼ਾਰ ਸਿੰਘ ਸ਼ੌਂਕੀ, ਮੇਘ ਰਾਜ ਸ਼ਰਮਾ, ਸੁਰਿੰਦਰਪਾਲ ਸਿੰਘ ਸਿਦਕੀ, ਮੁਖਤਿਆਰ ਅਲਾਲ, ਧਰਮੀ ਤੁੰਗਾਂ, ਡਾ. ਰਾਜੀਵ ਪੁਰੀ, ਪਵਨ ਕੁਮਾਰ ਹੋਸੀ, ਕੁਲਵੰਤ ਕਸਕ, ਦਰਸ਼ਨ ਸਿੰਘ, ਗੁਰੂ ਬਹਾਦਰ ਸਿੰਘ ਧੌਲਾ ਨੇ ਜੋਰਾ ਸਿੰਘ ਮੰਡੇਰ ਵੱਲੋਂ ਖੇਤੀਬਾੜੀ, ਟਰਾਂਸਪੋਰਟ ਦੇ ਪ੍ਰਧਾਨ ਤੇ ਵਿਦੇਸ਼ ਵਿੱਚ ਜਾ ਕੇ ਵੀ ਆਪਣੇ ਪਿੰਡ ਦੀ ਮਿੱਟੀ ਨਾਲ ਜੁੜ ਕੇ ਪੰਜਾਬੀ ਸਾਹਿਤ ਲਈ ਵੱਖ ਵੱਖ ਲਿਖੀਆਂ ਪੁਸਤਕਾਂ ਦਾ ਜ਼ਿਕਰ ਕਰਦਿਆਂ ਉੱਚ ਅਕਾਦਮਿਕ ਪੱਧਰ ਦੀ ਚਰਚਾ ਦਾ ਰੂਪ ਦੇ ਦਿੱਤਾ।ਜਗੀਰ ਸਿੰਘ ਰਤਨ ਨੇ ਪ੍ਰਬੰਧਕਾਂ ਨੂੰ ਮੁਬਾਰਕਬਾਦ ਦਿੱਤੀ।ਪਵਨ ਹਰਚੰਦਪੁਰੀ ਤੇ ਜੋਰਾ ਸਿੰਘ ਮੰਡੇਰ ਨੇ ਲੇਖਕਾਂ ਤੇ ਜਾਗੋ ਇੰਟਰਨੈਸ਼ਨਲ ਦਾ ਵਿਸ਼ੇਸ਼ ਅੰਕ ਉਨਾਂ ਦੀਆਂ ਲਿਖਤਾਂ ਨੂੰ ਸਮਰਪਤ ਕਰਨ ਲਈ ਵਿਸ਼ੇਸ਼ ਧੰਨਵਾਦ ਕੀਤਾ।ਡਾ. ਤੇਜਵੰਤ ਮਾਨ ਨੇ ਡਾ. ਭਗਵੰਤ ਸਿੰਘ ਦੀ ਵਿਸ਼ਲੇਸ਼ਣੀ ਸੂਝ ਦੇ ਪ੍ਰਸੰਗ ਵਿੱਚ ਵਿਸ਼ੇਸ਼ ਅੰਕ ਦੀ ਪ੍ਰਸੰਸਾ ਕੀਤੀ।ਡਾ. ਸਵਰਾਜ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਪੂਰਬੀ ਫਲਸਫੇ ਦੀ ਸਿਖਰ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਹੈ।ਸਰਮਾਏਦਾਰੀ ਉਤਪਾਦਨ ਨੂੰ ਪਹਿਲ ਦਿੰਦੀ ਹੈ, ਜਦ ਕਿ ਸਿਰਜਣਾਤਮਕਤਾ ਨੂੰ ਉਪਤਾਦਕਤਾ ਤੋਂ ਉਪਰ ਹੋਣਾ ਚਾਹੀਦਾ ਹੈ।ਸਰਮਾਏਦਾਰੀ ਨੇ ਅਰਾਜਕਤਾ ਫੈਲਾਉਣੀ ਹੈ।ਇਸ ਸਫਲ ਸਮਾਗਮ ਵਿੱਚ ਸੰਧੂ ਬ੍ਰਦਰਜ਼ ਵੱਲੋਂ ਲਗਾਈ ਗਈ ਪੁਸਤਕ ਪ੍ਰਦਰਸ਼ਨੀ ਖਿੱਚ ਦਾ ਕੇਂਦਰ ਰਹੀ।ਜਗਦੀਪ ਸਿੰਘ ਗੰਧਾਰਾ ਐਡਵੋਕੇਟ ਨੇ ਸਭ ਦਾ ਧੰਨਵਾਦ ਕੀਤਾ।ਇਸ ਮੌਕੇ ਸਾਹਿਤ ਸਭਾ ਵੱਲੋਂ ਉਤਕ੍ਰਿਸ਼ਟ ਵਿਦਵਾਨਾਂ ਦਾ ਸਨਮਾਨ ਕੀਤਾ ਗਿਆ।ਰਾਜਿੰਦਰ ਸਿੰਘ ਡੀ ਐਸ ਓ., ਹੰਸਰਾਜ, ਬਲਜਿੰਦਰ ਈਲਵਾਲ, ਸਤਦੇਵ ਸ਼ਰਮਾ, ਹਨੀ ਸੰਗਰਾਮੀ ਉਚੇਚੇ ਤੌਰ 'ਤੇ ਸ਼ਾਮਲ ਹੋਏ।



## ਹੈਰੋਇਨ ਪੀਂਦਾ ਵਿਅਕਤੀ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਹੈਰੋਇਨ ਪੀ ਰਹੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਉਸ ਦੇ ਕਬਜ਼ੇ ਵਿੱਚੋਂ 1 ਸਿਲਵਰ ਰੋਲ, 1 ਲਾਈਟਰ, ਰੋਲ ਕੀਤਾ ਹੋਇਆ ਪੇਪਰ ਬਰਾਮਦ ਹੋਇਆ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਦੇ ਇੰਸਪੈਕਟਰ ਪਰਮਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਦੌਰਾਨ ਜਦ ਟੀ ਬੀ ਹਸਪਤਾਲ ਦੀ ਬੈਕਸਾਈਡ ਪੁੱਜੀ ਤਾਂ ਸੜਕ ਦੇ ਸੱਜੇ ਪਾਸੇ ਪਏ ਖਾਲੀ ਪਲਾਟ ਵਿੱਚ ਇੱਕ ਨੌਜਵਾਨ ਦਲਜੀਤ ਸਿੰਘ ਉਰਫ ਮਨਦੀਪ ਸਿੰਘ ਪੁੱਤਰ ਸੁੱਚਾ ਸਿੰਘ ਵਾਸੀ ਸਨਰਾਈਜ਼ ਕਾਲੋਨੀ ਹਾਕੇਵਾਲਾ, ਫਿਰੋਜ਼ਪੁਰ ਨੂੰ ਧੀਮੀ ਜਿਹੀ ਅੱਗ ਜਲਾ ਕੇ ਸ਼ੱਕੀ ਹਾਲਤ ਵਿੱਚ ਬੈਠਾ ਮਿਲਿਆ, ਜਿਸ ਨੂੰ ਪੁਲਸ ਨੇ ਅੱਗ ਜਲਾ ਕੇ ਹੈਰੋਇਨ ਦਾ ਸੇਵਨ ਕਰ ਰਹੇ ਦੋਸ਼ੀ ਨੂੰ ਗ੍ਰਿਫਤਾਰ ਕਰਕੇ ਉਸ ਕੋਲੋਂ ਇਕ ਸਿਲਵਰ ਰੋਲ, ਇਕ ਲਾਈਟਰ, ਰੋਲ ਕੀਤਾ ਹੋਇਆ ਪੇਪਰ ਬਰਾਮਦ ਹੋਇਆ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਸੂਰਜ ਕੁਮਾਰ ਬਣੇ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਸਕੱਤਰ




**ਮੋਗਾ (ਇਕਬਾਲ ਸਿੰਘ ਖਹਿਰਾ)**-ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ ਨੇ ਇੱਥੇ ਮਾਲਵੇ ਦੇ ਉੱਘੇ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੂਰਜ ਕੁਮਾਰ ਨੂੰ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦਾ ਮੋਗਾ ਦਾ ਜ਼ਿਲ੍ਹਾ ਸਕੱਤਰ ਨਿਯੁਕਤ ਕੀਤਾ ਹੈ।ਇਸ ਮੌਕੇ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਦੇਸ਼ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ ਤੋਂ ਇਲਾਵਾ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੱਤਪਾਲ ਸਿੰਘ ਭਾਗੀ ਕੇ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਇਸ ਮੌਕੇ ਮਾਲਵੇ ਦੇ ਉੱਘੇ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਸੂਰਜ ਕੁਮਾਰ ਇੱਕ ਮਿਹਨਤੀ ਮਜ਼ਦੂਰ ਆਗੂ ਹਨ, ਉਨ੍ਹਾਂ ਦੀ ਮਿਹਨਤ ਤੇ ਸਲਾਹ ਨਾਲ ਭੱਠਾ ਮਜ਼ਦੂਰਾਂ ਦੀਆਂ ਸਮੱਸਿਆਵਾਂ ਯੂਨੀਅਨ ਹੱਲ ਕਰੇਗੀ।ਇਸ ਮੌਕੇ ਮਾਲਵੇ ਦੇ ਉੱਘੇ ਮਜ਼ਦੂਰ ਆਗੂ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਨਵ-ਨਿਯੁਕਤ ਜ਼ਿਲ੍ਹਾ ਸਕੱਤਰ ਸੂਰਜ ਕੁਮਾਰ ਇੱਕ ਤਜਰਬੇਕਾਰ ਆਗੂ ਹਨ ਤੇ ਉਨ੍ਹਾਂ ਦੀ ਮਿਹਨਤ ਤੇ ਤਜਰਬਾ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਨੂੰ ਮੋਗਾ ਜ਼ਿਲ੍ਹਾ ਵਿੱਚ ਬੁਲੰਦੀਆਂ 'ਤੇ ਲੈ ਕੇ ਜਾਵੇਗਾ।ਇਸ ਮੌਕੇ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੱਤਪਾਲ ਸਿੰਘ ਭਾਗੀ ਕੇ ਨੇ ਕਿਹਾ ਕਿ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਮਜ਼ਦੂਰਾਂ ਦੇ ਮਸਲੇ ਹੱਲ ਕਰਕੇ ਲੋਕਾਂ ਦਾ ਦਿਲ ਜਿੱਤੇਗੀ।ਇਸ ਮੌਕੇ ਸੂਰਜ ਕੁਮਾਰ ਨੇ ਅਹੁਦਾ ਮਿਲਣ 'ਤੇ ਯੂਨੀਅਨ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਉਹ ਮਿਲੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਖਜ਼ਾਨਚੀ ਸਤਨਾਮ ਸਿੰਘ, ਸਲਾਹਕਾਰ ਗੁਰਮੇਲ ਸਿੰਘ, ਸੁਖਮੰਦਰ ਸਿੰਘ, ਦੇਵ ਰਾਜ, ਸੰਤੋਸ਼, ਨੀਰਜ ਕੁਮਾਰ, ਰਾਜੂ, ਪ੍ਰੇਮ ਨਰਾਇਣ, ਸ਼ਿਵਾ, ਚੰਦੂ, ਰਣਜੀਤ, ਰਾਜ ਕੁਮਾਰ, ਵਿਨੋਦ ਅਜੇ ਕੁਮਾਰ, ਜੈ ਕਰਨ, ਜੁਗਲ ਕਿਸ਼ੋਰ, ਗੰਗਾ ਰਾਮ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਸਰਹੱਦਾਂ ਖੁੱਲ੍ਹਣ 'ਤੇ ਪੰਜਾਬ ਦੇ ਸਮੁੱਚੇ ਵਰਗਾਂ ਦੀ ਆਰਥਿਕਤਾ ਮਜ਼ਬੂਤ ਹੋਵੇਗੀ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬੀਤੇ ਕੱਲ੍ਹ ਜੋ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਵਾਹਗਾ ਬਾਰਡਰ ਵਿਖੇ ਸਰਹੱਦਾਂ ਨੂੰ ਵਪਾਰ ਲਈ ਖੋਲ੍ਹਣ ਦੇ ਮਕਸਦ ਨੂੰ ਲੈ ਕੇ ਜੋ ਵੱਡੀ ਕਾਨਫਰੰਸ ਕੀਤੀ ਹੈ, ਉਸ ਦਾ ਮੁੱਖ ਉਦੇਸ਼ ਜ਼ਿਮੀਂਦਾਰਾਂ, ਮਜ਼ਦੂਰਾਂ, ਟਰਾਸਪੋਰਟਰਾਂ, ਆੜ੍ਹਤੀਆਂ, ਵਪਾਰੀਆਂ ਆਦਿ ਸਭਨਾਂ ਦੀ ਆਰਥਿਕਤਾ ਨੂੰ ਹੁਲਾਰਾ ਦਿੰਦੇ ਹੋਏ ਇਥੋਂ ਦੀ ਵੱਡੀ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਹੱਲ ਕਰਨਾ ਵੀ ਹੈ।ਜਿਸ ਤਰ੍ਹਾਂ ਉਪਰੋਕਤ ਸਭ ਵਰਗਾਂ ਨੇ ਅਤੇ ਪਾਰਟੀ ਅਹੁਦੇਦਾਰਾਂ ਨੇ ਵੱਡੀ ਜ਼ਿੰਮੇਵਾਰੀ ਨਿਭਾ ਕੇ ਇਨ੍ਹਾਂ ਸਰਹੱਦਾਂ ਖੋਲ੍ਹਣ ਦੇ ਪ੍ਰੋਗਰਾਮ ਨੂੰ ਮਜ਼ਬੂਤੀ ਨਾਲ ਕਾਮਯਾਬ ਕੀਤਾ ਹੈ, ਉਸ ਦਾ ਪ੍ਰਭਾਵ ਇਹ ਪਿਆ ਹੈ ਕਿ ਲੋਕਾਂ ਦੇ ਰੋਹ ਅਤੇ ਜੋਸ਼ ਨੂੰ ਦੇਖਦੇ ਹੋਏ ਬੀ.ਐਸ.ਐਫ ਵੀ ਇਸ ਉੱਠੇ ਵਿਚਾਰਾਂ ਦੇ ਪ੍ਰਭਾਵ ਨੂੰ ਨਾ ਰੋਕ ਸਕੀ।ਸਰਕਾਰ ਨੂੰ ਪੁਲਸ ਦਾ ਵੱਡੇ ਤੌਰ 'ਤੇ ਪ੍ਰਬੰਧ ਕਰਨਾ ਪਿਆ।ਇਸ ਦੇ ਬਾਵਜੂਦ ਵੀ ਸਮੁੱਚੇ ਪੰਜਾਬੀਆਂ ਵੱਲੋਂ ਲਗਾਈਆਂ ਗਈਆਂ ਰੋਕਾਂ ਨੂੰ ਤੋੜ ਕੇ ਸਰਹੱਦ ਵੱਲ ਆਪਣਾ ਸਮਾਨ ਚੁੱਕ ਕੇ ਵਧਦੇ ਹੋਏ ਮਿਸ਼ਨ ਨੂੰ ਉਜਾਗਰ ਕੀਤਾ ਗਿਆ।ਜਿਸ ਲਈ ਪਾਰਟੀ ਅਹੁਦੇਦਾਰ, ਮੈਂਬਰ ਅਤੇ ਸਭ ਹੋਰ ਸਹਿਯੋਗੀ ਮੁਬਾਰਕਬਾਦ ਦੇ ਹੱਕਦਾਰ ਹਨ।ਇਹ ਪ੍ਰੋਗਰਾਮ ਇਸ ਲਈ ਕਰਨਾ ਪਿਆ ਕਿਉਂਕਿ ਅਸੀਂ ਲੰਮੇ ਸਮੇਂ ਤੋਂ ਇਹ ਮੰਗ ਕਰਦੇ ਆ ਰਹੇ ਹਾਂ ਕਿ ਇੰਡੀਅਨ ਹੁਕਮਰਾਨ ਸਰਹੱਦਾਂ ਖੋਲ੍ਹ ਕੇ ਜ਼ਿਮੀਂਦਾਰਾਂ ਦੀ ਪੈਦਾਵਾਰ ਅਤੇ ਛੋਟੇ ਵਪਾਰੀਆਂ ਦੇ ਤਿਆਰ ਕੀਤੇ ਮਾਲ ਨੂੰ ਮੱਧ ਏਸ਼ੀਆ, ਅਰਬ ਮੁਲਕਾਂ ਵਿਚ ਖੁੱਲ੍ਹੇ ਵਪਾਰ ਰਾਹੀ ਖਰੀਦੋ ਫਰੋਖਤ ਕਰਨ ਦੇ ਅਧਿਕਾਰ ਦੇਵੇ ਤਾਂ ਕਿ ਜ਼ਿਮੀਂਦਾਰ ਆਪਣੀਆਂ ਫਸਲਾਂ ਅਤੇ ਛੋਟੇ ਵਪਾਰੀ ਆਪਣੇ ਉਤਪਾਦਾਂ ਨੂੰ ਸਹੀ ਕੀਮਤਾਂ ਤੇ ਕੌਮਾਂਤਰੀ ਵਪਾਰ ਰਾਹੀਂ ਵੇਚ ਕੇ ਆਪਣੀ ਆਰਥਿਕਤਾ ਨੂੰ ਮਜ਼ਬੂਤ ਕਰ ਸਕਣ।ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਬੀਤੇ ਕੱਲ੍ਹ ਵਾਹਗਾ ਬਾਰਡਰ 'ਤੇ ਹੋਏ ਵੱਡੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਗਟ ਕੀਤੇ।ਉਨ੍ਹਾਂ ਕਿਹਾ ਕਿ ਜੇਕਰ ਸਮੁੱਚੇ ਪੰਜਾਬੀਆਂ ਦੀ ਇਸ ਮੁੱਖ ਮੰਗ ਨੂੰ ਇਮਾਨਦਾਰੀ ਨਾਲ ਹੁਕਮਰਾਨ ਪੂਰਨ ਕਰ ਦੇਣ ਤਾਂ ਇਸ ਨਾਲ ਪੰਜਾਬ ਦੇ ਜ਼ਿਮੀਂਦਾਰਾਂ ਦੇ ਉਤਪਾਦਾਂ ਦੀ ਜੋ ਕੀਮਤ ਉਨ੍ਹਾਂ ਨੂੰ ਇਸ ਸਮੇ ਕਾਫੀ ਘੱਟ ਮਿਲ ਰਹੀ ਹੈ, ਉਹ ਵਧ ਕੇ ਲਾਭ ਵੱਡਾ ਹੋ ਜਾਵੇਗਾ। ਜ਼ਿਮੀਂਦਾਰ ਨੂੰ ਸਰਹੱਦਾਂ ਖੋਲ੍ਹਣ ਨਾਲ ਇਕ ਕੁਇੰਟਲ ਪਿਛੇ 1000 ਰੁਪਏ ਦਾ ਸਿੱਧਾ ਫਾਇਦਾ ਹੋਵੇਗਾ। ਇਸ ਨਾਲ ਖੇਤ-ਮਜ਼ਦੂਰ, ਆੜ੍ਹਤੀਏ, ਟਰਾਂਸਪੋਰਟਰਾਂ ਦੇ ਲਾਭ ਵੀ ਵਧਣਗੇ ਅਤੇ ਇਨ੍ਹਾਂ ਖੇਤਰਾਂ ਵਿਚ ਕੰਮ ਕਰਨ ਦੇ ਮੌਕੇ ਵਧਣ ਕਾਰਨ ਵੱਡੀ ਹੱਦ ਤੱਕ ਬੇਰੁਜ਼ਗਾਰੀ ਵੀ ਖਤਮ ਹੋਵੇਗੀ। ਉਨ੍ਹਾਂ ਕਿਹਾ ਕਿ ਮੌਜੂਦਾ ਮੋਦੀ-ਸ਼ਾਹ ਦੀ ਹਕੂਮਤ ਮੁਸਲਿਮ ਅਤੇ ਸਿੱਖ ਦੋਵੇਂ ਘੱਟ ਗਿਣਤੀ ਕੌਮਾਂ ਨਾਲ ਨਫਰਤ ਦੀ ਨੀਤੀ ਅਧੀਨ ਅਮਲ ਕਰ ਰਹੀ ਹੈ।ਜੋ ਵਕਫ ਬੋਰਡ ਸੰਬੰਧੀ ਨਵਾਂ ਕਾਨੂੰਨ ਲਿਆ ਕੇ ਮੁਸਲਿਮ ਕੌਮ ਦੀਆਂ ਦਾਨ ਕੀਤੀਆਂ ਜਾਇਦਾਦਾਂ 'ਤੇ ਹੁਕਮਰਾਨਾਂ ਵੱਲੋਂ ਕਬਜ਼ੇ ਕਰਨ ਦੀ ਮੰਦਭਾਵਨਾ ਹੈ, ਉਸ ਉਤੇ ਅੱਜ ਸੁਪਰੀਮ ਕੋਰਟ ਨੇ ਫੈਸਲਾ ਦੇਣਾ ਹੈ।ਜੋ ਧਰਮਾਂ ਦੀ ਨਫਰਤ ਖੜ੍ਹੀ ਕੀਤੀ ਜਾ ਰਹੀ ਹੈ, ਉਹ ਮੋਦੀ-ਸ਼ਾਹ ਵਰਗੇ ਉਨ੍ਹਾਂ ਹੁਕਮਰਾਨਾਂ ਵੱਲੋਂ ਕੀਤੀ ਜਾ ਰਹੀ ਹੈ, ਜਿਨ੍ਹਾਂ ਦੀ ਆਤਮਾ ਵਿੱਚ ਅੱਜ ਔਰੰਗਜ਼ੇਬ ਦੀ ਰੂਹ ਵੜ ਕੇ ਵਾਸ ਕਰ ਰਹੀ ਹੈ।

## ਮਾਸਟਰ ਪਰਮਵੇਦ ਮੁੜ ਤਰਕਸ਼ੀਲਾਂ ਦੇ ਜ਼ੋਨ ਜਥੇਬੰਦਕ ਮੁਖੀ ਚੁਣੇ

**ਸੰਗਰੂਰ (ਪ੍ਰਵੀਨ ਸਿੰਘ)**-ਤਰਕਸ਼ੀਲ ਸੁਸਾਇਟੀ ਪੰਜਾਬ ਜ਼ੋਨ ਸੰਗਰੂਰ-ਬਰਨਾਲਾ ਦੀ ਕਾਰਜਕਾਰਨੀ ਦੀ ਚੋਣ ਸੂਬਾ ਜਥੇਬੰਦਕ



ਮੁਖੀ ਮਾਸਟਰ ਰਜਿੰਦਰ ਭਦੌੜ, ਰਜੇਸ਼ ਅਕਲੀਆ ਤੇ ਜੁਝਾਰ ਲੌਂਗੋਵਾਲ ਦੀ ਦੇਖ-ਰੇਖ ਹੇਠ ਹੋਈ।ਸਰਬਸੰਮਤੀ ਨਾਲ ਹੋਈ ਚੋਣ ਵਿੱਚ ਮਾਸਟਰ ਪਰਮਵੇਦ ਦੀ ਕਾਰਗੁਜ਼ਾਰੀ, ਮਿਹਨਤ ਤੇ ਸਮਰਪਣ ਭਾਵਨਾ ਦੇ ਮੱਦੇਨਜ਼ਰ ਉਨ੍ਹਾਂ ਨੂੰ ਫ਼ਿਰ ਜਥੇਬੰਦਕ ਮੁਖੀ ਦੀ ਜ਼ਿੰਮੇਵਾਰੀ ਸੌਂਪੀ ਗਈ।ਸੋਹਣ ਸਿੰਘ ਮਾਝੀ ਨੂੰ ਵਿੱਤ ਮੁਖੀ, ਸੀਤਾ ਰਾਮ ਬਾਲਦ ਕਲਾਂ ਨੂੰ ਮੀਡੀਆ ਮੁਖੀ, ਗੁਰਦੀਪ ਸਿੰਘ ਲਹਿਰਾ ਨੂੰ ਮਾਨਸਿਕ ਸਿਹਤ ਮਸ਼ਵਰਾ ਮੁਖੀ ਤੇ ਗੁਰਜੰਟ ਸਿੰਘ ਬਣਵਾਲਾ ਨੂੰ ਸੱਭਿਆਚਾਰ ਵਿਭਾਗ ਮੁਖੀ ਦੀ ਜ਼ਿੰਮੇਵਾਰੀ ਦਿੱਤੀ ਗਈ।ਚੋਣ ਤੋਂ ਪਹਿਲਾਂ ਵਿਭਾਗਾਂ ਦੇ ਮੁਖੀਆਂ ਨੇ ਆਪੋ ਆਪਣੇ ਵਿਭਾਗ ਦੀ ਕਾਰਗੁਜ਼ਾਰੀ ਬਿਆਨ ਕੀਤੀ।

## ਪਤੀ-ਪਤਨੀ ਦੀ ਕੁੱਟਮਾਰ ਕਰਨ ਦੇ ਦੋਸ਼ 'ਚ 4 ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਤਲਵੰਡੀ ਭਾਈ ਦੇ ਪਿੰਡ ਹਰਾਜ ਵਿਖੇ ਰੰਜਿਸ਼ ਦੇ ਚੱਲਦਿਆਂ ਇਕ ਵਿਅਕਤੀ ਤੇ ਉਸ ਦੀ ਪਤਨੀ ਦੀ ਕੁੱਟਮਾਰ ਕਰਨ ਦੇ ਦੋਸ਼ ਵਿੱਚ ਥਾਣਾ ਤਲਵੰਡੀ ਭਾਈ ਪੁਲਸ ਨੇ 4 ਲੋਕਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਸੁਖਜਿੰਦਰ ਸਿੰਘ ਪੁੱਤਰ ਅਨੋਖ ਸਿੰਘ ਵਾਸੀ ਹਰਾਜ ਨੇ ਦੱਸਿਆ ਕਿ ਉਹ ਆਪਣੀ ਪਤਨੀ ਰਾਜਵਿੰਦਰ ਕੌਰ ਨਾਲ ਮਿਤੀ 14 ਅਪ੍ਰੈਲ 2025 ਨੂੰ ਦੁਪਹਿਰ ਆਪਣੀ ਜ਼ਮੀਨ ਵਿੱਚ ਬਣੀ ਬਾਬਾ ਦੀ ਜਗ੍ਹਾ 'ਤੇ ਮੱਥਾ ਟੇਕਣ ਗਿਆ ਸੀ ਤਾਂ ਦੋਸ਼ੀਆਨ ਨਿਸ਼ਾਨ ਸਿੰਘ ਪੁੱਤਰ ਜਰਨੈਲ ਸਿੰਘ, ਰਵਿੰਦਰ ਸਿੰਘ ਪੁੱਤਰ ਜਰਨੈਲ ਸਿੰਘ, ਰੱਜੋ ਪੁੱਤਰੀ ਜਰਨੈਲ ਸਿੰਘ, ਅਮਰਜੀਤ ਕੌਰ ਪਤਨੀ ਜਰਨੈਲ ਸਿੰਘ ਵਾਸੀਅਨ ਹਰਾਜ ਨੇ ਹਮਮਸ਼ਵਰਾ ਹੋ ਕੇ ਉਸ ਦੀ ਕੁੱਟਮਾਰ ਕੀਤੀ। ਦੋਵਾਂ ਧਿਰਾਂ ਦਾ ਆਪਸੀ 18 ਕਨਾਲ ਜ਼ਮੀਨ ਦਾ ਰੌਲਾ ਸੀ, ਜਿਸ ਸਬੰਧੀ ਸਿਵਲ ਕੇਸ ਮਾਣਯੋਗ ਅਦਾਲਤ ਵਿੱਚ ਲੰਬਿਤ ਹੈ। ਇਸੇ ਰੰਜਿਸ਼ ਦੇ ਚੱਲਦਿਆਂ ਉਕਤ ਦੋਸ਼ੀਆਨ ਨੇ ਉਸ ਦੀ ਤੇ ਉਸ ਦੀ ਪਤਨੀ ਦੀ ਕੁੱਟਮਾਰ ਕੀਤੀ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਕੁਲਵੰਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਸਪੀਕਰ ਸੰਧਵਾਂ ਵੱਲੋਂ ਚਾਰ ਸਕੂਲਾਂ 'ਚ 58.52 ਲੱਖ ਦੇ ਵਿਕਾਸ ਕਾਰਜਾਂ ਦਾ ਉਦਘਾਟਨ

### ਸਿੱਖਿਆ ਕ੍ਰਾਂਤੀ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ 'ਚ ਹੋਵੇਗੀ ਮਦਦਗਾਰ : ਸੰਧਵਾਂ



**ਫਰੀਦਕੋਟ/ਕੋਟਕਪੂਰਾ (ਐਲਿਗਜ਼ੈਂਡਰ ਡਿਸੂਜ਼ਾ/ਰਛਪਾਲ ਭੁੱਲਰ)**

ਸਪੀਕਰ ਪੰਜਾਬ ਵਿਧਾਨ ਸਭਾ ਸ੍ਰ. ਕੁਲਤਾਰ ਸਿੰਘ ਸੰਧਵਾਂ ਨੇ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਹਲਕਾ ਕੋਟਕਪੂਰਾ ਦੇ ਚਾਰ ਸਰਕਾਰੀ ਸਕੂਲਾਂ ਵਿੱਚ 58.52 ਲੱਖ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ।ਇਨ੍ਹਾਂ ਪ੍ਰੋਜੈਕਟਾਂ ਵਿੱਚ ਸਰਕਾਰੀ ਪ੍ਰਾਇਮਰੀ ਤੇ ਹਾਈ ਸਕੂਲ ਸੁਰਗਾਪੁਰੀ ਕੋਟਕਪੂਰਾ, ਸਰਕਾਰੀ ਮਿਡਲ ਸਕੂਲ ਗਾਂਧੀ ਬਸਤੀ, ਸਰਕਾਰੀ ਪ੍ਰਾਇਮਰੀ ਸਕੂਲ ਇੰਦਰਾ ਕਲੋਨੀ ਸ਼ਾਮਲ ਹਨ।ਸਪੀਕਰ ਸੰਧਵਾਂ ਨੇ ਕਿਹਾ ਕਿ ਸਿੱਖਿਆ ਕ੍ਰਾਂਤੀ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਵਿੱਚ ਮਦਦਗਾਰ ਸਾਬਿਤ ਹੋਵੇਗੀ। ਉਨ੍ਹਾਂ ਦੱਸਿਆ ਕਿ ਸਰਕਾਰੀ ਪ੍ਰਾਇਮਰੀ ਸਕੂਲ ਸੁਰਗਾਪੁਰੀ ਕੋਟਕਪੂਰਾ ਲਈ 18.52 ਲੱਖ ਗਰਾਂਟ ਨਾਲ ਆਰ ਓ, ਬਾਥਰੂਮ, ਹੜ੍ਹ ਲਈ ਸਕੂਲ ਵਿੱਚ ਭਰਤ, ਕਮਰਿਆਂ ਦਾ ਨਿਰਮਾਣ ਤੇ ਰਿਪੇਅਰ, ਛੱਤ ਦੀ ਮੇਜਰ ਰਿਪੇਅਰ, ਰੇਨ ਹਾਰਵੈਸਟਿੰਗ ਆਦਿ ਕੰਮ ਕਰਵਾਏ ਗਏ ਹਨ।ਇਸੇ ਤਰ੍ਹਾਂ ਸਰਕਾਰੀ ਹਾਈ ਸਕੂਲ ਸੁਰਗਾਪੁਰੀ ਵਿਖੇ 27.86 ਲੱਖ ਰੁਪਏ, ਜਿਸ ਵਿੱਚ ਕਮਰਿਆਂ ਦਾ ਨਵੀਨੀਕਰਨ, ਲੈਬ ਦੀ ਉਸਾਰੀ, ਵਿਦਿਆਰਥੀ ਲਈ ਵਿੱਦਿਅਕ ਟੂਰ ਗਰਾਂਟ, ਖੇਡ ਗਰਾਊਂਡ ਆਦਿ ਸ਼ਾਮਲ ਹਨ।ਇਸੇ ਤਰ੍ਹਾਂ ਸਰਕਾਰੀ ਮਿਡਲ ਸਕੂਲ ਗਾਂਧੀ ਬਸਤੀ ਵਿਖੇ 2.26 ਲੱਖ ਗਰਾਂਟ, ਸਰਕਾਰੀ ਪ੍ਰਾਇਮਰੀ ਸਕੂਲ ਇੰਦਰਾ ਕਲੋਨੀ 9.88 ਲੱਖ ਰੁਪਏ ਦੇ ਵੱਖ ਵੱਖ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਗਏ, ਜਿਸ ਵਿੱਚ ਕਮਰੇ, ਬਾਥਰੂਮ, ਪੈਨਲ, ਚਾਰਦੀਵਾਰੀ ਦੀ ਰਿਪੇਅਰ ਆਦਿ ਦੇ ਕੰਮ ਸ਼ਾਮਲ ਹਨ।ਉਨ੍ਹਾਂ ਕਿਹਾ ਕਿ ਸਾਡੇ ਵਿਦਿਆਰਥੀ ਸਾਡਾ ਭਵਿੱਖ ਹਨ ਤੇ ਅਸੀਂ ਉਨ੍ਹਾਂ ਨੂੰ ਹਰ ਸੰਭਵ ਮੌਕਾ ਪ੍ਰਦਾਨ ਕਰਨ ਲਈ ਸਮਰਪਤ ਹਾਂ।ਇਸ ਮੌਕੇ ਚੇਅਰਮੈਨ ਪਲਾਨਿੰਗ ਬੋਰਡ ਸੁਖਜੀਤ ਸਿੰਘ ਢਿੱਲਵਾਂ, ਸ਼੍ਰੀਮਤੀ ਨੀਲਮ ਰਾਣੀ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ, ਡਿਪਟੀ ਡੀ ਈ ਓ ਪ੍ਰਦੀਪ ਦਿਓੜਾ, ਮਨੀਸ਼ ਛਾਬੜਾ, ਇੰਦਰਜੀਤ ਕੌਰ, ਸੁਰਿੰਦਰ ਪਾਲ ਸਿੰਘ, ਰਵਿੰਦਰ ਸਿੰਘ, ਅਮਨ ਬਾਂਸਲ, ਰਵਿੰਦਰ ਕੁਮਾਰ, ਸ਼ਿਵਚਰਨ ਦਾਸ, ਸੁਨੀਤਾ, ਰੁਪਿੰਦਰ ਕੌਰ, ਸੇਵਕ ਸਿੰਘ, ਰੇਖਾ ਗਰਗ, ਸ਼ੀਤਲ, ਰਵਿੰਦਰ ਪਾਲ ਕੌਰ, ਸੁਖਜਿੰਦਰ ਕੌਰ, ਸਵਰਨਜੀਤ ਕੌਰ, ਅਮਨਜੋਤ ਕੌਰ, ਰਾਜਵਿੰਦਰ ਕੌਰ, ਸਤਵਿੰਦਰ ਸੰਧੂ, ਸੁਮਨ ਸ਼ਰਮਾ ਆਦਿ ਹਾਜ਼ਰ ਸਨ।

# ਦਹੀਆ ਨੇ ਵੱਖ-ਵੱਖ ਸਕੂਲਾਂ 'ਚ ਕੀਤਾ ਵਿਕਾਸ ਕਾਰਜਾਂ ਦਾ ਉਦਘਾਟਨ

### ਪੰਜਾਬ ਸਰਕਾਰ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਲਈ ਯਤਨਸ਼ੀਲ : ਦਹੀਆ

**ਫਿਰੋਜ਼ਪੁਰ/ਮਮਦੋਟ (ਅਸ਼ੋਕ ਸ਼ਰਮਾ/ਜਸਬੀਰ ਕੰਬੋਜ)**



ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਸਿੱਖਿਆ ਕ੍ਰਾਂਤੀ ਰਾਹੀਂ ਸਰਕਾਰੀ ਸਕੂਲਾਂ ਦੀ ਕਾਇਆ ਕਲਪ ਕਰ ਰਹੀ ਹੈ ਤੇ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਲਗਾਤਾਰ ਹੋਰ ਮਜ਼ਬੂਤ ਕਰ ਰਹੀ ਹੈ, ਤਾਂ ਜੋ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ ਪ੍ਰਦਾਨ ਕੀਤੀ ਜਾ ਸਕੇ।ਇਹ ਪ੍ਰਗਟਾਵਾ ਫਿਰੋਜ਼ਪੁਰ ਦਿਹਾਤੀ ਹਲਕੇ ਦੇ ਵਿਧਾਇਕ ਰਜਨੀਸ਼ ਦਹੀਆ ਨੇ ਅੱਜ ਹਲਕੇ ਦੇ ਸਰਕਾਰੀ ਪ੍ਰਾਇਮਰੀ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੁੰਡੇ ਮਮਦੋਟ ਉਤਾੜ, ਸਰਕਾਰੀ ਪ੍ਰਾਇਮਰੀ ਸਕੂਲ ਬਸਤੀ ਗੁਲਾਬ ਸਿੰਘ ਤੇ ਸਰਕਾਰੀ ਪ੍ਰਾਈਮਰੀ ਸਕੂਲ ਚੱਕ ਦੋਨਾ ਰਹੀਮ ਕੇ ਵਿਖੇ ਹੋਏ ਵਿਕਾਸ ਕੰਮਾਂ ਦਾ ਉਦਘਾਟਨ ਕਰਨ ਉਪਰੰਤ ਕੀਤਾ।ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ. ਸਿੱ) ਮੁਨੀਲਾ ਅਰੋੜਾ ਵੀ ਹਾਜ਼ਰ ਸਨ।ਇਸ ਮੌਕੇ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਲਈ ਯਤਨਸ਼ੀਲ ਹੈ।ਪੰਜਾਬ ਸਿੱਖਿਆ ਕ੍ਰਾਂਤੀ ਸੂਬੇ ਵਿੱਚ ਵਿੱਦਿਅਕ ਪੱਧਰ ਨੂੰ ਹੋਰ ਉੱਚਾ ਚੁੱਕਣ ਵਿੱਚ ਮੱਦਦਗਾਰ ਸਾਬਿਤ ਹੋਵੇਗੀ ਤੇ ਸਰਕਾਰੀ ਸਕੂਲਾਂ ਵਿੱਚ ਸਹੂਲਤਾਂ ਮਿਲਣ ਨਾਲ ਵਿਦਿਆਰਥੀਆਂ ਦਾ ਮਨੋਬਲ ਹੋਰ ਵੀ ਉੱਚਾ ਹੋਵੇਗਾ।ਪੰਜਾਬ ਸਰਕਾਰ ਨੇ ਸਿੱਖਿਆ ਦੇ ਖੇਤਰ ਵਿੱਚ ਵੱਡੀ ਕ੍ਰਾਂਤੀ ਲਿਆਉਣ ਲਈ ਬਜਟ ਦਾ ਵੱਡਾ ਹਿੱਸਾ ਸਿੱਖਿਆ ਲਈ ਰੱਖਿਆ ਹੈ, ਤਾਂ ਜੋ ਵਿਦਿਆਰਥੀਆਂ ਨੂੰ ਆਧੁਨਿਕ ਸਿੱਖਿਆ ਪ੍ਰਦਾਨ ਕਰਕੇ ਉਨ੍ਹਾਂ ਦਾ ਭਵਿੱਖ ਸੰਵਾਰਿਆ ਜਾ ਸਕੇ।ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਆਧੁਨਿਕਤਾ ਨਾਲ ਭਰਪੂਰ ਸਿੱਖਿਆ ਪ੍ਰਦਾਨ ਕਰਨ ਲਈ ਅਧਿਆਪਕਾਂ ਨੂੰ ਵਿਦੇਸ਼ਾਂ ਵਿੱਚ ਭੇਜ ਕੇ ਟ੍ਰੇਨਿੰਗ ਕਰਵਾਈ ਗਈ, ਤਾਂ ਜੋ ਉਹ ਆਪਣੇ ਤੇ ਵਿਦੇਸ਼ਾਂ ਦੀ ਪੜ੍ਹਾਈ ਵਿੱਚੋਂ ਮਿਲੇ ਤਜਰਬੇ ਨਾਲ ਵਿਦਿਆਰਥੀਆਂ ਨੂੰ ਉੱਚ ਕੋਟੀ ਦੀ ਸਿੱਖਿਆ ਦੇ ਸਕਣ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਕ੍ਰਾਂਤੀ ਰਾਹੀਂ ਸਰਕਾਰੀ ਸਕੂਲਾਂ ਦਾ ਕਾਇਆ ਕਲਪ ਕਰ ਰਹੀ ਹੈ ਤੇ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਲਗਾਤਾਰ ਹੋਰ ਮਜ਼ਬੂਤ ਕਰ ਰਹੀ ਹੈ ਤਾਂ ਜੋ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ ਸੁਵਿਧਾਵਾਂ ਪ੍ਰਦਾਨ ਕੀਤੀਆਂ ਜਾ ਸਕਣ।ਇਸ ਮੌਕੇ ਬਲਰਾਜ ਸਿੰਘ ਸੰਧੂ ਚੇਅਰਮੈਨ ਮਾਰਕੀਟ ਕਮੇਟੀ, ਪਲਵਿੰਦਰ ਸਿੰਘ ਬਰਾੜ ਹਲਕਾ ਕੋਆਰਡੀਨੇਟਰ ਸਿੱਖਿਆ, ਤਲਵਿੰਦਰ ਸਿੰਘ ਖਾਲਸਾ, ਪ੍ਰਿੰਸੀਪਲ ਹਰਫੂਲ ਸਿੰਘ, ਹਰਵਿੰਦਰ ਸਿੰਘ, ਗੁਰਮੀਤ ਸਿੰਘ, ਗੁਰਪ੍ਰੀਤ ਸਿੰਘ, ਅਕਸ਼ ਕੁਮਾਰ, ਨਿਰਵੈਰ ਸਿੰਘ ਸਿੰਧੀ ਸੀਨੀਅਰ ਆਗੂ ਆਪ, ਦਲਜੀਤ ਸਿੰਘ ਹਲਕਾ ਸਿੱਖਿਆ ਤਾਲਮੇਲ ਕਮੇਟੀ ਮੈਂਬਰ, ਬਲਵਿੰਦਰ ਸਿੰਘ ਸਰਪੰਚ, ਮੇਜਰ ਸਿੰਘ ਬੁਰਜੀ, ਬਲਵਿੰਦਰ ਸਿੰਘ ਲੱਡੂ, ਸੋਨੂੰ, ਦਲਜੀਤ ਸਿੰਘ, ਪਿੱਪਲ ਸਿੰਘ, ਅਜਮੇਰ ਸਿੰਘ ਮੁਰਕਵਾਲਾ, ਸਮੇਤ ਵੱਡੀ ਗਿਣਤੀ ਵਿੱਚ ਬੱਚਿਆਂ ਦੇ ਮਾਪੇ ਅਧਿਆਪਕ ਤੇ ਵਿਦਿਆਰਥੀ ਮੌਜੂਦ ਸੀ।

## ਪੰਜਾਬ ਦੇ ਸਾਰੇ ਪਿੰਡਾਂ ਦੇ ਛੱਪੜਾਂ ਦੀ ਸਫ਼ਾਈ ਦਾ ਕਾਰਜ ਸ਼ੁਰੂ : ਸੌਂਦ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਅਗਲੇ ਕੁਝ ਹਫ਼ਤਿਆਂ ਵਿੱਚ ਸੂਬੇ ਦੇ ਸਾਰੇ ਪਿੰਡਾਂ ਦੇ ਕਰੀਬ 15000 ਛੱਪੜਾਂ ਦੀ ਸਫ਼ਾਈ ਕਰਨ ਲਈ ਤਿਆਰ ਹੈ।ਇਸ ਸਬੰਧੀ ਕਾਰਜ ਪੰਜਾਬ ਦੇ ਕਈ ਪਿੰਡਾਂ ਵਿੱਚ ਸ਼ੁਰੂ ਵੀ ਹੋ ਚੁੱਕੇ ਹਨ।ਇਹ ਜਾਣਕਾਰੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਸਰਹਿੰਦ ਬਲਾਕ ਦੇ ਪਿੰਡ ਚਨਾਰਥਲ ਕਲਾਂ, ਖਰੇ ਤੇ ਡੇਰਾ ਮੀਰ ਮੀਰਾਂ, ਬਸੀ ਪਠਾਣਾਂ ਬਲਾਕ ਦੇ ਪਿੰਡ ਰੈਲੀ ਤੇ ਖੇੜਾ ਬਲਾਕ ਦੇ ਪਿੰਡ ਈਸਰਹੇਲ ਤੇ ਚੁੰਨੀ ਕਲਾਂ ਵਿਖੇ ਛੱਪੜਾਂ ਦੀ ਸਫਾਈ ਦੇ ਪ੍ਰੋਜੈਕਟਾਂ ਦਾ ਨਿਰੀਖਣ ਕਰਨ ਮੌਕੇ ਸਾਂਝੀ ਕੀਤੀ।ਸੌਂਦ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਉਨ੍ਹਾਂ ਛੱਪੜਾਂ ਦੀ ਸਾਫ਼ ਸਫ਼ਾਈ ਦਾ ਕੰਮ ਸ਼ੁਰੂ ਕੀਤਾ ਹੈ, ਜਿਨ੍ਹਾਂ ਨੂੰ ਪਿਛਲੀਆਂ ਸਰਕਾਰਾਂ ਨੇ ਅਣਗੌਲਿਆ ਕੀਤਾ ਸੀ ਅਤੇ ਪਿਛਲੇ 15-25 ਸਾਲਾਂ ਤੋਂ ਇਨ੍ਹਾਂ ਦੀ ਨਾ ਤਾਂ ਕੋਈ ਸਾਰ ਲਈ ਗਈ ਸੀ ਅਤੇ ਨਾ ਹੀ ਕੋਈ ਸਾਂਭ-ਸੰਭਾਲ ਕੀਤੀ ਗਈ ਸੀ।ਬਹੁਤੇ ਛੱਪੜਾਂ ਦੀ ਦਹਾਕਿਆਂ ਤੋਂ ਸਫ਼ਾਈ ਨਹੀਂ ਕੀਤੀ ਗਈ।ਅਜਿਹੇ ਛੱਪੜ ਓਵਰਫਲੋਅ ਹੋ ਜਾਂਦੇ ਹਨ ਤੇ ਪਿੰਡਾਂ ਵਿੱਚ ਗੰਦੇ ਪਾਣੀ ਦੀ ਬਦਬੂ ਆਉਂਦੀ ਹੈ ਤੇ ਮੱਛਰਾਂ ਦੀ ਭਰਮਾਰ ਹੋ ਜਾਂਦੀ ਹੈ, ਪਰ ਹੁਣ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਇਨ੍ਹਾਂ ਦੇ ਹਾਲਾਤ ਨੂੰ ਬਦਲਣ ਜਾ ਰਹੀ ਹੈ।ਸੌਂਦ ਨੇ ਕਿਹਾ ਕਿ ਸੂਬੇ ਦੇ ਬਹੁਤੇ ਪਿੰਡਾਂ ਵਿੱਚ ਛੱਪੜਾਂ ਦੀ ਸਫ਼ਾਈ ਕਰਨ ਤੇ ਗੰਦਾ ਪਾਣੀ ਕੱਢਣ ਦਾ ਕੰਮ ਸ਼ੁਰੂ ਹੋ ਗਿਆ ਹੈ।ਜਲਦੀ ਹੀ ਸਾਰੇ ਪਿੰਡਾਂ ਨੂੰ ਕਵਰ ਕੀਤਾ ਜਾਵੇਗਾ।ਪਿੰਡਾਂ ਦੇ ਦੌਰੇ ਮੌਕੇ ਹਲਕਾ ਫਤਹਿਗੜ੍ਹ ਸਾਹਿਬ ਦੇ ਵਿਧਾਇਕ ਲਖਬੀਰ ਸਿੰਘ ਰਾਏ ਅਤੇ ਹਲਕਾ ਬੱਸੀ ਪਠਾਣਾਂ ਦੇ ਵਿਧਾਇਕ ਰੁਪਿੰਦਰ ਸਿੰਘ ਹੈਪੀ, ਪਿੰਡ ਚਰਣਾਰਥਲ ਕਲਾਂ ਦੇ ਸਰਪੰਚ ਰਾਜਦੀਪ ਸਿੰਘ ਰਾਜੂ, ਪਿੰਡ ਖਰੇ ਦੇ ਸਰਪੰਚ ਸਤਪਾਲ ਸਿੰਘ, ਰਾਜ ਦਵਿੰਦਰ ਲਾਡੀ, ਕੁਲਵਿੰਦਰ ਸਿੰਘ ਡੇਰਾ, ਗੁਰਜੀਤ ਸਿੰਘ ਸਰਪੰਚ ਰੈਲੀ ਅਤੇ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਤੇ ਜ਼ਿਲ੍ਹੇ ਦੇ ਵਿਧਾਇਕਾਂ ਨੇ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਮੱਥਾ ਵੀ ਟੇਕਿਆ।

## ਜੀ ਹੋਲੀ ਹਾਰਟ ਪਬਲਿਕ ਸਕੂਲ 'ਚ ਸਵੀਮਿੰਗ ਪੂਲ ਦਾ ਉਦਘਾਟਨ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਜ਼ੀ. ਹੋਲੀ ਹਾਰਟ ਪਬਲਿਕ ਸਕੂਲ ਮਹਿਲ ਕਲਾਂ ਵਿੱਚ ਨਿੱਕੇ ਬੱਚਿਆਂ ਲਈ ਨਵੇਂ ਬਣਾਏ ਗਏ ਸਵਿਮਿੰਗ ਪੂਲ ਦਾ ਉਦਘਾਟਨ ਮੈਨੇਜਿੰਗ ਡਾਇਰੈਕਟਰ ਸੁਸ਼ੀਲ ਗੋਇਲ ਦੀ ਅਗਵਾਈ ਹੇਠ ਕੀਤਾ ਗਿਆ।ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਡੀ ਐੱਸ ਪੀ ਮਹਿਲ ਕਲਾਂ ਸੁਬੇਗ ਸਿੰਘ ਨੇ ਕਿਹਾ ਕਿ ਅਜਿਹੀਆਂ ਸਹੂਲਤਾਂ ਵਿਦਿਆਰਥੀਆਂ ਦੀ ਸਰੀਰਕ ਤੇ ਮਾਨਸਿਕ ਤੰਦਰੁਸਤੀ ਲਈ ਬਹੁਤ ਜ਼ਰੂਰੀ ਹਨ।ਉਨ੍ਹਾਂ ਕਿਹਾ ਕਿ ਅੱਜ ਦੇ ਯੁੱਗ ਵਿੱਚ ਖੇਡਾਂ ਤੇ ਮਨੋਰੰਜਕ ਗਤੀਵਿਧੀਆਂ ਵੀ ਅਕਾਦਮਿਕ ਸਿੱਖਿਆ ਵਾਂਗ ਹੀ ਮਹੱਤਤਾ ਰੱਖਦੀਆਂ ਹਨ।ਇਹ ਸਵਿਮਿੰਗ ਪੂਲ ਵਿਸ਼ੇਸ਼ ਕਰਕੇ ਗਰਮੀਆਂ ਦੇ ਇਸ ਤਿੱਖੇ ਮੌਸਮ ਵਿੱਚ ਬੱਚਿਆਂ ਲਈ ਤਾਜ਼ਗੀ ਭਰਿਆ ਤੋਹਫਾ ਹੈ।ਇਹ ਨਾ ਸਿਰਫ਼ ਉਨ੍ਹਾਂ ਨੂੰ ਗਰਮੀ ਤੋਂ ਰਾਹਤ ਦੇਵੇਗਾ, ਸਗੋਂ ਮਨੋਰੰਜਨ ਤੇ ਤੰਦਰੁਸਤੀ ਵੱਲ ਵੀ ਉਨ੍ਹਾਂ ਦੀ ਰੁਚੀ ਵਧਾਏਗਾ।ਤੈਰਨਾ ਸਿਰਫ਼ ਇੱਕ ਖੇਡ ਨਹੀਂ, ਇਹ ਇਕ ਅਨੁਸ਼ਾਸਨ ਤੇ ਆਤਮ ਵਿਸ਼ਵਾਸ ਵਧਾਉਣ ਵਾਲੀ ਕਲਾ ਵੀ ਹੈ।ਇਸ ਮੌਕੇ ਡਾਇਰੈਕਟਰ ਸ੍ਰੀ ਰਾਕੇਸ਼ ਬਾਂਸਲ, ਵਾਇਸ ਪ੍ਰਿੰਸੀਪਲ ਸ੍ਰੀਮਤੀ ਪੂਜਾ ਸ਼ਰਮਾ ਤੇ ਕੋਆਰਡੀਨੇਟਰ ਸ੍ਰੀਮਤੀ ਪਰਦੀਪ ਕੌਰ ਨੇ ਇਸ ਨਵੀਨਤਮ ਸਹੂਲਤ 'ਤੇ ਖੁਸ਼ੀ ਮਹਿਸੂਸ ਕਰਦਿਆਂ ਭਵਿੱਖ ਵਿੱਚ ਵੀ ਵਿਦਿਆਰਥੀਆਂ ਨੂੰ ਉੱਤਮ ਸਿੱਖਿਆ ਪ੍ਰਦਾਨ ਕਰਨ ਦਾ ਵਿਸ਼ਵਾਸ ਦਿਵਾਇਆ।।

## ਗਾਰਡਨ ਵੈਲੀ 'ਚ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਭੱਟੀਆਂ ਵਿਖੇ ਇਨਾਮ ਵੰਡ ਸਮਾਗਮ ਕਰਵਾਇਆ ਗਿਆ। ਇਸ ਮੌਕੇ ਨਰਸਰੀ ਤੋਂ ਲੈ ਕੇ ਪ੍ਰਾਇਮਰੀ ਵਿੰਗ, ਪ੍ਰਾਇਮਰੀ ਵਿੰਗ ਤੋਂ ਲੈ ਕੇ ਮਿਡਲ ਵਿੰਗ, ਮਿਡਲ ਵਿੰਗ ਤੋਂ ਲੈ ਕੇ ਸੀਨੀਅਰ ਵਿੰਗ ਤੇ ਸੀਨੀਅਰ ਵਿੰਗ ਤੋਂ ਸੀਨੀਅਰ ਸੈਕੰਡਰੀ ਵਿੰਗ ਵਿੱਚ ਪ੍ਰਵੇਸ਼ ਕਰਨ ਵਾਲੇ ਬੱਚਿਆਂ ਨੂੰ ਇਨਾਮ ਵੰਡੇ ਗਏ। ਯੂ.ਕੇ.ਜੀ. ਤੇ ਪਹਿਲੀ ਜਮਾਤ ਦੇ ਵਿਦਿਆਰਥੀਆਂ ਦੀ ਗ੍ਰੈਜੂਏਸ਼ਨ ਸੈਰੇਮਨੀ ਕਰਵਾਈ ਗਈ। ਸਮਾਗਮ ਦਾ ਉਦਘਾਟਨ ਮੁੱਖ ਮਹਿਮਾਨ ਨਛੱਤਰ ਸਿੰਘ ਗਰੇਵਾਲ, ਕਵਿਤਾ, ਮੋਨਿਕਾ ਮਹਾਜਨ ਤੇ ਸਾਰੂ ਮਹਾਜਨ ਵੱਲੋਂ ਸੰਯੁਕਤ ਰੂਪ ਵਿੱਚ ਸ਼ਮ੍ਹਾ ਰੋਸ਼ਨ ਕਰਕੇ ਕੀਤਾ। ਇਸ ਉਪਰੰਤ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਤਨੇਜਾ ਨੇ ਸਾਰੇ ਮੁੱਖ ਮਹਿਮਾਨਾਂ, ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਦਾ ਸਵਾਗਤ ਕਰਦਿਆਂ 'ਜੀ ਆਇਆਂ' ਆਖਿਆ। ਸਮਾਗਮ ਦੀ ਸ਼ੁਰੂਆਤ ਬੱਚਿਆਂ ਵੱਲੋਂ ਸ਼ਬਦ ਗਾਇਨ ਤੇ ਸਵਾਗਤੀ ਗੀਤ ਨਾਲ ਕੀਤੀ ਗਈ, ਉਪਰੰਤ ਸੱਤਵੀਂ ਤੇ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਕ੍ਰਿਸ਼ਨ ਵੰਦਨਾ ਉੱਪਰ ਅਧਾਰਤ ਡਾਂਸ ਕੀਤਾ ਗਿਆ। ਮੁੱਖ ਮਹਿਮਾਨਾਂ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਤੇ ਹੈੱਡਮਿਸਟ੍ਰੈੱਸ ਹਰਜੀਤ ਕੌਰ ਵੱਲੋਂ ਅਕਾਦਮਿਕ ਸੈਸ਼ਨ 2024-25 ਦੌਰਾਨ ਸਾਰੀਆਂ ਜਮਾਤਾਂ 'ਚ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਰਹਿਣ ਵਾਲੇ ਬੱਚਿਆਂ ਨੂੰ ਸਰਟੀਫਿਕੇਟ ਤੇ ਟਰਾਫ਼ੀਆਂ ਦੇ ਕੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ। ਉਨ੍ਹਾਂ ਬੱਚਿਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਵੀ ਕੀਤੀ। ਇਸ ਮੌਕੇ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬਾਨਾਂ ਨੇ ਮੁੱਖ ਮਹਿਮਾਨਾਂ ਨੂੰ ਤੋਹਫੇ ਦੇ ਕੇ ਸਨਮਾਨਤ ਕੀਤਾ। ਵਿਦਿਆਰਥੀਆਂ ਵੱਲੋਂ ਇੱਕ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਤੇ ਲੋਕ ਨਾਚ ਗਿੱਧਾ ਆਕਰਸ਼ਣ ਦਾ ਮੁੱਖ ਕੇਂਦਰ ਬਣਿਆ, ਜਿਸ ਨੇ ਪ੍ਰੋਗਰਾਮ 'ਚ ਖੂਬ ਰੰਗ ਬੰਨ੍ਹਿਆ। ਅਖੀਰ ਵਿੱਚ ਸਕੂਲ ਦੇ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਨੇ ਸਮਾਗਮ 'ਚ ਪੁੱਜੇ ਮਹਿਮਾਨਾਂ, ਬੱਚਿਆਂ ਦੇ ਮਾਪਿਆਂ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ।

## ਭੂਤਗੜ੍ਹ ਕੋਆਪ੍ਰੇਟਿਵ ਸੁਸਾਇਟੀ ਦੇ ਅਹੁਦੇਦਾਰਾਂ ਦੀ ਚੋਣ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਬਹੁਮੰਤਵੀ ਕੋਆਪ੍ਰੇਟਿਵ ਸੁਸਾਇਟੀ ਭੂਤਗੜ੍ਹ ਦੀ ਹੋਈ ਚੋਣ ਦੌਰਾਨ ਪਿੰਡ ਭੂਤਗੜ੍ਹ ਦੇ ਚਾਰ ਤੇ ਕੱਲਰ ਭੈਣੀ ਦੇ ਦੋ ਮੈਂਬਰ ਚੁਣੇ ਗਏ ਸਨ।ਇਸ ਦੌਰਾਨ ਅਹੁਦੇਦਾਰਾਂ ਦੀ ਹੋਈ ਚੋਣ ਵਿੱਚ ਸੁਰਜੀਤ ਸਿੰਘ ਨੂੰ ਦੂਜੀ ਵਾਰ ਸੁਸਾਇਟੀ ਦਾ ਸਰਬਸੰਮਤੀ ਨਾਲ ਪ੍ਰਧਾਨ ਤੇ ਬਘੇਲ ਸਿੰਘ ਕੱਲਰ ਭੈਣੀ ਨੂੰ ਮੀਤ ਪ੍ਰਧਾਨ ਚੁਣਿਆ ਗਿਆ ਹੈ।ਇਸ ਦੌਰਾਨ ਮੁੜ ਤੋਂ ਪ੍ਰਧਾਨ ਬਣੇ ਸੁਰਜੀਤ ਸਿੰਘ ਢੀਂਡਸਾ ਨੇ ਦੱਸਿਆ ਕਿ ਪਿਛਲੇ ਕਾਫੀ ਸਮੇਂ ਤੋਂ ਸੁਸਾਇਟੀ ਦੀ ਹਾਲਤ ਕਾਫੀ ਚਿੰਤਾਜਨਕ ਬਣੀ ਹੋਈ ਸੀ ਤੇ ਰਿਕਵਰੀ ਸਿਰਫ 5% ਤੱਕ ਸੀਮਤ ਹੋ ਕੇ ਰਹਿ ਗਈ ਸੀ, ਜਦੋਂ ਉਨ੍ਹਾਂ ਪਿਛਲੇ ਵਾਰ ਅਹੁਦਾ ਸੰਭਾਲਿਆ ਤਾਂ ਉਨ੍ਹਾਂ ਸੁਸਾਇਟੀ ਦਾ ਪੱਧਰ ਉੱਚਾ ਚੁੱਕਣ ਲਈ ਸਿਰ ਤੋੜ ਯਤਨ ਕੀਤੇ, ਜਿਨ੍ਹਾਂ ਦਾ ਸਿੱਟਾ ਇਹ ਨਿਕਲਿਆ ਕਿ ਕੋਆਪ੍ਰੇਟਿਵ ਸੁਸਾਇਟੀ ਦੀ ਰਿਕਵਰੀ 70 ਫ਼ੀਸਦ ਉੱਤੇ ਚਲੀ ਗਈ।ਉਨ੍ਹਾਂ ਕਿਸਾਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਸੁਸਾਇਟੀ ਨੂੰ ਬੁਲੰਦੀਆਂ 'ਤੇ ਲੈ ਕੇ ਜਾਣ ਲਈ ਹਰ ਸੰਭਵ ਕੋਸ਼ਿਸ਼ ਕਰਨਗੇ।ਇਸ ਮੌਕੇ ਕੋਆਪ੍ਰੇਟਿਵ ਸੋਸਾਇਟੀ ਦੇ ਮੈਂਬਰ ਗੁਰਸੇਵਕ ਸਿੰਘ, ਬੀਰਦਵਿੰਦਰ ਸਿੰਘ, ਹਰਬੰਸ ਸਿੰਘ, ਦਾਰਾ ਸਿੰਘ, ਮਿੱਠੂ ਸਿੰਘ ਤੇ ਗੁਰਤੇਜ ਸਿੰਘ ਤੋਂ ਇਲਾਵਾ ਪਿੰਡ ਦੇ ਸਰਪੰਚ ਕ੍ਰਿਸ਼ਨ ਸਿੰਘ ਢੀਂਡਸਾ ਤੇ ਬਲਾਕ ਸੰਮਤੀ ਮੈਂਬਰ ਨਾਹਰ ਸਿੰਘ ਭੈਣੀ ਆਦਿ ਹਾਜ਼ਰ ਸਨ।

## ਡੀ ਏ ਵੀ ਸਕੂਲ ਕਕਰਾਲਾ ਵਿਖੇ ਮਹਾਤਮਾ ਹੰਸਰਾਜ ਜਯੰਤੀ ਮਨਾਈ




**ਸਮਾਣਾ (ਇਕਬਾਲ ਸਿੰਘ)**-ਡੀ.ਏ.ਵੀ. ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕਕਰਾਲਾ ਵਿਖੇ ਮਹਾਤਮਾ ਹੰਸਰਾਜ ਜੀ ਦੀ ਜਯੰਤੀ ਸ਼ਰਧਾ ਤੇ ਧੂਮਧਾਮ ਨਾਲ ਮਨਾਈ ਗਈ।ਇਹ ਸਮਾਗਮ ਸਕੂਲ ਦੇ ਪ੍ਰਿੰਸੀਪਲ ਸ੍ਰੀ ਵਰੁਣ ਸ਼ਰਮਾ ਦੀ ਅਗਵਾਈ ਹੇਠ ਮਹਾਰਿਸ਼ੀ ਦਯਾਨੰਦ ਹਾਊਸ ਦੇ ਇੰਚਾਰਜ ਸੀਮਾ ਹਾਂਡਾ ਵੱਲੋਂ ਸਕੂਲ ਸਟਾਫ ਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਕੀਤਾ ਗਿਆ।ਇਸ ਮੌਕੇ ਸਵੇਰੇ ਦੀ ਸਭਾ ਦੌਰਾਨ ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਮਹਾਤਮਾ ਹੰਸਰਾਜ ਜੀ ਦੇ ਤਿਆਗ, ਸੇਵਾ ਭਾਵ ਤੇ ਉਨ੍ਹਾਂ ਦੇ ਮਹਾਨ ਯੋਗਦਾਨ 'ਤੇ ਅਧਾਰਤ ਭਾਵਪੂਰਨ ਭਾਸ਼ਣ ਪੇਸ਼ ਕੀਤੇ ਗਏ।ਵਿਦਿਆਰਥੀਆਂ ਨੇ ਕਵਿਤਾ ਪਾਠ ਰਾਹੀਂ ਵੀ ਉਨ੍ਹਾਂ ਦੇ ਜੀਵਨ ਦੀਆਂ ਮਹੱਤਵਪੂਰਨ ਝਲਕੀਆਂ ਨੂੰ ਸਾਂਝਾ ਕੀਤਾ।ਇਸ ਮੌਕੇ ਧਾਰਮਿਕ ਵਾਤਾਵਰਨ ਬਣਾਉਂਦੇ ਹੋਏ ਵਿਸ਼ੇਸ਼ ਹਵਨ ਦਾ ਆਯੋਜਨ ਅਨੀਲ ਕੁਮਾਰ ਸ਼ਾਸਤਰੀ ਵੱਲੋਂ ਕੀਤਾ ਗਿਆ, ਜਿਸ ਵਿੱਚ ਸਕੂਲ ਦੇ ਅਧਿਆਪਕਾਂ, ਵਿਦਿਆਰਥੀਆਂ ਤੇ ਪ੍ਰਿੰਸੀਪਲ ਨੇ ਆਹੂਤੀਆਂ ਪਾ ਕੇ ਭਾਗ ਲਿਆ ।ਸਮਾਰੋਹ ਦੇ ਅੰਤ ਵਿੱਚ ਸਕੂਲ ਮੁਖੀ ਵਰੁਣ ਸ਼ਰਮਾ ਨੇ ਆਪਣੇ ਪ੍ਰੇਰਨਾਦਾਇਕ ਵਿਚਾਰ ਸਾਂਝੇ ਕਰਦੇ ਹੋਏ ਮਹਾਤਮਾ ਹੰਸਰਾਜ ਜੀ ਦੇ ਜੀਵਨ ਦੀਆਂ ਮਹੱਤਵਪੂਰਨ ਸਿੱਖਿਆਵਾਂ ਉੱਤੇ ਰੋਸ਼ਨੀ ਪਾਈ ਤੇ ਸਭਨਾਂ ਨੂੰ ਉਨ੍ਹਾਂ ਦੇ ਆਦਰਸ਼ਾਂ ਤੋਂ ਪ੍ਰੇਰਣਾ ਲੈਣ ਦੀ ਅਪੀਲ ਕੀਤੀ।ਉਨ੍ਹਾਂ ਇਸ ਸਮਾਰੋਹ ਨੂੰ ਸਫਲ ਬਣਾਉਣ ਵਾਲੇ ਸਾਰੇ ਅਧਿਆਪਕਾਂ, ਵਿਦਿਆਰਥੀਆਂ ਤੇ ਸਟਾਫ ਦਾ ਦਿਲੋਂ ਧੰਨਵਾਦ ਵੀ ਕੀਤਾ।

21-April-1-page-11-25-Majha-25.qxd 4/20/2025 9:09 PM Page 1



# ਵਿਧਾਇਕ ਰੰਧਾਵਾ ਨੇ ਦਾਨਾ ਮੰਡੀ ਕਲਾਨੌਰ 'ਚ ਕਣਕ ਦੀ ਖ਼ਰੀਦ ਸ਼ੁਰੂ ਕਰਵਾਈ

## ਜ਼ਿਲ੍ਹੇ 'ਚ 92 ਮੰਡੀਆਂ ਤੋਂ ਇਲਾਵਾ 2 ਆਰਜ਼ੀ ਖ਼ਰੀਦ ਕੇਂਦਰ ਸਥਾਪਤ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਦਾਣਾ ਮੰਡੀ ਕਲਾਨੌਰ ਵਿਖੇ ਕਣਕ ਦੀ ਖ਼ਰੀਦ ਦੀ ਸ਼ੁਰੂਆਤ ਕਰਵਾਈ ਗਈ।ਇਸ ਮੌਕੇ ਉਨ੍ਹਾਂ ਨਾਲ ਮਾਰਕੀਟ ਕਮੇਟੀ ਕਲਾਨੌਰ ਦੇ ਚੇਅਰਮੈਨ ਰਣਜੀਤ ਸਿੰਘ ਬਾਠ, ਫੂਡ ਸਪਲਾਈ ਵਿਭਾਗ ਦੇ ਅਧਿਕਾਰੀ ਅਤੇ ਖ਼ਰੀਦ ਏਜੰਸੀਆਂ ਦੇ ਅਧਿਕਾਰੀ ਵੀ ਮੌਜੂਦ ਸਨ।ਇਸ ਮੌਕੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਦਾਣਾ ਮੰਡੀ ਕਲਾਨੌਰ ਵਿੱਚ ਕਣਕ ਦੀ ਖ਼ਰੀਦ ਸਬੰਧੀ ਕੀਤੇ ਪ੍ਰਬੰਧਾਂ ਦਾ ਜਾਇਜ਼ਾ ਵੀ ਲਿਆ।ਉਨ੍ਹਾਂ ਨੇ ਖ਼ੁਰਾਕ ਤੇ ਸਿਵਲ ਸਪਲਾਈ ਵਿਭਾਗ ਅਤੇ ਖ਼ਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮੰਡੀ ਵਿੱਚ ਕਣਕ ਵੇਚਣ ਆਉਣ ਵਾਲੇ ਕਿਸੇ ਵੀ ਕਿਸਾਨ ਨੂੰ ਕੋਈ ਮੁਸ਼ਕਲ ਨਹੀਂ ਆਉਣੀ ਚਾਹੀਦੀ ਅਤੇ ਕਿਸਾਨਾਂ ਦੀ ਫ਼ਸਲ ਬਿਨਾਂ ਕਿਸੇ ਦੇਰੀ ਖ਼ਰੀਦ ਕੇ 24 ਘੰਟੇ ਦੇ ਅੰਦਰ ਉਨ੍ਹਾਂ ਨੂੰ ਅਦਾਇਗੀ ਕੀਤੀ ਜਾਵੇ।ਵਿਧਾਇਕ ਰੰਧਾਵਾ ਨੇ ਕਿਹਾ ਕਿ ਇਸ ਵਾਰ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 6.68 ਲੱਖ ਐੱਮ. ਟੀ. ਕਣਕ ਦੀ ਫ਼ਸਲ ਆਉਣ ਦੀ ਸੰਭਾਵਨਾ ਹੈ ਅਤੇ ਜ਼ਿਲ੍ਹੇ ਵਿੱਚ ਕਣਕ ਦੀ ਖ਼ਰੀਦ ਲਈ 92 ਮੰਡੀਆਂ ਬਣਾਈਆਂ ਗਈਆਂ ਹਨ, ਜਦਕਿ 2 ਆਰਜ਼ੀ ਖ਼ਰੀਦ ਕੇਂਦਰ ਸਥਾਪਿਤ ਕੀਤੇ ਗਏ ਹਨ।ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਬਾਰਦਾਨੇ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਖ਼ਰੀਦ ਸਬੰਧੀ ਹੋਰ ਪ੍ਰਬੰਧ ਵੀ ਮੁਕੰਮਲ ਕਰ ਲਏ ਗਏ ਹਨ।ਇਸ ਤੋਂ ਇਲਾਵਾ ਮੰਡੀਆਂ ਵਿੱਚ ਸਫ਼ਾਈ, ਬਿਜਲੀ, ਪਾਣੀ, ਛਾਂ, ਬਾਥਰੂਮ ਆਦਿ ਦੇ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਲਈ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ।ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਫ਼ਸਲ ਦੀ ਪੂਰੀ ਤਰ੍ਹਾਂ ਪੱਕਣ ਤੇ ਹੀ ਕਟਾਈ ਕਰਨ ਤਾਂ ਜੋ ਮੰਡੀ ਵਿੱਚ ਉਨ੍ਹਾਂ ਨੂੰ ਕੋਈ ਮੁਸ਼ਕਲ ਪੇਸ਼ ਨਾ ਆਵੇ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੀ ਕਣਕ ਦੀ ਫ਼ਸਲ ਦਾ ਇੱਕ-ਇੱਕ ਦਾਣਾ ਪੂਰੇ ਭਾਅ ਤੇ ਖ਼ਰੀਦਣ ਲਈ ਵਚਨਬੱਧ ਹੈ।

# ਐੱਸ ਡੀ ਐੱਮ ਵੱਲੋਂ ਦੀਨਾਨਗਰ ਅਨਾਜ ਮੰਡੀ ਦਾ ਅਚਨਚੇਤ ਦੌਰਾ



**ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)**-ਜਸਪਿੰਦਰ ਸਿੰਘ, ਉਪ-ਮੰਡਲ ਮੈਜਿਸਟ੍ਰੇਟ (ਐਸਡੀਐਮ), ਦੀਨਾਨਗਰ ਨੇ ਕਣਕ ਦੀ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਦੀਨਾਨਗਰ ਦੀ ਅਨਾਜ ਮੰਡੀ (ਮੰਡੀ) ਦਾ ਅਚਨਚੇਤ ਦੌਰਾ ਕੀਤਾ। ਉਨ੍ਹਾਂ ਦੇ ਨਾਲ ਨਾਇਬ ਤਹਿਸੀਲਦਾਰ ਸ੍ਰੀ ਗੁਰਜਿੰਦਰ ਸਿੰਘ, ਸਕੱਤਰ ਮਾਰਕੀਟ ਕਮੇਟੀ, ਅਤੇ ਸਹਾਇਕ ਖੁਰਾਕ ਅਤੇ ਸਪਲਾਈ ਅਧਿਕਾਰੀ (ਏਐੱਫਐੱਸਓ) ਵੀ ਸਨ।ਜਸਪਿੰਦਰ ਸਿੰਘ, ਉਪ-ਮੰਡਲ ਮੈਜਿਸਟ੍ਰੇਟ (ਐੱਸਡੀਐੱਮ) ਨੇ ਨਿਰੀਖਣ ਦੌਰਾਨ ਪਾਇਆ ਕਿ ਕਣਕ ਦੀ ਖਰੀਦ ਤੇ ਲਿਫਟਿੰਗ ਸਮੇਂ ਸਿਰ ਕੀਤੀ ਜਾ ਰਹੀ ਹੈ।ਐੱਸਡੀਐੱਮ ਨੇ ਨਿਰਦੇਸ਼ ਦਿੱਤੇ ਕਿ ਖਰੀਦ, ਸਫਾਈ, ਭੁਗਤਾਨ ਅਤੇ ਲਿਫਟਿੰਗ ਸੁਚਾਰੂ ਅਤੇ ਸਮੇਂ ਸਿਰ ਪੂਰੀਆਂ ਕੀਤੀਆਂ ਜਾਣ ਤਾਂ ਜੋ ਕਿਸਾਨਾਂ ਨੂੰ ਕੋਈ ਅਸੁਵਿਧਾ ਨਾ ਹੋਵੇ।ਬਾਅਦ ਵਿੱਚ ਉਨ੍ਹਾਂ ਨੇ ਐੱਸਡੀਐੱਮ ਦਫ਼ਤਰ, ਦੀਨਾਨਗਰ ਵਿਖੇ ਖਰੀਦ ਪ੍ਰਬੰਧਾਂ ਬਾਰੇ ਇੱਕ ਮੀਟਿੰਗ ਕੀਤੀ ਜਿਸ ਵਿੱਚ ਸਕੱਤਰ ਮਾਰਕੀਟ ਕਮੇਟੀ, ਸਹਾਇਕ ਖੁਰਾਕ ਅਤੇ ਸਪਲਾਈ ਕੰਟਰੋਲਰ (ਏਐੱਫਐੱਸਸੀ), ਅਤੇ ਪਨਗਰੇਨ, ਮਾਰਕਫੈੱਡ, ਪਨਸਪ ਅਤੇ ਐੱਫਸੀਆਈ ਸਮੇਤ ਖਰੀਦ ਏਜੰਸੀਆਂ ਦੇ ਫੂਡ ਇੰਸਪੈਕਟਰਾਂ ਨੇ ਸ਼ਿਰਕਤ ਕੀਤੀ।ਉਨ੍ਹਾਂ ਸਾਰੇ ਅਧਿਕਾਰੀਆਂ ਨੂੰ ਨਿਰਵਿਘਨ ਤੇ ਪਾਰਦਰਸ਼ੀ ਖਰੀਦ ਸੀਜ਼ਨ ਨੂੰ ਯਕੀਨੀ ਬਣਾਉਣ ਲਈ ਨੇੜਿਓਂ ਤਾਲਮੇਲ ਵਿੱਚ ਕੰਮ ਕਰਨ ਦੇ ਨਿਰਦੇਸ਼ ਦਿੱਤੇ।

# ਸ਼ਹੀਦ ਤਾਰੂ ਸਿੰਘ ਗੁਰਮਤਿ ਪ੍ਰਚਾਰ ਸੁਸਾਇਟੀ ਦਸਤੂਰ-ਏ-ਦਸਤਾਰ ਵੱਲੋਂ ਅੰਮ੍ਰਿਤ ਸੰਚਾਰ 22 ਨੂੰ



**ਪੱਟੀ (ਬਲਦੇਵ ਸਿੰਘ ਸੰਧੂ ਫਿਰੋਜ਼ਵਾਲ)**-ਸ਼ਹੀਦ ਤਾਰੂ ਸਿੰਘ ਗੁਰਮਤਿ ਪ੍ਰਚਾਰ ਸੁਸਾਇਟੀ ਦਸਤੂਰ-ਏ-ਦਸਤਾਰ ਲਹਿਰ ਪੰਜਾਬ ਵੱਲੋਂ ਖ਼ਾਲਸਾ ਪ੍ਰਗਟ ਦਿਵਸ ਨੂੰ ਸਮਰਪਿਤ ਬਾਬਾ ਚਰਨ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ 22 ਅਪ੍ਰੈਲ ਦਿਨ ਮੰਗਲਵਾਰ ਸਵੇਰੇ 9 ਵਜੇ ਤੋਂ ਲੈ ਕੇ 1 ਵਜੇ ਤੱਕ ਖੰਡੇ ਬਾਟੇ ਦੀ ਪਾਹੁਲ ਸਮਾਗਮ ਗੁਰਦੁਆਰਾ ਬਾਬਾ ਬੁੱਢਾ ਜੀ ਪਿੰਡ ਦਿਆਲਪੁਰਾ ਵਿਖੇ ਕਰਵਾਇਆ ਜਾ ਰਿਹਾ ਜਿਸ ਵਿੱਚ ਪੰਜ ਪਿਆਰੇ ਸਾਹਿਬਾਨ ਸ੍ਰੀ ਅਕਾਲ ਤਖ਼ਤ ਸਾਹਿਬ ਪਹੁੰਚ ਤੋਂ ਕਰਕੇ ਅੰਮ੍ਰਿਤ ਅਭਿਲਾਖੀਆਂ ਨੂੰ ਪਾਹੁਲ ਛਕਾਉਣਗੇ।ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸੁਸਾਇਟੀ ਦੇ ਕਨਵੀਨਰ ਭਾਈ ਸੰਦੀਪ ਸਿੰਘ ਖਾਲੜਾ, ਵਾਈਸ ਕਨਵੀਨਰ ਭਾਈ ਹਰਜੀਤ ਸਿੰਘ ਆਸਟਰੇਲੀਆ, ਪ੍ਰਧਾਨ ਭਾਈ ਸੰਤੋਖ ਸਿੰਘ ਪੱਟੀ, ਮੀਤ ਪ੍ਰਧਾਨ ਸਾਈ ਹੀਰਾ ਸਿੰਘ ਸੋਹਲ, ਸਕੱਤਰ ਭਾਈ ਨਿਰਮਲ ਸਿੰਘ ਸੁਰ ਸਿੰਘ, ਖਜ਼ਾਨਚੀ ਭਾਈ ਜਸਬੀਰ ਸਿੰਘ ਉਬੋਕੇ, ਜ਼ੋਨਲ ਇੰਚਾਰਜ ਫ਼ਿਰੋਜ਼ਪੁਰ ਭਾਈ ਗੁਰਜੰਟ ਸਿੰਘ ਅਤੇ ਸਿੱਖ ਪ੍ਰਚਾਰਕ ਭਾਈ ਜਗਜੀਤ ਸਿੰਘ ਅਮਿਦਪੁਰ ਨੇ ਪ੍ਰੈਸ ਨਾਲ ਗੱਲਬਾਤ ਦੌਰਾਨ ਕੀਤਾ।ਉਨ੍ਹਾਂ ਕਿਹਾ ਕਿ ਗੁਰੂ ਜੀ ਨੇ ਵਿਸਾਖੀ ਵਾਲੇ ਦਿਨ ਸਮੁੱਚੀ ਕੌਮ ਨੂੰ ਇੱਕ ਵਿਲੱਖਣ ਪਹਿਚਾਣ ਦੇਣ ਦੇ ਲਈ ਪੰਜ ਕਕਾਰੀ ਵਰਦੀ ਨੂੰ ਲਾਜਮੀ ਕਰਾਰ ਦਿੰਦਿਆਂ ਕਿਹਾ ਗੁਰਸਿੱਖ ਉਹ ਹੈ ਜੋ ਗੁਰੂ ਦੇ ਹੁਕਮ ਨੂੰ ਸਿਰ ਮੱਥੇ ਪ੍ਰਵਾਨ ਕਰਦਾ ਹੈ।ਗੁਰੂ ਜੀ ਦੇ ਹੁਕਮ ਨੂੰ ਸਿਰ ਮੱਥੇ ਪ੍ਰਵਾਨ ਕਰਨ ਵਾਲਾ ਵਿਅਕਤੀ ਗੁਰੂ ਦੇ ਬਚਨਾਂ ਤੇ ਪੂਰੀ ਤਰ੍ਹਾਂ ਪਹਿਰਾ ਦਿੰਦਿਆਂ ਹੋਇਆਂ ਖੰਡੇ ਬਾਟੇ ਦੀ ਪਾਹੁਲ ਛਕਣਾ ਆਪਣਾ ਮੁਢਲਾ ਫਰਜ਼ ਸਮਝਦਾ ਹੈ।

ਉਨ੍ਹਾਂ ਨੇ ਇਲਾਕੇ ਦੀਆਂ ਸੰਗਤਾਂ ਨੂੰ ਆਪਣੇ ਪਰਿਵਾਰਾਂ ਸਮੇਤ ਇਸ ਹੋ ਰਹੇ ਅੰਮ੍ਰਿਤ ਸੰਚਾਰ ਸਮਾਗਮ ਵਿੱਚ ਹਿੱਸਾ ਲੈਣ ਵਾਸਤੇ ਬੇਨਤੀ ਕੀਤੀ।ਸੁਸਾਇਟੀ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਰੰਬੀ ਸਿੰਘ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਇਲਾਕੇ ਦੇ ਗੁਰਸਿੱਖਾਂ ਨੂੰ ਲੈ ਕੇ ਘਰ-ਘਰ ਜਾ ਕੇ ਸੰਗਤ ਨੂੰ ਖੰਡੇ ਬਾਟੇ ਦੀ ਪਹੁੰਚ ਸਕਣ ਦੇ ਲਈ ਪ੍ਰੇਰਤ ਕੀਤਾ ਜਾ ਰਿਹਾ ਹੈ।ਇਸ ਮੌਕੇ ਮਨਦੀਪ ਸਿੰਘ ਘੋਲੀਆ ਕਲਾਂ, ਵਰਿੰਦਰ ਕੋਆਰਡੀਨੇਟਰ ਭਾਈ ਸੁਖਰਾਜ ਸਿੰਘ ਲਹਿਰੀ ਹਰਪ੍ਰੀਤ ਸਿੰਘ ਪੱਟੀ, ਵਾਈਸ ਕੋਆਰਡੀਨੇਟਰ ਆਕਾਸ਼ਦੀਪ ਸਿੰਘ, ਪ੍ਰਚਾਰਕ ਸੁਖਵਿੰਦਰ ਸਿੰਘ ਖ਼ਾਲਸਾ, ਜਗਦੀਸ਼ ਸਿੰਘ ਸਾਜਨ, ਪ੍ਰੀਤ ਸਿੰਘ, ਤਾਜਵੀਰ ਸਿੰਘ, ਵਜੀਰ ਸਿੰਘ, ਸੁਖਮਨਦੀਪ ਸਿੰਘ, ਭਾਈ ਦਿਲਬਾਗ ਸਿੰਘ, ਪ੍ਰਚਾਰਕ ਭਾਈ ਓਂਕਾਰ ਸਿੰਘ ਦਿਆਲਪੁਰ, ਭਾਈ ਚਮਕੌਰ ਸਿੰਘ, ਭਾਈ ਜਗਵੰਤ ਸਿੰਘ, ਬਾਬਾ ਬੱਗਾ ਜੀ, ਜਗਜੀਤ ਸਿੰਘ ਸੁਰਵਿੰਡ ਆਦਿ ਹਾਜ਼ਰ ਸਨ।

# ਪੰਜਾਬ ਸਰਕਾਰ ਸੂਬੇ 'ਚ ਅਮਨ-ਸ਼ਾਂਤੀ ਲਈ ਠੋਸ ਕਦਮ ਚੁੱਕੇ: ਕਾਮਰੇਡ ਸੇਖੋਂ

**ਪਠਾਨਕੋਟ (ਦਵਿੰਦਰ ਸਿੰਘ)**-ਸੀਪੀਆਈ (ਐੱਮ) ਜ਼ਿਲ੍ਹਾ ਪਠਾਨਕੋਟ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਦੌਰਾਨ ਕਾਮਰੇਡ ਸੇਖੋਂ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਸੂਬੇ ਵਿੱਚ ਅਮਨ ਕਾਨੂੰਨ ਬਹਾਲ ਕਰਨ ਲਈ ਠੋਸ ਕਦਮ ਚੁੱਕੇ।ਅੱਜ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਪਾਰਟੀ ਦਫ਼ਤਰ ਗਾਂਧੀ ਚੌਕ ਵਿੱਚ ਕਾਮਰੇਡ ਦੇਵੀ ਸੈਣੀ ਦੀ ਪ੍ਰਧਾਨਗੀ ਹੇਠ ਹੋਈ।ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸੇਖੋਂ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ।ਉਨ੍ਹਾਂ ਨਾਲ ਜ਼ਿਲ੍ਹਾ ਪਠਾਨਕੋਟ ਦੇ ਪਾਰਟੀ ਇੰਚਾਰਜ ਕਾਮਰੇਡ ਭਜਲ ਵੀ ਹਾਜ਼ਰ ਸਨ।ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਜ਼ਿਲਾ ਸਕੱਤਰ ਕਾ. ਸੁਰਿੰਦਰ ਸਹਿਗਲ, ਸੂਬਾ ਕਮੇਟੀ ਮੈਂਬਰ ਕਾ. ਕੇਵਲ ਕਾਲੀਆ, ਪਰਸ਼ੋਤਮ ਕੁਮਾਰ, ਮਾਸਟਰ ਪਰਸ਼ੋਤਮ ਕੁਮਾਰ, ਅਵਿਨਾਸ਼ ਸੈਣੀ, ਬਲਵੰਤ ਸਿੰਘ, ਕਾ. ਬਿਕਰਮ ਜੀਤ, ਦੇਵੀ ਸੈਣੀ, ਗੁੱਡੋ ਦੇਵੀ, ਜਗਦੀਸ ਰਾਜ, ਰਾਜੇਸ਼ ਜਸਰੋਟੀਆ ਹਾਜ਼ਰ ਸਨ।ਮੀਟਿੰਗ ਵਿੱਚ ਵਿਛੜੇ ਆਗੂ ਕਾਮਰੇਡ ਭਗਤ ਰਾਮ ਸਾਬਕਾ ਪਾਰਲੀਮੈਂਟ ਮੈਂਬਰ ਨੂੰ ਸ਼ਰਧਾਂਜਲੀ ਦਿੱਤੀ ਗਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ।ਪੰਜਾਬ ਸਰਕਾਰ ਅਮਨ ਕਾਨੂੰਨ ਕਾਇਮ ਕਰਨ ਲਈ ਠੋਸ ਕਦਮ ਪੁੱਟੇ।ਠੋਸ ਕਦਮ ਚੁੱਕਣ ਦੀ ਥਾਂ ਸਰਕਾਰ ਤਾਂ ਵਿਰੋਧੀਆਂ ਦੀ ਆਵਾਜ਼ ਨੂੰ ਦਬਾ ਰਹੀ ਹੈ।ਉਨ੍ਹਾਂ ਕਿਹਾ ਕਿ ਵਿਗੜੀ ਅਮਨ ਕਾਨੂੰਨ ਦੀ ਸਥਿਤੀ ਲੋਕਾਂ ਵਿੱਚ ਚਿੰਤਾ ਪੈਦਾ ਕਰ ਰਹੀ ਹੈ।ਆਮ ਲੋਕ ਡਰੇ ਹੋਏ ਹਨ ਅਤੇ ਸੁਰੱਖਿਅਤ ਮਹਿਸੂਸ ਨਹੀਂ ਕਰ ਰਹੇ।ਰੋਜ਼ ਹੀ ਲੋਕਾਂ ਕੋਲੋਂ ਗੈਂਗਸਟਰ ਤੇ ਗੈਰ-ਸਮਾਜੀ ਅਨਸਰ ਫ਼ਿਰੌਤੀਆਂ ਮੰਗ ਰਹੇ ਹਨ।ਰੋਜ਼ ਹੀ ਗਰਨੇਡ ਧਮਾਕੇ ਹੋ ਰਹੇ ਹਨ।ਇਹ ਧਮਾਕੇ ਥਾਣਿਆਂ ਅਤੇ ਪੁਲਸ ਚੌਕੀਆਂ ਦੇ ਨਜ਼ਦੀਕ ਹੋ ਰਹੇ ਹਨ।ਲੋਕਾਂ ਨਾਲ ਆਪ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਰਿਸ਼ਵਤਖੋਰੀ ਦਾ ਖਾਤਮਾ ਕਰ ਦਿੱਤਾ ਜਾਵੇਗਾ।ਹੋਰਨਾਂ ਭਰੋਸਿਆਂ ਵਾਂਗ ਇਹ ਵੀ ਝੂਠਾ ਸਾਬਤ ਹੋਇਆ।ਰਿਸ਼ਵਤਖੋਰੀ ਨੇ ਸਾਰੀਆਂ ਹੱਦਾਂ ਤੋੜ ਦਿੱਤੀਆਂ ਹਨ।ਸਰਕਾਰੀ ਦਫਤਰਾਂ ਅਤੇ ਥਾਣਿਆ ਵਿੱਚ ਲੋਕਾਂ ਦੀ ਲੁੱਟ ਹੋ ਰਹੀ ਹੈ।ਲੋਕਾਂ ਨੂੰ ਕਿਤਿਓਂ ਵੀ ਇਨਸਾਫ਼ ਨਹੀਂ ਮਿਲ ਰਿਹਾ।ਨਜਾਇਜ਼ ਮਾਈਨਿੰਗ ਰੁਕ ਨਹੀਂ ਰਹੀ।ਦਿਨ ਦਿਹਾੜੇ ਕਾਨੂੰਨ ਨੂੰ ਛਿੱਕੇ ਟੰਗ ਕੇ ਧੱਕੇ ਨਾਲ ਮਾਫੀਆ ਰੇਤਾ ਬਜਰੀ ਦੀ ਪੁਟਾਈ ਕਰ ਰਿਹਾ ਹੈ।ਨਸ਼ੇ ਖਤਮ ਕਰਨ ਵਿੱਚ ਸਰਕਾਰ ਪੂਰੀ ਤਰ੍ਹਾਂ ਨਾਕਾਮ ਰਹੀ ਹੈ।ਨਸ਼ੇ ਦੇ ਸੌਦਾਗਰ ਦਿਨ ਦਿਹਾੜੇ ਦਨਦਨਾਉਂਦੇ ਫਿਰਦੇ ਹਨ।ਉਨ੍ਹਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਸਰਕਾਰ ਲੋਕਾਂ ਦੇ ਮਸਲੇ ਸੰਜੀਦਗੀ ਨਾਲ ਹੱਲ ਕਰੇ।ਉਨ੍ਹਾਂ ਨੇ ਪਾਰਟੀ ਦੀ 24ਵੀਂ ਕਾਂਗਰਸ ਬਾਰੇ ਰਿਪੋਰਟਿੰਗ ਕਰਦਿਆਂ ਕਿਹਾ ਕਿ ਸੀਪੀਆਈ (ਐੱਮ) ਦੀ 24ਵੀਂ ਪਾਰਟੀ ਕਾਂਗਰਸ ਇਤਿਹਾਸਕ ਸੀ।ਪਾਰਟੀ ਕਾਂਗਰਸ ਵੱਲੋਂ ਦੇਸ਼ ਵਿਚ ਵਧ ਰਹੇ ਫਾਸ਼ੀ ਰੁਝਾਨ, ਫਿਰਕਾਪ੍ਰਸਤ ਤਾਕਤਾਂ ਵਿਰੁੱਧ ਲੜਾਈ ਦਾ ਸੱਦਾ ਦਿੱਤਾ ਗਿਆ।ਭਾਰਤੀ ਜਨਤਾ ਪਾਰਟੀ ਨੂੰ ਸੱਤਾ ਤੋਂ ਲਾਂਭੇ ਰੱਖਣ ਲਈ ਖੱਬੀਆਂ, ਜਮਹੂਰੀ, ਧਰਮ ਨਿਰਪੱਖ ਸ਼ਕਤੀਆਂ ਨੂੰ ਇਕਜੁੱਟ ਕਰਨ ਦਾ ਸੱਦਾ ਦਿੱਤਾ ਹੈ।24ਵੀਂ ਕਾਂਗਰਸ ਨੇ ਸੀਪੀਆਈ (ਐੱਮ) ਦੀ ਆਜ਼ਾਦਾਨਾ ਤਾਕਤ ਤੇ ਪ੍ਰਭਾਵ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੱਤਾ।ਉਨ੍ਹਾਂ ਨੇ ਦੱਸਿਆ ਕਿ 22 ਅਪ੍ਰੈਲ ਤੋਂ 5 ਮਈ ਤੱਕ ਕਾਰਲ ਮਾਰਕਸ ਅਤੇ ਲੈਨਿਨ ਦਾ ਜਨਮ ਦਿਨ ਮਨਾਇਆ ਜਾਵੇਗਾ।ਕਾਮਰੇਡ ਭਜਲ਼ ਨੇ ਜ਼ਿਲ੍ਹਾ ਕਮੇਟੀ ਵਿੱਚ ਬੋਲਦਿਆਂ ਕਿਹਾ ਕਿ 20 ਮਈ ਨੂੰ ਟ੍ਰੇਡ ਯੂਨੀਅਨ ਵੱਲੋਂ ਦੇਸ਼ ਵਿਆਪੀ ਹੜਤਾਲ ਕੀਤੀ ਜਾ ਰਹੀ ਹੈ, ਪਾਰਟੀ ਹੜਤਾਲ ਦਾ ਪੂਰਨ ਸਮਰਥਨ ਕਰਦੀ ਹੈ।ਕਾਮਰੇਡ ਸਹਿਗਲ ਨੇ ਕਿਹਾ ਕਿ ਪਾਰਟੀ ਵੱਲੋਂ ਫੰਡਾਂ ਦਾ ਕੋਟਾ ਪੂਰਾ ਕੀਤਾ ਜਾਵੇਗਾ।ਆਉਣ ਵਾਲੇ ਕੰਮਾਂ ਦਾ ਜੋ ਫੈਸਲਾ ਮੀਟਿੰਗ ਵਿਚ ਕੀਤਾ ਹੈ ਉਸਨੂੰ ਪੂਰਾ ਕੀਤਾ ਜਾਵੇਗਾ।ਅੰਤ ਵਿੱਚ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਕਾਮਰੇਡ ਦੇਵੀ ਸੈਣੀ ਨੇ ਹਾਜ਼ਰ ਸਾਥੀਆਂ ਦਾ ਧੰਨਵਾਦ ਕੀਤਾ।




# ਅਹਿਮਦੀਆ ਯੂਥ ਵਿੰਗ ਨੇ ਅੱਖਾਂ ਦਾ ਮੁਫਤ ਕੈਂਪ ਲਗਾਇਆ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਮੁਸਲਿਮ ਜਮਾਤ ਅਹਿਮਦੀਆ ਦੇ ਮੁੱਖ ਕੇਂਦਰ ਕਾਦੀਆਂ ਵਿਖੇ ਮੁਸਲਿਮ ਜਮਾਤ ਅਹਿਮਦੀਆ ਦੀ ਸੰਸਥਾ ਮਜਲਿਸ ਖੁਦਾਮ ਉਲ ਅਹਿਮਦੀਆ ਜੋ ਕਿ ਅਹਿਮਦੀਆ ਮੁਸਲਿਮ ਨੌਜਵਾਨਾਂ ਦੀ ਸੰਸਥਾ ਹੈ, ਵੱਲੋਂ ਨੂਰ ਹਸਪਤਾਲ ਵਿਖੇ ਮੁਫਤ ਅੱਖਾਂ ਦਾ ਕੈਂਪ ਲਗਾਇਆ ਗਿਆ। ਇਸ ਮੌਕੇ ਇੱਕ ਸਮਾਰੋਹ ਵੀ ਕਰਵਾਇਆ ਗਿਆ।ਪਵਿੱਤਰ ਕੁਰਾਨ ਦੀ ਤਿਲਾਵਤ ਅਤੇ ਦੁਆ ਦੇ ਨਾਲ ਇਸ ਅੱਖਾਂ ਦੇ ਕੈਂਪ ਦਾ ਉਦਘਾਟਨ ਹੋਇਆ। ਸਮਾਗਮ ਦੀ ਪ੍ਰਧਾਨਗੀ ਮੁਸਲਿਮ ਜਮਾਤ ਅਹਿਮਦੀਆ ਦੇ ਐਡੀਸ਼ਨਲ ਮੁੱਖ ਸਕੱਤਰ ਮੌਲਾਨਾ ਮਖਦੂਮ ਸ਼ਰੀਫ ਕਰ ਰਹੇ ਸੀ , ਜਦੋਂ ਕਿ ਇਸ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਆਮ ਆਦਮੀ ਪਾਰਟੀ ਦੇ ਜ਼ਿਲਾ ਪਲਾਨਿੰਗ ਕਮੇਟੀ ਦੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਇਸ ਮੌਕੇ ਸਰਦਾਰ ਜਗਰੂਪ ਸਿੰਘ ਸੇਖਵਾਂ ਨੇ ਮੁਸਲਿਮ ਜਮਾਤ ਅਹਿਮਦੀਆ ਦੇ ਨੌਜਵਾਨਾਂ ਦੀ ਸੰਸਥਾ ਵੱਲੋਂ ਲਗਾਏ ਮੁਫਤ ਅੱਖਾਂ ਦੇ ਕੈਂਪ ਦੀ ਜਿੱਥੇ ਸ਼ਲਾਘਾ ਕੀਤੀ ਉਥੇ ਉਨ੍ਹਾਂ ਇਸ ਗੱਲ ਦੀ ਵੀ ਵਿਸ਼ੇਸ਼ ਤੌਰ 'ਤੇ ਚਰਚਾ ਕੀਤੀ ਕਿ ਮੁਸਲਿਮ ਜਮਾਤ ਅਹਿਮਦੀਆ ਭਾਈਚਾਰਕ ਸਾਂਝ ਨੂੰ ਵਧਾਉਣ ਲਈ ਦੁਨੀਆ ਭਰ ਵਿੱਚ ਅਮਨ ਸਲਾਮਤੀ ਨੂੰ ਕਾਇਮ ਕਰਨ ਲਈ ਬਹੁਤ ਵੱਡੇ ਪੱਧਰ ਤੇ ਕਾਰਜ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਮੁਸਲਿਮ ਜਮਾਤ ਅਹਿਮਦੀਆ ਦੇ ਰੂਹਾਨੀ ਖਲੀਫਾ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਸਾਹਿਬ ਦੁਨੀਆ ਭਰ ਵਿੱਚ ਜਾ ਕੇ ਦੁਨੀਆ ਨੂੰ ਜੰਗ ਤੋਂ ਬਚਾਉਣ ਲਈ ਵੱਡੇ ਪੱਧਰ ਤੇ ਕੋਸ਼ਿਸ਼ਾਂ ਕਰ ਰਹੇ ਹਨ ਜੋ ਕਿ ਇਨਸਾਨੀਅਤ ਨੂੰ ਬਚਾਉਣ ਲਈ ਇੱਕ ਬਹੁਤ ਵੱਡਾ ਉਪਰਾਲਾ ਹੈ।ਅਹਿਮਦੀਆ ਯੂਥ ਵਿੰਗ ਸਾਲ ਭਰ ਦੇਸ਼ ਭਰ ਵਿੱਚ ਲੋਕ ਭਲਾਈ ਦੇ ਕਾਰਜਾਂ ਵਿੱਚ ਲੱਗੀ ਰਹਿੰਦੀ ਹੈ।ਇਸ ਮੌਕੇ ਡਾਕਟਰ ਗੁਰਤੇਜਪਾਲ ਸਿੰਘ ਰੰਧਾਵਾ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕਰ ਰਹੇ ਸਨ। ਨੂਰ ਹਸਪਤਾਲ ਦੇ ਡਾ. ਤਾਰਿਕ ਅਹਿਮਦ, ਡਾ. ਮਹਿਮੂਦ ਅਹਿਮਦ ਬੱਟ, ਨੂਰ ਹਸਪਤਾਲ ਦੇ ਐਡਮਿਨਿਸਟ੍ਰੇਟਰ ਨਾਸਿਰ ਅਹਿਮਦ ਵਹੀਦ, ਡਾ. ਅਤਾਉਲ ਹਫੀਜ਼ ਇਮਰਾਨ, ਡਾ. ਮਰੀਅਮ, ਡਾ. ਨਿਸ਼ਾਨ ਅਹਿਮਦ, ਡਾ. ਅਬਦੁਲ ਹਫੀਜ਼, ਡਾ. ਮੁਹੰਮਦ ਬਦਰ, ਡਾ. ਅਮਤੁਲ ਹਈ, ਰਫੀਕ ਅਹਿਮਦ, ਐੱਸਐੱਚਓ ਨਿਰਮਲ ਸਿੰਘ ਅਤੇ ਨੂਰ ਹਸਪਤਾਲ ਦਾ ਸਟਾਫ ਮੌਜੂਦ ਸੀ। ਵੱਡੀ ਗਿਣਤੀ ਵਿੱਚ ਮਰੀਜ਼ ਅੱਖਾਂ ਦੀ ਜਾਂਚ ਕਰਵਾਉਣ ਲਈ ਪਹੁੰਚੇ ਜਿੱਥੇ ਉਨ੍ਹਾਂ ਨੂੰ ਮੁਫਤ ਦਵਾਈਆਂ ਦਿੱਤੀਆਂ ।



# ਬਿਰਧ ਆਸ਼ਰਮ ਨੇ ਦਿੱਤਾ ਇੱਕ ਹੋਰ ਬਜ਼ੁਰਗ ਮਾਤਾ ਨੂੰ ਸਹਾਰਾ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਬਜ਼ੁਰਗਾਂ ਦਾ ਵਿਹੜਾ ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਪਠਾਨਕੋਟ ਨੇ ਦਿੱਤਾ ਇੱਕ ਹੋਰ ਬਜ਼ੁਰਗ ਮਾਂ ਨੂੰ ਸਹਾਰਾ।ਇਹ ਮਾਤਾ ਮੁੰਨੀ ਨਿਵਾਸੀ ਅਲੀਗੜ੍ਹ (ਯੂਪੀ), ਉਮਰ 70 ਸਾਲ ਦੀ ਹੈ।ਇਸ ਮਾਤਾ ਨੂੰ ਇਨਸਾਨੀਅਤ ਫਾਊਂਡੇਸ਼ਨ ਸੁਸਾਇਟੀ ਪਠਾਨਕੋਟ ਵੱਲੋਂ ਬਿਰਧ ਘਰ ਵਿੱਚ ਛੱਡਿਆ ਗਿਆ।ਸੁਸਾਇਟੀ ਮੈਂਬਰ ਮਾਨਿਕ ਸ਼ਰਮਾ ਨੇ ਦੱਸਿਆ ਕਿ ਮਾਤਾ ਨਾਲ ਗੱਲਬਾਤ ਕਰਨ ਤੋਂ ਬਾਅਦ ਪਤਾ ਲੱਗਾ ਕਿ ਇਹ ਮਾਤਾ ਪਿਛੋਕੜ ਯੂ: ਪੀ ਤੋਂ ਰਹਿਣ ਵਾਲੀ ਹੈ।ਮਾਤਾ ਨੇ ਦੱਸਿਆ ਹੈ ਕਿ ਮੈਂ ਲੋਕਾਂ ਦੇ ਘਰ ਮੰਗ ਕੇ ਗੁਜ਼ਾਰਾ ਕਰਦੀ ਸੀ।ਹੁਣ ਮੈਂ ਚੱਲਣ ਵਿੱਚ ਅਸਮਰਥ ਹਾਂ।ਮੇਰੀ ਸਿਹਤ ਵੀ ਤੰਦਰੁਸਤ ਨਹੀਂ ਹੈ, ਧੁੰਦਲਾ ਦਿਖਾਈ ਦਿੰਦਾ ਹੈ।ਆਪਣੇ ਆਪ ਨੂੰ ਨਹੀਂ ਸੰਭਾਲ ਸਕਦੀ।

ਇੱਕ ਦਿਨ ਅਚਾਨਕ ਤਬੀਅਤ ਖਰਾਬ ਹੋਣ ਕਾਰਨ ਕੋਈ ਵਿਅਕਤੀ ਮਾਤਾ ਨੂੰ ਸਿਵਲ ਹਸਪਤਾਲ ਪਠਾਨਕੋਟ ਵਿੱਚ ਦਾਖਲ ਕਰਵਾ ਕੇ ਚਲ ਗਿਆ ਸੀ।ਇਹਨਾਂ ਦਾ ਇਲਾਜ ਪਿਛਲੇ ਚਾਰ ਪੰਜ ਦਿਨਾਂ ਤੋਂ ਹਸਪਤਾਲ ਵਿੱਚ ਹੀ ਚੱਲ ਰਿਹਾ ਸੀ।ਸੀਨੀਅਰ ਮੈਡੀਕਲ ਅਫਸਰ ਸੁਨੀਲ ਚੰਦ ਦੀ ਆਗਿਆ ਨਾਲ ਮਾਤਾ ਨੂੰ ਇਥੇ ਭੇਜਿਆ ਗਿਆ ਹੈ।ਸਾਰੀ ਗੱਲਬਾਤ ਸੁਣਨ ਤੋਂ ਬਾਅਦ ਆਸ਼ਰਮ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ ਨੇ ਕਿਹਾ ਕਿ ਘਬਰਾਉਣ ਦੀ ਲੋੜ ਨਹੀਂ ਹੈ, ਜੇਕਰ ਪਰਮਾਤਮਾ ਇੱਕ ਦਰਵਾਜ਼ਾ ਬੰਦ ਕਰਦਾ ਹੈ ਅਤੇ ਦੂਸਰਾ ਉਹ ਆਪ ਹੀ ਖੋਲ੍ਹਦਾ ਹੈ।ਸੁਪਰਡੈਂਟ ਅੰਜਲੀ ਸ਼ਰਮਾ ਅਤੇ ਪ੍ਰਧਾਨ ਸਤਨਾਮ ਸਿੰਘ ਨੇ ਸਾਰੀ ਗੱਲਬਾਤ ਸੁਣਨ ਤੋਂ ਬਾਅਦ ਮਾਤਾ ਨੂੰ ਬਿਰਧ ਘਰ ਵਿੱਚ ਰਹਿਣ ਦੀ ਆਗਿਆ ਦੇ ਦਿੱਤੀ।ਇਸ ਮੌਕੇ ਪ੍ਰਧਾਨ ਸਤਨਾਮ ਸਿੰਘ ਅਤੇ ਆਸ਼ਰਮ ਸਮੂਹ ਸਟਾਫ ਸਵਿਤਾ, ਰੂਪ ਰਾਣੀ, ਰਾਜ ਰਾਣੀ, ਰਮੇਸ਼ ਚੰਦਰ, ਕਮਲੇਸ਼, ਬਲਦੇਵ ਰਾਜ ਅਤੇ ਕਿਰਣ ਕੁਮਾਰ ਆਦਿ ਮੌਜੂਦ ਸਨ।



# ਸੰਭਵ ਤੇ ਅਸੰਭਵ ਵਿਚਲਾ ਅੰਤਰ ਨੌਜਵਾਨਾਂ ਦੇ ਦ੍ਰਿੜ੍ਹ ਸੰਕਲਪ 'ਤੇ ਨਿਰਭਰ ਕਰਦਾ ਹੈ: ਸਵਾਮੀ ਸੁਖਦੇਵਾਨੰਦ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਸ਼ਹਿਜ਼ਾਦਾ ਵੱਲੋਂ ਆਪਣੇ ਸਥਾਨਕ ਆਸ਼ਰਮ ਵਿੱਚ ਨੌਜਵਾਨਾਂ ਲਈ ਸੰਕਲਪ ਨਾਮਕ ਇੱਕ ਵਿਸ਼ਾਲ ਪ੍ਰੋਗਰਾਮ ਦਾ ਆਯੋਜਨ ਕੀਤਾ ਜਿਸ ਵਿੱਚ ਸ਼੍ਰੀ ਆਸ਼ੂਤੋਸ਼ ਮਹਾਰਾਜ ਦੇ ਸ਼ਿਸ਼ ਸਵਾਮੀ ਸੁਖਦੇਵਾਨੰਦ ਨੇ ਯੁਵਾ ਸ਼ਕਤੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਇੱਕ ਪੂਰਨ ਸੱਚਾਈ ਹੈ ਕਿ ਜੇਕਰ ਕਿਸੇ ਦੇਸ਼ ਦੇ ਨੌਜਵਾਨਾਂ ਨੂੰ ਚੰਗੇ ਸੰਸਕਾਰ ਨਹੀਂ ਦਿੱਤੇ ਜਾਂਦੇ ਤਾਂ ਦੇਸ਼ ਨੂੰ ਪਤਨ ਵੱਲ ਜਾਣ ਤੋਂ ਕੋਈ ਨਹੀਂ ਰੋਕ ਸਕਦਾ।ਵੀਰ ਸਾਵਰਕਰ ਨੇ ਇਹ ਵੀ ਕਿਹਾ ਸੀ ਕਿ ਜੇਕਰ ਯੁਵਾ ਸ਼ਬਦ ਨੂੰ ਉਲਟਾ ਕੀਤਾ ਜਾਵੇ ਤਾਂ ਇਹ ਵਾਯੂ ਬਣ ਜਾਂਦਾ ਹੈ।

ਹਵਾ ਜੀਵਨਦਾਇਕ ਹੈ ਅਤੇ ਜਾਨਲੇਵਾ ਵੀ ਹੋ ਸਕਦੀ ਹੈ ਕਿਉਂਕਿ ਜਦੋਂ ਇਹ ਕਾਬੂ ਤੋਂ ਬਾਹਰ ਹੋ ਜਾਂਦੀ ਹੈ, ਤਾਂ ਇਹ ਤੂਫਾਨ ਦਾ ਰੂਪ ਲੈ ਲੈਂਦੀ ਹੈ।ਪਰ ਜੇਕਰ ਇਸ ਹਵਾ ਨੂੰ ਪ੍ਰਾਣਾਯਾਮ ਦੁਆਰਾ ਨਿਯੰਤਰਿਤ ਕੀਤਾ ਜਾਵੇ ਤਾਂ ਇਹ ਜੀਵਨਦਾਤਾ ਬਣ ਜਾਂਦੀ ਹੈ।ਸਵਾਲ ਇਹ ਹੈ ਕਿ ਸੱਚਾ ਨੌਜਵਾਨ ਕੌਣ ਹੈ ? ਕੁਝ ਕਹਿੰਦੇ ਹਨ ਕਿ ਜਵਾਨੀ ਦਾ ਅਰਥ ਹੈ ਇੱਕ ਅਨੁਸ਼ਾਸਨਹੀਣ, ਉਦੇਸ਼ਹੀਣ, ਗੁੱਸੇ ਵਾਲੀ ਅਵਸਥਾ, ਨੈਤਿਕ ਕਦਰਾਂ-ਕੀਮਤਾਂ ਤੋਂ ਰਹਿਤ ਉਤਸ਼ਾਹ ਅਤੇ ਬੇਫਿਕਰੀ ਨਾਲ ਭਰਪੂਰ ਅਤੇ ਕੁਝ ਦੇ ਅਨੁਸਾਰ ਇਹ ਬਚਪਨ ਦੀ ਅਵਸਥਾ ਹੈ।ਪਰ ਅਸਲੀਅਤ ਵਿੱਚ ਜਿਸਦੀ ਦਹਾੜ ਪਹਾੜਾਂ ਨੂੰ ਉੱਚਾ ਕਰ ਸਕਦੀ ਹੈ ਅਤੇ ਸਮੁੰਦਰ ਵਿੱਚ ਲਹਿਰਾਂ ਉਛਾਲ ਸਕਦੀ ਹੈ, ਜਿਸਦੀ ਬਹਾਦਰੀ ਹਵਾ ਨੂੰ ਵੀ ਆਪਣਾ ਸਾਹ ਰੋਕਣ ਤੇ ਮਜਬੂਰ ਕਰ ਸਕਦੀ ਹੈ, ਜਿਸਦਾ ਵਿਸ਼ਵਾਸ ਹਿਮਾਲਿਆ ਵਾਂਗ ਅਟੱਲ ਹੈ, ਜਿਸਦਾ ਸਾਹਸ ਸ਼ੇਰ ਵਰਗਾ ਹੈ, ਜਿਸਦਾ ਨਿਸ਼ਾਨਾ ਅਰਜੁਨ ਵਰਗਾ ਹੈ, ਜਿਸਦੀ ਬਹਾਦਰੀ ਅਭਿਮਨਿਊ ਵਰਗੀ ਹੈ ਅਤੇ ਜਿਸ ਕੋਲ ਮਾੜੇ ਹਾਲਾਤ ਨੂੰ ਵੀ ਅਨੁਕੂਲ ਬਣਾਉਣ ਦੀ ਸ਼ਕਤੀ ਹੈ, ਉਹ ਨੌਜਵਾਨ ਹੈ।ਯੁਵਾ ਪਰਿਵਾਰ ਸੇਵਾ ਸਮਿਤੀ ਦੇ ਮਾਝਾ ਜ਼ੋਨ ਦੇ ਮੁਖੀ ਸ਼੍ਰੀ ਅਮਿਤ ਨੇ ਕਿਹਾ ਕਿ ਯੁਵਾ ਸ਼ਕਤੀ ਨਾ ਸਿਰਫ਼ ਕਿਸੇ ਵੀ ਦੇਸ਼ ਦਾ ਭਵਿੱਖ ਹੈ, ਸਗੋਂ ਇਸਦਾ ਵਰਤਮਾਨ ਵੀ ਹੈ।ਇਸ ਲਈ ਨੌਜਵਾਨਾਂ ਨੂੰ ਸਹੀ ਦਿਸ਼ਾ ਮਿਲਣੀ ਚਾਹੀਦੀ ਹੈ ਜੋ ਸਮਾਜ ਅਤੇ ਦੇਸ਼ ਦੀ ਦਿਸ਼ਾ ਬਦਲ ਸਕਦੀ ਹੈ।ਅੱਜ ਦੇ ਨੌਜਵਾਨਾਂ ਨੂੰ ਆਪਣੀ ਤਾਕਤ ਅਤੇ ਸਮਰੱਥਾ ਦਾ ਪੂਰਾ ਗਿਆਨ ਨਹੀਂ ਹੈ, ਜਿਵੇਂ ਹਨੂੰਮਾਨ ਨੂੰ ਪਤਾ ਨਹੀਂ ਸੀ ਕਿ ਉਹ ਸੀਤਾ ਮਾਤਾ ਦੀ ਭਾਲ ਕਦੋਂ ਕਰਨ ਜਾ ਰਹੇ ਹਨ।ਅੱਜ ਦੀ ਨੌਜਵਾਨ ਸ਼ਕਤੀ ਨੂੰ ਜਾਮਵੰਤ ਵਰਗੇ ਸੰਤ ਦੇ ਮਾਰਗਦਰਸ਼ਨ ਦੀ ਲੋੜ ਹੈ।ਹਨੂੰਮਾਨ ਜੀ ਦੇ ਹੌਸਲੇ ਤੋਂ ਬਾਅਦ ਹੀ ਉਹ ਵਿਸ਼ਾਲ ਸਮੁੰਦਰ ਪਾਰ ਕਰਕੇ ਲੰਕਾ ਗਏ, ਜਿੱਥੇ ਉਨ੍ਹਾਂ ਨੇ ਲੰਕਿਨੀ ਨਾਮਕ ਰਾਖਸ਼ਸ ਨੂੰ ਮਾਰਿਆ, ਸੁਰਸਾ ਦੇ ਹੰਕਾਰ ਨੂੰ ਤੋੜਿਆ ਅਤੇ ਲੰਕਾ ਨੂੰ ਸਾੜ ਕੇ ਸੁਆਹ ਕਰ ਦਿੱਤਾ।ਇਸੇ ਲਈ ਜੇਕਰ ਨੌਜਵਾਨਾਂ ਨੂੰ ਕਿਸੇ ਮਹਾਨ ਪੁਰਸ਼ ਦਾ ਸਾਥ ਮਿਲੇ ਤਾਂ ਸਾਰੀ ਨੌਜਵਾਨ ਸ਼ਕਤੀ ਆਪਣੀ ਊਰਜਾ ਨੂੰ ਸਾਕਾਰਾਤਮਕ ਦਿਸ਼ਾ ਵਿੱਚ ਲਗਾ ਕੇ ਰਾਸ਼ਟਰ ਨਿਰਮਾਣ ਵਿੱਚ ਯੋਗਦਾਨ ਪਾ ਸਕਦੀ ਹੈ ਕਿਉਂਕਿ ਜਦੋਂ ਕਿਸੇ ਵੀ ਕੰਮ ਵਿੱਚ ਸਮਰੱਥ ਵਿਅਕਤੀਆਂ ਦਾ ਯੋਗਦਾਨ ਪਾਇਆ ਜਾਂਦਾ ਹੈ ਤਾਂ ਇਸਦੇ ਸਫਲਤਾਪੂਰਵਕ ਸੰਪੂਰਨ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ।ਪ੍ਰੋਗਰਾਮ ਵਿੱਚ ਸ਼ਾਮਲ ਸਾਰੇ ਨੌਜਵਾਨਾਂ ਨੇ ਸਵਾਮੀ ਵਿਵੇਕਾਨੰਦ ਵਾਂਗ ਸਵੈ-ਗਿਆਨ ਤੋਂ ਵਿਸ਼ਵ ਭਲਾਈ ਤੱਕ ਦੀ ਯਾਤਰਾ ਦੀ ਭਾਵਨਾ ਨਾਲ ਭਰਪੂਰ ਹੋ ਕੇ ਆਪਣੀ ਸਾਰੀ ਜ਼ਿੰਦਗੀ ਨਸ਼ੇ ਦਾ ਸੇਵਨ ਨਾ ਕਰਨ ਅਤੇ ਚਰਿੱਤਰ ਨਿਰਮਾਣ ਰਾਹੀਂ ਰਾਸ਼ਟਰ ਦਾ ਨਿਰਮਾਣ ਕਰਨ ਦਾ ਸਮੂਹਿਕ ਸੰਕਲਪ ਵੀ ਲਿਆ।ਇਸ ਮੌਕੇ ਸੰਗਤਾਂ ਲਈ ਲੰਗਰ ਭੰਡਾਰਾ ਵੀ ਲਗਾਇਆਂ ਗਿਆ ।




# ਜਥੇਦਾਰ ਸੁੱਚਾ ਸਿੰਘ ਲੰਗਾਹ ਨੂੰ ਗਹਿਰਾ ਸਦਮਾ; ਛੋਟੇ ਭਰਾ ਦਾ ਦਿਹਾਂਤ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਜਥੇਦਾਰ ਸੁੱਚਾ ਸਿੰਘ ਲੰਗਾਹ ਦੇ ਛੋਟੇ ਭਰਾ ਲਖਵਿੰਦਰ ਸਿੰਘ ਲੰਗਾਹ ਦਾ ਪਿਛਲੇ ਦਿਨ ਅਚਾਨਕ ਦਿਹਾਂਤ ਹੋ ਜਾਣ ਨਾਲ ਪਰਿਵਾਰ ਨੂੰ ਗਹਿਰਾ ਸਦਮਾ ਪਹੁੰਚਿਆ ਹੈ।ਇਸ ਦੁੱਖ ਦੀ ਘੜੀ ਵਿੱਚ ਜਥੇਦਾਰ ਸੁੱਚਾ ਸਿੰਘ ਲੰਗਾਹ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਨ ਅਤੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਨ ਲਈ ਵੱਖ-ਵੱਖ ਧਾਰਮਿਕ, ਰਾਜਨੀਤਿਕ ਅਤੇ ਸਮਾਜਸੇਵੀ ਸਖਸ਼ੀਅਤਾਂ ਵੱਲੋਂ ਉਨ੍ਹਾਂ ਦੇ ਗ੍ਰਹਿ ਵਿਖੇ ਪਿੰਡ ਲੰਗਾਹ ਵਿਖੇ ਪਹੁੰਚ ਕੇ ਦੁੱਖ ਸਾਂਝਾ ਕੀਤਾ ਗਿਆ।ਇਸ ਸਮੇਂ ਸੁਖਜਿੰਦਰ ਸਿੰਘ ਸੋਨੂੰ ਲੰਗਾਹ, ਮੋਹਨ ਸਿੰਘ ਲੰਗਾਹ, ਰਤਨ ਸਿੰਘ ਲੰਗਾਹ, ਐੱਸਜੀਪੀਸੀ ਮੈਂਬਰ ਸੁਰਜੀਤ ਸਿੰਘ ਤੁਗਲਵਾਲ, ਪਰਮਵੀਰ ਸਿੰਘ ਲਾਡੀ, ਜਸਪ੍ਰੀਤ ਸਿੰਘ ਰਾਣਾ, ਕੁਲਬੀਰ ਸਿੰਘ ਰਿਆੜ, ਅਨੂਪ ਸਿੰਘ, ਕੈਪਟਨ ਕੁਲਵੰਤ ਸਿੰਘ, ਸਵਰਣ ਸਿੰਘ ਇੰਦਰਾਵਾਲ, ਅੰਮ੍ਰਿਤ ਪਾਲ ਸਿੰਘ ਭਿੰਡਰ, ਤੇਜਬੀਰ ਸਿੰਘ, ਸਤਨਾਮ ਸਿੰਘ ਪਟਵਾਰੀ, ਅਸ਼ੋਕ ਮਾਹਲਾ, ਸਰਬਜੀਤ ਸਿੰਘ ਫੱਤੂਪੁਰ, ਬਲਵਿੰਦਰ ਸਿੰਘ ਢਿੱਲਵਾਂ, ਜਸਪਿੰਦਰ ਸਿੰਘ ਝੰਗੀ, ਡਾਕਟਰ ਬਲਰਾਜ ਸਿੰਘ, ਬਲਜੀਤ ਸਿੰਘ ਖੰਨਾ, ਅਮਰਜੀਤ ਸਿੰਘ ਪਾਲੀ, ਪ੍ਰੀਤਮ ਸਿੰਘ ਲੱਖਣ ਕਲਾਂ, ਗੁਰਪ੍ਰੀਤ ਸਿੰਘ ਗੁਰਚੱਕ ਬਿੱਲਾ, ਸਰਪੰਚ ਗੋਰਾ ਬਲਵਿੰਦਰ ਸਿੰਘ ਮਾਨੇਪੁਰ, ਡਾਕਟਰ ਬੱਗਾ, ਪ੍ਰੀਤਮ ਸਿੰਘ ਆਦਿ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਕਈ ਆਗੂਆਂ ਨੇ ਪਹੁੰਚ ਕੇ ਜਥੇਦਾਰ ਸੁੱਚਾ ਸਿੰਘ ਲੰਗਾਹ ਨਾਲ ਹਮਦਰਦੀ ਪ੍ਰਗਟ ਕਰਦਿਆਂ ਦੁੱਖ ਸਾਂਝਾ ਕੀਤਾ।

# ਕਟਾਰੂਚੱਕ ਵੱਲੋਂ ਗੱਜੂ ਜਗੀਰ 'ਚ ਨਵੀਂ ਬਣਾਈ ਵਾਟਰ ਸਪਲਾਈ ਦਾ ਉਦਘਾਟਨ



**ਪਠਾਨਕੋਟ (ਦਵਿੰਦਰ ਸਿੰਘ)**-ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਗੱਜੂ ਜਗੀਰ ਵਿੱਚ ਕੁਝ ਸਮਾਂ ਪਹਿਲਾ ਵਾਟਰ ਸਪਲਾਈ ਦੇ ਨਿਰਮਾਣ ਕਾਰਜ ਦਾ ਨੀਂਹ ਪੱਥਰ ਰੱਖਿਆ ਗਿਆ ਸੀ ਅਤੇ ਅੱਜ ਬਹੁਤ ਹੀ ਖੁਸ਼ੀ ਦਾ ਦਿਨ ਹੈ ਕਿ ਇਹ ਵਾਟਰ ਸਪਲਾਈ ਪੂਰੀ ਤਰ੍ਹਾਂ ਨਾਲ ਤਿਆਰ ਹੋ ਗਈ ਹੈ ਅਤੇ ਪਿੰਡ ਦੇ ਲੋਕਾਂ ਨੂੰ ਸਮਰਪਿਤ ਕੀਤੀ ਗਈ ਹੈ।ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਗੱਜੂ ਜਗੀਰ ਵਿਖੇ ਵਾਟਰ ਸਪਲਾਈ ਦਾ ਉਦਘਾਟ ਕਰਨ ਮਗਰੋਂ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪਵਨ ਕੁਮਾਰ ਫੌਜੀ ਬਲਕਾ ਪ੍ਰਧਾਨ, ਜੰਗ ਬਹਾਦੁਰ ਬਲਾਕ ਪ੍ਰਧਾਨ, ਰਾਜਾ ਬਕਨੋਜ, ਹੈਪੀ ਕੁਮਾਰ, ਰਾਮ ਪ੍ਰਧਾਨ, ਸਰਪੰਚ ਰਾਕੇਸ਼ ਕੁਮਾਰ, ਮਹੇਸ਼ ਕੁਮਾਰ ਐਕਸੀਅਨ ਵਾਟਰ ਸਪਲਾਈ ਸੈਨੀਟੇਸ਼ਨ ਪਠਾਨਕੋਟ, ਸਾਹਿਲ ਕੁਮਾਰ ਐੱਸਡੀਓ, ਰੁਬਲ ਕੁਮਾਰ ਜੇਈ, ਵਰੁਣ ਕੁਮਾਰ ਜੇਈ ਅਤੇ ਹੋਰ ਪਾਰਟੀ ਕਾਰਜ ਕਰਤਾ ਵੀ ਹਾਜ਼ਰ ਸਨ। ਸੰਬੋਧਨ ਕਰਦਿਆ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ 81.7 ਲੱਖ ਰੁਪਏ ਦੀ ਲਾਗਤ ਨਾਲ ਇਹ ਵਾਟਰ ਸਪਲਾਈ ਬਣਾਈ ਗਈ। ਇਸ ਵਾਟਰ ਸਪਲਾਈ ਵਿੱਚ ਇੱਕ ਟਿਊਬਵੈਲ ਅਤੇ 6.5 ਕਿਲੋਮੀਟਰ ਪਾਈਪ ਲਾਈਨ ਵੀ ਸ਼ਾਮਲ ਹੈ।ਇਹ ਵਾਟਰ ਸਪਲਾਈ ਤਿੰਨ ਪਿੰਡਾਂ ਦੇ ਕਰੀਬ 280 ਘਰਾਂ ਨੂੰ ਜੋੜਦੀ ਹੈ ।ਉਨ੍ਹਾਂ ਦੱਸਿਆ ਕਿ ਇਸ ਵਾਟਰ ਸਪਲਾਈ ਦੇ ਸ਼ੁਰੂ ਹੋਣ ਨਾਲ ਪਿੰਡ ਰਕਵਾਲ, ਪਿੰਡ ਗੱਜੂ ਜਗੀਰ ਅਤੇ ਪਿੰਡ ਗੱਜੂ ਖਾਲਸਾ ਦੇ ਕਰੀਬ 1400 ਲੋਕਾਂ ਨੂੰ ਪੀਣ ਵਾਲਾ ਸ਼ੁੱਧ ਪਾਣੀ ਮਿਲ ਸਕੇਗਾ।ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਅੰਦਰ ਪੂਰੇ ਪੰਜਾਬ ਵਿੱਚ ਵਿਕਾਸ ਕਾਰਜ ਕੀਤੇ ਜਾ ਰਹੇ ਹਨ ਅਤੇ ਬਿਨ੍ਹਾਂ ਕਿਸੇ ਭੇਦਭਾਵ ਤੋਂ ਪਿੰਡਾਂ ਵਿੱਚ ਉਹ ਕਾਰਜ ਕਰਵਾਏ ਜਾ ਰਹੇ ਹਨ ਜੋ ਲੰਮੇ ਸਮੇਂ ਤੋਂ ਪੈਂਡਿੰਗ ਪਏ ਹੋਏ ਸਨ।ਉਨ੍ਹਾਂ ਪਿੰਡ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਭਰੋਸਾ ਦਿੱਤਾ ਕਿ ਜਲਦੀ ਹੀ ਇਨ੍ਹਾਂ ਸਮੱਸਿਆਵਾਂ 'ਤੇ ਵੀ ਵਿਚਾਰ ਕੀਤਾ ਜਾਵੇਗਾ।

# ਪੀ ਐੱਮ ਕਿਸਾਨ ਸਕੀਮ ਤਹਿਤ ਲਾਭਪਾਤਰੀਆਂ ਨੂੰ ਈਕੇਵਾਈਸੀ ਕਰਵਾਉਣੀ ਜ਼ਰੂਰੀ : ਮੁੱਖ ਖੇਤੀਬਾੜੀ ਅਫ਼ਸਰ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਮੁੱਖ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ 19 ਫਰਵਰੀ 2019 ਨੂੰ ਭਾਰਤ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਸੀ। ਇਸ ਯੋਜਨਾ ਤਹਿਤ ਕਿਸਾਨਾਂ ਨੂੰ ਹਰ ਚਾਰ ਮਹੀਨਿਆਂ ਬਾਅਦ ਸਾਲ ਵਿੱਚ ਤਿੰਨ ਵਾਰ ਕੁੱਲ ਛੇ ਹਜ਼ਾਰ ਰੁਪਏ ਦੀ ਰਕਮ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਜਮ੍ਹਾ ਹੁੰਦੀ ਹੈ।ਇਸ ਸਕੀਮ ਦਾ ਮੁੱਖ ਮਕਸਦ ਸਰਕਾਰ ਦੁਆਰਾ ਕਿਸਾਨਾਂ ਵਲੋਂ ਫ਼ਸਲਾਂ ਦੀ ਕਾਸ਼ਤ ਤੇ ਕੀਤੇ ਜਾਂਦੇ ਖਰਚੇ ਦੀ ਕੁੱਝ ਹੱਦ ਤੱਕ ਪੂਰਤੀ ਕਰਨਾ ਹੈ।ਭਾਰਤ ਸਰਕਾਰ ਵਲੋਂ ਇਸ ਸਕੀਮ ਦਾ ਲਾਭ ਲੈਣ ਲਈ ਈ ਕੇ ਵਾਈ ਸੀ ਮਤਲਬ 'ਇਲੈਕਟ੍ਰਾਨਿਕ ਮਾਧਿਅਮ ਰਾਹੀਂ ਖਪਤਕਾਰ ਨੂੰ ਜਾਨਣਾ' ਕਰਵਾਉਣੀ ਜ਼ਰੂਰੀ ਕਰ ਦਿੱਤੀ ਹੈ।ਜੇਕਰ ਕਿਸਾਨ ਈ-ਕੇ ਵਾਈ ਸੀ ਨਹੀਂ ਕਰਵਾਉਂਦੇ ਤਾਂ ਉਹ ਇਸ ਯੋਜਨਾ ਦਾ ਲਾਭ ਨਹੀਂ ਲੈ ਸਕਦੇ।ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਬਾਰੇ ਮੁੱਖ ਖੇਤੀਬਾੜੀ ਅਫ਼ਸਰ ਡਾਕਟਰ ਅਮਰੀਕ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਦੇ 119038 ਕਿਸਾਨ ਇਸ ਯੋਜਨਾ ਲਈ ਯੋਗ ਹਨ ਅਤੇ 84939 ਕਿਸਾਨਾਂ ਦੀ ਈ-ਕੇਵਾਈਸੀ ਮੁਕੰਮਲ ਕੀਤੀ ਜਾ ਚੁੱਕੀ ਹੈ ਅਤੇ 34099 ਕਿਸਾਨਾਂ ਦੀ ਈ-ਕੇ ਵਾਈ ਸੀ ਦੀ ਪ੍ਰਕਿਰਿਆ ਬਕਾਇਆ ਰਹਿੰਦੀ ਹੈ।ਉਨ੍ਹਾਂ ਦੱਸਿਆ ਕਿ ਲੰਬਿਤ ਰਹਿੰਦੇ ਲਾਭਪਾਤਰੀਆਂ ਦੀ ਈ ਕੇ ਵਾਈ ਸੀ ਮੁਕੰਮਲ ਕਰਨ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ 94 ਟੀਮਾਂ ਦਾ ਗਠਨ ਕੀਤਾ ਗਿਆ ਹੈ ਜੋ ਪਿੰਡਾਂ ਵਿਚ ਸਾਂਝੀਆਂ ਥਾਵਾਂ ਤੇ ਬੈਠ ਕੇ ਲਾਭਪਾਤਰੀ ਕਿਸਾਨਾਂ ਦੀ ਈ ਕੇ ਵਾਈ ਸੀ ਦਾ 100% ਕੰਮ ਮੁਕੰਮਲ ਕਰਨ ਨੂੰ ਯਕੀਨੀ ਬਣਾਉਣਗੀਆਂ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦੇ ਹੋਏ ਕਿਹਾ ਹੈ ਕਿ ਬਾਕੀ ਰਹਿੰਦੇ ਕਿਸਾਨ 20ਵੀ ਕਿਸ਼ਤ ਪੈਣ ਤੋਂ ਪਹਿਲਾਂ ਪਿੰਡ ਵਿੱਚ ਮੌਜੂਦ ਸੀਐਚਸੀ (ਸਾਂਝਾ ਸੇਵਾ ਕੇਂਦਰ) ਕੇਂਦਰ ਜਾਂ ਮੋਬਾਈਲ ਰਾਹੀਂ ਜਾਂ ਪ੍ਰਧਾਨ ਮੰਤਰੀ ਕਿਸਾਨ ਐਪ ਰਾਹੀਂ ਆਪਣੀ ਈ-ਕੇਵਾਈਸੀ ਕਰਵਾ ਸਕਦੇ ਹਨ ਉਨ੍ਹਾਂ ਕਿਹਾ ਕਿ ਜੇਕਰ ਕਿਸਾਨ ਈ-ਕੇਵਾਈਸੀ ਨਹੀਂ ਕਰਵਾਉਂਦੇ ਤਾਂ ਉਹ ਇਸ ਯੋਜਨਾ ਦਾ ਲਾਭ ਨਹੀਂ ਲੈ ਸਕਣਗੇ। ਜਿਨ੍ਹਾਂ ਕਿਸਾਨਾਂ ਨੇ ਆਪਣੀ ਜ਼ਮੀਨ ਦੀ ਅਜੇ ਤੱਕ ਲੈਂਡ ਸੀਡਿੰਗ (ਤਸਦੀਕ) ਦਰੁਸਤ ਨਹੀਂ ਕਰਵਾਈ ਹੈ, ਉਹ ਕਿਸਾਨ ਸੰਬੰਧਿਤ ਬਲਾਕ ਖੇਤੀਬਾੜੀ ਦਫਤਰਾਂ ਵਿਚ ਆ ਕੇ ਆਪਣੀ ਜ਼ਮੀਨ ਦੀ ਤਸਦੀਕ ਕਰਵਾ ਸਕਦੇ ਹਨ।ਉਨ੍ਹਾਂ ਕਿਹਾ ਕਿ ਜਿਨ੍ਹਾਂ ਕਿਸਾਨਾਂ ਦੀਆਂ ਕਿਸ਼ਤਾਂ ਤਸਦੀਕ ਨਾ ਹੋਣ ਕਾਰਨ ਬਕਾਇਆ ਪਈਆਂ ਹਨ, ਉਹ ਆਪਣੀ ਜ਼ਮੀਨ ਦੀ ਪੜਤਾਲ ਕਰਵਾ ਕੇ ਉਕਤ ਸਕੀਮ ਦਾ ਲਾਭ ਲੈ ਸਕਦੇ ਹਨ।ਉਨ੍ਹਾਂ ਕਿਹਾ ਕਿ ਜਿਨ੍ਹਾਂ ਲਾਭਪਾਤਰੀ ਕਿਸਾਨਾਂ ਦੀ ਮੌਤ ਹੋ ਚੁੱਕੀ ਹੈ, ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਚਾਹੀਦਾ ਹੈ ਕਿ ਲਾਭ ਪਾਤਰੀ ਦਾ ਮੌਤ ਸਰਟੀਫਿਕੇਟ ਅਤੇ ਬਿਨੈਪਤਰ ਨਜ਼ਦੀਕੀ ਖੇਤੀਬਾੜੀ ਦਫਤਰ ਵਿੱਚ ਜਮ੍ਹਾ ਕਰਵਾਉਣ ਤਾਂ ਜੋ ਮ੍ਰਿਤਕ ਲਾਭਪਾਤਰੀ ਦੇ ਨਾਮ ਸੂਚੀ ਵਿੱਚੋਂ ਕੱਟੇ ਜਾ ਸਕਣ।ਇਸ ਮੌਕੇ ਪਿੰਡ ਕੋਟ ਬੁੱਢਾ ਵਿਖੇ ਸਰਪੰਚ ਮਲਕੀਤ ਸਿੰਘ ਦੀ ਅਗਵਾਈ ਹੇਠ ਇਕੱਤਰ ਹੋਏ ਲੋਕਾਂ ਨੂੰ ਈ ਕੇ ਵਾਈ ਸੀ ਬਾਰੇ ਜਾਣੂ ਕਰਵਾਇਆ ਗਿਆ।



# ਮਹਾਸ਼ਾ ਇੰਪਲਾਈਜ਼ ਵੈੱਲਫੇਅਰ ਐਸੋਸੀਏਸ਼ਨ ਨੇ ਡਾ. ਅੰਬੇਡਕਰ ਦਾ ਜਨਮ ਦਿਹਾੜਾ ਮਨਾਇਆ



**ਗੁਰਦਾਸਪੁਰ (ਦਿਨੇਸ਼ ਕੁਮਾਰ)**-ਮਹਾਸ਼ਾ ਇੰਪਲਾਈਜ਼ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਦਲਿਤਾਂ ਦੇ ਮਸੀਹਾ, ਭਾਰਤੀ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦਾ 134ਵਾਂ ਜਨਮ ਦਿਹਾੜਾ ਧੂਮ ਧਾਮ ਨਾਲ ਮਨਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਮੇਵਾ ਦੇ ਪ੍ਰਧਾਨ ਲੇਖਰਾਜ ਅਤੇ ਜਨ ਸਕੱਤਰ ਮਹਿੰਦਰ ਪਾਲ ਕਲੋਤਰਾ ਵੱਲੋਂ ਕੀਤੀ ਗਈ ਜਦਕਿ ਮੁੱਖ ਮਹਿਮਾਨ ਦੇ ਰੂਪ ਵਿੱਚ ਰਾਮ ਸਰੂਪ ਕਲਾਰੀਆ ਸਰਪ੍ਰਸਤ ਮੇਵਾ ਅਤੇ ਕੇਵਲ ਕ੍ਰਿਸ਼ਨ ਲਾਡੀ ਪ੍ਰਧਾਨ ਅੰਬੇਡਕਰ ਮਿਸ਼ਨ ਗੁਰਦਾਸਪੁਰ ਸੰਤ ਪ੍ਰਤਾਪ ਜੀ ਇਨਕਮ ਟੈਕਸ ਅਫਸਰ ਗੁਰਦਾਸਪੁਰ ਵਿਸ਼ੇਸ਼ ਮਹਿਮਾਨ ਦੇ ਰੂਪ ਵਿੱਚ ਹਾਜ਼ਰ ਹੋਏ।ਸਮਾਗਮ ਵਿੱਚ ਮਹਿਮਾਨਾਂ ਦਾ ਸਵਾਗਤ ਪ੍ਰਧਾਨ ਲੇਖਰਾਜ ਅਤੇ ਜਨਰਲ ਸਕੱਤਰ ਮਹਿੰਦਰ ਪਾਲ ਕਲੋਤਰਾ ਵੱਲੋਂ ਕੀਤਾ ਗਿਆ। ਸੰਬੋਧਨ ਕਰਦੇ ਹੋਏ ਬੁਲਾਰਿਆਂ ਨੇ ਬਾਬਾ ਸਾਹਿਬ ਦੀ ਜੀਵਨੀ ਸਬੰਧੀ ਪ੍ਰਕਾਸ਼ ਪਾਇਆ ਅਤੇ ਹਾਜ਼ਰੀ ਨੂੰ ਉਨ੍ਹਾਂ ਦੇ ਦੱਸੇ ਹੋਏ ਮਾਰਗ ਉਪਰ ਚੱਲਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਨੇ ਹਮੇਸ਼ਾ ਦਲਿਤਾਂ ਅਤੇ ਆਮ ਲੋਕਾਂ ਦੀ ਭਲਾਈ ਲਈ ਕੰਮ ਕੀਤਾ ਜਿਸ ਕਾਰਨ ਅੱਜ ਪੂਰਾ ਦੇਸ਼ ਉਨ੍ਹਾਂ ਨੂੰ ਯਾਦ ਕਰ ਰਿਹਾ ਹੈ ਅਤੇ ਉਨ੍ਹਾਂ ਵੱਲੋਂ ਬਣਾਏ ਗਏ ਸੰਵਿਧਾਨ ਅਧੀਨ ਸੁੱਖ ਮਾਣ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਇੱਕਜੁੱਟ ਹੋ ਕੇ ਰਹਿਣਾ ਚਾਹੀਦਾ ਹੈ ਅਤੇ ਦੱਬੇ ਕੁਚਲੇ ਲੋਕਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ। ਸਮਾਗਮ ਦੇ ਆਖਿਰ ਵਿੱਚ ਪ੍ਰਧਾਨ ਲੇਖ ਰਾਜ ਅਤੇ ਜਨ ਸਕੱਤਰ ਮਹਿੰਦਰ ਪਾਲ ਕਲੋਤਰਾ ਵੱਲੋਂ ਮੁਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨਾਂ ਦਾ ਵਿਸ਼ੇਸ਼ ਤੌਰ ਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਮਾਜ ਸੇਵਕ ਰਜੇਸ਼ ਬੱਬੀ, ਮਾਸਟਰ ਜੋਗਿੰਦਰ ਪਾਲ, ਸ਼ਸ਼ੀ ਕਲਾ, ਦੇਵਰਾਜ ਮੰਗੋਤਰਾ, ਡਾਕਟਰ ਜੰਗਬਾਹਰ, ਮਾਸਟਰ ਬਲਬੀਰ, ਸੁਰੇਸ਼ ਕੁਮਾਰ, ਸੇਵਾ ਮੁਕਤ ਬੀਡੀਪੀਓ ਡਾਕਟਰ ਵਿਸ਼ਾਲ ਕਲੋਤਰਾ, ਡਾਕਟਰ ਸਮਤਾ ਕਲੋਤਰਾ, ਮਾਸਟਰ ਕਰਨੈਲ ਸਿੰਘ, ਪੁਰਸ਼ੋਤਮ ਲਾਲ, ਜਸਬੀਰ ਜੱਗੀ, ਇੰਦਰਜੀਤ ਪ੍ਰਧਾਨ, ਲੈਕਚਰਾਰ ਜਗਦੀਸ਼ ਕੁਮਾਰ, ਰਮਨ ਭੰਡਾਰੀ, ਤਰਸੇਮ ਲਾਲ, ਅਜੀਤ ਰਾਏ ਆਦਿ ਵੀ ਹਾਜ਼ਰ ਸਨ।

# ਸ਼ਹਿਰ 'ਚ ਲੱਗਣ ਵਾਲੀਆਂ ਕਿਸਾਨ ਮੰਡੀਆਂ 'ਚ ਲੋਕਾਂ ਨੂੰ ਨਹੀਂ ਆਉਣ ਦਿੱਤੀ ਜਾਵੇਗੀ ਕੋਈ ਵੀ ਮੁਸ਼ਕਿਲ: ਮਿੱਤਲ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**-ਮੋਹਾਲੀ ਵਿਖੇ ਦਿਨਾਂ ਦੇ ਆਧਾਰ ਤੇ ਲੱਗਣ ਵਾਲੀਆਂ ਕਿਸਾਨ ਅਤੇ ਰੇਹੜੀ ਫੜ੍ਹੀ ਮੰਡੀਆਂ ਤੋਂ ਸ਼ਹਿਰ ਦੇ ਵਸਨੀਕਾਂ ਨੂੰ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਇਨ੍ਹਾਂ ਵਿੱਚ ਕੀਤੇ ਜਾ ਸਕਣ ਵਾਲੇ ਸੁਧਾਰਾਂ ਉਪਰ ਜਲਦ ਹੀ ਵਿਚਾਰ ਕੀਤਾ ਜਾਵੇਗਾ।ਮੰਡੀ ਵਾਲੀ ਜਗ੍ਹਾ ਤੇ ਕੂੜਾ ਕਰਕਟ ਅਤੇ ਗੰਦਗੀ ਫੈਲਣ ਤੋਂ ਰੋਕਣ ਲਈ ਵੀ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮਾਰਕੀਟ ਕਮੇਟੀ ਮੋਹਾਲੀ ਦੇ ਚੇਅਰਮੈਨ ਐਡਵੋਕੇਟ ਗੋਵਿੰਦਰ ਮਿੱਤਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਇਹ ਮੰਡੀਆਂ ਸ਼ਹਿਰ ਦੇ ਲੋਕਾਂ ਦੀ ਸਹੂਲਤ ਲਈ ਹਨ ਨਾ ਕਿ ਉਨ੍ਹਾਂ ਲਈ ਮੁਸ਼ਕਿਲਾਂ ਪੈਦਾ ਕਰਨ ਲਈ।ਉਹ ਅੱਜ ਇਸ ਸੰਬੰਧ ਵਿੱਚ ਐਰੋਸਿਟੀ ਮੋਹਾਲੀ ਦੇ ਵਸਨੀਕਾਂ ਨਾਲ਼ ਮੀਟਿੰਗ ਕਰ ਰਹੇ ਸਨ।ਇਨ੍ਹਾਂ ਮੰਡੀਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਉਨ੍ਹਾਂ ਨੇ ਰੈਜ਼ੀਡੈਂਟ ਵੈੱਲਫ਼ੇਅਰ ਐਸੋਸੀਏਸ਼ਨ ਦੇ ਅਹੁਦੇਦਾਰਾਂ ਤੋਂ ਸੁਝਾਅ ਵੀ ਮੰਗੇ।ਉਨ੍ਹਾਂ ਕਿਹਾ ਕਿ ਸਾਫ਼ ਸਫ਼ਾਈ ਦਾ ਵਿਸ਼ੇਸ਼ ਖ਼ਿਆਲ ਰੱਖਣ ਲਈ ਵਿਕ੍ਰੇਤਾਵਾਂ ਦੀ ਵੀ ਜ਼ਿੰਮੇਵਾਰੀ ਨਿਰਧਾਰਿਤ ਕੀਤੀ ਜਾਵੇਗੀ।ਉਨ੍ਹਾਂ ਨੇ ਜਨਤਾ ਨੂੰ ਅਪੀਲ ਕਰਦਿਆਂ ਕਿਹਾ ਕਿ ਅਗਰ ਕੋਈ ਵੀ ਇਨ੍ਹਾਂ ਮੰਡੀਆਂ ਦੇ ਸੰਬੰਧ ਵਿੱਚ ਕੋਈ ਸ਼ਿਕਾਇਤ ਜਾਂ ਸੁਝਾਅ ਦੇਣਾ ਚਾਹੁੰਦਾ ਹੈ ਤਾਂ ਉਨ੍ਹਾਂ ਨਾਲ ਸੰਪਰਕ ਕਰ ਸਕਦਾ ਹੈ।ਉਨ੍ਹਾਂ ਨੇ ਸਵੇਰੇ ਐਰੋਸਿਟੀ ਦੇ ਈ ਬਲਾਕ ਵਿਖੇ ਲੱਗਣ ਵਾਲੀ ਕਿਸਾਨ ਮੰਡੀ ਵਾਲੀ ਜਗ੍ਹਾ ਦਾ ਮੌਕਾ ਦੇਖਿਆ ਅਤੇ ਸਾਫ ਸਫਾਈ ਦਾ ਜਾਇਜ਼ਾ ਲਿਆ।ਉਨ੍ਹਾਂ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਦੱਸਿਆ ਕਿ ਸ਼ਹਿਰ ਅੰਦਰ ਇਨ੍ਹਾਂ ਮੰਡੀਆਂ ਦੀ ਗਿਣਤੀ ਵਧਾਉਣ ਲਈ ਵੀ ਜਲਦ ਹੀ ਵਿਚਾਰ ਕੀਤਾ ਜਾਵੇਗਾ ਤਾਂ ਜੋ ਲੋਕਾਂ ਨੂੰ ਸਬਜ਼ੀਆਂ ਅਤੇ ਫਲਾਂ ਦੀ ਖਰੀਦਦਾਰੀ ਲਈ ਦੂਰ ਦੁਰਾਡੇ ਨਾ ਜਾਣਾ ਪਵੇ।

ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਇਨ੍ਹਾਂ ਮੰਡੀਆਂ ਦਾ ਲੱਗਣਾ ਬਹੁਤ ਜ਼ਰੂਰੀ ਹੈ ਕਿਉਂਕਿ ਜਿੱਥੇ ਇਨ੍ਹਾਂ ਮੰਡੀਆਂ ਨਾਲ ਲੋਕਾਂ ਨੂੰ ਘਰਾਂ ਦੇ ਨੇੜੇ ਖਰਦੀਦਰੀ ਦੀ ਸਹੂਲਤ ਮਿਲਦੀ ਹੈ ਉੱਥੇ ਹੀ ਇਹ ਛੋਟੇ ਕਿਸਾਨਾਂ ਅਤੇ ਵਿਕ੍ਰੇਤਾਵਾਂ ਲਈ ਰੁਜ਼ਗਾਰ ਦੇ ਮੌਕੇ ਪਰਦਾਨ ਕਰਦੀਆਂ ਹਨ।ਇਸ ਸਮੇਂ ਉਨ੍ਹਾਂ ਨਾਲ ਗਊ ਸੇਵਾ ਕਮਿਸ਼ਨ ਦੇ ਮੈਂਬਰ ਅਮਿਤ ਜੈਨ, ਰੈਜ਼ੀਡੈਂਟ ਵੈੱਲਫ਼ੇਅਰ ਐਸੋਸੀਏਸ਼ਨ ਦੇ ਪ੍ਰਧਾਨ ਨੀਰਜ ਕੁਮਾਰ, ਜਨਰਲ ਸਕੱਤਰ ਹਰਸ਼ਰਨਜੀਤ ਸਿੰਘ ਅਤੇ ਬਾਕੀ ਅਹੁਦੇਦਾਰ ਵੀ ਮੌਜੂਦ ਸਨ।



# ਚੇਅਰਮੈਨ ਪਨੂੰ ਨੇ ਫਤਿਹਗੜ੍ਹ ਚੂੜੀਆਂ ਦਾਨਾ ਮੰਡੀ 'ਚ ਕਣਕ ਦੀ ਖਰੀਦ ਸ਼ੁਰੂ ਕਰਵਾਈ

**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**-ਪੰਜਾਬ ਸਰਕਾਰ ਵੱਲੋਂ ਕਣਕ ਦੀ ਖਰੀਦ ਲਈ ਸਾਰੀਆਂ ਮੰਡੀਆਂ ਵਿੱਚ ਪੁਖਤਾ ਪ੍ਰਬੰਧ ਕੀਤੇ ਗਏ ਹਨ ਅਤੇ ਕਿਸਾਨਾਂ ਦੀ ਫਸਲ ਦਾ ਦਾਣਾ-ਦਾਣਾ ਖਰੀਦਿਆ ਜਾਵੇਗਾ।ਇਹ ਪ੍ਰਗਟਾਵਾ ਬਲਬੀਰ ਸਿੰਘ ਪਨੂੰ ਚੇਅਰਮੈਨ ਪਨਸਪ ਪੰਜਾਬ ਨੇ ਫਤਿਹਗੜ੍ਹ ਚੂੜੀਆਂ ਦਾਣਾ ਮੰਡੀ ਵਿਖੇ ਕਣਕ ਦੀ ਖਰੀਦ ਸ਼ੁਰੂ ਕਰਵਾਉਣ ਮੌਕੇ ਗੱਲਬਾਤ ਕਰਦਿਆਂ ਕੀਤਾ। ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਰਾਜੀਵ ਸ਼ਰਮਾ, ਆੜ੍ਹਤੀ ਯੂਨੀਅਨ ਦੇ ਪ੍ਰਧਾਨ ਨਿਰਮਲ ਸਿੰਘ, ਸਮੂਹ ਆੜ੍ਹਤੀ ਅਤੇ ਕਿਸਾਨ ਵੀ ਮੌਜੂਦ ਸਨ।ਇਸ ਤੋਂ ਪਹਿਲਾਂ ਮਾਰਕੀਟ ਕਮੇਟੀ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਭੋਗ ਪਾਏ ਗਏ ਅਤੇ ਸਰੱਬਤ ਦੇ ਭਲੇ ਲਈ ਅਰਦਾਸ ਕੀਤੀ ਗਈ।ਚੇਅਰਮੈਨ ਬਲਬੀਰ ਸਿੰਘ ਪਨੂੰ ਨੇ ਆੜ੍ਹਤੀਆਂ ਨਾਲ ਮੀਟਿੰਗ ਵੀ ਕੀਤੀ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ, ਜਿਨ੍ਹਾਂ ਨੂੰ ਹੱਲ ਕਰਨ ਦਾ ਉਨ੍ਹਾਂ ਵੱਲੋਂ ਭਰੋਸਾ ਦਿੱਤਾ ਗਿਆ।ਉਨ੍ਹਾਂ ਕਿਹਾ ਕਿ ਫਤਿਹਗੜ੍ਹ ਚੂੜੀਆਂ ਦਾਣਾ ਮੰਡੀ ਵਿਕਾਸ ਲਈ 80 ਲੱਖ ਖਰਚੇ ਜਾਣਗੇ ਤਾਂ ਜੋ ਕਿਸਾਨਾਂ, ਆੜ੍ਹਤੀਆਂ ਤੇ ਮਜ਼ਦੂਰਾਂ ਨੂੰ ਹੋਰ ਸਹੂਲਤਾਂ ਮੁਹੱਈਆ ਹੋ ਸਕਣ।ਚੇਅਰਮੈਨ ਪਨੂੰ ਨੇ ਆੜ੍ਹਤੀਆਂ ਅਤੇ ਕਿਸਾਨਾਂ ਨਾਲ ਗੱਲ ਕਰਦਿਆਂ ਦੱਸਿਆ ਕਿ ਅਨਾਜ ਮੰਡੀਆਂ ਵਿੱਚ ਕਿਸਾਨਾਂ ਦੀ ਫਸਲ ਦੀ 24 ਘੰਟੇ ਅੰਦਰ ਖਰੀਦ ਤੇ ਵੇਚੀ ਗਈ ਫਸਲ ਦੀ ਤੈਅ ਸਮੇਂ ਅੰਦਰ ਅਦਾਇਗੀ ਯਕੀਨੀ ਬਣਾਈ ਗਈ ਹੈ ਤਾਂ ਜੋ ਕਿਸਾਨਾਂ ਨੂੰ ਆਪਣੀ ਫਸਲ ਵੇਚਣ ਲਈ ਮੰਡੀਆਂ ਵਿੱਚ ਜ਼ਿਆਦਾ ਦੇਰ ਨਾ ਬੈਠਣਾ ਪਵੇ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ, ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸੂਬਾ ਸਰਕਾਰ ਨੇ ਹਮੇਸ਼ਾ ਕਿਸਾਨੀ ਹਿੱਤਾਂ ਦੀ ਰਾਖੀ ਕੀਤੀ ਹੈ ਅਤੇ ਹੁਣ ਵੀ ਸਰਕਾਰ ਕਿਸਾਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੋਵੇਗੀ।ਉਥੇ ਹੀ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬਾ ਸਰਕਾਰ ਨੇ ਹਮੇਸ਼ਾਂ ਹੀ ਕਿਸਾਨੀ ਹਿੱਤਾਂ ਨੂੰ ਤਰਜੀਹ ਦਿੱਤੀ ਹੈ ਅਤੇ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਕਿਸਾਨ ਪੱਖੀ ਫੈਸਲੇ ਕੀਤੇ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਮੰਡੀਆਂ ਵਿੱਚ ਕਿਸਾਨਾਂ ਦੀ ਖਰੀਦ ਲਈ ਪੀਣ ਵਾਲੇ ਸਾਫ ਸੁਥਰੇ ਪਾਣੀ, ਲਾਈਟ ਤੇ ਬੈਠਣ ਲਈ ਛਾਂਦਾਰ ਜਗਾ ਦੇ ਨਾਲ-ਨਾਲ ਹੋਰ ਜ਼ਰੂਰੀ ਪ੍ਰਬੰਧ ਵੀ ਕੀਤੇ ਗਏ ਹਨ।ਇਸ ਦੇ ਨਾਲ ਹੀ ਚੇਅਰਮੈਨ ਬਲਬੀਰ ਸਿੰਘ ਪਨੂੰ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਮੰਡੀਆਂ ਵਿੱਚ ਫਸਲ ਪੂਰੀ ਤਰ੍ਹਾਂ ਸੁਕਾ ਕੇ ਹੀ ਲਿਆਂਦੀ ਜਾਵੇ ਤਾਂ ਜੋ ਉਨ੍ਹਾਂ ਨੂੰ ਫਸਲ ਵੇਚਣ ਲਈ ਮੰਡੀਆਂ ਵਿੱਚ ਨਾ ਬੈਠਣਾ ਪਵੇ।ਇਸ ਮੌਕੇ ਸਮੂਹ ਆੜ੍ਹਤੀਆਂ ਤੋਂ ਇਲਾਵਾ ਸ਼ਹਿਰੀ ਪ੍ਰਧਾਨ ਤੇਜਵਿੰਦਰ ਸਿੰਘ ਰੰਧਾਵਾ, ਸਤਨਾਮ ਸਿੰਘ ਗਿੱਲ, ਡਾਕਟਰ ਮੰਗਲ ਸਿੰਘ ਬੰਦੇਸ਼ਾ, ਰਾਮ ਸਿੰਘ ਰਜਿੰਦਰ ਕੁਮਾਰ ਸੁੰਦਰ, ਮੁਖਵਿੰਦਰ ਸਿੰਘ ਬੰਦੇਸ਼ਾ, ਕੁਲਦੀਪ ਸਿੰਘ ਖਾਲਸਾ, ਮਾਰਕੀਟ ਕਮੇਟੀ ਚੇਅਰਮੈਨ ਰਜੀਵ ਸ਼ਰਮਾ, ਪ੍ਰਧਾਨ ਤੇਜਵਿੰਦਰ ਸਿੰਘ, ਸ਼ਹਿਰੀ ਯੂਥ ਪ੍ਰਧਾਨ ਮਾਧਵ ਬੇਦੀ, ਨਵੀਸ਼ ਨੰਦਾ, ਡਾਕਟਰ ਸੋਣੀ, ਡਾਕਟਰ ਮੰਗਲ ਸਿੰਘ, ਰਾਮ ਸਿੰਘ, ਮੁਖਵਿੰਦਰ ਸਿੰਘ, ਰਸ਼ਪਾਲ ਸਿੰਘ ਕਾਹਲੋਂ, ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਬਲਾਕ ਪ੍ਰਧਾਨ ਹਰਦੀਪ ਸਿੰਘ, ਹਲਕਾ ਯੂਥ ਪ੍ਰਧਾਨ ਗੁਰਬਿੰਦਰ ਸਿੰਘ ਕਾਦੀਆਂ ਦੇ ਹਲਕਾ ਕੋਆਰਡੀਨੇਟਰ ਐਜੂਕੇਸ਼ਨ ਰਘਬੀਰ ਸਿੰਘ ਅਠਵਾਲ, ਬਲਾਕ ਪ੍ਰਧਾਨ ਜਗਜੀਤ ਸਿੰਘ, ਬਲਾਕ ਪ੍ਰਧਾਨ ਹਰਪ੍ਰੀਤ ਸਿੰਘ ਗਗਨਦੀਪ ਸਿੰਘ ਕੋਟਲਾ ਬਾਮਾ, ਕਰਨ ਬਾਠ, ਗੁਰ ਪ੍ਰਤਾਪ ਸਿੰਘ ਅਤੇ ਗੁਰਦੇਵ ਸਿੰਘ ਅੌਜਲਾ ਆਦਿ ਹਾਜ਼ਰ ਸਨ।



# ਵਿਸਾਖੀ ਅਤੇ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਨੂੰ ਸਮਰਪਿਤ ਧਾਰੀਵਾਲ ਵਿਸ਼ੇਸ਼ ਸਪਲੀਮੈਂਟ

**ਧੰਨਵਾਦ**

ਨਵਾਂ ਜ਼ਮਾਨਾ ਅਖਬਾਰ ਦੇ ਧਾਰੀਵਾਲ ਵਿਸ਼ੇਸ਼ ਸਪਲੀਮੈਂਟ ਵਿੱਚ ਸਹਿਯੋਗ ਦੇਣ ਵਾਲੇ ਸੱਜਣਾਂ ਮਿੱਤਰਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਸਹਿਯੋਗ ਮਿਲਦਾ ਰਹਿਣ ਦੀ ਆਸ ਕਰਦਾ ਹਾਂ।

ਮਨਦੀਪ ਸਿੰਘ ਵਿੱਕੀ
ਪ੍ਰਤੀਨਿੱਧ ਧਾਰੀਵਾਲ
ਮੋਬਾ : 9855138108

ਪ੍ਰਿੰਸੀਪਲ ਸਵਰਨ ਸਿੰਘ ਵਿਰਕ, ਰਿਆੜਕੀ ਕਾਲਜ ਤੁਗਲਵਾਲ | ਪ੍ਰਿੰਸੀਪਲ ਐਸ.ਬੀ ਨਾਇਰ, ਸੇਂਟ ਕਬੀਰ ਸਕੂਲ ਸੁਲਤਾਨਪੁਰ | ਪ੍ਰਿੰਸੀਪਲ ਰੁਪਿੰਦਰ ਕੌਰ, ਬਾਲ ਵਿਦਿਆ ਮਾਡਲ ਹਾਈ ਸਕੂਲ | ਪ੍ਰਿੰਸੀਪਲ ਡਾ. ਗਗਨਜੀਤ ਕੌਰ, SZSFS ਸਕੂਲ ਧਾਰੀਵਾਲ | ਪ੍ਰਿੰਸੀਪਲ ਡਾ. ਗੁਰਜੀਤ ਸਿੰਘ | ਬਰਿੰਦਰ ਸਿੰਘ ਛੋਟੇਪੁਰ | ਡਾ. ਬਿਕਰਮਜੀਤ ਸਿੰਘ ਬਾਜਵਾ (ਏ.ਐਮ.ਓ) | ਮੇਜਰ ਸਿੰਘ ਚਾਹਲ, ਪ੍ਰਿੰਸੀਪਲ ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ | ਅਸ਼ਵਨੀ ਫੱਜੂਪੁਰ, ਜ਼ਿਲ੍ਹਾ ਪ੍ਰਧਾਨ ਮੈਡੀਕਲ ਪ੍ਰੈਕਟੀਸ਼ਨਰ ਯੂਨੀਅਨ (ਰਜਿ.) ਪੰਜਾਬ ਗੁਰਦਾਸਪੁਰ

ਵਿਸਾਖੀ ਅਤੇ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ

ਸੰਸਾਰ ਪ੍ਰਸਿੱਧ ਸ਼ਾਇਰ ਉਸਤਾਦ ਸੁਲੱਖਣ ਸਰਹੱਦੀ | S. Surjeet Singh, MD GTBI SCHOOL | ਪ੍ਰਿੰਸੀਪਲ ਅਨੂਪ ਸਿੰਘ, ਬੁਰਜ ਸਾਹਿਬ ਸਕੂਲ ਧਾਰੀਵਾਲ | ਦਲਬੀਰ ਸਿੰਘ ਚਾਹਲ, ਸਮਾਜ ਸੇਵੀ | ਸ਼ਿਵਦੇਵ ਸਿੰਘ ਚੌਧਰਪੁਰ, ਐਸ.ਡੀ.ਓ ਪਾਵਰਕਾਮ ਵਿਭਾਗ | ਸੁਰੇਸ਼ ਚੰਦਰ ਰਣੀਆ, ਸਮਾਜ ਸੇਵੀ | ਡਾ. ਰਜਵਿੰਦਰ ਕੌਰ ਨਾਗਰਾ, ਪ੍ਰਿੰ. HKMV | ਰਜਿੰਦਰ ਕੁਮਾਰ ਲਵਲੀ, ਐਸ.ਜੀ ਧਾਰੀਵਾਲ | ਡਾ. ਗੁਰਜਿੰਦਰ ਸਿੰਘ ਸੰਧੂ, ਉਘੀ ਧਾਰਮਿਕ ਸਖਸ਼ੀਅਤ

ਵਿਸਾਖੀ ਅਤੇ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਦੀਆਂ ਸਮੁੱਚੇ ਜਗਤ ਨੂੰ ਲੱਖ ਲੱਖ ਵਧਾਈਆਂ
ਕਾਮਰੇਡ ਅਜੀਤ ਸਿੰਘ ਠੱਕਰਸੰਧੂ

ਵਿਸਾਖੀ ਅਤੇ ਡਾ. ਅੰਬੇਡਕਰ ਦੇ ਜਨਮ ਦਿਹਾੜੇ ਦੀਆਂ ਵਧਾਈਆਂ
ਬੇਦ ਰਾਜ
(ਬੀ.ਸੀ ਫਰੰਟ ਪੰਜਾਬ ਜ਼ਿਲ੍ਹਾ ਆਗੂ ਪਠਾਨਕੋਟ)

ਵਿਸਾਖੀ ਅਤੇ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਦੀਆਂ ਸਮੁੱਚੇ ਜਗਤ ਨੂੰ ਲੱਖ ਲੱਖ ਵਧਾਈਆਂ
ਕਾਮਰੇਡ ਗੁਰਮੀਤ ਸਿੰਘ ਬਖਤਪੁਰਾ
ਸੂਬਾ ਸਕੱਤਰ, ਸੀ.ਪੀ.ਆਈ. ਐਮ.ਐਲ ਲਿਬਰੇਸ਼ਨ ਪੰਜਾਬ

ਵਿਸਾਖੀ ਅਤੇ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਦੀਆਂ ਸਮੁੱਚੇ ਜਗਤ ਨੂੰ ਲੱਖ ਲੱਖ ਵਧਾਈਆਂ
ਤਰਲੋਕ ਸਿੰਘ ਬਹੇੜ (ਮੈਂਬਰ ਕਨਫੈਡਰੇਸ਼ਨ) | ਬਾਬਾ ਅਜੀਤ ਸਿੰਘ ਹੈਪੀ, ਧਾਰੀਵਾਲ ਕਲਾ | ਭਾਈ ਗਗਨਦੀਪ ਸਿੰਘ ਰਿਆੜ

ਵਿਸਾਖੀ ਅਤੇ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਦੀਆਂ ਸਮੁੱਚੇ ਜਗਤ ਨੂੰ ਲੱਖ ਲੱਖ ਵਧਾਈਆਂ
ਡਾ. ਅਮਰਜੀਤ ਸਿੰਘ ਰੈਪੀ | ਅਰਜਿੰਦਰ ਸਿੰਘ ਢਿੱਲਵ, ਜੇ.ਈ | ਨਰਿੰਦਰਜੀਤ ਸਿੰਘ ਸੇਖੋ, ਸਮਾਜ ਸੇਵੀ | ਡਾ. ਸੰਤੋਖ ਭਗਤ, ਬਿਧੀਪੁਰ

* ਸਭਾ ਆਪਣੇ ਮੈਂਬਰਾਂ ਤੋਂ ਅਮਾਨਤਾਂ ਦਾ ਲੈਣ-ਦੇਣ ਕਰਦੀ ਹੈ, ਜਿਸ ਨਾਲ ਮੈਂਬਰਾਂ ਵਿੱਚ ਬੱਚਤ ਕਰਨ ਦੀ ਆਦਤ ਬਣਦੀ ਹੈ। * ਸਭਾ ਆਪਣੇ ਮੈਂਬਰਾਂ ਨੂੰ ਆਪਣੇ ਫੰਡਾਂ ਵਿੱਚੋਂ ਗੈਰ-ਜ਼ਰਾਇਤੀ ਕਰਜਾ, ਦੋ ਪਹੀਆ ਵਾਹਨ ਕਰਜਾ ਅਤੇ ਮਾਈ ਭਾਗੋ ਇਸਤਰੀ ਸ਼ਕਤੀ ਸਕੀਮ ਅਧੀਨ ਕਰਜਾ ਦੇ ਰਹੀ ਹੈ। * ਸਭਾ ਆਪਣੇ ਮੈਂਬਰਾਂ ਨੂੰ ਐਗਰੋ ਸਰਵਿਸ ਸੈਂਟਰ ਤਹਿਤ ਸਸਤੇ ਰੇਟਾਂ ਤੇ ਖੇਤੀਬਾੜੀ ਸੰਦ ਕਿਰਾਏ ਤੇ ਦੇ ਰਹੀ ਹੈ। * ਸਭਾ ਆਪਣੇ ਮੈਂਬਰਾਂ ਨੂੰ ਖਾਦਾਂ, ਕੀੜੇਮਾਰ ਦਵਾਈਆਂ ਅਤੇ ਜਰੂਰੀ ਵਸਤਾਂ ਦੀ ਸਪਲਾਈ ਕਰਦੀ ਹੈ। * ਸਭਾ ਆਪਣੇ ਮੈਂਬਰਾਂ ਨੂੰ ਸਮੇਂ ਸਮੇਂ ਸਿਰ ਆਧੁਨਿਕ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।

ਸ. ਜਗਰੂਪ ਸਿੰਘ ਸੇਖਵਾਂ, ਚੇਅਰਮੈਨ | ਗੁਰਨਾਮ ਸਿੰਘ ਰੰਧਾਵਾ, ਪ੍ਰਧਾਨ | ਬਲਦੇਵ ਸਿੰਘ, ਸੈਕਟਰੀ

ਵੱਲੋਂ :- ਦੀ ਪਸਨਾਵਾਲਾ ਬਹੁਮੰਤਵੀ ਸਹਿਕਾਰੀ ਸਭਾ ਲਿ. ਪਸਨਾਵਾਲ ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ

ਵਿਸਾਖੀ ਅਤੇ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਦੀਆਂ ਸਮੁੱਚੇ ਜਗਤ ਨੂੰ ਲੱਖ ਲੱਖ ਵਧਾਈਆਂ
ਸ. ਮੁਖਤਾਰ ਸਿੰਘ | ਮਲਕੀਤ ਸਿੰਘ, ਸਰਪੰਚ ਕੋਟ ਬੁੱਢਾ

ਵਿਸਾਖੀ ਅਤੇ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਦੀਆਂ ਸਮੁੱਚੇ ਜਗਤ ਨੂੰ ਲੱਖ ਲੱਖ ਵਧਾਈਆਂ
ਕਸਤੂਰੀ ਲਾਲ, ਬਸਪਾ ਪ੍ਰਧਾਨ ਹਲਕਾ ਕਾਦੀਆਂ

ਪੰਜਾਬ ਰਾਜ ਫਾਰਮੇਸੀ ਅਫਸਰ ਐਸੋ.
ਸਰਬਜਿੰਦਰ ਸਿੰਘ ਚਾਹਲ, ਸੀਨੀ. ਫਾਰਮੇਸੀ ਅਫਸਰ, ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ

## ਸ੍ਰੀ ਗੁਰੂ ਅਰਜਨ ਦੇਵ ਖਾਲਸਾ ਸੀ. ਸ. ਸਕੂਲ (ਬੁਰਜ ਸਾਹਿਬ) ਧਾਰੀਵਾਲ

**ਨਰਸਰੀ ਤੋਂ 10+2 ਤੱਕ ਦੀ ਸਸਤੀ ਅਤੇ ਮਿਆਰੀ ਸਿੱਖਿਆ (Arts, Sci, Commerce)**

ਸਕੂਲ ਵਿੱਚ ਪੜ੍ਹੇ ਬੱਚੇ ਵੱਖ-ਵੱਖ ਖੇਤਰਾਂ ਵਿੱਚ ਉਚ ਅਹੁਦਿਆਂ ਤੇ ਬਿਰਾਜਮਾਨ ਹਨ, ਸਾਇੰਸ ਕੰਪਿਊਟਰ ਲੈਬ ਅਤੇ ਲਾਇਬ੍ਰੇਰੀ ਦਾ ਖਾਸ ਪ੍ਰਬੰਧ, ਸੀਨੀਅਰ ਅਤੇ ਜੂਨੀਅਰ ਡਿਵੀਜਨ, ਸਕੂਲ ਦੀ ਹਾਕੀ ਦੀ ਟੀਮ ਲੰਮੇ ਸਮੇਂ ਤੋਂ ਜਿਲ੍ਹਾ ਜੇਤੂ, ਸਕੂਲ ਨੇ ਰਾਸਟਰੀ ਅਤੇ ਅੰਤਰਰਾਸ਼ਟਰੀ ਖਿਡਾਰੀ ਪੈਦਾ ਕੀਤੇ। ਭੰਗੜੇ ਦੀਆਂ ਜਿਲੇ ਅਤੇ ਪੰਜਾਬ ਪੱਧਰ ਤੇ ਵੱਡੀਆਂ ਪ੍ਰਾਪਤੀਆਂ, ਅੰਡਰ-14, ਅੰਡਰ -17 ਹਾਕੀ ਵਿੰਗ ਚਲ ਰਹੇ ਹਨ, ਕ੍ਰਿਕਟ ਦੀ ਕੋਚਿੰਗ ਦਾ ਖਾਸ ਪ੍ਰਬੰਧ, ਆਰ.ਓ ਦਾ ਪੀਣ ਵਾਲਾ ਪਾਣੀ ਅਤੇ ਜਰਨੇਟਰ ਦਾ ਵੀ ਪ੍ਰਬੰਧ ਹੈ

ਪ੍ਰਧਾਨ ਡਾ. ਮਨਜੀਤ ਸਿੰਘ ਢਿਪਾਰਾ | ਪ੍ਰਿੰਸੀਪਲ ਅਨੂਪ ਸਿੰਘ, ਬੁਰਜ ਸਾਹਿਬ ਸਕੂਲ ਧਾਰੀਵਾਲ | ਮੈਨੇਜਰ ਡਾ. ਮੁਖਵਿੰਦਰਜੀਤ ਸਿੰਘ ਗਿੱਲ (ਰਿਟਾ. ਕਰਨਲ)

E-mail burjsahib@gmail.com M. 99140-15920, 7888415755

ਖਾਲਸਾ ਸਾਜਨਾ ਦਿਵਸ, ਵਿਸਾਖੀ ਅਤੇ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਨੂੰ ਸਮਰਪਿਤ ਧਾਰੀਵਾਲ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਮਨਦੀਪ ਸਿੰਘ ਵਿੱਕੀ, ਸਮੂਹ ਅਦਾਰਾ ਨਵਾਂ ਜ਼ਮਾਨਾ ਅਤੇ ਦੇਸ਼ ਵਿਦੇਸ਼ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਲੱਖ-ਲੱਖ ਵਧਾਈਆਂ

## ਮਨੁੱਖੀ ਅਧਿਕਾਰਾਂ ਦੀ ਸੰਸਥਾ ਔਰਰ-ਡਾਨ (ਰਜਿ.)

ਪ੍ਰਧਾਨ ਅਤੇ ਉੱਘੇ ਸਮਾਜ ਸੇਵਕ
ਸ. ਇਕਬਾਲ ਸਿੰਘ ਭੱਟੀ ਪੈਰਿਸ (ਫਰਾਂਸ)

## ਸ੍ਰੀ ਗੁਰੂ ਰਵਿਦਾਸ ਸਭਾ ਰਜਿ.202 ਧਾਰੀਵਾਲ

ਵਿਸਾਖੀ ਅਤੇ ਡਾ. ਅੰਬੇਡਕਰ ਜੀ ਦੇ ਜਨਮ ਦਿਹਾੜੇ ਦੀਆਂ ਲੱਖ ਲੱਖ ਵਧਾਈਆਂ

ਵਿਸਾਖੀ ਅਤੇ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਦੀਆਂ ਸਮੁੱਚੇ ਜਗਤ ਨੂੰ ਲੱਖ ਲੱਖ ਵਧਾਈਆਂ

ਵਿਸਾਖੀ ਅਤੇ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਦੀਆਂ ਸਮੁੱਚੇ ਜਗਤ ਨੂੰ ਲੱਖ ਲੱਖ ਵਧਾਈਆਂ
ਬਲਵਿੰਦਰ ਪਾਲ ਸਿੰਘ ਟਾਕ, ਸਾਬਕਾ ਸਰਪੰਚ ਫੱਜੂਪੁਰ | ਮਨਿੰਦਰ ਸਿੰਘ, ਸਾਬਕਾ ਸਰਪੰਚ ਪੀਰ ਦੀ ਸੈਨ

## ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ ਦਲ

ਵਿਸਾਖੀ ਅਤੇ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਦੀਆਂ ਸਮੁੱਚੇ ਜਗਤ ਨੂੰ ਲੱਖ ਲੱਖ ਵਧਾਈਆਂ

ਨਰਿੰਦਰਜੀਤ ਸਿੰਘ | ਸੁਖਵਿੰਦਰ ਸਿੰਘ ਗਿੱਲ, ਸੂਬਾ ਸਕੱਤਰ | ਜਸਵਿੰਦਰ ਸਿੰਘ ਗਿੱਲ, ਪ੍ਰਧਾਨ ਕਾਰਗਰ ਦੋਸਤ | ਅਮਰਿੰਦਰ ਸਿੰਘ, U.D.C | ਰਸਪਾਲ ਸਿੰਘ ਜਫਰਵਾਲ, U.D.C | ਬਲਵਿੰਦਰ ਸਿੰਘ, J.E

ਵਿਸਾਖੀ ਅਤੇ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਦੀਆਂ ਵਧਾਈਆਂ।
ਗੁਰਮੀਤ ਇਲੈਕਟ੍ਰੋਨਿਕਸ ਧਾਰੀਵਾਲ
ਸ. ਕੁਲਵੰਤ ਸਿੰਘ
ਉੱਘੇ ਸਮਾਜ ਸੇਵੀ

## ਸਮੂਹ ਸਿੱਖ ਧਰਮੀ ਫੌਜੀ ਜੂਨ 1984 ਪਰਿਵਾਰ ਵੈੱਲਫੇਅਰ ਐਸੋਸੀਏਸ਼ਨ (ਰਜਿ.)

ਐਸੋਸੀਏਸ਼ਨ ਧਰਮੀ ਫੌਜੀਆਂ ਦੇ ਮੁੜ ਵਸੇਬੇ ਅਤੇ ਸ਼ਹੀਦ ਧਰਮੀ ਫੌਜੀਆਂ ਦੇ ਪਰਿਵਾਰਾਂ ਨੂੰ ਇਨਸਾਫ ਦਿਵਾਉਣ ਲਈ ਹਰ ਸੰਭਵ ਯਤਨ ਕਰਦੀ ਰਹੇਗੀ।
ਮੋਬਾਇਲ -89682-36005
ਬਲਦੇਵ ਸਿੰਘ, ਗੁਰਦਾਸਪੁਰ ਕੌਮੀ ਪ੍ਰਧਾਨ

## ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਮੰਡਲ ਧਾਰੀਵਾਲ)

ਹਜ਼ਾਰਾ ਸਿੰਘ ਗਿੱਲ | ਹਰਕਿਰਪਾਲ ਸਿੰਘ ਸੇਹਲ | ਮਨਿੰਦਰ ਸਿੰਘ, ਸਕੱਤਰ | ਹਰਦੀਪ ਸਿੰਘ ਖਜਾਨਚੀ

ਗੌਰਮਿੰਟ ਟੀਚਰਜ਼ ਯੂਨੀਅਨ ਗੁਰਦਾਸਪੁਰ ਵੱਲੋਂ ਵਿਸਾਖੀ ਦੀ ਵਧਾਈ
ਕੁਲਦੀਪ ਪੁਰੋਵਾਲ, ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ | ਦਿਲਦਾਰ ਭੰਡਾਲ, ਜ਼ਿਲ੍ਹਾ ਜਨਰਲ ਸਕੱਤਰ | ਅਨਿਲ ਕੁਮਾਰ ਲਾਹੌਰੀਆ | ਸੁਖਵਿੰਦਰ ਸਿੰਘ ਰੰਧਾਵਾ, ਜ਼ਿਲ੍ਹਾ ਵਿੱਤ ਸਕੱਤਰ | ਜਗਦੀਸ਼ ਰਾਜ ਬੈਂਸ, ਸੀ ਐਚ ਟੀ | ਨੀਰਜ ਕੁਮਾਰ ਪੁੰਡਾ, ਮੁੱਖ ਅਧਿਆਪਕ

ਖਾਲਸਾ ਸਾਜਨਾ ਦਿਵਸ, ਵਿਸਾਖੀ ਅਤੇ ਡਾਕਟਰ ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਦੀਆਂ ਸਮੁੱਚੇ ਜਗਤ ਨੂੰ ਲੱਖ ਲੱਖ ਵਧਾਈਆਂ
ਸਰਦਾਰ ਰਛਪਾਲ ਸਿੰਘ ਢਿੱਲੋਂ
ਐਸਡੀਓ ਪੀ.ਡਬਲਯੂ.ਡੀ

ਨਰਿੰਦਰ ਵਿੱਜ, ਸੀਨੀਅਰ ਭਾਜਪਾ ਨੇਤਾ | ਗਗਨਦੀਪ ਸਿੰਘ ਚਾਹਲ | ਸੰਜੀਵ ਵਿੱਜ | ਸਵਰਨ ਰੈਪੀ ਮੂਦ | ਡਾਕਟਰ ਰਵੀ | ਡਾਕਟਰ ਮਨੀਸ਼ ਗੋਤਮ | ਰਿਤੇਸ਼ ਮਹਾਜਨ

ਵਿਸਾਖੀ ਅਤੇ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਦੀਆਂ ਸਮੁੱਚੇ ਜਗਤ ਨੂੰ ਲੱਖ ਲੱਖ ਵਧਾਈਆਂ
ਭਾਰਤੀ ਜਨਤਾ ਪਾਰਟੀ, ਭਾਜਪਾ ਧਾਰੀਵਾਲ, ਜ਼ਿਲ੍ਹਾ ਗੁਰਦਾਸਪੁਰ

## ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ

ਵਿਸ਼ੇਸ਼ਤਾਈਆਂ: ਖੁੱਲ੍ਹਾ, ਸ਼ਾਂਤ ਤੇ ਅਨੁਸ਼ਾਸਿਤ ਵਾਤਾਵਰਣ,ਤਜਰਬੇਕਾਰ ਸਟਾਫ, ਬੋਰਡ ਨਤੀਜੇ 100 ਫੀਸਦੀ, ਗੁਰਬਾਣੀ ਕੀਰਤਨ ਕਵੀਸ਼ਰ ਅਤੇ ਗਤਕੇ ਦੀ ਸਿੱਖਿਆ ਦਾ ਵਿਸ਼ੇਸ਼ ਪ੍ਰਬੰਧ, ਘੱਟ ਗਿਣਤੀ ਮੰਤਰਾਲੇ ਤੋਂ ਹਰ ਸਾਲ ਲੱਖਾਂ ਰੁਪਏ ਦੇ ਵਜੀਫੇ।ਖੇਡਾਂ ਦਾ ਖਾਸ ਪ੍ਰਬੰਧ, ਖੇਡਾਂ ਵਿੱਚ ਨੈਸ਼ਨਲ ਪੱਧਰ ਦੀਆਂ ਉਪਲੱਬਧੀਆਂ, ਬੱਚਿਆਂ ਦੇ ਆਉਣ ਜਾਣ ਲਈ ਟਰਾਂਸਪੋਰਟ ਦਾ ਵਿਸ਼ੇਸ਼ ਪ੍ਰਬੰਧ।ਆਧੁਨਿਕ ਸਹੂਲਤਾਂ ਨਾਲ ਖੁਲ੍ਹੀ ਹਵਾਦਾਰ ਬਿਲਡਿੰਗ। ਸਕੂਲ ਵਿੱਚ ਜੀ ਜੀ ਐਸ ਬਾਕਸਿੰਗ

ਮੇਜਰ ਸਿੰਘ ਚਾਹਲ, ਪ੍ਰਿੰਸੀਪਲ, 9876095757 | ਡਾ. ਮਹਿੰਦਰ ਪਾਲ ਸਿੰਘ ਕਲੇਰ, ਡਾਇਰੈਕਟਰ, 9464378847

## S.Z.S.F.S. Kh. Sen. Pub. School Dhariwal & Bebe Nanki Khalsa College for Women Dhariwal

**College Courses**
BCA, B.A, B.S.c (Eco) B.S.c (FD), PGDCA
Cutting & Tailoring, Cosmetology, DCA


**School Courses**
Nursery to 10+2 Medical & Non-Medical
Humanities & Commerce)

SALIENT POINT : VENTILATED BUILDING IN THE MID OF CITY.
GOOD EDUCATION IN NORMAL FEE, SMART CLASS ROOMS

Dr. Balbir Kaur, College Principal
Dr. Gaganjit Kaur School Principal

## GURU TEG BAHADUR INTERNATIONAL SCHOOL

Affiliated to CISCE For ICSE & ISC, NEW DELHI & ASU, USA
Admission Open for 10+1 Science and Commerce 2025-26



**Silent Feature**
* 100% ICSE board result.* Teachers training workshop on regular basis *Special attention towards week students* Sports field for badminton, volleyball, football, basketball, handball & athletic etc. *Well equipped laboratories of biology, physics, chemistry and mathematics.*Computer lab with internet facilities * Parents Teachers meeting organized monthly *Students went to international tour to NASA, USA and National Trip to ISRO, Ahmadabad.

Village Kalyanpur, P.O. Dhariwal, Distt. Gurdaspur
Mob. 75081-00081

S. Tarsem Singh, Chairman | S. Surjeet Singh, MD | Barinder Jot Kaur, Principal

## ST. KABIR PUBLIC SCHOOL

Affiliated to C.B.S.E New Delhi Vide No: 1630414



S. Harpal Singh, Founder, St. Kabir Public School | S.B. Nair, Principal

NATIONAL LEVEL ACHIEVEMENT IN SCIENCE & SPORTS

**Salient Features**
- Co-Educational English Medium
- Well Qualified Staff
- Pollution free campus of 8 acres
- Teacher- Student Ratio 1:30
- Wi-Fi- Connectivity
- Play-way System for Tiny Tots
- Computer from class 1
- Door to Door Private Owners Transport Facility
- Generator Backup in case of Power Failure
- Teaching through Smart Classes
- CCTV Surveillance
- Well furnished Laboratories and Library

N.B.: Admission to Class 8th & 10+1 will be based on Merit List of Entrance Test

ENGLISH MEDIUM
REGISTRATION & ADMISSION OPEN FOR CLASSES NURSERY to 9th & 10+1
CBSE Merit Holder
Special Focus On NDA
Med., Non-Med. Com. Streams

SULTANPUR NEAR STHIALI PUL, GURDASPUR
PH:- 9876687771, 8437697016, 84376-97800

## ਬਾਬਾ ਅਜੈ ਸਿੰਘ ਖਾਲਸਾ ਕਾਲਜ

ਗੁਰਦਾਸ ਨੰਗਲ, ਜ਼ਿਲ੍ਹਾ ਗੁਰਦਾਸਪੁਰ ਕੋ-ਐਜੂਕੇਸ਼ਨ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ
(Affiliated to Guru Nanak Dev University, Amritsar)

+1,+2 Medical, Non-Medical, Commerce & Arts

ਇਲਾਕੇ ਦੇ ਹਰ ਪਿੰਡ ਤੋਂ ਬੱਸ ਸਹੂਲਤ
ਇਲਾਕੇ ਵਿਚ ਸਭ ਤੋਂ ਘੱਟ ਫੀਸਾਂ ਧਾਰੀਵਾਲ
ਬੱਸ ਸਟੈਂਡ ਤੋਂ ਕਾਲਜ ਤੱਕ ਫ੍ਰੀ ਬੱਸ ਸੇਵਾ

ਅੰਮ੍ਰਿਤਧਾਰੀ ਬੱਚੇ-SC/BC-ਮਨਿਊਰਿਟੀ ਕਮਜ਼ੋਰ ਵਰਗ ਵਜ਼ੀਫਾ

Courses From Guru Nanak Dev University Amritsar
BCA, BA, BSc Medical-Non Medical B.Com,
Bsc Computer Science -Economics, PGDCA, DCA,
Dip. in Stitching & Tailoring

Advocate Harjinder Singh Dhami, President SGPC | S. Sukhminder Singh, Sec. Education SGPC | Gurjit Singh, Principal

CONTACT- 9888999791

## ਬਾਬਾ ਆਇਆ ਸਿੰਘ ਰਿਆੜਕੀ ਕਾਲਜ

ੴ ਸਤਿਗੁਰ ਪ੍ਰਸਾਦਿ॥

ਤੁਗਲਵਾਲਾ,ਗੁਰਦਾਸਪੁਰ(143527)

**ਸ਼ਾਨਦਾਨ ਨਤੀਜੇ 2024**

| ਐਨੇ ਵਧੀਆ ਨਤੀਜੇ ਸਲਾਨਾ | ਐਨੀ ਘੱਟ ਫੀਸ ਸਲਾਨਾ |
|---|---|
| 5ਵੀਂ ਦੇ 57, 57 ਹੀ ਫਸਟ ਡਵੀਜਨਾਂ 90% ਤੋਂ ਉਪਰ 15, 80% ਤੋਂ ਉਪਰ 36, 70% ਤੋਂ ਉਪਰ 6 | ਨਰਸਰੀ ਤੋਂ 5ਵੀਂ ਕੇਵਲ 5000/- ਰੁਪਏ ਸਲਾਨਾ |
| 8ਵੀਂ ਦੇ 90, 90 ਹੀ ਫਸਟ ਡਵੀਜਨਾਂ 90% ਤੋਂ ਉਪਰ 20, 80% ਤੋਂ ਉਪਰ 40, 70% ਤੋਂ ਉਪਰ 10 | 6ਵੀਂ ਤੇ 8ਵੀਂ ਕੇਵਲ 6000/- ਰੁਪਏ ਸਲਾਨਾ |
| 10ਵੀਂ ਦੇ 84, 84 ਹੀ ਫਸਟ ਡਵੀਜਨਾਂ 90% ਤੋਂ ਉਪਰ 9, 80% ਤੋਂ 37, 70% ਤੋਂ ਉਪਰ 22 | 9ਵੀਂ ਤੋਂ 10ਵੀਂ ਕੇਵਲ 7000/-ਰੁਪਏ ਸਲਾਨਾ |
| 12ਵੀਂ ਦੇ 86, 86 ਹੀ ਫਸਟ ਡਵੀਜਨਾਂ 90%ਤੋਂ ਉਪਰ 13, 80%ਤੋਂ ਉਪਰ 50, 70% ਤੋਂ ਉਪਰ 17 | 11ਵੀਂ ਤੋਂ 12ਵੀਂ ਕੇਵਲ 3000/- ਰੁਪਏ ਸਲਾਨਾ |
| B.A/ B.C.A ਦੇ 74, 54 ਫਸਟ ਡਵੀਜਨਾਂ 80% ਤੋਂ ਉਪਰ 2, 70% ਤੋਂ ਉਪਰ 21, 60% ਤੋਂ ਉਪਰ 31 | ਪੜਾਈ FREE ਹੋਸਟਲ ਕੇਵਲ 6500/- ਸਲਾਨਾ |
| M.A ਦੇ 4, 4 ਹੀ ਫਸਟ ਡਵੀਜਨਾਂ 80% ਤੋਂ ਉਪਰ 2, 70% ਤੋਂ ਉਪਰ 2 | ਪੜਾਈ ਬਿਲਕੁੱਲ FREE ਸਗੋਂ 6000/- ਰੁਪਏ ਮਹੀਨਾ ਵਜ਼ੀਫਾ |

**ਦਾਖਲਾ ਸ਼ੁਰੂ ਹੈ**

- ਸੱਚੇ-ਸੁੱਚੇ, ਨੇਕ ਤੇ ਬੀਬੇ ਬੱਚੇ ਬਣਾਉਣ ਲਈ
- ਨਕਲ, ਨਸ਼ਾ, ਨੰਗੇਜ ਤੇ ਨਿਕੰਮਾਪਣ ਦੂਰ ਕਰਨ ਲਈ
- ਅਵਾਰਾਗਰਦੀ, ਫੈਸ਼ਨਪ੍ਰਸਤੀ ਅਤੇ ਅਨੁਸ਼ਾਸਨਹੀਣਤਾ ਹਟਾਉਣ ਲਈ
- ਬੇਲੋੜੇ ਖਰਚਿਆਂ ਅਤੇ ਪੈਸੇ ਦੀ ਲੁੱਟ ਤੋਂ ਬਚਾਉਣ ਲਈ
- ਚੰਗੇ ਭਵਿੱਖ ਅਤੇ ਚੰਗੇ ਵਰ ਘਰ ਦੇ ਯੋਗ ਬਣਾਉਣ ਲਈ
- ਧਾਰਮਿਕ ਸੁੱਚਜੀ ਜੀਵਨ ਜਾਚ ਸਿਖਾਉਣ ਲਈ

ਸੱਸਤੇ, ਅਤੇ ਸੁਰੱਖਿਅਤ ਅਤੇ ਅਨੁਸ਼ਾਸਨ ਭਰੇ ਇਸ ਕਾਲਜ/ ਹੋਸਟਲ ਵਿੱਚ ਭੇਜ ਕੇ ਲਗਭਗ ਮੁਫਤ ਵਿੱਦਿਆ ਦਾ ਲਾਭ ਉਠਾਉ ਜੀ।

(M) 98143-78844, 98727-55884, ਪ੍ਰਿੰਸੀਪਲ ਸਵਰਨ ਸਿੰਘ ਵਿਰਕ